

TANYA'S
BEAUTY SALON
Threading/Waxing, Facial(Men & Women)
Anti-Aging Facial, Bleach
Hair Cut, Color and Style
40-39 75 St. Jackson Heights, NY 11373
718-478-9009
137-40 Jamaica Avenue Jamaica, NY 11435
718-297-1019
85-03 Roosevelt Avenue Jackson Heights, NY 11373
718-205-7832


ਬੌਬੀ ਸਿੰਘ
ਪ੍ਰਾਈਵੇਟ ਗੱਡੀਆਂ, ਕਮਰਸ਼ੀਅਲ ਟਰੱਕ, ਲਾਈਫ ਅਤੇ ਘਰਾਂ ਦੀ ਇੰਸ਼ੋਰੈਂਸ ਦੀ ਸੇਵਾ ਵਿਚ ਤਜ਼ਰਬੇਕਾਰ ਬੌਬੀ ਸਿੰਘ ਨੂੰ ਚੰਗੀਆਂ ਸੇਵਾਵਾਂ ਲਈ ਅੱਜ ਹੀ ਕਾਲ ਕਰੋ
(ਸੈਲ): 718-757-7809
ਫੋਨ (ਦਫਤਰ): 516-439-5420
(ਫੈਕਸ): 516-439-5418
ਪੰਜਾਬੀ ਭਰਾਵਾਂ ਦੀ ਸੇਵਾ ਵਿਚ ਹਰ ਪਲ ਹਾਜ਼ਰ
ਗੱਡੀਆਂ ਅਤੇ ਘਰਾਂ ਦੀ ਇੰਸ਼ੋਰੈਂਸ ਸਬੰਧੀ ਸਲਾਹ-ਮਸ਼ਵਰਾ ਕਰਕੇ ਪੈਸੇ ਦੀ ਬੱਚਤ ਕਰੋ।

Ad Space Available
Please Call
Ph:847-359-0746



Fourteenth Year of Publication | ਨਿਊ ਯਾਰਕ ਐਡੀਸ਼ਨ | Price 50¢

Email:punjabtimes1@sbcglobal.net
www.punjabtimesusa.com

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 14, Issue 28, July 13th, 2013 | 20451 N Plum Grove Rd. Palatine, IL 60074 | Ph:847-359-0746, Fax:847-705-9388


### ਕੁਨਨ ਪੌਸ਼ਪੁਰਾ ਸਮੂਹਕ ਜਬਰ ਜਨਾਹ ਕੇਸ

## ਫੌਜ ਨੂੰ ਕਲੀਨ ਚਿੱਟ ਦੇਣ ਲਈ ਰਿਪੋਰਟ ਬਦਲੀ

**ਨਵੀਂ ਦਿੱਲੀ/ਸ੍ਰੀਨਗਰ:** ਜੰਮੂ ਕਸ਼ਮੀਰ ਦੇ ਪਿੰਡ ਕੁਨਨ ਪੌਸ਼ਪੁਰਾ ਵਿਚ ਫਰਵਰੀ 1991 ਨੂੰ ਹੋਏ ਸਮੂਹਕ ਜਬਰ ਜਨਾਹ ਵਾਲੇ ਕੇਸ ਵਿਚ ਫੌਜ ਨੂੰ ਕਲੀਨ ਚਿੱਟ ਦੇਣ ਲਈ ਸਰਕਾਰ ਨੇ ਜਾਂਚ ਰਿਪੋਰਟ ਦੇ ਪੈਰਿਆਂ ਦੇ ਪੈਰੇ ਉਡਾ ਦਿੱਤੇ ਸਨ। ਇਹ ਖੁਲਾਸਾ ਘੱਟ ਗਿਣਤੀਆਂ ਬਾਰੇ ਕੌਮੀ ਕਮਿਸ਼ਨ ਦੇ ਚੇਅਰਮੈਨ ਵਜਾਹਤ ਹਬੀਬ-ਉਲਾ ਨੇ ਕੀਤਾ ਹੈ ਜਿਨ੍ਹਾਂ ਨੇ ਉਹ ਜਾਂਚ ਰਿਪੋਰਟ ਤਿਆਰ ਕੀਤੀ ਸੀ। ਆਖਰਕਾਰ 22 ਵਰ੍ਹਿਆਂ ਦੀ ਖਾਮੋਸ਼ੀ ਤੋੜਦਿਆਂ ਜਨਾਬ ਹਬੀਬ-ਉਲਾ ਨੇ ਦੱਸਿਆ ਹੈ ਕਿ ਕੁਨਨ ਪੌਸ਼ਪੁਰਾ ਬਲਾਤਕਾਰ ਕੇਸ ਬਾਰੇ ਉਸ ਨੇ ਜੋ ਰਿਪੋਰਟ ਤਿਆਰ ਕੀਤੀ ਸੀ, ਸਰਕਾਰ ਨੇ ਉਸ ਦੇ ਕਈ ਅਹਿਮ ਪੈਰੇ ਉਡਾ ਦਿੱਤੇ ਸਨ।

ਯਾਦ ਰਹੇ 23-24 ਫਰਵਰੀ 1991 ਦੀ ਦਰਮਿਆਨੀ ਰਾਤ ਨੂੰ ਫੌਜੀਆਂ ਨੇ ਤਲਾਸ਼ੀ ਮੁਹਿੰਮ ਦੌਰਾਨ ਪਿੰਡ ਕੁਨਨ ਪੌਸ਼ਪੁਰਾ ਨੂੰ ਘੇਰਾ ਪਾ ਕੇ 30 ਔਰਤਾਂ ਨਾਲ ਜਬਰ ਜਨਾਹ ਕੀਤਾ ਸੀ। ਕੁਝ ਜਥੇਬੰਦੀਆਂ ਮੁਤਾਬਕ 53 ਔਰਤਾਂ ਨਾਲ ਜਬਰ ਜਨਾਹ ਹੋਇਆ। ਇਹ ਔਰਤਾਂ 18 ਤੋਂ 80 ਸਾਲ ਦੀ ਉਮਰ ਤੱਕ ਦੀਆਂ ਸਨ।



ਹਬੀਬ-ਉਲਾ ਉਦੋਂ ਜੰਮੂ ਕਸ਼ਮੀਰ ਵਿਚ ਡਿਵੀਜ਼ਨਲ ਕਮਿਸ਼ਨਰ ਸੀ। ਸਰਕਾਰ ਨੇ ਉਸ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਹੀ ਫੌਜ ਨੂੰ ਕਲੀਨ ਚਿੱਟ ਦੇ ਦਿੱਤੀ ਸੀ। ਹੁਣ ਕੁਪਵਾੜਾ ਦੀ ਇਕ ਅਦਾਲਤ ਵੱਲੋਂ ਇਸ ਕੇਸ ਦੀ ਜਾਂਚ ਤਿੰਨ ਮਹੀਨਿਆਂ ਦੇ ਵਿਚ ਵਿਚ ਦੁਬਾਰਾ ਕਰਨ ਦੇ ਹੁਕਮਾਂ ਤੋਂ ਬਾਅਦ ਇਹ ਕੇਸ ਇਕ ਵਾਰ ਫਿਰ ਚਰਚਾ ਵਿਚ ਆ ਗਿਆ ਹੈ।

*(ਬਾਕੀ ਸਫਾ 6 'ਤੇ)*

## ਭਾਜਪਾ ਨੇ ਦੋਹਰਾ ਪੈਂਤੜਾ ਮੱਲਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਅਗਲੇ ਸਾਲ ਹੋ ਰਹੀਆਂ ਲੋਕ ਸਭਾ ਚੋਣਾਂ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਦੋਹਰਾ ਪੈਂਤੜਾ ਮੱਲ ਰਹੀ ਹੈ। ਇਕ ਪਾਸੇ ਸੰਘ ਪਰਿਵਾਰ ਨਾਲ ਜੁੜੀ ਕੱਟੜ ਹਿੰਦੂ ਵੋਟ ਖਿੱਚਣ ਲਈ ਇਹ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਨੂੰ ਕੌਮੀ ਆਗੂ ਵਜੋਂ ਉਭਾਰ ਰਹੀ ਹੈ, ਦੂਜੇ ਪਾਸੇ ਵਾਰ-ਵਾਰ ਐਲਾਨ ਕੀਤਾ ਜਾ ਰਿਹਾ ਹੈ ਕਿ ਲੋਕ ਸਭਾ ਚੋਣਾਂ ਵਿਕਾਸ ਦੇ ਮੁੱਦੇ 'ਤੇ ਲੜੀਆਂ ਜਾਣਗੀਆਂ।

ਅੰਮ੍ਰਿਤਸਰ ਵਿਚ ਪੰਜਾਬ ਭਾਜਪਾ ਦੀ ਕਾਰਜਕਾਰਨੀ ਦੀ ਮੀਟਿੰਗ ਵਿਚ ਸ਼ਿਰਕਤ ਕਰਨ ਆਏ ਪਾਰਟੀ ਦੇ ਕੌਮੀ ਪ੍ਰਧਾਨ ਰਾਜਨਾਥ ਸਿੰਘ ਨੇ ਐਲਾਨ ਕੀਤਾ ਕਿ 2014 ਵਿਚ ਹੋਣ ਵਾਲੀਆਂ ਲੋਕ ਸਭਾ ਚੋਣਾਂ ਭਾਜਪਾ ਕਿਸੇ ਧਾਰਮਿਕ ਮੁੱਦੇ 'ਤੇ ਨਹੀਂ, ਸਗੋਂ ਵਿਕਾਸ ਦੇ ਮੁੱਦੇ 'ਤੇ ਲੜੇਗੀ। ਰਾਮ ਮੰਦਰ ਅਤੇ ਹਿੰਦੂਵਾਦ ਕਦੇ ਵੀ ਭਾਜਪਾ ਦਾ ਸਿਆਸੀ ਏਜੰਡਾ ਨਹੀਂ ਰਹੇ। ਯਾਦ ਰਹੇ ਕਿ ਨਰਿੰਦਰ ਮੋਦੀ ਦੇ ਨੇੜਲੇ ਸਾਥੀ ਅਮਿਤ ਸ਼ਾਹ ਨੇ ਬੜੇ ਜ਼ੋਰ-ਸ਼ੋਰ ਨਾਲ ਰਾਮ ਮੰਦਰ ਦਾ ਮੁੱਦਾ ਉਭਾਰਿਆ ਹੈ।

ਇਸ ਮਾਮਲੇ ਨੂੰ ਲੈ ਕੇ ਮੀਡੀਆ ਦੀਆਂ ਤਿੱਖੀਆਂ ਟਿੱਪਣੀਆਂ ਦਾ ਅਸਰ ਘੱਟ ਕਰਨ ਦੀ ਕੋਸ਼ਿਸ਼ ਕਰਦਿਆਂ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਨੇ ਪੈਂਤੜਾ ਬਦਲਦਿਆਂ ਆਖਿਆ ਕਿ ਰਾਮ ਮੰਦਰ ਅਤੇ ਹਿੰਦੂਵਾਦ, ਪਾਰਟੀ ਦਾ ਸਿਆਸੀ ਮੁੱਦਾ ਨਹੀਂ ਹਨ, ਸਗੋਂ ਹਿੰਦੂਤਵ ਜੀਵਨ ਜਾਚ ਦਾ ਇਕ ਢੰਗ

### ਇਕ ਪਾਸੇ ਕੱਟੜਵਾਦ 'ਤੇ ਜ਼ੋਰ; ਦੂਜੇ ਬੰਨੇ ਵਿਕਾਸ ਦੀ ਚਰਚਾ



ਹੈ ਜੋ ਮਨੁੱਖ ਨੂੰ ਮਨੁੱਖ ਨਾਲ ਭੇਦਭਾਵ ਕਰਨ ਤੋਂ ਰੋਕਦਾ ਹੈ। ਭਾਜਪਾ ਆਗੂ ਅਮਿਤ ਸ਼ਾਹ ਦਾ ਬਚਾਅ ਕਰਦਿਆਂ ਉਨ੍ਹਾਂ ਆਖਿਆ ਕਿ ਉਹ ਤਾਂ ਅਯੁੱਧਿਆ ਵਿਖੇ ਨਤਮਸਤਕ ਹੋਣ ਗਏ ਸਨ ਤੇ ਉਨ੍ਹਾਂ ਵੱਲੋਂ ਦਿੱਤਾ ਗਿਆ ਬਿਆਨ ਉਨ੍ਹਾਂ ਦੀ ਨਿੱਜੀ ਰਾਏ ਹੈ। ਇਕ ਸ਼ਰਧਾਲੂ ਹੋਣ ਵਜੋਂ ਉਨ੍ਹਾਂ ਵੱਲੋਂ ਰਾਮ ਮੰਦਰ ਦੀ ਉਸਾਰੀ ਦੀ ਗੱਲ ਕਰਨਾ ਜਾਇਜ਼ ਹੈ।

ਭਾਜਪਾ ਮੁਖੀ ਨੇ ਕਿਹਾ ਕਿ ਭਾਜਪਾ 2014 ਵਾਲੀਆਂ ਲੋਕ ਸਭਾ ਚੋਣਾਂ ਕਿਸੇ ਧਾਰਮਿਕ ਮੁੱਦੇ 'ਤੇ ਨਹੀਂ, ਸਗੋਂ ਵਿਕਾਸ ਦੇ ਮੁੱਦੇ 'ਤੇ ਲੜੇਗੀ। ਐਨ.ਡੀ.ਏ. ਵੱਲੋਂ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਉਮੀਦਵਾਰ ਦੇ ਨਾਂ ਬਾਰੇ ਸਵਾਲ ਦਾ ਜਵਾਬ ਦੇਣੋਂ ਟਾਲਾ ਵੱਟਦਿਆਂ ਉਨ੍ਹਾਂ ਕਿਹਾ ਕਿ ਨਰਿੰਦਰ ਮੋਦੀ ਨੂੰ ਸਿਰਫ ਭਾਜਪਾ ਚੋਣ ਪ੍ਰਚਾਰ ਕਮੇਟੀ ਦਾ ਮੁਖੀ ਬਣਾਇਆ ਗਿਆ ਹੈ। ਇਸ ਮਾਮਲੇ ਵਿਚ ਭਾਜਪਾ ਦੇ ਸੀਨੀਅਰ ਆਗੂ ਲਾਲ ਕ੍ਰਿਸ਼ਨ ਅਡਵਾਨੀ ਦੀ ਪਾਰਟੀ ਨਾਲ ਕੋਈ ਨਾਰਾਜ਼ਗੀ ਨਹੀਂ ਹੈ।

ਜ਼ਿਕਰਯੋਗ ਹੈ ਕਿ ਸੰਘ ਪਰਿਵਾਰ ਵੱਲੋਂ ਭਾਜਪਾ ਉਤੇ ਹਿੰਦੂਵਾਦ ਦੇ ਏਜੰਡੇ ਤੋਂ ਦੂਰ ਜਾਣ ਦੇ ਦੋਸ਼ ਲਾਏ ਜਾ ਰਹੇ ਹਨ ਜਿਸ ਕਰ ਕੇ ਇਸ ਨੂੰ ਕੱਟੜ ਹਿੰਦੂ ਵੋਟ ਖੁਰਨ ਦਾ ਖ਼ਤਰਾ ਹੈ। ਭਾਜਪਾ ਨੇ ਸੰਘ ਪਰਿਵਾਰ ਦੇ ਪ੍ਰਭਾਵ ਹੇਠ ਹੀ ਨਰਿੰਦਰ ਮੋਦੀ ਨੂੰ ਕੌਮੀ ਸਿਆਸਤ ਵਿਚ ਉਭਾਰਿਆ ਜੋ ਗੁਜਰਾਤ ਦੰਗਿਆਂ ਕਰ ਕੇ ਕੱਟੜਪੰਥੀਆਂ ਦਾ ਚਹੇਤਾ ਹੈ। ਇਸ ਕਦਮ ਨਾਲ ਬੇਸ਼ੱਕ ਸੰਘ ਪਰਿਵਾਰ ਤਾਂ ਖੁਸ਼ ਹੋ ਗਿਆ ਹੈ, ਪਰ ਭਾਜਪਾ ਅਤੇ ਕੌਮੀ ਜਮਹੂਰੀ ਗੱਠਜੋੜ (ਐਨ.ਡੀ.ਏ.) ਵਿਚ ਵੱਡੀ ਉਥਲ-ਪੁਥਲ ਹੋ ਗਈ।

ਪਹਿਲਾਂ ਪਾਰਟੀ ਦੇ ਸੀਨੀਅਰ ਆਗੂ ਐਲ.ਕੇ. ਅਡਵਾਨੀ ਨੇ ਸਾਰੇ ਅਹੁਦਿਆਂ ਤੋਂ ਅਸਤੀਫੇ ਦੇ ਕੇ ਭਾਜਪਾ ਨੂੰ ਹਿਲਾ ਕੇ ਰੱਖ ਦਿੱਤਾ

*(ਬਾਕੀ ਸਫਾ 6 'ਤੇ)*



Heating, Ventilation & Air Conditioning
Serving in all FIVE BOROUGHS
Residential & Commercial
Sales, Services & Installations
Room AC, PTAC, Split, Central
Roof Top, Packaged, Water Source
Chiller & Cooling Tower
COOL AIR INC.
35-57 9th Street, Long Island City, NY 11106
*Authorized Warranty Service Center
*OSHA, EPA & FDNY Certificated Techs
*Licensed & FULLY insured
"Experienced HVAC Mechanics needed. Call for interview"
We keep NYC cool
For pricing, estimates & information, log on to www.coolairnyc.com
www.coolairny.com
Write us at coolair@coolairnyc.com
Call Now:
718-721-2131


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 2,500 Minutes
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
ਸਾਡੀ ਸਰਵਿਸ ਹਰ ਦੇਸ਼ ਲਈ ਵਰਤੋ।
✓ ਵਧੀਆ, ਸਾਫ਼ ਆਵਾਜ਼
✓ ਬਗੈਰ ਪਿੰਨ ਤੋਂ ਵਰਤੋ
✓ ਸਪੀਡ ਵਾਲੇ ਨੰਬਰ ਸੈਟ ਕਰੋ
✓ ਘਰੋਂ ਤੇ ਸੈਲ ਫੋਨ ਤੋਂ ਇਕੋ ਵੇਲੇ ਦੋ ਫੋਨ ਚੱਲ ਸਕਦੇ ਹਨ
Limited Time Offer. Restrictions & Additional Fees Apply.
800.914.1013 • 408.659.9400



ਇਹਨੂੰ ਕਹਿੰਦੇ ਆ ਬਈ ਉਡਣਾ ਦਾਅ, ਨਹੀਂ ਰੀਸਾਂ ਬਈ ਜੁਆਨ ਦੀਆਂ

ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ, ਮਿਸ਼ੀਗਨ (ਡਿਟਰਾਇਟ) ਵਲੋਂ 6 ਜੁਲਾਈ ਨੂੰ ਕਰਵਾਏ ਗਏ ਖੇਡ ਅਤੇ ਸਭਿਆਚਾਰਕ ਮੇਲੇ ਦੌਰਾਨ ਕਬੱਡੀ ਦੇ ਮੈਚ ਵਿਚ ਉਡਣਾ ਦਾਅ ਲਾ ਕੇ ਨਿਕਲਣ ਦੀ ਕੋਸ਼ਿਸ਼ ਵਿਚ ਇਕ ਧਾਵੀ। ਇਸ ਮੇਲੇ ਵਿਚ ਕਬੱਡੀ ਓਪਨ ਤੋਂ ਇਲਾਵਾ ਬੱਚਿਆਂ ਅਤੇ ਮਹਿਲਾਵਾਂ ਦੀਆਂ ਖੇਡਾਂ ਵੀ ਹੋਈਆਂ। ਗਿੱਧੇ ਅਤੇ ਭੰਗੜੇ ਦਾ ਧਮੱਚੜ ਵੀ ਪਿਆ। ਗੀਤ-ਸੰਗੀਤ ਦੇ ਦੌਰ ਵਿਚ ਮਾਣਕ-ਈ ਅਤੇ ਬਲਬੀਰ ਸੂਫੀ ਨੇ ਦਰਸ਼ਕਾਂ ਦਾ ਮਨੋਰੰਜਨ ਕੀਤਾ।

(ਮੇਲੇ ਦੀ ਰਿਪੋਰਟ ਅਗਲੇ ਅੰਕ ਵਿਚ)


PITTSBURGH PAINTS Best Deal in New York

**Mercury Paint Corp.**

Mercury Paint

**Buy Direct From Manufacturers & Save**
**Visit Our Affiliated New Location**

# Hillside Paint Depot

**255-13 Hillside Ave., Floral Park, New York 11004**
Exit: Hillside Ave (28A), Cross Island Parkway-West 1 mile on left
(Across from Dunkin Donuts)

**Ph: 718-347-4500**



ਘਰਾਂ, ਬਿਜਨਸ ਅਤੇ ਸਨਅਤਾਂ ਲਈ ਪੇਂਟ ਅਤੇ ਪੇਂਟ ਸਪਲਾਈ ਬਹੁਤ ਹੀ ਵਾਜਬ ਰੇਟ 'ਤੇ ਖਰੀਦੋ

One time 10% discount with this ad.

We sell full line of Residential, Commercial, Industrial paints & paint supplies of Government specifications.

Qmar Khokhar, Nadeem Ilahi, Wagley John

**Ph: 347-369-3337**



# ਪੰਜਾਬੀ ਸਾਹਿਤ ਅਕੈਡਮੀ ਨਿਊਯਾਰਕ

2006 7th ANNIVERSARY 2013



ਪਰਗਟ ਸਿੰਘ ਪੰਜਾਬੀ ਦਾ ਉਮਰ ਭਰ ਦੀਆਂ ਪ੍ਰਾਪਤੀਆਂ ਲਈ ਸਨਮਾਨ ਕਰਕੇ ਅਕੈਡਮੀ ਆਪਣਾ ਮਾਣ ਵਧਾਵੇਗੀ

ਇਸ ਮੌਕੇ ਅਕੈਡਮੀ ਦੀਆਂ ਸੱਤ ਸਾਲ ਦੀਆਂ ਪ੍ਰਾਪਤੀਆਂ ਦਾ ਲੇਖਾ-ਜੋਖਾ ਵੀ ਪੇਸ਼ ਕੀਤਾ ਜਾਵੇਗਾ

## ਸੱਤਵੀਂ ਵਰ੍ਹੇਗੰਢ 'ਤੇ ਇਕ ਸੰਗੀਤਮਈ ਸ਼ਾਮ ਸਤਿਕਾਰਯੋਗ ਪਰਗਟ ਸਿੰਘ ਪੰਜਾਬੀ ਦੇ ਨਾਮ

**13 ਜੁਲਾਈ 2013, ਸਨਿਚਰਵਾਰ**

ਸਥਾਨ: ਕੁਈਨਜ਼ ਹਾਈ ਸਕੂਲ ਆਫ਼ ਟੀਚਿੰਗ
74-20 ਕਾਮਨਵੈਲਥ ਬੁਲੇਵਾਰਡ (ਐਂਟਰੈਂਸ ਯੂਨੀਅਨ ਟਰਨਪਾਈਕ), ਬੈਲਰੋਜ਼, ਨਿਊ ਯਾਰਕ 11426

**ਵਿਸ਼ੇਸ਼**
ਮੁੱਖ ਕਲਾਸੀਕਲ ਕਲਾਕਾਰ: ਸ. ਪਰਗਟ ਸਿੰਘ ਪੰਜਾਬੀ
ਸਾਰੰਗੀ ਮਾਸਟਰ: ਪੰਡਿਤ ਰਮੇਸ਼ ਮਿਸ਼ਰਾ
ਸਿਤਾਰ ਵਾਦਨ: ਸ. ਜਗਜੀਤ ਸਿੰਘ
ਗਜ਼ਲ ਅਤੇ ਗੀਤ: ਸ੍ਰੀ ਮੇਸ਼ੀ ਬੰਗੜ
ਤਬਲਾ ਵਾਦਕ: ਸ. ਜਸ਼ਨਪ੍ਰੀਤ ਸਿੰਘ

**ਪ੍ਰੋਗਰਾਮ**
ਚਾਹ-ਪਾਣੀ: 6 ਵਜੇ ਤੋਂ 7 ਵਜੇ ਤੱਕ
ਸੰਗੀਤਮਈ ਸ਼ਾਮ ਦਾ ਅਰੰਭ: ਠੀਕ 7 ਵਜੇ

ਪਾਰਕਿੰਗ ਫ਼ਰੀ
ਦਾਖ਼ਲਾ ਮੁਫ਼ਤ

ਹੋਰ ਜਾਣਕਾਰੀ ਲਈ ਸੰਪਰਕ ਕਰੋ
ਰਾਜਿੰਦਰ ਜਿੰਦ (917) 776-9956
ਉਂਕਾਰ ਸਿੰਘ ਡੁਮੇਲੀ (347) 476-1604

# ਸਤਿਕਾਰ ਕਮੇਟੀ ਹਾਈ ਕੋਰਟ ਦਾ ਦਰ ਖੜਕਾਏਗੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਹਦਾਇਤਾਂ 'ਤੇ ਦਰਜ ਹੋਇਆ ਪੁਲਿਸ ਕੇਸ ਰੱਦ ਕਰਾਉਣ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਹਾਈ ਕੋਰਟ ਦਾ ਦਰਵਾਜ਼ਾ ਖੜਕਾਏਗੀ। ਜਥੇਬੰਦੀ ਦੇ ਕਾਰਕੁਨਾਂ ਨੇ ਇਸ ਬਾਰੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਮੁਲਾਕਾਤ ਵੀ ਕੀਤੀ ਹੈ।

ਸਤਿਕਾਰ ਕਮੇਟੀ ਦੇ ਕਾਰਕੁਨਾਂ ਵਿਰੁਧ ਇਹ ਪੁਲਿਸ ਕੇਸ ਸ਼੍ਰੋਮਣੀ ਕਮੇਟੀ ਦੀ ਹਦਾਇਤ ਉਤੇ ਅਤੇ ਇੱਕ ਪ੍ਰਕਾਸ਼ਕ ਵੱਲੋਂ ਮਾਮਲੇ ਦੀ ਜਾਂਚ ਕਰਾਉਣ ਦੀ ਕੀਤੀ ਅਪੀਲ ਤੋਂ ਬਾਅਦ ਦਰਜ ਹੋਇਆ ਹੈ।

ਇਸ ਤੋਂ ਪਹਿਲਾਂ ਸਤਿਕਾਰ ਕਮੇਟੀ ਦੇ ਕਾਰਕੁਨਾਂ ਦੇ ਬਿਆਨਾਂ ਦੇ ਆਧਾਰ 'ਤੇ ਰੇਲਵੇ ਪੁਲਿਸ ਵੱਲੋਂ ਗੁਰਬਾਣੀ ਅਤੇ ਧਾਰਮਿਕ ਸਾਹਿਤ ਦਾ ਨਿਰਾਦਰ ਕਰਨ ਦੇ ਦੋਸ਼ ਹੇਠ ਇੱਕ ਪ੍ਰਕਾਸ਼ਕ ਘਰਾਣੇ ਦੇ ਆਗੂਆਂ ਅਤੇ ਧਾਰਮਿਕ ਸਾਹਿਤ ਲੈ ਕੇ ਜਾਣ ਵਾਲਿਆਂ ਖ਼ਿਲਾਫ਼ ਧਾਰਾ 295-ਏ ਹੇਠ ਕੇਸ ਦਰਜ ਕੀਤਾ ਗਿਆ ਸੀ। ਸਤਿਕਾਰ ਕਮੇਟੀ ਦੇ ਕਾਰਕੁਨਾਂ ਦਾ ਦਾਅਵਾ ਹੈ ਕਿ ਕੁਝ ਦਿਨ ਪਹਿਲਾਂ ਅੰਮ੍ਰਿਤਸਰ ਤੋਂ ਲਖਨਊ ਰੇਲ ਰਸਤੇ ਲਿਜਾਈਆਂ ਜਾ ਰਹੀਆਂ ਪੋਥੀਆਂ ਤੇ ਗੁਟਕੇ ਸਮੇਤ ਧਾਰਮਿਕ ਸਾਹਿਤ, ਜਿਸ ਢੰਗ ਨਾਲ ਲਿਜਾਇਆ ਜਾ ਰਿਹਾ ਸੀ, ਉਹ ਧਾਰਮਿਕ ਸਾਹਿਤ ਦੇ ਨਿਰਾਦਰ ਬਰਾਬਰ ਸੀ। ਇਸ ਬਾਰੇ ਜਥੇਬੰਦੀ ਦੇ ਕਾਰਕੁਨਾਂ ਨੇ ਰੇਲਵੇ ਸਟੇਸ਼ਨ 'ਤੇ ਧਰਨਾ ਦਿੱਤਾ ਸੀ ਅਤੇ ਧਾਰਮਿਕ ਸਾਹਿਤ ਕਬਜ਼ੇ ਵਿਚ ਲੈ ਲਿਆ ਸੀ। ਮਗਰੋਂ ਰੇਲਵੇ ਪੁਲਿਸ ਨੇ ਕੇਸ ਦਰਜ ਕਰ ਲਿਆ ਸੀ।

ਹੁਣ ਸਤਿਕਾਰ ਕਮੇਟੀ 'ਤੇ ਹੀ ਉਲਟਾ ਕੇਸ ਦਰਜ ਹੋਣ ਮਗਰੋਂ ਕਮੇਟੀ ਦੇ ਆਗੂ ਬਲਬੀਰ ਸਿੰਘ ਮੁੱਛਲ, ਅਮਰੀਕ ਸਿੰਘ ਅਜਨਾਲਾ, ਸਤਨਾਮ ਸਿੰਘ, ਸੁਖਪਾਲ ਸਿੰਘ ਤੇ ਹੋਰ ਅਕਾਲ ਤਖ਼ਤ ਦੇ ਜਥੇਦਾਰ ਨੂੰ ਮਿਲੇ ਅਤੇ ਸਮੁੱਚੇ ਹਾਲਾਤ ਤੋਂ ਜਾਣੂ ਕਰਵਾਇਆ। ਸ੍ਰੀ ਮੁੱਛਲ ਨੇ ਦੱਸਿਆ ਕਿ ਗੱਲ ਸੁਣਨ ਮਗਰੋਂ ਜਥੇਦਾਰ ਵੱਲੋਂ ਵੀ ਉਲਟਾ ਉਨ੍ਹਾਂ ਨੂੰ ਹੀ ਕਸੂਰਵਾਰ ਠਹਿਰਾਇਆ ਗਿਆ ਹੈ। ਇਸ ਲਈ ਜਥੇਬੰਦੀ ਹਾਈ ਕੋਰਟ 'ਚ ਰਿਟ ਦਾਇਰ ਕਰਨ ਦਾ ਫੈਸਲਾ ਕੀਤਾ ਹੈ।

## ਸਾਨ ਫ਼ਰਾਂਸਿਸਕੋ ਵਿਚ ਜਹਾਜ਼ ਨੂੰ ਹਾਦਸਾ; ਦੋ ਮੌਤਾਂ

**ਵਾਸ਼ਿੰਗਟਨ:** ਅਮਰੀਕਾ ਦੇ ਸਾਨ ਫ਼ਰਾਂਸਿਸਕੋ ਹਵਾਈ ਅੱਡੇ 'ਤੇ ਦੁਰਘਟਨਾਗ੍ਰਸਤ ਹੋਏ ਏਸ਼ੀਆਨਾ ਏਅਰਲਾਈਨਜ਼ ਦੇ ਜਹਾਜ਼ ਵਿਚ 2 ਲੋਕਾਂ ਦੀ ਮੌਤ ਹੋ ਗਈ ਤੇ 180 ਤੋਂ ਵੱਧ ਲੋਕ ਜ਼ਖ਼ਮੀ ਹੋ ਗਏ ਹਨ। ਜਹਾਜ਼ ਵਿਚ ਤਿੰਨ ਭਾਰਤੀ ਸਵਾਰ ਵੀ ਸਨ। ਸਿਓਲ ਤੋਂ ਆਏ ਇਸ ਜਹਾਜ਼ ਦਾ ਪਿਛਲਾ ਹਿੱਸਾ ਉਸ ਸਮੇਂ ਫ਼ਟ ਗਿਆ ਜਦੋਂ ਇਹ ਸਾਨ ਫ਼ਰਾਂਸਿਸਕੋ ਹਵਾਈ ਅੱਡੇ 'ਤੇ ਉਤਰ ਰਿਹਾ ਸੀ। ਮਾਰੇ ਗਏ ਯਾਤਰੀਆਂ ਦੀ ਸ਼ਨਾਖਤ ਚੀਨੀ ਵਿਦਿਆਰਥੀਆਂ ਵਜੋਂ ਹੋਈ ਹੈ। ਦਸ ਯਾਤਰੀਆਂ ਦੀ ਹਾਲਤ ਗੰਭੀਰ ਹੈ। ਇਸ ਜਹਾਜ਼ ਵਿਚ 291 ਯਾਤਰੀ ਤੇ ਅਮਲੇ ਦੇ 16 ਮੈਂਬਰ ਸਵਾਰ ਸਨ।

## ਚਾਰਾ ਘੁਟਾਲੇ ਬਾਰੇ ਫੈਸਲਾ ਸੁਣਾਉਣ 'ਤੇ ਰੋਕ

**ਨਵੀਂ ਦਿੱਲੀ:** ਸਤਾਰਾਂ ਸਾਲ ਪੁਰਾਣੇ ਚਾਰਾ ਘੁਟਾਲੇ ਬਾਰੇ ਕੇਸ ਦੀ ਸੁਣਵਾਈ ਪੂਰੀ ਹੋ ਜਾਣ ਤੋਂ ਬਾਅਦ ਇਸ ਸਬੰਧੀ ਫੈਸਲਾ ਸੁਣਾਉਣ ਤੋਂ ਮਹਿਜ਼ ਹਫ਼ਤਾ ਪਹਿਲਾਂ ਰਾਸ਼ਟਰੀ ਜਨਤਾ ਦਲ ਦੇ ਮੁਖੀ ਅਤੇ ਕੇਸ ਦੇ ਮੁਲਜ਼ਮ ਲਾਲੂ ਪ੍ਰਸਾਦ ਯਾਦਵ ਨੇ ਕੇਸ ਦੀ ਸੁਣਵਾਈ ਕਰਨ ਵਾਲੇ ਜੱਜ ਦੀ ਨਿਰਪੱਖਤਾ ਉਤੇ ਸਵਾਲ ਖੜ੍ਹਾ ਕਰਦਿਆਂ ਸੁਪਰੀਮ ਕੋਰਟ ਕੋਲ ਪਹੁੰਚ ਕੀਤੀ ਹੈ।

ਸੁਪਰੀਮ ਕੋਰਟ ਨੇ ਫੈਸਲਾ ਸੁਣਾਉਣ ਉਤੇ ਅੰਤਰਿਮ ਰੋਕ ਲਾ ਦਿੱਤੀ ਹੈ। ਦੱਸਣਯੋਗ ਹੈ ਕਿ ਇਸ ਕੇਸ ਦੀ ਸੁਣਵਾਈ ਝਾਰਖੰਡ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਵਿਚ ਹੋਈ ਅਤੇ ਅਦਾਲਤ ਨੇ ਫੈਸਲਾ ਰਾਖਵਾਂ ਰੱਖ ਲਿਆ ਸੀ ਜੋ 15 ਜੁਲਾਈ ਨੂੰ ਸੁਣਾਇਆ ਜਾਣਾ ਸੀ। ਸ੍ਰੀ ਯਾਦਵ ਨੇ ਦੋਸ਼ ਲਾਇਆ ਕਿ ਜੱਜ ਪੀ.ਕੇ. ਸਿੰਘ ਬਿਹਾਰ ਦੇ ਸਿੱਖਿਆ ਮੰਤਰੀ ਪੀ.ਕੇ. ਸ਼ਾਹੀ ਦੇ ਰਿਸ਼ਤੇਦਾਰ ਹਨ ਜੋ ਉਨ੍ਹਾਂ ਦੇ 'ਸਭ ਤੋਂ ਵੱਡੇ ਸਿਆਸੀ ਦੁਸ਼ਮਣ' ਅਤੇ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਦੀ ਸਰਕਾਰ ਵਿਚ ਸ਼ਾਮਲ ਹਨ।

# ਲੁਧਿਆਣੇ ਰਹਿੰਦੀ ਔਰਤ ਵੱਲੋਂ ਸਰਬਜੀਤ ਦੀ ਅਸਲੀ ਭੈਣ ਹੋਣ ਦਾ ਦਾਅਵਾ

**ਲੁਧਿਆਣਾ/ਅੰਮ੍ਰਿਤਸਰ:** ਲੁਧਿਆਣਾ ਰਹਿੰਦੀ ਬਲਜਿੰਦਰ ਕੌਰ ਨੇ ਦਾਅਵਾ ਕੀਤਾ ਹੈ ਕਿ ਉਹ ਪਾਕਿਸਤਾਨ ਦੀ ਜੇਲ੍ਹ ਵਿਚ ਮਾਰੇ ਗਏ ਸਰਬਜੀਤ ਸਿੰਘ ਦੀ ਅਸਲੀ ਭੈਣ ਹੈ। ਇਸੇ ਦੌਰਾਨ ਦਲਬੀਰ ਕੌਰ ਨੇ ਆਖਿਆ ਕਿ ਅਸਲੀ ਭੈਣ ਹੋਣ ਦਾ ਦਾਅਵਾ ਕਰਨ ਵਾਲੀ ਔਰਤ ਬਲਜਿੰਦਰ ਕੌਰ ਅਦਾਲਤ ਵਿਚ ਦਾਅਵਾ ਦਾਇਰ ਕਰੇ ਅਤੇ ਜੇ ਅਦਾਲਤ ਅਸਲੀ ਵਾਰਸ ਦੀ ਸ਼ਨਾਖ਼ਤ ਲਈ ਡੀ.ਐਨ.ਏ. ਟੈਸਟ ਦਾ ਆਦੇਸ਼ ਦੇਵੇਗੀ ਤਾਂ ਉਹ ਇਹ ਟੈਸਟ ਲਈ ਤਿਆਰ ਹੈ।

ਜ਼ਿਕਰਯੋਗ ਹੈ ਕਿ ਲੁਧਿਆਣਾ ਵਾਸੀ ਬਲਜਿੰਦਰ ਕੌਰ ਜੋ ਨਿਊ ਮੋਤੀ ਨਗਰ ਵਿਖੇ ਸਕੂਲ ਚਲਾਉਂਦੀ ਹੈ, ਨੇ ਦੱਸਿਆ ਹੈ ਕਿ ਸਰਬਜੀਤ ਉਸ ਦਾ ਵੱਡਾ ਭਰਾ ਸੀ। ਉਹ 10 ਭੈਣ ਭਰਾ ਸਨ ਅਤੇ ਸਰਬਜੀਤ ਨੂੰ ਬਚਪਨ ਵਿਚ ਹੀ ਸੁਲੱਖਣ ਸਿੰਘ ਨੇ ਗੋਦ ਲੈ ਲਿਆ ਸੀ। ਸੁਲੱਖਣ ਸਿੰਘ ਉਸ ਦੇ ਪਿਤਾ ਮਹਿੰਗਾ ਸਿੰਘ ਦਾ ਦੋਸਤ ਸੀ ਜੋ ਸਰਬਜੀਤ ਨੂੰ ਬਚਪਨ ਵਿਚ ਹੀ ਭਿੱਖੀਵਿੰਡ ਲੈ ਆਇਆ। ਉਸ ਨੇ ਦਾਅਵਾ ਕੀਤਾ ਕਿ ਸਰਬਜੀਤ ਬਚਪਨ ਅਤੇ ਜਵਾਨ ਹੋਣ ਤੋਂ ਬਾਅਦ ਵੀ ਆਪਣੇ ਪਰਿਵਾਰ ਦੇ ਸੰਪਰਕ ਵਿਚ ਸੀ ਅਤੇ ਲਗਾਤਾਰ ਮਿਲਦਾ ਰਹਿੰਦਾ ਸੀ। ਉਸ ਦੇ ਸਸਕਾਰ ਵਾਲੇ ਦਿਨ ਉਸ ਦੇ ਦੋ ਭਰਾ ਭਿੱਖੀਵਿੰਡ ਗਏ ਸਨ ਪਰ ਉਨ੍ਹਾਂ ਨੂੰ ਚਿਤਾ ਨੂੰ ਅਗਨੀ ਦਿਖਾਉਣ ਤੋਂ ਰੋਕ ਦਿੱਤਾ ਗਿਆ ਸੀ। ਮਗਰੋਂ ਉਨ੍ਹਾਂ ਸਰਬਜੀਤ ਨਮਿਤ ਭੋਗ ਆਪਣੇ ਪੱਧਰ 'ਤੇ ਪਾਇਆ ਸੀ।

ਉਸ ਨੇ ਸਪਸ਼ਟ ਕੀਤਾ ਕਿ ਉਸ ਨੂੰ ਸਰਬਜੀਤ ਦੇ ਪਰਿਵਾਰ ਨੂੰ ਮਿਲੇ ਪੈਸਿਆਂ ਦਾ ਕੋਈ ਲਾਲਚ ਨਹੀਂ ਹੈ, ਪਰ ਉਨ੍ਹਾਂ ਨੂੰ ਸਰਬਜੀਤ ਦੇ ਸਸਕਾਰ ਵੇਲੇ ਬਿਨਾਂ ਵਜ੍ਹਾ ਦੁਰਕਾਰਿਆ ਗਿਆ, ਇਸੇ ਗੱਲ ਦਾ ਉਨ੍ਹਾਂ ਨੂੰ ਦੁੱਖ ਹੈ।

## ਹਾਕੀ ਕੋਚ ਨੋਬਸ ਦੀ ਛੁੱਟੀ

**ਨਵੀਂ ਦਿੱਲੀ:** ਹਾਕੀ ਇੰਡੀਆ ਨੇ ਖਰਾਬ ਪ੍ਰਦਰਸ਼ਨ ਕਾਰਨ ਆਸਟਰੇਲੀਆ ਦੇ ਮਾਈਕਲ ਨੋਬਸ ਦੀ ਭਾਰਤੀ ਪੁਰਸ਼ ਹਾਕੀ ਟੀਮ ਦੇ ਮੁੱਖ ਕੋਚ ਵਜੋਂ ਛੁੱਟੀ ਕਰ ਦਿੱਤੀ ਅਤੇ ਉਸ ਦੀ ਥਾਂ ਟੀਮ ਦੇ ਹਾਈ ਪਰਫਾਰਮੈਂਸ ਮੈਨੇਜਰ ਰੋਲਟ ਓਲਟਮੈਂਸ ਨੂੰ ਅਗਲੇ ਪ੍ਰਬੰਧਾਂ ਤੱਕ ਕੋਚ ਦੀ ਜ਼ਿੰਮੇਵਾਰੀ ਸੌਂਪੀ ਹੈ। ਨੋਬਸ ਚੌਥੇ ਵਿਦੇਸ਼ੀ ਕੋਚ ਹਨ ਜਿਨ੍ਹਾਂ ਨੂੰ ਆਪਣਾ ਕਾਰਜਕਾਲ ਪੂਰਾ ਹੋਣ ਤੋਂ ਪਹਿਲਾਂ ਹੀ ਬਰਖਾਸਤ ਕਰ ਦਿੱਤਾ ਹੈ। ਹਾਕੀ ਇੰਡੀਆ ਨੇ 2011 ਵਿਚ ਮਾਈਕਲ ਨੋਬਸ ਨੂੰ ਪੰਜ ਸਾਲਾਂ ਲਈ ਕੋਚ ਨਿਯੁਕਤ ਕੀਤਾ ਸੀ ਪਰ ਉਨ੍ਹਾਂ ਦੀ ਕੋਚਿੰਗ ਵਿਚ ਭਾਰਤੀ ਟੀਮ ਨੂੰ ਵੱਡੀਆਂ ਹਾਰਾਂ ਦਾ ਸਾਹਮਣਾ ਕਰਨਾ ਪਿਆ।

# ਚੀਨੀ ਫੌਜ ਵੱਲੋਂ ਭਾਰਤੀ ਇਲਾਕੇ 'ਚ ਫਿਰ ਘੁਸਪੈਠ

**ਨਵੀਂ ਦਿੱਲੀ:** ਚੀਨ ਦੀ ਫ਼ੌਜ ਨੇ ਲੱਦਾਖ ਦੇ ਉਸੇ ਖੇਤਰ ਵਿਚ ਇਕ ਵਾਰੀ ਫਿਰ ਘੁਸਪੈਠ ਕਰ ਕੇ ਭਾਰਤੀ ਚੌਕੀਆਂ ਨੂੰ ਨੁਕਸਾਨ ਪਹੁੰਚਾਇਆ ਜਿਥੇ ਇਸ ਨੇ ਅਪਰੈਲ ਵਿਚ ਘੁਸਪੈਠ ਕਰ ਕੇ 21 ਦਿਨ ਡੇਰਾ ਜਮਾਈ ਰੱਖਿਆ ਸੀ। ਯਾਦ ਰਹੇ ਕਿ ਉਸ ਘੁਸਪੈਠ ਕਾਰਨ ਦੋਹਾਂ ਮੁਲਕਾਂ ਦਰਮਿਆਨ ਤਣਾਅ ਵਧ ਗਿਆ ਸੀ।

ਹੁਣ 17 ਜੂਨ ਨੂੰ ਚੀਨ ਦੀ ਪੀਪਲਜ਼ ਲਿਬਰੇਸ਼ਨ ਆਰਮੀ (ਲਾਲ ਫੌਜ) ਦੇ ਦਸਤੇ ਚੂਮਰ ਸੈਕਟਰ ਵਿਚ ਭਾਰਤੀ ਖਿੱਤੇ 'ਚ ਆਣ ਵੜੇ ਅਤੇ ਉਥੇ ਉਨ੍ਹਾਂ ਨੇ ਨਿਗਰਾਨੀ ਟਾਵਰ ਤੇ ਬੰਕਰਾਂ ਦੀ ਭੰਨ-ਤੋੜ ਸ਼ੁਰੂ ਕਰ ਦਿੱਤੀ। ਾਲ ਹੀ ਚੀਨੀ ਖੇਤਰ ਵਿਚ ਨਿਗਰਾਨੀ ਲਈ ਲਾਏ ਕੈਮਰਿਆਂ ਦੀਆਂ ਤਾਰਾਂ ਵੱਢ ਸੁੱਟੀਆਂ। ਉਹ ਇਕ ਕੈਮਰਾ ਚੁੱਕ ਕੇ ਵੀ ਲੈ ਗਏ। ਇਹ ਕੈਮਰਾ 3 ਜੁਲਾਈ ਨੂੰ ਹੋਈ ਫਲੈਗ ਮੀਟਿੰਗ ਵੇਲੇ ਮੋੜਿਆ ਗਿਆ। ਇਹ ਮੀਟਿੰਗ ਰੱਖਿਆ ਮੰਤਰੀ ਏ.ਕੇ. ਐਂਟਨੀ ਦੀ ਚੀਨ ਫੇਰੀ ਤੋਂ ਐਨ ਪਹਿਲਾਂ ਹੋਈ ਸੀ। ਇਹ ਕੈਮਰਾ 13 ਹਜ਼ਾਰ ਫੁੱਟ ਦੀ ਉਚਾਈ 'ਤੇ ਚੀਨੀ ਪੀਪਲਜ਼ ਲਿਬਰੇਸ਼ਨ ਆਰਮੀ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਲਾਇਆ ਗਿਆ ਸੀ। ਸਰਕਾਰੀ ਸੂਤਰਾਂ ਅਨੁਸਾਰ ਇਸ ਕਿਸਮ ਦੀ ਨਿਗਰਾਨੀ ਆਮ ਰੁਝਾਨ ਹੈ, ਇਸ ਉਪਰ ਕਿਸੇ ਵੀ ਦੇਸ਼ ਨੂੰ ਇਤਰਾਜ਼ ਨਹੀਂ ਹੋਣਾ ਚਾਹੀਦਾ।

ਦੱਸਣਯੋਗ ਹੈ ਕਿ ਚੂਮਰ ਜੋ ਲੇਹ ਤੋਂ 300 ਕਿਲੋਮੀਟਰ ਦੂਰ ਹੈ, ਚੀਨੀ ਫੌਜਾਂ ਲਈ ਹਮੇਸ਼ਾ ਪ੍ਰੇਸ਼ਾਨੀ ਦਾ ਸਬੱਬ ਰਿਹਾ ਹੈ ਕਿਉਂਕਿ ਹਿੰਦ-ਚੀਨ ਸਰਹੱਦ ਉਤੇ ਇਹੋ ਇਕ ਅਹਿਮ ਖਿੱਤਾ ਹੈ ਜਿਥੇ ਚੀਨੀ ਫੌਜਾਂ ਦੀ ਅਸਲ ਕੰਟਰੋਲ ਲਕੀਰ (ਐਲ.ਏ.ਸੀ.) ਤੱਕ ਸਿੱਧੀ ਪਹੁੰਚ ਨਹੀਂ ਹੈ। ਇਸ ਤੋਂ ਪਹਿਲਾਂ ਚੀਨੀ ਫੌਜਾਂ ਵੱਲੋਂ 15 ਅਪਰੈਲ ਨੂੰ ਚੂਮਰ ਡਿਵੀਜ਼ਨ ਦੇ ਦੌਲਤ ਬੇਗ ਓਲਡੀ ਖੇਤਰ ਵਿਚ ਕੀਤੀ ਗਈ ਘੁਸਪੈਠ ਵੀ ਉਥੇ ਭਾਰਤੀ ਫੌਜ ਵੱਲੋਂ ਉਸਾਰੇ ਗਏ ਨਿਗਰਾਨੀ ਟਾਵਰ ਦੇ ਵਿਰੋਧ ਦਾ ਹੀ ਸਿੱਟਾ ਸੀ। ਇਸ ਕਾਰਨ ਇਸ ਘੁਸਪੈਠ ਦੇ ਹੱਲ ਲਈ ਦੋਵੇਂ ਮੁਲਕਾਂ ਦਰਮਿਆਨ 5 ਮਈ ਨੂੰ ਹੋਈ ਰਜ਼ਾਮੰਦੀ ਤਹਿਤ ਫੌਜ ਨੂੰ ਇਹ ਨਿਗਰਾਨੀ ਮੁਨਾਰਾ ਢਾਹੁਣਾ ਪਿਆ ਸੀ।

ਗੌਰਤਲਬ ਹੈ ਕਿ ਲੱਦਾਖ-ਹਿਮਾਚਲ ਪ੍ਰਦੇਸ਼ ਸਰਹੱਦ ਉਤੇ ਸਥਿਤ ਦੂਰ ਦਰਾਜ ਦੇ ਪਿੰਡ ਚੂਮਰ ਨੂੰ ਚੀਨ ਵੱਲੋਂ ਆਪਣਾ ਇਲਾਕਾ ਦੱਸਿਆ ਜਾਂਦਾ ਹੈ। ਚੀਨ ਵੱਲੋਂ ਅਕਸਰ ਇਸ ਇਲਾਕੇ ਵਿਚ ਹੈਲੀਕਾਪਟਰਾਂ ਰਾਹੀਂ ਹਵਾਈ ਘੁਸਪੈਠ ਵੀ ਕੀਤੀ ਜਾਂਦੀ ਹੈ। ਪਿਛਲੇ ਸਾਲ ਚੀਨ ਨੇ ਹੈਲੀਕਾਪਟਰ ਰਾਹੀਂ ਉਥੇ ਕੁਝ ਫੌਜੀ ਵੀ ਉਤਾਰ ਦਿੱਤੇ ਸਨ ਜਿਨ੍ਹਾਂ ਨੇ ਭਾਰਤੀ ਫੌਜ ਅਤੇ ਆਈ.ਟੀ.ਬੀ.ਪੀ. ਦੇ ਆਰਜ਼ੀ ਸਟੋਰੇਜ ਟੈਂਟਾਂ ਨੂੰ ਨੁਕਸਾਨ ਪਹੁੰਚਾਇਆ ਸੀ।

**ਐਂਟੋਨੀ ਨੇ ਚੁੱਪ ਧਾਰੀ:** ਚੀਨੀ ਫੌਜ ਵੱਲੋਂ ਭਾਰਤੀ ਚੌਕੀ ਦੀ ਕੀਤੀ ਗਈ ਇਸ ਭੰਨ-ਤੋੜ ਬਾਰੇ ਪੂਰੀ ਜਾਣਕਾਰੀ ਹੋਣ ਦੇ ਬਾਵਜੂਦ ਪਿਛਲੇ ਦਿਨੀਂ ਚੀਨ ਦੇ ਦੌਰੇ ਉਤੇ ਗਏ ਰੱਖਿਆ ਮੰਤਰੀ ਏ. ਕੇ. ਐਂਟਨੀ ਨੇ ਚੁੱਪ ਧਾਰੀ ਰੱਖੀ। ਉਨ੍ਹਾਂ ਨੇ ਚੀਨੀ ਆਗੂਆਂ ਕੋਲ ਵੀ ਇਹ ਮਾਮਲਾ ਨਹੀਂ ਉਠਾਇਆ। ਇੱਥੋਂ ਤਕ ਕਿ ਹੁਣ ਇਹ ਮਾਮਲਾ ਜੱਗ ਜ਼ਾਹਿਰ ਹੋ ਜਾਣ ਦੇ ਬਾਵਜੂਦ ਕੇਂਦਰ ਸਰਕਾਰ ਇਸ ਮੁੱਦੇ ਉਤੇ ਮੂੰਹ ਖੋਲ੍ਹਣ ਲਈ ਤਿਆਰ ਨਹੀਂ ਹੈ।

## Matrimonials

### ਕੰਨਿਆ ਦੀ ਲੋੜ

ਜੱਟ ਸਿੱਖ ਕਲੀਨਸ਼ੇਵ, 30 ਸਾਲ, 6', ਬੀ ਐਸ ਸੀ ਨਰਸਿੰਗ, 10 ਸਾਲ ਦੇ ਵੀਜ਼ੇ ਤੇ ਅਮਰੀਕਾ ਆਏ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਲੁਧਿਆਣਾ ਨੇੜੇ 20 ਕਿਲੇ ਸ਼ਹਿਰੀ ਜ਼ਮੀਨ, ਭੈਣ ਤੇ ਮਾਪੇ ਅਮਰੀਕਾ ਵਿਚ। ਫੋਟੋ ਤੇ ਵੇਰਵਾ ਭੇਜੋ। ਈਮੇਲ:gurjeet9587@aol.com

*28-4*

### ਵਰ ਦੀ ਲੋੜ

ਅਮਰੀਕਨ ਸਿਟੀਜ਼ਨ, ਕਸ਼ਯਪ ਰਾਜਪੂਤ, ਉਮਰ 28 ਸਾਲ, ਕੱਦ 5'-4", ਸਰਕਾਰੀ ਜਾਬ ਕਰਦੀ ਲੜਕੀ ਲਈ ਯੋਗ ਵਰ ਦੀ ਲੋੜ ਹੈ। ਸਟੂਡੈਂਟ ਵੀਜ਼ਾ ਅਤੇ ਵਰਕ ਪਰਮਿਟ 'ਤੇ ਆਏ ਲੜਕੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਫੋਟੋ ਅਤੇ ਬਾਇਓਡਾਟਾ ਈਮੇਲ ਕਰੋ: preetny1@yahoo.com


ਹਲਵਾਈ ਦੀ ਲੋੜ ਹੈ

ਇੰਡੀਅਨਐਪੋਲਿਸ ਵਿਚ ਚਲਦੇ ਭਾਰਤੀ ਗਰੌਸਰੀ ਸਟੋਰ ਲਈ ਹਲਵਾਈ ਦੀ ਲੋੜ ਹੈ। ਚੰਗੀ ਤਨਖਾਹ

ਸੰਪਰਕ ਕਰੋ:

317-997-9143 ਜਾਂ 317-332-1387


# ਸਿੱਖ ਕਤਲੇਆਮ ਬਾਰੇ ਕੁਰੈਸ਼ੀ ਦੇ ਬਿਆਨ ਦਾ ਤਿੱਖਾ ਨੋਟਿਸ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੇ ਮੁੰਬਈ ਦੇ ਕਾਂਗਰਸੀ ਨੇਤਾ ਆਈ. ਐਮ. ਅਜ਼ਹਰ ਕੁਰੈਸ਼ੀ ਵੱਲੋਂ ਸੋਸ਼ਲ ਵੈੱਬਸਾਈਟ 'ਤੇ ਨਵੰਬਰ 1984 ਵਿਚ ਸਿੱਖਾਂ ਦੇ ਕੀਤੇ ਗਏ ਕਤਲੇਆਮ ਨੂੰ ਜ਼ਰੂਰੀ ਦੱਸਣ ਦਾ ਗੰਭੀਰ ਨੋਟਿਸ ਲੈਂਦਿਆਂ ਕਿਹਾ ਹੈ ਕਿ ਸੁਪਰੀਮ ਕੋਰਟ ਨੂੰ ਚਾਹੀਦਾ ਹੈ ਕਿ ਅਜ਼ਹਰ ਕੁਰੈਸ਼ੀ ਦੇ ਟਵਿੱਟਰ 'ਚ ਦਿੱਤੇ ਬਿਆਨ ਨੂੰ ਆਧਾਰ ਮੰਨ ਕੇ ਸਿੱਖਾਂ ਦਾ ਕਤਲੇਆਮ ਕਰਾਉਣ ਵਾਲੇ ਕਾਂਗਰਸੀ ਨੇਤਾਵਾਂ ਨੂੰ ਦੋਸ਼ੀ ਮੰਨਿਆ ਜਾਵੇ।

ਜਥੇਦਾਰ ਮੱਕੜ ਨੇ ਕਿਹਾ ਕਿ ਇਹ ਗੱਲ ਤਾਂ ਪਹਿਲਾਂ ਹੀ ਸਾਬਤ ਹੋ ਚੁੱਕੀ ਹੈ ਕਿ ਕਾਂਗਰਸ ਵੱਲੋਂ ਸੋਚੀ-ਸਮਝੀ ਸਾਜ਼ਿਸ਼ ਤਹਿਤ ਸਿੱਖਾਂ ਦਾ ਕਤਲੇਆਮ ਕਰਾਇਆ ਗਿਆ ਸੀ। ਹੁਣ ਕਾਂਗਰਸੀ ਨੇਤਾ ਨੇ ਸ਼ਰੇਆਮ ਟਵੀਟ ਕਰ ਕੇ ਇਹ ਗੱਲ ਸਵੀਕਾਰ ਕਰ ਲਈ ਹੈ। ਇਸੇ ਦੌਰਾਨ ਜਥੇਦਾਰ ਮੱਕੜ ਨੇ ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੂੰ ਪੱਤਰ ਭੇਜ ਕੇ ਮੰਗ ਕੀਤੀ ਹੈ ਕਿ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਵਿਰੁਧ ਅਪੀਲ ਕੀਤੀ ਜਾਵੇ।

## ਸੈਨੇਟ ਚੋਣ ਲੜਨ ਦਾ ਇਰਾਦਾ ਨਹੀਂ: ਬੌਬੀ ਜਿੰਦਲ

**ਹਿਊਸਟਨ:** ਲੂਸੀਆਨਾ ਦੇ ਗਵਰਨਰ ਬੌਬੀ ਜਿੰਦਲ ਨੇ ਕਿਹਾ ਹੈ ਕਿ ਉਨ੍ਹਾਂ ਦਾ ਅਗਲੀ ਵਾਰ ਸੂਬੇ ਤੋਂ ਸੈਨੇਟ ਦੀ ਚੋਣ ਲੜਨ ਦਾ ਕੋਈ ਇਰਾਦਾ ਨਹੀਂ ਹੈ। ਯਾਦ ਰਹੇ ਪਹਿਲਾਂ ਉਨ੍ਹਾਂ ਕਿਹਾ ਸੀ ਕਿ ਉਹ ਸੈਨੇਟ ਵਿਚ ਜਾਣ ਦੇ ਚਾਹਵਾਨ ਹਨ।

ਇਹ ਸੀਟ ਡੈਮੋਕਰੇਟਿਕ ਸੈਨੇਟਰ ਮੈਰੀ ਲੈਂਡਰੀਊ ਕੋਲ ਹੈ। ਬੀਬੀ ਲੈਂਡਰੀਊ ਦੇ ਅਹੁਦੇ ਦੀ ਇਹ ਤੀਜੀ ਮਿਆਦ ਹੈ ਤੇ ਉਨ੍ਹਾਂ ਦੇ ਅੱਗਿਉਂ ਜਿੱਤਣ ਦੇ ਅਸਾਰ ਘੱਟ ਦੱਸੇ ਜਾ ਰਹੇ ਹਨ।

ਦੱਸਣਯੋਗ ਹੈ ਕਿ ਲੂਸੀਆਨਾ ਸੂਬੇ ਦੇ ਵੋਟਰ ਕੌਮੀ ਚੋਣ ਵਿਚ ਆਮ ਤੌਰ 'ਤੇ ਰਿਪਬਲੀਕਨਾਂ ਨੂੰ ਵੋਟ ਪਾਉਂਦੇ ਹਨ। ਉਂਜ ਇਸੇ ਸਾਲ ਹੋਏ ਇਕ ਸਰਵੇਖਣ ਮੁਤਾਬਕ ਸ੍ਰੀ ਜਿੰਦਲ ਦੀ ਮਕਬੂਲੀਅਤ ਘਟ ਕੇ 50% ਤੋਂ ਹੇਠਾਂ ਆ ਗਈ ਹੈ।


OKKJI Transfer LLC.

15238 Radiance Dr., Noblesville, IN, 46060

ਓਨਰ ਅਪਰੇਟਰ ਚਾਹੀਦੇ ਹਨ

*ਲੋਕਲ ਤੇ ਲੌਂਗ ਰੂਟ

*ਡਰਾਈ ਅਤੇ ਰੀਫਰ ਲੋਡ

ਕਾਗਜ਼ ਦਿਓ ਤੇ ਪੈਸੇ ਲਓ



ਟਰੱਕ ਪਾਰਕਿੰਗ ਮਾਸਿਕ ਰੈਂਟ 'ਤੇ ਉਪਲਬਧ ਹੈ

ਸੰਪਰਕ ਕਰੋ:

Toll Free: 1-855-966-5554

Manny Sandhu: 317-603-1000, Sam Bhullar: 732-486-9045

Fax: 317-774-9665



MTSBS, LLC

Merchant Solutions

Independent Gas Stations and Convenience Stores

Say goodbye to

Slow credit card terminals

Poor support

Confusing statements

Higher costs



Say hello to

Superior support

High speed processing

Better customer service

Higher profits, lower expenses, peace of mind

ਵਧੀਆ ਸਰਵਿਸ

ਬਹੁਤ ਵਾਜਬ ਰੇਟ

1-800-871-6610

PAY AT THE PUMP

VISA DISCOVER VOYAGER PROFleet Fuelman

# ਸਿੱਖ ਕਤਲੇਆਮ: ਹਾਈ ਕੋਰਟ ਵੱਲੋਂ ਸੀ.ਬੀ.ਆਈ. ਤਲਬ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਅੱਜ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਵੱਲੋਂ ਅਦਾਲਤ ਵਿਚ ਦਾਇਰ ਪਟੀਸ਼ਨ ਸਬੰਧੀ ਸੀਬੀਆਈ ਜਵਾਬਦਾਅਵਾ ਦਾਇਰ ਕਰਨ ਲਈ ਕਿਹਾ ਹੈ। ਇਸ ਦੇ ਨਾਲ ਹੀ ਹਾਈ ਕੋਰਟ ਨੇ ਉਨ੍ਹਾਂ ਦੋ ਵਿਅਕਤੀਆਂ ਤੋਂ ਵੀ ਜਵਾਬ ਮੰਗਿਆ ਹੈ ਜਿਨ੍ਹਾਂ ਨੂੰ ਹੇਠਲੀ ਅਦਾਲਤ ਨੇ ਦੰਗਿਆਂ ਦੇ ਦੋਸ਼ ਵਿਚ ਤਿੰਨ ਸਾਲ ਕੈਦ ਦੀ ਸਜ਼ਾ ਸੁਣਾਈ ਸੀ ਤੇ ਕਤਲ ਦੇ ਦੋਸ਼ਾਂ ਵਿਚੋਂ ਬਰੀ ਕਰ ਦਿੱਤਾ ਸੀ। ਸਾਬਕਾ ਵਿਧਾਇਕ ਮਾਹੇਂਦਰ ਕਿਸ਼ਨ ਖੋਖਰ ਨੂੰ ਕਤਲ ਦੇ ਦੋਸ਼ਾਂ ਵਿਚੋਂ ਬਰੀ ਕਰਨ ਸਬੰਧੀ ਅਦਾਲਤ ਵੱਲੋਂ 30 ਅਪਰੈਲ ਨੂੰ ਸੁਣਾਏ ਫੈਸਲੇ ਨੂੰ ਦੰਗਾ ਪੀੜਤਾਂ ਜਗਦੀਸ਼ ਕੌਰ ਤੇ ਨਿਰਪ੍ਰੀਤ ਕੌਰ ਨੇ ਹਾਈ ਕੋਰਟ ਵਿਚ ਚਣੌਤੀ ਦਿੱਤੀ ਹੈ।

ਹਾਈ ਕੋਰਟ ਦੇ ਜਸਟਿਸ ਜੀ.ਐਸ. ਸਿਸਤਾਨੀ ਤੇ ਜੀ.ਪੀ. ਮਿੱਤਲ 'ਤੇ ਆਧਾਰਤ ਬੈਂਚ ਨੇ ਇਸ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਸੀਬੀਆਈ ਨੂੰ 27 ਅਗਸਤ ਤੱਕ ਜਵਾਬ ਦਾਇਰ ਕਰਨ ਲਈ ਕਿਹਾ ਹੈ। ਪੀੜਤਾਂ ਨੇ ਅਦਾਲਤ ਵੱਲੋਂ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰਨ ਵਿਰੁੱਧ ਵੀ ਹਾਈ ਕੋਰਟ ਵਿਚ ਚੁਣੌਤੀ ਦਿੱਤੀ ਹੈ। ਇਸ ਸਬੰਧੀ ਬੁੱਧਵਾਰ ਨੂੰ ਸੁਣਵਾਈ ਹੋਣ ਦੀ ਉਮੀਦ ਹੈ।

ਇਸ ਤੋਂ ਇਲਾਵਾ ਹਾਈ ਕੋਰਟ ਨੇ ਇਕ ਹੋਰ ਪਟੀਸ਼ਨ ਜਿਸ ਵਿਚ ਦੰਗਿਆਂ ਦੇ ਦੋਸ਼ੀਆਂ ਬਲਵਾਨ ਖੋਖਰ, ਗਿਰਧਾਰੀ ਲਾਲ ਤੇ ਕੈਪਟਨ ਭਾਗਮਲ ਜਿਨ੍ਹਾਂ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਹੈ, ਨੂੰ ਵੀ ਮੌਤ ਦੀ ਸਜ਼ਾ ਦੇਣ ਦੀ ਮੰਗ ਕੀਤੀ ਹੈ।




ਹਾਈ ਕੋਰਟ ਨੇ ਇਸ ਕੇਸ ਸਬੰਧੀ ਹੇਠਲੀ ਅਦਾਲਤ ਤੋਂ ਸਮੁੱਚਾ ਰਿਕਾਰਡ ਮੰਗ ਲਿਆ ਹੈ। ਜ਼ਿਕਰਯੋਗ ਹੈ ਕਿ ਮੁਕੱਦਮੇ ਦੀ ਸੁਣਵਾਈ ਕਰ ਰਹੀ ਅਦਾਲਤ ਨੇ 30 ਅਪਰੈਲ ਨੂੰ ਸੁਣਾਏ ਫੈਸਲੇ ਵਿਚ ਸਾਬਕਾ ਲੋਕ ਸਭਾ ਮੈਂਬਰ ਤੇ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਸੀ ਤੇ ਦੰਗਿਆਂ ਦੇ ਦੋਸ਼ ਵਿਚ ਬਲਵਾਨ ਖੋਖਰ, ਮਾਹੇਂਦਰ ਯਾਦਵ, ਕਿਸ਼ਨ ਖੋਖਰ, ਗਿਰਧਾਰੀ ਲਾਲ ਤੇ ਕੈਪਟਨ ਭਾਗਮੱਲ ਨੂੰ ਸਜ਼ਾ ਸੁਣਾਈ ਸੀ।

## ਸੱਜਣ ਕੁਮਾਰ ਨੂੰ ਬਰੀ ਕਰਨ ਦੇ ਫੈਸਲੇ ਨੂੰ ਚੁਣੌਤੀ

*__ਨਵੀਂ ਦਿੱਲੀ:__ 1984 ਦੇ ਸਿੱਖ ਕਤਲ-ਏ-ਆਮ ਮਾਮਲੇ ਵਿਚ ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਬਰੀ ਕੀਤੇ ਜਾਣ ਖ਼ਿਲਾਫ਼ ਦਿੱਲੀ ਹਾਈ ਕੋਰਟ ਦਾ ਦਰ ਖੜਕਾਇਆ ਗਿਆ ਹੈ। ਪੀੜਤ ਬੀਬੀਆਂ ਜਗਦੀਸ਼ ਕੌਰ ਤੇ ਨਿਰਪ੍ਰੀਤ ਕੌਰ ਵੱਲੋਂ ਅਪੀਲ ਵਿਚ ਕਿਹਾ ਗਿਆ ਹੈ ਕਿ ਹੇਠਲੀ ਅਦਾਲਤ ਨੇ ਕਾਨੂੰਨੀ ਤੌਰ 'ਤੇ ਜਾਇਜ਼ ਸਬੂਤਾਂ ਨੂੰ ਅੱਖੋਂ-ਪਰੋਖੇ ਕਰਕੇ ਫੈਸਲਾ ਸੁਣਾਇਆ ਹੈ।*



*ਇਨ੍ਹਾਂ ਦੇ ਪਰਿਵਾਰਕ ਮੈਂਬਰ 1984 ਵਿਚ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਭੜਕੇ ਦੰਗਿਆਂ ਵਿਚ ਮਾਰ ਦਿੱਤੇ ਗਏ ਸਨ। ਦੋਵਾਂ ਦਾ ਕਹਿਣਾ ਹੈ ਕਿ ਹੇਠਲੀ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਬਰੀ ਕਰਨ ਬਾਰੇ 30 ਅਪਰੈਲ ਨੂੰ ਸੁਣਾਇਆ ਫੈਸਲਾ ਖਾਰਜ ਕੀਤਾ ਜਾਵੇ। ਉਨ੍ਹਾਂ ਕਿਹਾ ਹੈ ਕਿ ਹੇਠਲੀ ਅਦਾਲਤ ਦਾ ਫੈਸਲਾ ਖਾਮੀਆਂ ਭਰਪੂਰ ਹੈ ਕਿਉਂਕਿ ਕਈ ਅਹਿਮ ਸਬੂਤ ਜੋ ਕਾਨੂੰਨੀ ਨੁਕਤਾ-ਏ-ਨਜ਼ਰ ਤੋਂ ਜਾਇਜ਼ ਸਨ, ਨੂੰ ਅਣਗੌਲਿਆ ਕਰ ਦਿੱਤਾ ਗਿਆ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਸੁਣਵਾਈ ਅਦਾਲਤ ਨੇ ਬੀਬੀ ਜਗਦੀਸ਼ ਕੌਰ, ਬੀਬੀ ਜਗਸ਼ੇਰ ਕੌਰ ਤੇ ਬੀਬੀ ਨਿਰਪ੍ਰੀਤ ਕੌਰ ਦੇ ਬਿਆਨਾਂ ਵੱਲ ਕੰਨ ਹੀ ਨਹੀਂ ਧਰਿਆ ਜਦਕਿ ਉਹ ਮੌਕੇ ਦੀਆਂ ਗਵਾਹ ਹਨ ਜਿਨ੍ਹਾਂ ਨੇ ਸੱਜਣ ਕੁਮਾਰ ਨੂੰ 2 ਨਵੰਬਰ, 1984 ਨੂੰ ਭੜਕਾਊ ਭਾਸ਼ਣ ਦਿੰਦੇ ਦੇਖਿਆ ਤੇ ਸੁਣਿਆ ਸੀ। ਹੇਠਲੀ ਅਦਾਲਤ ਨੇ ਇਸ ਕਾਂਗਰਸੀ ਆਗੂ ਨੂੰ ਭਾਵੇਂ ਬਰੀ ਕਰ ਦਿੱਤਾ ਸੀ ਪਰ ਪੰਜ ਹੋਰਾਂ ਬਲਵਾਨ ਖੋਖਰ, ਮਹਿੰਦਰ ਯਾਦਵ, ਕਿਸ਼ਨ ਖੋਖਰ, ਗਿਰਧਾਰੀ ਲਾਲ ਤੇ ਕੈਪਟਨ ਭਾਗ ਮੱਲ ਨੂੰ ਦੋਸ਼ੀ ਠਹਿਰਾਇਆ ਸੀ।*

## ਦਿੱਲੀ ਹਾਈ ਕੋਰਟ ਵੱਲੋਂ ਟਾਈਟਲਰ ਨੂੰ ਝਟਕਾ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ 1984 ਦੇ ਸਿੱਖ ਕਤਲ-ਏ-ਆਮ ਮਾਮਲੇ ਵਿਚ ਸੀਨੀਅਰ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੂੰ ਝਟਕਾ ਦਿੰਦਿਆਂ ਉਸ ਦੀ ਭੂਮਿਕਾ ਬਾਰੇ ਅੱਗੇ ਜਾਂਚ ਕਰਨ ਬਾਰੇ ਹੇਠਲੀ ਅਦਾਲਤ ਦੇ ਹੁਕਮ ਉਪਰ ਰੋਕ ਲਾਉਣ 'ਤੇ ਇਨਕਾਰ ਕਰ ਦਿੱਤਾ। ਜਸਟਿਸ ਐਸ.ਪੀ. ਗਰਗ ਨੇ ਜਾਂਚ 'ਤੇ ਰੋਕ ਲਾਉਣ ਤੋਂ ਇਨਕਾਰ ਕਰਦਿਆਂ ਸੀਬੀਆਈ ਤੇ ਸ਼ਿਕਾਇਤਕਰਤਾ ਲਖਵਿੰਦਰ ਕੌਰ ਨੂੰ ਨੋਟਿਸ ਜਾਰੀ ਕਰਕੇ 18 ਸਤੰਬਰ ਤੱਕ ਹੇਠਲੀ ਅਦਾਲਤ ਦੇ ਹੁਕਮ ਨੂੰ ਚੁਣੌਤੀ ਦੇਣ ਬਾਰੇ ਟਾਈਟਲਰ ਦੀ ਪਟੀਸ਼ਨ ਦਾ ਜਵਾਬ ਦੇਣ ਲਈ ਕਿਹਾ। ਜਸਟਿਸ ਗਰਗ ਨੇ ਜਾਂਚ 'ਤੇ ਰੋਕ ਲਾਉਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਸਿਰਫ਼ ਜਾਂਚ ਦਾ ਹੁਕਮ ਦਿੱਤਾ ਗਿਆ ਹੈ ਤੇ ਜਾਂਚ ਅਦਾਲਤ ਨਹੀਂ ਕਰੇਗੀ।

ਇਸ ਤੋਂ ਪਹਿਲਾਂ ਟਾਈਟਲਰ ਦੇ ਵਕੀਲ ਨੇ ਹੇਠਲੀ ਅਦਾਲਤ ਦੇ ਹੁਕਮ ਉਪਰ ਰੋਕ ਲਾਉਣ ਦੀ ਮੰਗ ਕੀਤੀ ਤੇ ਕਿਹਾ ਕਿ ਹੇਠਲੀ ਅਦਾਲਤ ਨੂੰ ਜਾਂਚ ਦੇ ਤਰੀਕਿਆਂ ਬਾਰੇ ਹੁਕਮ ਦੇਣ ਦਾ ਅਧਿਕਾਰ ਨਹੀਂ ਹੈ। ਕਾਂਗਰਸੀ ਆਗੂ ਨੇ ਹੇਠਲੀ ਅਦਾਲਤ ਵੱਲੋਂ ਇਸ ਸਾਲ 10 ਅਪਰੈਲ ਨੂੰ ਸਣਾਏ ਫੈਸਲੇ ਨੂੰ ਚੁਣੌਤੀ ਦੇਣ ਲਈ ਹਾਈ ਕੋਰਟ ਵਿਚ 30 ਮਈ ਨੂੰ ਪਟੀਸ਼ਨ ਪਾਈ ਸੀ। ਅਦਾਲਤ ਨੇ 29 ਸਾਲ ਪੁਰਾਣੇ ਮਾਮਲੇ ਵਿਚ ਟਾਈਟਲਰ ਨੂੰ ਕਲੀਨ ਚਿੱਟ ਦੇ ਕੇ ਮਾਮਲਾ ਬੰਦ ਕਰਨ ਬਾਰੇ ਸੀਬੀਆਈ ਦੀ ਰਿਪੋਰਟ ਨੂੰ ਦਰਕਿਨਾਰ ਕਰਦਿਆਂ ਜਾਂਚ ਏਜੰਸੀ ਨੂੰ ਗਵਾਹਾਂ ਤੇ ਦੰਗਿਆਂ ਬਾਰੇ ਸੂਚਨਾਵਾਂ ਰੱਖਣ ਦਾ ਦਾਅਵਾ ਕਰਨ ਵਾਲੇ ਲੋਕਾਂ ਤੋਂ ਪੁੱਛ-ਪੜਤਾਲ ਕਰਨ ਦਾ ਹੁਕਮ ਦਿੱਤਾ ਹੈ।

ਇਹ ਕੇਸ 1984 ਵਿਚ ਉੱਤਰੀ ਦਿੱਲੀ ਦੇ ਪੁਲਬੰਗਸ਼ ਗੁਰੁਦਆਰੇ ਨਾਲ ਸਬੰਧਤ ਹੈ ਜਿੱਥੇ ਤਿੰਨ ਸਿੱਖਾਂ ਦਾ ਕਤਲ ਕੀਤਾ ਗਿਆ ਸੀ। ਇਸ ਤੋਂ ਪਹਿਲਾਂ ਮੈਜਿਸਟਰੇਟ ਦੀ ਅਦਾਲਤ ਨੇ ਵੀ ਦਸੰਬਰ 2007 ਵਿਚ ਇਸ ਸਬੰਧੀ ਸੀਬੀਆਈ ਦੀ ਮਾਮਲਾ ਬੰਦ ਕਰਨ ਦੀ ਰਿਪੋਰਟ ਨਾਮਨਜ਼ੂਰ ਕਰ ਦਿੱਤੀ ਸੀ। ਇਸ ਮਗਰੋਂ ਸੀਬੀਆਈ ਨੇ 2 ਅਪਰੈਲ, 2009 ਵਿਚ ਟਾਈਟਲਰ ਖਿਲਾਫ਼ ਸਬੂਤਾਂ ਦੀ ਕਮੀ ਦਾ ਦਾਅਵਾ ਕਰਦਿਆਂ ਉਸ ਨੂੰ ਮੁੜ ਕਲੀਨ ਚਿੱਟ ਦੇ ਦਿੱਤੀ ਸੀ।

ਮੈਜਿਸਟਰੇਟ ਨੇ 27 ਅਪਰੈਲ, 2010 ਵਿਚ ਸੀਬੀਆਈ ਵੱਲੋਂ ਮਾਮਲਾ ਬੰਦ ਕਰਨ ਦੀ ਰਿਪੋਰਟ ਨੂੰ ਨਾਮਨਜ਼ੂਰ ਕਰਦਿਆਂ ਕਿਹਾ ਸੀ ਕਿ ਟਾਈਟਲਰ ਖਿਲਾਫ਼ ਮੁਕੱਦਮਾ ਚਲਾਉਣ ਦਾ ਕੋਈ ਸਬੂਤ ਨਹੀਂ ਹੈ ਪਰ ਅਡੀਸ਼ਨਲ ਸੈਸ਼ਨ ਜੱਜ ਅਨੁਰਾਧਾ ਸ਼ੁਕਲਾ ਭਾਰਦਵਾਜ ਨੇ ਕੁਝ ਪੀੜਤਾਂ ਦੀ ਅਪੀਲ ਉਪਰ ਮਾਮਲਾ ਮੁੜ ਖੋਲ੍ਹਣ ਦੇ ਹੁਕਮ ਦੇ ਦਿੱਤੇ ਸਨ।

# ਹੋਂਦ ਚਿੱਲੜ ਕਾਂਡ ਦੀ ਸੁਣਵਾਈ ਦਾ ਕੰਮ ਰਿੜ੍ਹਿਆ

**ਚੰਡੀਗੜ੍ਹ:** ਹੋਂਦ ਚਿੱਲੜ ਕਾਂਡ ਦੀ ਸੁਣਵਾਈ ਦਾ ਕੰਮ ਰਿੜ ਪਿਆ ਹੈ। ਕਾਂਡ ਦੀ ਸੁਣਵਾਈ ਕਰ ਰਹੇ ਇਕ ਮੈਂਬਰੀ ਕਮਿਸ਼ਨ ਦੇ ਜੱਜ ਟੀ.ਪੀ. ਗਰਗ ਦੀ ਅਦਾਲਤ ਵਿਚ ਸਰਕਾਰੀ ਧਿਰ ਦੇ ਵਕੀਲਾਂ ਨੇ ਪੀੜਤ ਬਲਵੰਤ ਸਿੰਘ ਨਾਲ ਜਿਰ੍ਹਾ ਕੀਤੀ। ਉਸ ਨੇ ਸਰਕਾਰੀ ਧਿਰ ਦੇ ਸਵਾਲਾਂ ਦੇ ਜਵਾਬ ਦਿੰਦਿਆਂ ਸਮੁੱਚੀ ਸਥਿਤੀ ਬਿਆਨ ਕੀਤੀ। ਹੋਂਦ ਚਿੱਲੜ ਤਾਲਮੇਲ ਕਮੇਟੀ ਦੇ ਆਗੂਆਂ ਇੰਜਨੀਅਰ ਮਨਵਿੰਦਰ ਸਿੰਘ ਗਿਆਸਪੁਰਾ ਤੇ ਦਰਸ਼ਨ ਸਿੰਘ ਘੋਲੀਆਂ ਪੀੜਤ ਧਿਰ ਨੂੰ ਹਿਸਾਰ ਲੈ ਕੇ ਗਏ ਤੇ ਅਦਾਲਤ ਵਿਚ ਪੇਸ਼ ਕੀਤਾ।



ਬਲਵੰਤ ਸਿੰਘ ਨੇ ਸਰਕਾਰੀ ਧਿਰ ਦੇ ਵਕੀਲਾਂ ਦੇ ਜਵਾਬ ਦਿੰਦਿਆਂ ਦੱਸਿਆ ਕਿ ਦੋ ਨਵੰਬਰ 1984 ਨੂੰ ਭੀੜ ਨੇ ਉਨ੍ਹਾਂ ਦੇ ਪਰਿਵਾਰ ਦੇ 11 ਜੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਕਤਲ ਕੀਤੇ ਪਰਿਵਾਰ ਦੇ ਮੈਂਬਰਾਂ ਵਿਚ ਉਸ ਦੇ ਦਾਦਾ ਗੁਲਾਬ ਸਿੰਘ, ਪਿਤਾ ਕਰਤਾਰ ਸਿੰਘ, ਮਾਤਾ ਧੰਨੀ ਬਾਈ, ਭਾਈ ਭਗਵਾਨ ਸਿੰਘ, ਭਾਬੀ ਕ੍ਰਿਸ਼ਨਾ ਦੇਵੀ, ਭਤੀਜੇ ਮਨੋਹਰ ਸਿੰਘ, ਚੰਚਲ ਸਿੰਘ, ਸੁੰਦਰ ਸਿੰਘ, ਇੰਦਰ ਸਿੰਘ, ਭੈਣ ਤਾਰਾਵੰਤੀ ਤੇ ਵੀਨਾ ਸ਼ਾਮਲ ਹਨ ਜਿਨ੍ਹਾਂ ਨੂੰ ਭੀੜ ਨੇ ਮਾਰ ਦਿੱਤਾ। ਉਸ ਨੇ ਅਦਾਲਤ ਨੂੰ ਦੱਸਿਆ ਕਿ ਉਸ ਸਮੇਂ ਉਸ ਕੋਲ 19 ਏਕੜ ਜ਼ਮੀਨ ਸੀ ਜਿਹੜੀ ਮਜਬੂਰੀਵੱਸ ਵੇਚਣੀ ਪਈ। ਪੀੜਤ ਧਿਰ ਦੇ ਵਕੀਲ ਨੇ ਸਰਕਾਰ ਵੱਲੋਂ ਕੀਤੀ ਅਸੈਸਮੈਂਟ ਨੂੰ ਪੂਰਨ ਤੌਰ 'ਤੇ ਰੱਦ ਕਰਦਿਆਂ ਮੰਗ ਕੀਤੀ ਕਿ ਪੀੜਤ, ਪੰਚਾਇਤ ਤੇ ਵਕੀਲਾਂ ਦੀ ਹਾਜ਼ਰੀ ਵਿਚ ਮੁੜ ਅਸੈਸਮੈਂਟ ਕੀਤੀ ਜਾਵੇ। ਜੱਜ ਨੇ ਡਿਪਟੀ ਕਮਿਸ਼ਨਰ ਨੂੰ ਦੁਬਾਰਾ ਅਸੈਸਮੈਂਟ ਕਰਨ ਦੇ ਹੁਕਮ ਜਾਰੀ ਕੀਤੇ ਤੇ ਇਸ ਕੇਸ ਦੀ ਅਗਲੀ ਸੁਣਵਾਈ 19 ਜੁਲਾਈ 'ਤੇ ਪਾ ਦਿੱਤੀ।

## ਸੁਖਬੀਰ ਨੇ ਬਾਜਵਾ ਦੇ ਅਤਿਵਾਦੀਆਂ ਨਾਲ ਸਬੰਧਾਂ ਦੀ ਜਾਂਚ ਮੰਗੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਾਂਗਰਸ ਦੇ ਸੂਬਾ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦੇ ਅਤਿਵਾਦੀਆਂ ਨਾਲ ਸਬੰਧਾਂ ਦੇ ਦੋਸ਼ਾਂ ਦੀ ਉੱਚ ਪੱਧਰੀ ਜਾਂਚ ਮੰਗੀ ਹੈ। ਸੁਖਬੀਰ ਨੇ ਕਿਹਾ ਕਿ ਇਹ ਦੋਸ਼ ਕਿਸੇ ਹੋਰ ਨੇ ਨਹੀਂ ਸਗੋਂ ਸਾਬਕਾ ਮੁੱਖ ਮੰਤਰੀ ਤੇ ਕਾਂਗਰਸ ਦੇ ਹੀ ਸੀਨੀਅਰ ਆਗੂ ਕੈਪਟਨ ਅਮਰਿੰਦਰ ਸਿੰਘ ਵੱਲੋਂ ਲਾਏ ਗਏ ਹਨ। ਉਨ੍ਹਾਂ ਕਿਹਾ ਕਿ ਬੇਸ਼ੱਕ ਕੈਪਟਨ ਅਮਰਿੰਦਰ ਸਿੰਘ ਨੇ ਇਨ੍ਹਾਂ ਦੋਸ਼ਾਂ ਤੋਂ ਕਿਨਾਰਾ ਕਰਦਿਆਂ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਕੋਈ ਪੱਤਰ ਲਿਖੇ ਹੋਣ ਦਾ ਖੰਡਨ ਕੀਤਾ ਹੈ ਪਰ ਸ. ਬਾਵਜਾ ਦੀ ਮੁਕਤੀ ਸਿਰਫ ਅਮਰਿੰਦਰ ਸਿੰਘ ਦੇ ਖੰਡਨ ਨਾਲ ਹੀ ਨਹੀਂ ਹੋ ਜਾਂਦੀ।

ਸ. ਬਾਦਲ ਨੇ ਕਿਹਾ ਕਿ ਜਿਸ ਤਰ੍ਹਾਂ ਦੇ ਤੱਥ ਮੀਡੀਆ ਰਾਹੀਂ ਸ. ਬਾਜਵਾ ਸਬੰਧੀ ਸਾਹਮਣੇ ਆਏ ਹਨ, ਉਹ ਬੜੇ ਹੀ ਗੰਭੀਰ ਹਨ ਜਿਨ੍ਹਾਂ ਦੀ ਉਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਇਸ ਗੰਭੀਰ ਮਾਮਲੇ ਦੀ ਜਾਂਚ ਕਰਨੀ ਚਾਹੀਦੀ ਹੈ ਤਾਂ ਜੋ ਅਸਲੀ ਤੱਥ ਸਾਹਮਣੇ ਆ ਸਕਣ। ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਜਦੋਂ ਸੂਬੇ ਦੇ ਮੁੱਖ ਮੰਤਰੀ ਸਨ ਤਾਂ ਸੂਬੇ ਦਾ ਗ੍ਰਹਿ ਵਿਭਾਗ ਉਨ੍ਹਾਂ ਦੇ ਅਧੀਨ ਸੀ। ਇਸ ਲਈ ਸੰਭਵ ਹੈ ਕਿ ਪ੍ਰਤਾਪ ਸਿੰਘ ਬਾਜਵਾ ਬਾਰੇ ਸਾਬਕਾ ਮੁੱਖ ਮੰਤਰੀ ਦੇ ਹੱਥ ਕੋਈ ਪੁਖ਼ਤਾ ਸਬੂਤ ਲੱਗੇ ਹੋਣ।

# ਪੰਜਾਬ ਪੁਲਿਸ ਦਾ ਅਸਲ ਚਿਹਰਾ ਹੋਇਆ ਬੇਨਕਾਬ

### ਝੂਠੇ ਪੁਲਿਸ ਮੁਕਾਬਲਿਆਂ ਦੀ ਖੁੱਲ੍ਹੀ ਪੋਲ

**ਚੰਡੀਗੜ੍ਹ:** ਖਾੜਕੂਵਾਦ ਦੌਰਾਨ ਪੰਜਾਬ ਪੁਲਿਸ 'ਤੇ ਝੂਠੇ ਮੁਕਾਬਲੇ ਕਰਨ ਦੇ ਦੋਸ਼ ਅਕਸਰ ਲੱਗਦੇ ਰਹੇ ਪਰ ਹੁਕਮਰਾਨਾਂ ਨੇ ਹੁਣ ਤੱਕ ਇਸ ਮਾਮਲੇ 'ਤੇ ਮਿੱਟੀ ਪਾਉਣੀ ਹੀ ਬਿਹਤਰ ਸਮਝੀ ਕਿਉਂਕਿ ਇਸ ਦਾ ਸੇਕ ਉਨ੍ਹਾਂ ਨੂੰ ਵੀ ਲੱਗ ਸਕਦਾ ਸੀ। ਪੰਜਾਬ ਪੁਲਿਸ ਨੇ ਉਸ ਸਮੇਂ ਦੌਰਾਨ ਕਿਵੇਂ ਬੇਕਸੂਰ ਸਿੱਖ ਨੌਜਵਾਨਾਂ ਨੂੰ ਮਾਰ ਖਪਾਇਆ, ਇਸ ਦਾ ਖੁਲਾਸਾ ਪੁਲਿਸ ਵਿਚ ਤਾਇਨਾਤ ਰਹੇ ਸਬ ਇੰਸਪੈਕਟਰ ਸੁਰਜੀਤ ਸਿੰਘ ਨੇ ਕੀਤਾ ਹੈ। ਸੁਰਜੀਤ ਸਿੰਘ ਦੇ ਇਸ ਖੁਲਾਸੇ ਨੇ ਪੁਲੀਸ ਦਾ ਅਸਲ ਚਿਹਰਾ ਬੇਨਕਾਬ ਕਰ ਦਿੱਤਾ ਹੈ।

ਖਾੜਕੂਵਾਦ ਸਮੇਂ ਮਜੀਠਾ ਪੁਲਿਸ ਜ਼ਿਲ੍ਹੇ ਵਿਚ ਤਾਇਨਾਤ ਰਹੇ ਸਬ ਇੰਸਪੈਕਟਰ ਸੁਰਜੀਤ ਸਿੰਘ ਨੇ ਦਰਜਨ ਦੇ ਕਰੀਬ ਖਾੜਕੂਆਂ ਨੂੰ ਪੁਲਿਸ ਅਫਸਰਾਂ ਦੇ ਕਹਿਣ 'ਤੇ ਝੂਠੇ ਮੁਕਾਬਲੇ ਦੌਰਾਨ ਮਾਰਨ ਦੀ ਗੱਲ ਕਬੂਲੀ ਹੈ। ਹੁਣ ਤਕ ਇਸ ਮਾਮਲੇ ਵਿਚ ਚੁੱਪ ਧਾਰਨ ਬਾਰੇ ਸੁਰਜੀਤ ਸਿੰਘ ਦਾ ਕਹਿਣਾ ਹੈ ਕਿ ਪੁਲਿਸ ਅਧਿਕਾਰੀਆਂ ਦੇ ਦਬਾਅ ਹੇਠ ਹੀ ਉਹ ਇਨ੍ਹਾਂ ਝੂਠੇ ਮੁਕਾਬਲਿਆਂ ਬਾਰੇ ਕਿਸੇ ਨੂੰ ਦੱਸ ਨਹੀਂ ਸਕਿਆ। ਇਸ ਬਾਰੇ ਸੁਰਜੀਤ ਸਿੰਘ ਨੇ ਪੁਲਿਸ ਅਧਿਕਾਰੀਆਂ ਕੋਲੋਂ ਆਪਣੀ ਜਾਨ ਨੂੰ ਖਤਰਾ ਦੱਸਦਿਆਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਰਿੱਟ ਦਾਇਰ ਕਰਕੇ ਸੁਰੱਖਿਆ ਦੀ ਮੰਗ ਕੀਤੀ ਹੈ।

ਸਬ ਇੰਸਪੈਕਟਰ ਦੇ ਤੌਰ 'ਤੇ ਪਿਛਲੇ 8-9 ਮਹੀਨੇ ਤੋਂ ਤਰਨਤਾਰਨ ਪੁਲਿਸ ਲਾਇਨ ਵਿਚ ਤਾਇਨਾਤ ਸੁਰਜੀਤ ਸਿੰਘ ਨੇ ਦੱਸਿਆ ਕਿ ਖਾੜਕੂਵਾਦ ਦੇ ਸਮੇਂ ਉਹ ਮਜੀਠਾ ਪੁਲਿਸ ਜ਼ਿਲ੍ਹੇ ਵਿਚ ਵੱਖ ਵੱਖ ਜਗ੍ਹਾ 'ਤੇ ਤਾਇਨਾਤ ਰਿਹਾ ਜਿਥੇ ਉਸ ਦੇ ਅਫਸਰਾਂ ਵੱਲੋਂ ਖਾੜਕੂਆਂ ਨੂੰ ਝੂਠੇ ਪੁਲਿਸ ਮੁਕਾਬਲੇ ਵਿਚ ਮਾਰਨ ਬਾਰੇ ਉਨ੍ਹਾਂ ਨੂੰ ਦਿੱਤੇ ਗਏ ਹੁਕਮਾਂ ਤੋਂ ਬਾਅਦ ਉਸ ਨੇ ਕਈ ਫਰਜ਼ੀ ਪੁਲਿਸ ਮੁਕਾਬਲੇ ਬਣਾ ਕੇ ਦਰਜਨ ਦੇ ਕਰੀਬ ਖਾੜਕੂਆਂ ਨੂੰ ਮਾਰਿਆ ਸੀ ਜਦਕਿ ਇਸ ਤੋਂ ਇਲਾਵਾ ਉਹ ਹੋਰ ਪੁਲਿਸ ਅਧਿਕਾਰੀਆਂ ਵੱਲੋਂ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਖਾੜਕੂਆਂ ਦਾ ਚਸ਼ਮਦੀਦ ਗਵਾਹ ਵੀ ਹੈ। ਸੁਰਜੀਤ ਸਿੰਘ ਨੇ ਦਾਇਰ ਕੀਤੀ ਰਿੱਟ ਵਿਚ ਪੰਜਾਬ ਦੇ ਡੀ.ਜੀ.ਪੀ ਸਮੇਤ ਹੋਰ ਕਈ ਪੁਲਿਸ ਅਫਸਰਾਂ ਤੋਂ ਆਪਣੇ ਤੇ ਆਪਣੇ ਪਰਿਵਾਰ ਦੀ ਜਾਨ ਨੂੰ ਖਤਰਾ ਦੱਸਿਆ ਹੈ। ਉਸ ਨੇ ਦੱਸਿਆ ਹੈ ਕਿ ਖਾੜਕੂਵਾਦ ਦੇ ਸਮੇਂ ਮਜੀਠਾ ਜ਼ਿਲ੍ਹੇ ਵਿਚ ਤਾਇਨਾਤ ਹੁੰਦਿਆਂ ਖਾਲਿਸਤਾਨ ਕਮਾਂਡੋ ਫੋਰਸ ਦੇ ਲੈਫਟੀਨੈਂਟ ਕਹਾਉਂਦੇ ਖਾੜਕੂ ਕੇਵਲ ਸਿੰਘ, ਖਾੜਕੂ ਕਾਬਲ ਸਿੰਘ ਛੋਟੇਪੁਰ, ਹਰਨੇਕ ਸਿੰਘ ਛੋਟੇਪੁਰ, ਗੁਰਮੀਤ ਸਿੰਘ ਕਾਲੇਕੇ, ਹਰਜਿੰਦਰ ਸਿੰਘ ਬਾਬਾ (ਮੁਖੀ ਖਾਲਿਸਤਾਨ ਨੈਸ਼ਨਲ ਆਰਮੀ) ਤੇ ਉਸ ਦੀ ਪਤਨੀ ਕੁਲਵਿੰਦਰ ਕੌਰ, ਜੁਗਿੰਦਰ ਸਿੰਘ ਵਾਸੀ ਬੰਗਾ, ਕੁਲਵੰਤ ਸਿੰਘ ਵਾਸੀ ਸਿਆਲਕਾ, ਮੰਗਲ ਸਿੰਘ ਮੰਗਾ, ਗੁਰਚਰਨ ਸਿੰਘ, ਗੁਰਭੇਜ ਸਿੰਘ ਭੇਜਾ ਵਾਸੀ ਨਵਾਂ ਪਿੰਡ, ਬਲਰਾਜ ਸਿੰਘ ਉਰਫ ਲੱਬੀ, ਜਗਤਾਰ ਸਿੰਘ ਜੱਗਾ ਚੰਨਣਕੇ ਤੇ ਦੋ ਹੋਰ ਖਾੜਕੂਆਂ ਨੂੰ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਮਾਰਿਆ ਗਿਆ ਸੀ।



ਉਸ ਨੇ ਕਈ ਹੋਰ ਖਾੜਕੂਆਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿਚ ਮਾਰਨ ਬਾਰੇ ਵੀ ਖੁਲਾਸਾ ਕੀਤਾ ਹੈ। ਹਾਈ ਕੋਰਟ ਵਿਚ ਦਾਇਰ ਕੀਤੀ ਪਟੀਸ਼ਨ ਵਿਚ ਜੋ 16 ਖਾੜਕੂਆਂ ਦੇ ਪੁਲਿਸ ਮੁਕਾਬਲਿਆਂ ਬਾਰੇ ਦੱਸਿਆ ਗਿਆ ਹੈ, ਉਹ ਪੂਰੀ ਤਰ੍ਹਾਂ ਫਰਜ਼ੀ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਮਨੁੱਖੀ ਅਧਿਕਾਰਾਂ ਦੇ ਵਕੀਲ ਰਾਜਵਿੰਦਰ ਸਿੰਘ ਬੈਂਸ ਰਾਹੀਂ ਹਾਈ ਕੋਰਟ ਵਿਚ ਰਿੱਟ ਦਾਇਰ ਕੀਤੀ ਹੈ। ਉਧਰ, ਦਲ ਖਾਲਸਾ ਨੇ ਪਿਛਲੇ ਦਹਾਕਿਆਂ ਦੌਰਾਨ ਸਿੱਖ ਨੌਜਵਾਨਾਂ ਦੇ ਕਤਲੇਆਮ ਸਬੰਧੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਗ੍ਰਹਿ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਇਨਸਾਫ ਦੀ ਭਾਵਨਾ ਤੇ ਮਨੁੱਖੀ ਅਧਿਕਾਰਾਂ ਦੇ ਸਤਿਕਾਰ ਪ੍ਰਤੀ ਗੰਭੀਰ ਹੋਣ ਲਈ ਕਿਹਾ ਹੈ। ਦਲ ਖਾਲਸਾ ਦੇ ਮੁਖੀ ਹਰਚਰਨਜੀਤ ਸਿੰਘ ਧਾਮੀ ਨੇ ਕਿਹਾ ਕਿ ਮੁਅਤਲ ਸਬ ਇੰਸਪੈਕਟਰ ਸੁਰਜੀਤ ਸਿੰਘ ਵਲੋਂ ਗੈਰ-ਕਾਨੂੰਨੀ ਕਤਲਾਂ ਦੇ ਇਕਬਾਲ ਮਗਰੋਂ ਪੈਦਾ ਹੋਈ ਸਥਿਤੀ ਬਾਰੇ ਸਰਕਾਰ ਨੂੰ ਕੁੰਭਕਰਨੀ ਨੀਂਦ ਤੋਂ ਜਾਗਣਾ ਚਾਹੀਦਾ ਹੈ। ਉਨ੍ਹਾਂ ਬਾਦਲ ਜੋੜੀ ਨੂੰ ਅਪੀ.ਲ ਕੀਤੀ ਹੈ ਕਿ 1984 ਤੋਂ 1994 ਤੱਕ ਹੋਏ ਕਤਲੇਆਮ ਦੀ ਜਾਂਚ ਲਈ ਕਮਿਸ਼ਨ ਬਣਾਉਣ ਜਿਸ ਵਿਚ ਹਾਈ ਕੋਰਟ ਦੇ ਜੱਜ, ਸੈਸ਼ਨ ਜੱਜ, ਮਨੁੱਖੀ ਅਧਿਕਾਰਾਂ ਦੇ ਵਕੀ.ਲ, ਸਮਾਜਕ ਹੱਕਾਂ ਲਈ ਜੂਝਣ ਵਾਲੀਆਂ ਹਸਤੀਆਂ ਤੇ ਪੰਜਾਬ ਪੁਲੀਸ ਦੇ ਹਾਂਪੱਖੀ ਸੋਚ ਤੇ ਸਾਫ ਅਕਸ ਵਾਲੇ ਅਫਸਰਾਂ ਨੂੰ ਮੈਂਬਰ ਲਿਆ ਜਾਵੇ ਤੇ ਇਹ ਕਮਿਸ਼ਨ ਸੀਮਤ ਸਮੇਂ ਅੰਦਰ 1984 ਤੋਂ 1994 ਤੱਕ ਪੁਲਿਸ ਦੀ ਭੂਮਿਕਾ ਦੀ ਨਿਰਪੱਖ ਜਾਂਚ ਕਰੇ।

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular
**California**
Shiara Dhindsa
661-703-6664
**New York**
Iqbal S. Jabowalia
917-375-6395
**Circulation**
Harbhajan Singh
917-856-5229
**Photographer**
**Kamaljit Singh Virdi**
**Ph. 847-502-2703**

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 95 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨੰਨ੍ਹੇ ਰਮਨ ਦੀ ਕਹਾਣੀ: ਦਰਦਾਂ ਦਾ ਦਰਿਆ ਵਗਦਾ ਹੈ...

**ਪਾਣੀਪਤ (ਗੀਤਾਂਜਲੀ ਗਾਇਤਰੀ):** ਰੱਸੀ ਨਾਲ ਲਟਕਦੇ ਉਡਦੇ ਕਬੂਤਰ ਵਾਲੇ ਖਿਡਾਉਣੇ ਨਾਲ ਖੇਡਦੇ ਨੰਨ੍ਹੇ-ਮੁੰਨੇ ਰਮਨ ਦੀਆਂ ਕਿਲਕਾਰੀਆਂ ਪਿੱਛੇ ਲੁਕਿਆ ਦਰਦ, ਉਸ ਦੀ ਮਾਂ ਬੀਨਾ ਅਤੇ ਪਿਤਾ ਮਨੋਜ ਕੁਮਾਰ ਨੇ ਕੱਸੇ ਹੋਏ ਚਿਹਰਿਆਂ ਤੋਂ ਪੜ੍ਹਿਆ ਜਾ ਸਕਦਾ ਹੈ। ਉਹ ਜਦੋਂ ਰਮਨ ਨਾਲ ਹੋਏ ਹਾਦਸੇ ਦੀ ਕਹਾਣੀ ਸੁਣਾਉਂਦੇ ਹਨ ਤਾਂ ਦਰਦ ਅਤੇ ਹੰਝੂਆਂ ਦਾ ਦਰਿਆ ਆਪ-ਮੁਹਾਰੇ ਵਗ ਤੁਰਦਾ ਹੈ।

ਦੋ ਸਾਲ ਪਹਿਲਾਂ ਦੀ ਗੱਲ ਹੈ ਕਿ ਰਮਨ ਆਪਣੇ ਪਿੰਡ ਸਨੋਲੀ ਖੁਰਦ ਵਿਚ ਆਪਣੇ ਘਰ ਦੀ ਛੱਤ ਉਤੇ ਖੇਡ ਰਿਹਾ ਸੀ, ਕਿ ਅਚਾਨਕ ਉਸ ਦਾ ਹੱਥ ਬਿਜਲੀ ਦੀਆਂ ਤਾਰਾਂ ਨਾਲ ਲੱਗ ਗਿਆ। ਉਸ ਵੇਲੇ ਉਸ ਦੀ ਉਮਰ ਸਿਰਫ 4 ਸਾਲ ਸੀ। ਉਸ ਨੂੰ ਇੰਨੀ ਜ਼ੋਰ ਨਾਲ ਬਿਜਲੀ ਦਾ ਕਰੰਟ ਲੱਗਾ ਕਿ ਉਹ ਭੁੜਕ ਕੇ ਗੁਆਂਢੀਆਂ ਦੇ ਕੋਠੇ ਉਤੇ ਜਾ ਡਿੱਗਿਆ। ਉਸ ਦਾ ਤਾਰ ਨੂੰ ਲੱਗਿਆ ਹੱਥ ਬੁਰੀ ਤਰ੍ਹਾਂ ਸੜ ਚੁੱਕਿਆ ਸੀ। ਜਦੋਂ ਇਹ ਹਾਦਸਾ ਵਾਪਰਿਆ, ਉਸ ਦੀ ਮਾਂ ਹੇਠਾਂ ਰੋਟੀ ਬਣਾ ਰਹੀ ਸੀ। ਮਨੋਜ ਦੱਸਦਾ ਹੈ, "ਅਸੀਂ ਤਾਂ ਬੱਸ ਉਸ ਦੀ ਜਾਨ ਲਈ ਫਰਿਆਦਾਂ ਕਰ ਰਹੇ ਹਾਂ। ਬੜਾ ਔਖਾ ਸੀ ਉਹ ਵਕਤ। ਘਰੇ ਕੋਈ ਪੈਸਾ ਨਹੀਂ ਸੀ। ਉਧਾਰ ਪੈਸਾ ਫੜਨਾ ਪਿਆ ਤੇ ਫਿਰ ਇਕ ਹਸਪਤਾਲ ਤੋਂ ਦੂਜੇ ਹਸਪਤਾਲ ਗੇੜੇ ਕੱਢਦੇ ਰਹੇ। ਆਖਰਕਾਰ ਸਫਦਰਜੰਗ ਹਸਪਤਾਲ (ਦਿੱਲੀ) ਦੇ ਡਾਕਟਰ ਰੱਬ ਬਣ ਕੇ ਬਹੁੜੇ ਤੇ ਉਨ੍ਹਾਂ ਦੇ ਯਤਨਾਂ ਸਦਕਾ ਰਮਨ ਬਚ ਗਿਆ।"...ਪਰ ਉਸ ਦੀਆਂ ਦੋਵੇਂ ਬਾਹਾਂ ਅਤੇ ਇਕ ਲੱਤ ਕੱਟਣੀ ਪੈ ਗਈ।



ਹੁਣ ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਹੁਕਮ ਦਿੱਤਾ ਹੈ ਕਿ ਰਮਨ ਦੇ ਘਰਦਿਆਂ ਨੂੰ ਬਿਜਲੀ ਵਿਭਾਗ 60 ਲੱਖ ਰੁਪਏ ਮੁਆਵਜ਼ਾ ਦੇਵੇ। ਉਂਜ ਅਜੇ ਤੱਕ ਵਿਭਾਗ ਨੇ ਉਹ 'ਕਾਤਲ' ਤਾਰ ਉਸ ਥਾਂ ਤੋਂ ਬਦਲੀ ਨਹੀਂ ਹੈ। ਮਨੋਜ ਅਨੁਸਾਰ, ਮੁੰਡੇ ਦੇ ਇਲਾਜ ਉਤੇ ਹੁਣ ਤੱਕ ਉਨ੍ਹਾਂ ਦਾ 15 ਲੱਖ ਰੁਪਇਆ ਲੱਗ ਚੁੱਕਾ ਹੈ। ਉਹ ਆਪ ਆਟੋ ਸਪੇਅਰ ਪਾਰਟਸ ਦੀ ਛੋਟੀ ਜਿਹੀ ਦੁਕਾਨ ਕਰਦਾ ਹੈ ਜਿਸ ਤੋਂ ਉਸ ਦੀ ਮਹੀਨੇ ਦੀ ਕਮਾਈ ਮਸਾਂ 2500 ਰੁਪਏ ਹੁੰਦੀ ਹੈ। ਦੋਨੋਂ ਮੀਆਂ-ਬੀਵੀ ਮਨੋਜ ਅਤੇ ਬੀਨਾ, ਆਪਣੇ ਇਸ ਇਕਲੌਤੇ ਮੁੰਡੇ ਵੱਲ ਵੇਖ ਕੇ ਅਕਸਰ ਤੜਫ ਕੇ ਰਹਿ ਜਾਂਦੇ ਹਨ। ਕੋਈ ਵੀ ਗੱਲ ਪੁੱਛਣ ਉਤੇ ਉਨ੍ਹਾਂ ਦੇ ਗਲੇਡੂ ਭਰ ਆਉਂਦੇ ਹਨ, ਸ਼ਬਦਾਂ ਤੋਂ ਪਹਿਲਾਂ ਉਨ੍ਹਾਂ ਨੂੰ ਹੰਝੂ ਆਣ ਘੇਰਦੇ ਹਨ। ਇਸ ਸਭ ਤੋਂ ਬੇਖਬਰ ਉਨ੍ਹਾਂ ਦੇ ਜਿਗਰ ਦਾ ਟੁਕੜਾ ਨੇੜੇ ਹੀ ਖੇਡ ਰਿਹਾ ਹੁੰਦਾ ਹੈ। ਕਦੇ ਆਪਣੇ ਬਾਪੂ ਦੇ ਮੋਬਾਇਲ ਨਾਲ, ਕਦੇ ਆਪਣੇ ਬਹੁਤ ਚੰਗੇ ਲਗਦੇ ਚੀਤਾ ਖਿਡਾਉਣੇ ਨਾਲ। ਉਹ ਅਕਸਰ ਚੀਤੇ ਦੇ ਗੁਰਰਾਉਣ ਵਾਂਗ ਆਵਾਜ਼ ਕੱਢ ਕੇ ਸਭ ਨੂੰ ਹਸਾਉਂਦਾ ਹੈ; ਪਰ ਉਸ ਵੱਲ ਦੇਖ ਕੇ ਹਰ ਕਿਸੇ ਦੇ ਹੰਝੂ ਵਹਿ ਤੁਰਦੇ ਹਨ; ਹਾਲਾਂਕਿ ਇਹ ਨੰਨਾ-ਮੁੰਨਾ ਹਿੰਮਤੀ ਬੜਾ ਹੈ। ਉਹ ਆਪ ਇਕ ਪੈਰ ਨਾਲ ਰੋਟੀ ਵੀ ਖਾ ਲੈਂਦਾ ਹੈ। ਘਰ ਵਿਚ ਕਦੇ ਇਧਰ ਤੇ ਕਦੇ ਉਧਰ ਰੁੜ੍ਹਿਆ ਫਿਰਦਾ ਹੈ।

ਸਕੂਲ ਬਾਰੇ ਪੁੱਛਣ ਉਤੇ ਰਮਨ ਹੌਲੀ ਹੌਲੀ ਬੋਲਦਾ ਹੈ, "ਮੈਂ ਹਫਤੇ ਵਿਚ ਸਿਰਫ ਦੋ ਦਿਨ ਦੋ ਘੰਟਿਆਂ ਲਈ ਹੀ ਪੜ੍ਹਨ ਜਾਂਦਾ ਹਾਂ। ਪਾਪਾ ਜੀ ਮੈਨੂੰ ਸਕੂਲੇ ਛੱਡ ਆਉਂਦੇ ਨੇ, ਤੇ ਲੈ ਵੀ ਆਉਂਦੇ ਨੇ। ਉਥੇ ਸਕੂਲ ਵਿਚ ਮੇਰੇ ਦੋ ਪੱਕੇ ਦੋਸਤ ਹਨ। ਉਹ ਮੈਨੂੰ ਚੁੱਕ ਕੇ ਪੌੜੀਆਂ ਵੀ ਚੜ੍ਹਾ ਦਿੰਦੇ ਹਨ।" ਜਦੋਂ ਰਮਨ ਇਹ ਸ਼ਬਦ ਬੋਲਦਾ ਹੈ ਤਾਂ ਮਨੋਜ ਦੀਆਂ ਅੱਖਾਂ ਵਿਚੋਂ ਪਰਲ ਪਰਲ ਹੰਝੂ ਵਹਿ ਤੁਰਦੇ ਹਨ। ਨੇੜੇ ਹੀ ਖੜ੍ਹੀ ਰਮਨ ਦੀ ਮਾਂ ਬੀਨਾ, ਦੋਹਾਂ ਪਿਉ-ਪੁੱਤ ਵੱਲ ਬਹੁਤ ਬੇਵੱਸੀ ਜਿਹੀ ਨਾਲ ਝਾਕਦੀ ਹੈ ਅਤੇ ਫਿਰ ਮੂੰਹ ਉਪਰ ਵੱਲ ਕਰ ਕੇ ਹੰਝੂ ਲੁਕੋਣ ਦਾ ਯਤਨ ਕਰਦੀ ਹੈ। ਮੈਂ ਆਪ ਆਪਣੇ ਹੰਝੂ ਲੁਕੋਣ ਦਾ ਯਤਨ ਕਰਦੀ, ਆਪਣੀ ਕਾਪੀ ਉਤੇ ਪੈੱਨ ਚਲਾਉਣ ਲੱਗ ਪੈਂਦੀ ਹਾਂ...।

# ਭਾਜਪਾ ਨੇ ਦੋਹਰਾ ਪੈਂਤੜਾ ਮੱਲਿਆ

*(ਸਫਾ ਇਕ ਦੀ ਬਾਕੀ)*

ਤੇ ਇਸ ਪਿੱਛੋਂ ਐਨ.ਡੀ.ਏ. ਦੇ ਸਭ ਤੋਂ ਵੱਡੇ ਭਾਈਵਾਲ ਜਨਤਾ ਦਲ (ਯੂ) ਨੇ ਤਕੜਾ ਝਟਕਾ ਦਿੰਦਿਆਂ ਤੋੜ ਵਿਛੋੜਾ ਕਰ ਲਿਆ ਸੀ। ਭਾਜਪਾ ਕੋਲ ਹੁਣ ਸ਼੍ਰੋਮਣੀ ਅਕਾਲੀ ਦਲ ਤੇ ਸ਼ਿਵ ਸੈਨਾ ਤੋਂ ਬਿਨਾਂ ਹੋਰ ਕੋਈ ਵੱਡਾ ਭਾਈਵਾਲ ਨਹੀਂ ਬਚਿਆ। ਸ਼ਿਵ ਸੈਨਾ ਨਰਿੰਦਰ ਮੋਦੀ ਦੇ ਖੇਤਰਵਾਦੀ ਸੁਭਾਅ ਤੋਂ ਪ੍ਰੇਸ਼ਾਨ ਹੈ ਤੇ ਹਿੰਦੂਵਾਦ ਦਾ ਨਾਅਰਾ ਸ਼੍ਰੋਮਣੀ ਅਕਾਲੀ ਦਲ ਦੇ ਫਿੱਟ ਨਹੀਂ ਬੈਠਦਾ। ਇਸੇ ਦੌਰਾਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਐਨ.ਡੀ.ਏ. ਦਾ ਕਨਵੀਨਰ ਬਣਨ ਤੋਂ ਵੀ ਇਨਕਾਰ ਕਰ ਦਿੱਤਾ ਹੈ। ਅੰਮ੍ਰਿਤਸਰ ਤੇ ਲੁਧਿਆਣਾ ਲੋਕ ਸਭਾ ਸੀਟਾਂ ਦਾ ਭਾਜਪਾ ਨਾਲ ਤਬਾਦਲਾ ਕਰਨ ਬਾਰੇ ਉਨ੍ਹਾਂ ਕਿਹਾ ਕਿ ਸੀਟਾਂ ਦੀ ਵੰਡ ਬਾਰੇ ਅਜੇ ਭਾਜਪਾ ਨਾਲ ਗੱਲਬਾਤ ਨਹੀਂ ਹੋਈ।

**ਸਿੱਧੂ ਦੀ ਭਾਜਪਾ ਨਾਲ ਦੂਰੀ ਹੋਰ ਵਧੀ** : ਸੰਸਦ ਮੈਂਬਰ ਨਵਜੋਤ ਸਿੰਘ ਸਿੱਧੂ ਦੀ ਭਾਜਪਾ ਤੋਂ ਦੂਰੀ ਹੋਰ ਵਧ ਗਈ ਹੈ। ਪੰਜਾਬ ਭਾਜਪਾ ਕਾਰਜਕਾਰਨੀ ਦੀ ਮੀਟਿੰਗ ਵਿਚ ਸਿੱਧੂ ਦੀ ਗੈਰ-ਹਾਜ਼ਰੀ ਦਾ ਮੁੱਦਾ ਚਰਚਾ ਦਾ ਵਿਸ਼ਾ ਰਿਹਾ। ਇਸ ਮੁੱਦੇ ਨੂੰ ਭਾਵੇਂ ਮੰਚ ਤੋਂ ਨਹੀਂ ਵਿਚਾਰਿਆ ਗਿਆ, ਪਰ ਮੀਟਿੰਗ ਵਿਚ ਆਏ ਡੈਲੀਗੇਟਾਂ ਦੀ ਜ਼ੁਬਾਨ 'ਤੇ ਇਹੀ ਚਰਚਾ ਸੀ। ਪੰਜਾਬ ਭਾਜਪਾ ਪ੍ਰਧਾਨ ਕਮਲ ਸ਼ਰਮਾ ਨੇ ਆਖਿਆ ਕਿ ਸ. ਸਿੱਧੂ ਜ਼ਰੂਰੀ ਰੁਝੇਵਿਆਂ ਕਾਰਨ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕੇ।

# ਖਾੜਕੂ ਲਾਹੌਰੀਆ ਨੂੰ ਉਲਝਾਉਣ ਲਈ ਸਰਕਾਰ ਨੇ 58 ਲੱਖ ਖਰਚੇ

**ਖੰਨਾ:** ਖੰਨਾ ਦੇ ਬੈਂਕ ਆਫ਼ ਇੰਡੀਆ ਵਿਚ 28 ਸਾਲ ਪਹਿਲਾਂ ਹੋਈ ਬੈਂਕ ਡਕੈਤੀ ਦੇ ਕੇਸ ਵਿਚ ਖਾੜਕੂ ਦਿਆ ਸਿੰਘ ਲਹੌਰੀਆ ਨੂੰ ਸਜ਼ਾ ਦਿਵਾਉਣ ਲਈ ਪੰਜਾਬ ਸਰਕਾਰ ਹੁਣ ਤੱਕ ਤਕਰੀਬਨ 58 ਲੱਖ ਰੁਪਏ ਖਰਚ ਚੁੱਕੀ ਹੈ ਪਰ ਇਹ ਡਕੈਤੀ ਸਿਰਫ 8.50 ਲੱਖ ਰੁਪਏ ਦੀ ਸੀ ਤੇ ਇਸ ਵਿਚੋਂ ਵੀ ਸਰਕਾਰ ਹੁਣ ਤੱਕ ਇਕ ਵੀ ਪੈਸਾ ਵਸੂਲ ਨਹੀਂ ਸਕੀ।

ਲਾਹੌਰੀਆ ਦੇ ਵਕੀਲ ਜਗਮੋਹਨ ਸਿੰਘ ਨੇ ਦੱਸਿਆ ਕਿ ਲਹੌਰੀਆ ਨੂੰ ਬੈਂਕ ਆਫ਼ ਇੰਡੀਆ ਦੀ ਖੰਨਾ ਸ਼ਾਖਾ ਵਿਚ 8.50 ਲੱਖ ਰੁਪਏ ਲੁੱਟਣ ਦੇ ਮਾਮਲੇ ਵਿਚ 3 ਅਗਸਤ, 1995 ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਜ਼ਮਾਨਤ 'ਤੇ ਛੱਡਣ ਤੋਂ ਬਾਅਦ ਉਹ ਅਮਰੀਕਾ ਚਲਾ ਗਿਆ ਸੀ। ਬਾਅਦ ਵਿਚ 18 ਜਨਵਰੀ, 1997 ਵਿਚ ਉਸ ਨੂੰ ਅਮਰੀਕਾ ਤੋਂ ਫੜ ਕੇ ਲਿਆਂਦਾ ਸੀ। ਪੰਜ ਨਵੰਬਰ, 2007 ਨੂੰ ਖੰਨਾ ਦੀ ਅਦਾਲਤ ਦੇ ਜੱਜ ਮਨਦੀਪ ਸਿੰਘ ਢਿੱਲੋਂ ਨੇ ਲਹੌਰੀਆ ਨੂੰ ਇਸ ਕੇਸ ਵਿਚੋਂ ਬਰੀ ਕਰ ਦਿੱਤਾ ਸੀ ਪਰ ਸਰਕਾਰ ਦੀ ਅਪੀਲ ਕਰ ਕੇ ਇਸ ਕੇਸ ਨੂੰ ਦੁਬਾਰਾ ਸ਼ੁਰੂ ਕੀਤਾ ਗਿਆ।

27 ਫਰਵਰੀ 2012 ਨੂੰ ਫਿਰ ਤੋਂ ਸ਼ੁਰੂ ਹੋਏ ਇਸ ਕੇਸ ਵਿਚ ਹੁਣ ਤੱਕ ਲਹੌਰੀਆ ਦੀਆਂ ਤਕਰੀਬਨ 40 ਪੇਸ਼ੀਆਂ ਪੈ ਚੁੱਕੀਆਂ ਹਨ। ਲਹੌਰੀਆਂ ਨੂੰ ਦਿੱਲੀ ਤੋਂ ਖੰਨਾ ਲਿਆਉਣ ਲਈ ਇਕ ਬੱਸ ਤੇ ਚਾਰ ਗੱਡੀਆਂ ਰਾਹੀਂ 15 ਤੋਂ 20 ਦਿੱਲੀ ਪੁਲਿਸ ਦੇ ਕਮਾਂਡੋ ਨਾਲ ਆਉਂਦੇ ਹਨ ਤੇ ਰਸਤੇ ਵਿਚ ਦਿੱਲੀ, ਹਰਿਆਣਾ ਤੇ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਦੀ ਪੁਲਿਸ ਨੂੰ ਵੀ ਡਿਊਟੀ ਕਰਦੀ ਹੈ। ਇਸ ਤਰ੍ਹਾਂ ਹਰ ਪੇਸ਼ੀ 'ਤੇ ਤਕਰੀਬਨ ਸਵਾ ਲੱਖ ਤੋਂ ਡੇਢ ਲੱਖ ਰੁਪਏ ਖਰਚਾ ਆਉਂਦਾ ਹੈ।

ਸਰਕਾਰੀ ਪੱਖ ਨੇ ਇਸ ਕੇਸ ਵਿਚ ਹੁਣ ਤੱਕ ਕੇਸ ਦੀ ਅਸਲ ਫਾਈਲ ਹੀ ਕੋਰਟ ਵਿਚ ਪੇਸ਼ ਨਹੀਂ ਕੀਤੀ। ਸ਼ੱਕ ਕੀਤਾ ਜਾ ਰਿਹਾ ਹੈ ਕਿ ਕੇਸ ਦੀ ਅਸਲ ਫਾਈਲ ਹੀ ਗੁੰਮ ਹੋ ਚੁੱਕੀ ਹੈ। ਸ. ਜਗਮੋਹਨ ਸਿੰਘ ਨੇ ਦੱਸਿਆ ਕਿ ਜਦੋਂ ਲਹੌਰੀਆ ਨੂੰ ਖੰਨਾ ਵਿਚ ਲਿਆਂਦਾ ਜਾਂਦਾ ਹੈ ਤਾਂ ਉਸ ਨੂੰ ਮਿਲਣ ਦੇ ਲਈ ਪਿੰਡ ਕਸਬਾ ਪਰਾਲ ਜ਼ਿਲ੍ਹਾ ਸੰਗਰੂਰ ਤੋਂ ਉਸ ਦੀ ਪਤਨੀ ਤੇ ਹੋਰ ਰਿਸ਼ਤੇਦਾਰ ਆਉਂਦੇ ਹਨ। ਉਹ ਆਪਣੇ ਨਾਲ ਲਾਹੌਰੀਆਂ ਨੂੰ ਦੇਣ ਲਈ ਸਾਬਣ, ਟੂਥਪੇਸਟ ਤੇ ਬੁਰਸ਼ ਆਦਿ ਲੈ ਕੇ ਆਉਂਦੇ ਹਨ ਪਰ ਦਿੱਲੀ ਪੁਲਿਸ ਉਨ੍ਹਾਂ ਨੂੰ ਮੁਲਕਾਤ ਹੀ ਨਹੀਂ ਕਰਨ ਦਿੰਦੀ। ਇਸ ਵਾਰ ਪੇਸ਼ੀ ਵੇਲੇ ਅਦਾਲਤ ਤੋਂ ਇਜਾਜ਼ਤ ਲੈ ਕੇ ਲਹੌਰੀਆ ਦੀ ਪਤਨੀ ਨੇ ਉਸ ਨੂੰ ਸਾਬਣ, ਬੁਰਸ਼ ਆਦਿ ਦਿੱਤੇ ਪਰ ਦਿੱਲੀ ਪੁਲਿਸ ਨੇ ਉਹ ਲੈ ਕੇ ਆਪਣੇ ਕੋਲ ਹੀ ਰੱਖ ਲਏ।

# ਫੌਜ ਨੂੰ ਕਲੀਨ ਚਿੱਟ ਦੇਣ ਲਈ ਰਿਪੋਰਟ ਬਦਲੀ

*(ਸਫਾ ਇਕ ਦੀ ਬਾਕੀ)*

ਜਨਾਬ ਹਬੀਬ-ਉਲਾ ਨੇ ਹੁਣ ਦੱਸਿਆ ਹੈ ਕਿ ਉਨ੍ਹਾਂ ਆਪਣੀ ਰਿਪੋਰਟ ਵਿਚ ਸਿਫਾਰਸ਼ ਕੀਤੀ ਸੀ ਕਿ ਕੇਸ ਦੀ ਜਾਂਚ ਗਜ਼ਟਡ ਪੁਲਿਸ ਅਫਸਰ ਤੋਂ ਕਰਵਾਈ ਜਾਵੇ ਅਤੇ 15 ਕੋਰ ਕਮਾਂਡਰ ਤੋਂ ਇਹ ਆਰਡਰ ਕਰਵਾਏ ਜਾਣ ਕਿ ਫੌਜ ਇਸ ਕੇਸ ਵਿਚ ਪੂਰਾ ਸਹਿਯੋਗ ਦੇਵੇ।

ਉਨ੍ਹਾਂ ਦੀ ਰਿਪੋਰਟ ਮੁਤਾਬਕ ਕੁਪਵਾੜਾ ਦਾ ਡਿਪਟੀ ਕਮਿਸ਼ਨਰ 5 ਮਾਰਚ ਨੂੰ ਪਿੰਡ ਕੁਨਨ ਪੋਸ਼ਪੁਰਾ ਗਿਆ ਸੀ। ਉਸ ਦੀ ਮੁਢਲੀ ਰਿਪੋਰਟ ਅਨੁਸਾਰ ਉਥੇ ਫੌਜ ਨੇ ਪਿੰਡ ਵਾਲਿਆਂ ਨਾਲ 'ਪਸ਼ੂਆਂ ਵਰਗਾ ਵਿਹਾਰ' ਕੀਤਾ। ਇਸ ਤੋਂ ਬਾਅਦ ਜੰਮੂ ਕਸ਼ਮੀਰ ਪੁਲਿਸ ਦੇ ਮੁਖੀ ਵੱਲੋਂ ਸੰਪਰਕ ਕਰਨ 'ਤੇ ਫੌਜ ਦੇ ਕੋਰ ਕਮਾਂਡਰ ਨੇ ਬ੍ਰਿਗੇਡੀਅਰ ਐਚ.ਕੇ. ਸ਼ਰਮਾ ਨੂੰ ਪਿੰਡ ਦਾ ਦੌਰਾ ਕਰਨ ਲਈ ਕਿਹਾ। ਬ੍ਰਿਗੇਡੀਅਰ ਨੇ ਲੋਕਲ ਪੱਧਰ ਉਤੇ 10 ਮਾਰਚ ਨੂੰ ਕੁਝ ਪੁਣ-ਛਾਣ ਕੀਤੀ ਅਤੇ ਰਿਪੋਰਟ ਦੇ ਦਿੱਤੀ ਕਿ ਜਬਰ ਜਨਾਹ ਦੇ ਦੋਸ਼ ਬੇਬਨਿਆਦ ਹਨ। ਬ੍ਰਿਗੇਡੀਅਰ ਦੀ ਰਿਪੋਰਟ ਵਿਚ ਇਹ ਨਹੀਂ ਦੱਸਿਆ ਗਿਆ ਕਿ ਜਿਹੜੇ ਬਿਆਨ ਔਰਤਾਂ ਨੇ ਉਨ੍ਹਾਂ ਕੋਲ ਦਰਜ ਕਰਵਾਏ ਹਨ, ਉਨ੍ਹਾਂ ਦਾ ਕੀ ਬਣਿਆ। ਹਬੀਬ-ਉਲਾ ਦਾ ਕਹਿਣਾ ਹੈ ਕਿ ਉਹ 18 ਮਾਰਚ 1991 ਨੂੰ ਪਿੰਡ ਕੁਨਨ ਪੋਸ਼ਪੁਰਾ ਗਏ ਸਨ। ਉਨ੍ਹਾਂ ਨਾਲ ਲੈਫਟੀਨੈਂਟ ਕਰਨਲ ਨਈਮ ਫਾਰੂਕੀ, ਬੀ.ਐਸ.ਐਫ. ਕਮਾਂਡੈਂਟ ਤਿਆਗੀ, ਡਿਪਟੀ ਕਮਿਸ਼ਨਰ ਅਤੇ ਐਸ.ਪੀ. ਵੀ ਸਨ।

ਚੇਤੇ ਰਹੇ ਕਿ ਇਸ ਕੇਸ ਨੂੰ ਰਫਾ-ਦਫਾ ਕਰਨ ਲਈ ਹਰ ਪੱਧਰ ਉਤੇ ਯਤਨ ਕੀਤਾ ਗਿਆ। ਇਸੇ ਤਹਿਤ ਹੀ ਹੁਣ ਪੁਲਿਸ ਨੇ ਅਦਾਲਤ ਕੋਲ ਇਸ ਕੇਸ ਦੀ ਕਲੋਜ਼ਰ ਰਿਪੋਰਟ ਪੇਸ਼ ਕੀਤੀ ਸੀ ਜਿਸ ਖਿਲਾਫ ਮਨੁੱਖੀ ਹੱਕਾਂ ਬਾਰੇ ਕਾਰਕੁਨ ਪਰਵੇਜ਼ ਇਮਰੋਜ਼ ਨੇ ਪਟੀਸ਼ਨ ਪਾ ਦਿੱਤੀ ਅਤੇ ਕੁਪਵਾੜਾ ਦੇ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਜੇ.ਏ. ਗਿਲਾਨੀ ਨੇ ਕੇਸ ਬੰਦ ਕਰਨ ਵਾਲੀ ਰਿਪੋਰਟ (ਕਲੋਜ਼ਰ ਰਿਪੋਰਟ) ਰੱਦ ਕਰਦਿਆਂ ਜੰਮੂ ਕਸ਼ਮੀਰ ਪੁਲਿਸ ਨੂੰ ਹੁਕਮ ਦਿੱਤਾ ਹੈ ਕਿ ਇਸ ਕਾਂਡ ਬਾਰੇ ਐਸ.ਐਸ.ਪੀ. ਰੈਂਕ ਦਾ ਕੋਈ ਅਫ਼ਸਰ ਤਿੰਨ ਮਹੀਨਿਆਂ ਦੇ ਵਿਚ ਵਿਚ ਜਾਂਚ ਕਰੇ ਅਤੇ ਰਿਪੋਰਟ ਅਦਾਲਤ ਨੂੰ ਸੌਂਪੇ। ਯਾਦ ਰਹੇ ਕਿ ਸੂਬੇ ਦੇ ਮਨੁੱਖੀ ਅਧਿਕਾਰਾਂ ਬਾਰੇ ਕਮਿਸ਼ਨ ਨੇ ਵੀ ਅਕਤੂਬਰ 2011 ਨੂੰ ਸਿਫ਼ਾਰਸ਼ ਕੀਤੀ ਸੀ।

ਮਨੁੱਖੀ ਅਧਿਕਾਰਾਂ ਬਾਰੇ ਕਾਰਕੁਨ ਪਰਵੇਜ਼ ਇਮਰੋਜ਼ ਨੇ ਪਟੀਸ਼ਨ ਵਿਚ ਕਿਹਾ ਸੀ ਕਿ ਪੁਲਿਸ ਨੇ ਜਿਹੜੀ ਜਾਂਚ ਕੀਤੀ ਹੈ, ਉਹ ਅਧੂਰੀ ਹੈ ਅਤੇ 4 ਰਾਜਪੂਤਾਨਾ ਰਾਇਫ਼ਲਜ਼ ਦੇ 125 ਫੌਜੀਆਂ ਨੂੰ ਬਿਨਾਂ ਕੋਈ ਖਾਸ ਪੁੱਛ-ਗਿੱਛ ਕੀਤੇ ਛੱਡ ਦਿੱਤਾ ਗਿਆ; ਹੋਰ ਤਾਂ ਹੋਰ ਇਨ੍ਹਾਂ ਦੀ ਸ਼ਨਾਖ਼ਤੀ ਪਰੇਡ ਵੀ ਨਹੀਂ ਕਰਵਾਈ ਗਈ। ਅਦਾਲਤ ਵਿਚ ਸਰਕਾਰ ਵੱਲੋਂ ਮੁੱਖ ਜਾਂਚ ਅਫ਼ਸਰ ਨੇ ਦਲੀਲ ਦਿੱਤੀ ਸੀ ਕਿ ਹੁਣ ਨਵੀਂ ਪਟੀਸ਼ਨ ਦੀ ਕੋਈ ਤੁਕ ਨਹੀਂ ਬਣਦੀ।

ਹੁਣ ਵਾਲੀ ਪਟੀਸ਼ਨ ਸਿਰਫ਼ ਵਧੇਰੇ ਮੁਆਵਾਜ਼ਾ ਲੈਣ ਲਈ ਪਾਈ ਜਾ ਰਹੀ ਹੈ। ਉਨ੍ਹਾਂ ਸਵਾਲ ਕੀਤਾ ਕਿ ਇਹ ਪਟੀਸ਼ਨ 22 ਸਾਲ ਬਾਅਦ ਕਿਉਂ ਪਾਈ ਜਾ ਰਹੀ ਹੈ? ਮੈਜਿਸਟਰੇਟ ਨੇ ਜਾਂਚ ਅਫ਼ਸਰ ਦੀ ਇਹ ਦਲੀਲ ਰੱਦ ਕਰਦਿਆਂ ਕਿਹਾ ਕਿ 12 ਅਕਤੂਬਰ 1991 ਤੱਕ ਨਵੀਂ ਜਾਂਚ ਕਰਵਾ ਕੇ ਅਦਾਲਤ ਨੂੰ ਸੌਂਪੀ ਜਾਵੇ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਯਾਦਵਿੰਦਰ ਸਿੰਘ ਰਿੰਪੀ

# ਪੰਜਾਬ ਸਰਕਾਰ ਗੁਰੂ ਗੋਬਿੰਦ ਸਿੰਘ ਦੀਆਂ ਨਿਸ਼ਾਨੀਆਂ ਸੰਭਾਲਣ ਤੋਂ ਇਨਕਾਰੀ

**ਪਟਿਆਲਾ:** ਗੁਰੂ ਗੋਬਿੰਦ ਸਿੰਘ ਦੇ ਕੇਸ ਤੇ ਹੋਰ ਛੋਹ ਪ੍ਰਾਪਤ ਨਿਸ਼ਾਨੀਆਂ ਪਿਛਲੇ ਤਕਰੀਬਨ ਚਾਰ ਸਾਲ ਤੋਂ ਬਿਨਾਂ ਧਾਰਮਿਕ ਸ਼ਰਧਾ ਤੇ ਅਦਾਲਤੀ ਹੁਕਮਾਂ ਦੀ ਪ੍ਰਵਾਹ ਕੀਤਿਆਂ ਕਿਲ੍ਹਾ ਮੁਬਾਰਕ ਦੀ ਅਸੁਰੱਖਿਅਤ ਇਮਾਰਤ ਵਿਚ ਸੀਲਬੰਦ ਕਰਕੇ ਰੱਖੀਆਂ ਹੋਈਆਂ ਹਨ। ਪੰਜਾਬ ਸਰਕਾਰ ਦੀ ਨਾਲਾਇਕੀ ਕਾਰਨ ਇਨ੍ਹਾਂ ਵਿਚ ਕੁਝ ਨਿਸ਼ਾਨੀਆਂ ਅਜਿਹੀਆਂ ਵੀ ਹਨ ਜਿਨ੍ਹਾਂ ਦੀ ਖਰਾਬ ਹਾਲਤ ਕਾਰਨ ਹੋਂਦ ਨੂੰ ਖਤਰਾ ਹੈ। ਇਸ ਅਣਦੇਖੀ ਨੂੰ ਲੈ ਕੇ ਸਿੱਖ ਜਥੇਬੰਦੀਆਂ ਨੇ ਸਰਕਾਰ ਖਿਲਾਫ਼ ਰੋਸ ਪ੍ਰਦਰਸ਼ਨ ਵੀ ਕੀਤਾ।

ਦਸਮ ਪਿਤਾ ਦੀਆਂ ਇਨ੍ਹਾਂ ਨਿਸ਼ਾਨੀਆਂ ਵਿਚ ਉਨ੍ਹਾਂ ਦੇ ਕੇਸ, ਕੰਘਾ, ਚੋਲਾ, ਦਸਤਾਰ, ਹੱਥ ਲਿਖਤ ਖਰੜੇ ਤੇ ਸ਼ਸਤਰ ਕਿਲ੍ਹੇ ਦੀ ਅੰਦਰੂਨੀ ਇਮਾਰਤ, ਬੁਰਜ ਬਾਬਾ ਆਲਾ ਵਿਚ ਸੀਲਬੰਦ ਸੰਗਤਾਂ ਦੇ ਦਰਸ਼ਨ ਦੀਦਾਰੇ ਤੋਂ ਦੂਰ ਰੱਖੇ ਹੋਏ ਹਨ। ਸੂਤਰਾਂ ਮੁਤਾਬਕ ਬਿਰਧ ਉਮਰ, ਰਸਾਇਣਕ ਪ੍ਰਬੰਧ ਦੀ ਘਾਟ ਤੇ ਸਿੱਲ ਭਰਪੂਰ ਕਮਰੇ ਵਿਚ ਪਏ ਇਨ੍ਹਾਂ ਚਿੰਨ੍ਹਾਂ ਵਿਚ ਗੁਰੂ ਸਾਹਿਬ ਦਾ ਚੋਲਾ, ਕੇਸ ਤੇ ਦਸਤਾਰ ਖਰਾਬ ਹਾਲਤ ਕਾਰਨ ਲੁਪਤ ਹੋਣ ਦੀ ਕਗਾਰ 'ਤੇ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਜੋ ਸਰਕਾਰ ਪਿਛਲੇ ਚਾਰ ਸਾਲਾਂ ਤੋਂ ਇਨ੍ਹਾਂ ਨਿਸ਼ਾਨੀਆਂ ਨੂੰ ਸੁਰੱਖਿਅਤ ਰੱਖਣ ਦੇ ਨਾਂ ਹੇਠ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ੇਸ਼ ਕਿਸਮ ਦੇ ਰਸਾਇਣਕ ਢਾਂਚਾ ਬਣਾਉਣ ਦੀ ਤਿਆਰੀ ਦਾ ਬਹਾਨਾ ਲਾ ਰਹੀ ਹੈ, ਉਸ ਵੱਲੋਂ ਅਸੁਰੱਖਿਅਤ ਇਮਾਰਤ ਵਿਚ ਬਿਨਾਂ ਕਿਸੇ ਰਸਾਇਣਕ ਪ੍ਰਯੋਗ ਜਾਂ ਹੋਰ ਖਾਸ ਪ੍ਰਬੰਧਾਂ ਦੀ ਥਾਂ ਸਿਰਫ ਬੰਦ ਬਕਸਿਆਂ ਵਿਚ ਇਹ ਨਿਸ਼ਾਨੀਆਂ ਜਿਉਂ ਦੀਆਂ ਤਿਉਂ ਰੱਖੀਆਂ ਹੋਈਆਂ ਹਨ। ਇਸ ਤੋਂ ਇਲਾਵਾ ਰਹਿਤ ਮਰਿਆਦਾ ਤਾਂ ਦੂਰ ਦੀ ਗੱਲ, ਚਾਰ ਸਾਲਾਂ ਵਿਚ ਸਿਰਫ ਇਕ ਜਾਂ ਦੋ ਵਾਰ ਉਚ ਅਧਿਕਾਰੀਆਂ ਨੇ ਰਸਮੀ ਤੌਰ 'ਤੇ ਹੀ ਇਨ੍ਹਾਂ ਦੀ ਸਾਰ ਲਈ ਹੈ। ਇਨ੍ਹਾਂ ਮਹੱਤਵਪੂਰਨ ਨਿਸ਼ਾਨੀਆਂ ਦੀ ਸੁਰੱਖਿਆ ਦੇ ਮੱਦੇਨਜ਼ਰ ਸ਼ੁਰੂਆਤੀ ਸਮੇਂ ਤੋਂ ਬਾਅਦ ਅਦਾਲਤੀ ਹੁਕਮਾਂ ਤਹਿਤ ਲਾਈ ਗਾਰਦ ਵੀ ਹੁਣ ਕਦੀ ਨਜ਼ਰ ਨਹੀਂ ਆਈ।



ਜ਼ਿਕਰਯੋਗ ਹੈ ਕਿ ਗੁਰੂ ਸਾਹਿਬ ਦੇ ਇਹ ਚਿੰਨ੍ਹ ਨਾਭਾ ਰਿਆਸਤ ਦੇ ਮਹਾਰਾਜਾ ਪ੍ਰਤਾਪ ਸਿੰਘ ਦੇ ਘਰਾਣੇ ਕੋਲੋਂ ਹੁੰਦੇ ਹੋਏ ਆਖਰ ਇਕ ਸ਼ੁਭਚਿੰਤਕ ਐਲ. ਡੀ ਗੁਪਤਾ ਦੀ ਪਟੀਸ਼ਨ 'ਤੇ ਹਾਈ ਕੋਰਟ ਦੇ ਹੁਕਮਾਂ ਤਹਿਤ ਸ੍ਰੀ ਅਨੰਦਪੁਰ ਸਾਹਿਬ ਸੁਸ਼ੋਭਿਤ ਕਰਨ ਲਈ ਪੰਜਾਬ ਪੁੱਜੇ ਪਰ ਇਥੋਂ ਦੀ ਪੰਜਾਬ ਸਰਕਾਰ ਨੇ ਲੋੜੀਂਦੇ ਪ੍ਰਬੰਧਾਂ ਦੀ ਤਿਆਰੀ ਦੇ ਨਾਂ ਹੇਠ ਇਨ੍ਹਾਂ ਨੂੰ 6 ਨਵੰਬਰ, 2009 ਤੋਂ ਕਿਲ੍ਹਾ ਮੁਬਾਰਕ ਪਟਿਆਲਾ ਵਿਖੇ ਆਰਜ਼ੀ ਤੌਰ 'ਤੇ ਮਰਜ਼ੀ ਨਾਲ ਕੁਝ ਸਮੇਂ ਲਈ ਰੱਖਿਆ ਸੀ ਜੋ ਅਜੇ ਤੱਕ ਇਥੇ ਕਿਸੇ ਆਮ ਵਸਤੂ ਵਾਂਗ ਪਏ ਹਨ।

ਪੁਰਾਤੱਤਵ ਤੇ ਸਭਿਆਚਾਰ ਮਾਮਲੇ ਮੰਤਰੀ ਸਰਵਣ ਸਿੰਘ ਫਿਲੌਰ ਦਾ ਇਸ ਬਾਰੇ ਕਹਿਣਾ ਹੈ ਇਸ ਮਸਲੇ ਨੂੰ ਲੈ ਕੇ ਮੀਟਿੰਗ ਹੋਈ ਹੈ ਤੇ ਮੁਢਲੇ ਸਲਾਹ ਮਸ਼ਵਰੇ ਵਿਚ ਇਨ੍ਹਾਂ ਨਿਸ਼ਾਨੀਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪਣ ਬਾਰੇ ਗੱਲ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇ: ਅਵਤਾਰ ਸਿੰਘ ਦਾ ਕਹਿਣਾ ਹੈ ਕਿ ਇੰਨੀਆਂ ਮਹੱਤਵਪੂਰਨ ਨਿਸ਼ਾਨੀਆਂ ਤਖ਼ਤਾਂ 'ਤੇ ਹੀ ਸ਼ੋਭਦੀਆਂ ਹਨ ਤੇ ਇਹ ਇਕ ਖਾਸ ਰਹਿਤ ਮਰਿਆਦਾ, ਸੇਵਾ ਸੰਭਾਲ ਤੇ ਸੰਗਤਾਂ ਦੇ ਖੁਲ੍ਹੇ ਦਰਸ਼ਨ ਦੀਦਾਰੇ ਨਾਲ ਸੁਸ਼ੋਭਿਤ ਹੋਣੀਆਂ ਚਾਹੀਦੀਆਂ ਹਨ।

## ਏ.ਐਸ.ਆਈ. ਕਰੇਗੀ ਸਰਵੇਖਣ

***ਪਟਿਆਲਾ:*** *ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀਆਂ ਨਿਸ਼ਾਨੀਆਂ ਦੇ ਰੱਖ-ਰਖਾਵ ਬਾਰੇ ਉਠੇ ਮਸਲੇ ਪਿੱਛੋਂ ਵਿਭਾਗ ਦੀ ਟੀਮ ਨੇ ਕਿਲ੍ਹਾ ਮੁਬਾਰਕ ਪਟਿਆਲਾ ਦਾ ਦੌਰਾ ਕੀਤਾ। ਇਸ ਟੀਮ ਵਿਚ ਸਭਿਆਚਾਰਕ ਮਾਮਲੇ ਤੇ ਪੁਰਾਤੱਤਵ ਤੇ ਅਜਾਇਬ ਘਰ ਵਿਭਾਗ ਪੰਜਾਬ ਦੇ ਡਾਇਰੈਕਟਰ ਐਨ.ਐਸ ਰੰਧਾਵਾ ਤੇ ਕੁਰੇਟਰ ਮਾਲਵਿੰਦਰ ਕੌਰ ਨੇ ਬੁਰਜ ਬਾਬਾ ਆਲਾ ਜੀ ਦਾ ਸਰਵੇਖਣ ਕੀਤਾ। ਇਸ ਬਾਰੇ ਡਾਇਰੈਕਟਰ ਰੰਧਾਵਾ ਨੇ ਕਿਹਾ ਕਿ ਇਨ੍ਹਾਂ ਨਿਸ਼ਾਨੀਆਂ ਵਿਚ ਕੁਝ ਦੀ ਹਾਲਤ ਤਸੱਲੀਬਖ਼ਸ਼ ਨਹੀਂ। ਇਸ ਲਈ ਵਿਰਾਸਤੀ ਚੀਜ਼ਾਂ ਦੀ ਸੰਭਾਲ ਲਈ ਬਣੇ ਸੰਗਠਨ 'ਭਾਰਤੀ ਪੁਰਾਤੱਤਵ ਸਰਵੇਖਣ' (ਏ.ਐਸ.ਆਈ) ਵਿਭਾਗ ਦੀ ਟੀਮ ਦਿੱਲੀ ਤੋਂ ਕੁਝ ਦਿਨਾਂ ਵਿਚ ਪਟਿਆਲਾ ਸਰਵੇਖਣ ਕਰਨ ਆ ਰਹੀ ਹੈ।*

## ਇਤਿਹਾਸਕ ਸ਼ਸਤਰਾਂ ਦਾ ਸਥਾਨ ਬਦਲਿਆ

***ਅੰਮ੍ਰਿਤਸਰ:*** *ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਹਿਲੀ ਮੰਜ਼ਲ 'ਤੇ ਬਣੇ ਆਧੁਨਿਕ ਕਮਰਿਆਂ ਵਿਚ ਗੁਰੂ ਸਾਹਿਬਾਨ ਦੇ ਇਤਿਹਾਸਕ ਸ਼ਸਤਰ ਸੁਸ਼ੋਭਿਤ ਕੀਤੇ ਗਏ ਹਨ। ਗੁਰੂ ਸਾਹਿਬਾਨ, ਸਾਹਿਬਜ਼ਾਦਿਆਂ ਤੇ ਸਿੱਖ ਜਰਨੈਲਾਂ ਦੇ ਇਤਿਹਾਸਕ ਸ਼ਸਤਰ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪ੍ਰਕਾਸ਼ ਅਸਥਾਨ ਦੇ ਕੋਲ ਸੁਨਹਿਰੀ ਚਬੂਤਰੇ ਵਿਚ ਸੰਗਤਾਂ ਦੇ ਦਰਸ਼ਨਾਂ ਲਈ ਰੱਖੇ ਜਾਂਦੇ ਹਨ, ਹੁਣ ਬਾਬਾ ਜਗਤਾਰ ਸਿੰਘ ਕਾਰ ਸੇਵਾ ਤਰਨਤਾਰਨ ਵਾਲਿਆਂ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਪਹਿਲੀ ਮੰਜ਼ਲ 'ਤੇ ਆਧੁਨਿਕ ਸਹੂਲਤਾਂ ਵਾਲਾ ਕਮਰਾ ਤਿਆਰ ਕੀਤਾ ਹੈ ਜਿਸ ਵਿਚ ਸ਼ਸਤਰ ਮਰਯਾਦਾ ਅਨੁਸਾਰ ਸੁਸ਼ੋਭਿਤ ਕੀਤੇ ਗਏ।*

*ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੀਆਂ ਮੀਰੀ ਤੇ ਪੀਰੀ ਦੀਆਂ ਦੋਵੇਂ ਕਿਰਪਾਨਾਂ, ਸਿੰਘ ਸਾਹਿਬ ਗਿਆਨੀ ਮੱਲ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਦੇ ਪਹਿਲੇ ਹੈੱਡ ਗ੍ਰੰਥੀ ਬਾਬਾ ਬੁੱਢਾ ਸਾਹਿਬ ਦੀ ਸ੍ਰੀ ਸਾਹਿਬ, ਸਿੰਘ ਸਾਹਿਬ ਗਿਆਨੀ ਗੁਰਮੁਖ ਸਿੰਘ ਨੇ ਭਾਈ ਸਾਹਿਬ ਭਾਈ ਬਿਧੀ ਚੰਦ ਵਾਲਿਆਂ ਦੀ ਸ੍ਰੀ ਸਾਹਿਬ, ਜਥੇਦਾਰ ਅਵਤਾਰ ਸਿੰਘ ਨੇ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਸ੍ਰੀ ਸਾਹਿਬ, ਬਾਬਾ ਜਗਤਾਰ ਸਿੰਘ ਨੇ ਭਾਈ ਜੇਠਾ ਦੀ ਸ੍ਰੀ ਸਾਹਿਬ ਤੇ ਜਥੇਦਾਰ ਗੁਰਬਚਨ ਸਿੰਘ ਕਰਮੂੰਵਾਲ ਨੇ ਅਮਰ ਸ਼ਹੀਦ ਬਾਬਾ ਦੀਪ ਸਿੰਘ ਦਾ ਖੰਡਾ ਨਵੇਂ ਤਿਆਰ ਕੀਤੇ ਕਮਰੇ ਵਿਚ ਸੁਸ਼ੋਭਿਤ ਕੀਤੇ।*

# ਗਦਰੀਆਂ ਦੇ ਸਿਦਕ ਅਤੇ ਸਿਰੜ ਨੂੰ ਕੀਤਾ ਸਲਾਮ

## ਕੈਨੇਡਾ ਵਿਚ ਸੱਤ ਜਥੇਬੰਦੀਆਂ ਵੱਲੋਂ ਤਿੰਨ ਦਿਨਾ ਸਮਾਗਮ

**ਬਰੈਂਪਟਨ/ਟੋਰਾਂਟੋ/ਕੈਲਗਰੀ:** ਕੈਨੇਡਾ ਵਿਚ ਗ਼ਦਰ ਪਾਰਟੀ ਸ਼ਤਾਬਦੀ ਮਨਾਉਣ ਲਈ ਸੱਤ ਜਥੇਬੰਦੀਆਂ ਤਹਿਤ ਬਣਾਈ 'ਗ਼ਦਰ ਸ਼ਤਾਬਦੀ ਕਮੇਟੀ ਟੋਰਾਂਟੋ' ਵੱਲੋਂ ਉਲੀਕੇ ਤਿੰਨ ਰੋਜ਼ਾ ਸਮਾਗਮਾਂ ਵਿਚ ਆਜ਼ਾਦੀ ਹਾਸਲ ਕਰਨ ਲਈ ਗਦਰੀਆਂ ਵੱਲੋਂ ਵਿੱਢੀ ਮੁਹਿੰਮ ਅਤੇ ਉਨ੍ਹਾਂ ਦੇ ਸਿਦਕ ਤੇ ਸਿਰੜ ਨੂੰ ਸਲਾਮ ਕੀਤਾ ਗਿਆ। ਸਮਾਗਮਾਂ ਦੌਰਾਨ ਇਹੀ ਚਰਚਾ ਵਾਰ ਵਾਰ ਉਭਰ ਕੇ ਸਾਹਮਣੇ ਆਉਂਦੀ ਰਹੀ ਕਿ ਇਨ੍ਹਾਂ ਗਦਰੀਆਂ ਨੇ ਜਾਤ-ਪਾਤ, ਧਰਮ, ਨਸਲ ਅਤੇ ਹੋਰ ਕਿਸੇ ਵੀ ਕਿਸਮ ਦੇ ਭੇਦ-ਭਾਵ ਤੋਂ ਉਪਰ ਉਠ ਕੇ ਦੇਸ਼ ਨੂੰ ਆਜ਼ਾਦ ਕਰਾਉਣ ਵਿਚ ਨਿੱਗਰ ਯੋਗਦਾਨ ਪਾਇਆ। ਇਹ ਭਾਵੇਂ ਆਪਣਾ ਮਿਥਿਆ ਟੀਚਾ ਤਾਂ ਪ੍ਰਾਪਤ ਨਾ ਕਰ ਸਕੇ, ਪਰ ਇਨ੍ਹਾਂ ਵੱਲੋਂ ਦਿਖਾਇਆ ਰਾਹ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਖੋਲ੍ਹ ਗਿਆ। ਸਿੱਟੇ ਵਜੋਂ ਇਕ ਸਦੀ ਬਾਅਦ ਵੀ ਇਹ ਗਦਰੀ ਜੂਝ ਰਹੇ ਲੋਕਾਂ ਦੇ ਵੱਡੇ ਪ੍ਰੇਰਨਾ ਸਰੋਤ ਬਣੇ ਹੋਏ ਹਨ।

ਸਮਾਗਮਾਂ ਦੇ ਅਖੀਰਲੇ ਅਤੇ ਤੀਜੇ ਦਿਨ ਗ਼ਦਰ ਕਾਨਫਰੰਸ ਕੀਤੀ ਗਈ। ਬਰੈਂਪਟਨ ਦੇ ਲੇਫਰਜ਼ ਲੇਕ ਆਡੀਟੋਰੀਅਮ ਵਿਖੇ ਹੋਈ ਇਸ ਇਤਿਹਾਸਕ ਕਾਨਫਰੰਸ ਨੂੰ ਗ਼ਦਰੀ ਵਿਚਾਰਧਾਰਾ, ਪੱਤਰਕਾਰੀ, ਕਵਿਤਾ ਅਤੇ ਕਵੀ ਦਰਬਾਰ, ਚਾਰ ਹਿੱਸਿਆਂ ਵਿਚ ਵਿਉਂਤਿਆ ਗਿਆ ਸੀ। ਉਥੇ ਲੇਖਕ ਵਰਿਆਮ ਸਿੰਘ ਸੰਧੂ ਨੇ ਗ਼ਦਰ ਲਹਿਰ ਦੀ ਵਿਚਾਰਧਾਰਾ ਉਤੇ ਰੋਸ਼ਨੀ ਪਾਈ ਅਤੇ ਗਦਰੀ ਇਤਿਹਾਸ ਦੇ ਹਵਾਲੇ ਨਾਲ ਸਪਸ਼ਟ ਕੀਤਾ ਕਿ ਗ਼ਦਰ ਪਾਰਟੀ ਦੀ ਸਿਆਸੀ ਵਿਚਾਰਧਾਰਾ ਸ਼ੁੱਧ ਸੈਕੂਲਰ, ਲੋਕ-ਪੱਖੀ ਅਤੇ ਸਰਬੱਤ ਦੇ ਭਲੇ ਨੂੰ ਸਮਰਪਿਤ ਸੀ ਜਿਸ ਵਿਚ ਜਾਤ ਅਤੇ ਧਰਮ ਦੀਆਂ ਵੰਡੀਆਂ ਲਈ ਕੋਈ ਜਗ੍ਹਾ ਨਹੀਂ ਸੀ। ਗ਼ਦਰੀ ਬਾਬਿਆਂ ਵੱਲੋਂ ਅਜਿਹੇ ਮਹਾਨ ਅਤੇ ਵਿਸ਼ਾਲ ਆਸ਼ੇ ਨੂੰ ਲੈ ਕੇ ਕੀਤੇ ਸੰਘਰਸ਼ ਨੂੰ ਅੱਜ ਕੁਝ ਲੋਕਾਂ ਵੱਲੋਂ ਫਿਰਕੂ ਰੰਗਤ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੇ ਰਾਜ-ਸੰਕਲਪ ਨੂੰ ਸੌੜੇ ਇਲਾਕਾਈ ਸੰਕਲਪ ਨਾਲ ਜੋੜਿਆ ਜਾ ਰਿਹਾ ਹੈ, ਇਹ ਕੋਸ਼ਿਸ਼ ਭੁਲੇਖਾਪਾਊ ਅਤੇ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਸੱਚੇ ਹਿੰਦੂ, ਮੁਸਲਮਾਨ ਜਾਂ ਸਿੱਖ ਹੋਣਾ ਸੱਚੇ ਸਮਾਜਵਾਦੀ ਇਨਸਾਨ ਬਣਨ ਵਿਚ ਕੋਈ ਰੁਕਾਵਟ ਨਹੀਂ। ਇਸ ਸੈਸ਼ਨ ਦੌਰਾਨ ਬਹਿਸ ਦਾ ਆਰੰਭ ਇਕਬਾਲ ਰਾਮੂਵਾਲੀਆ ਨੇ ਕੀਤਾ ਅਤੇ ਮੰਚ ਸੰਚਾਲਨ ਓਂਕਾਰਪ੍ਰੀਤ ਨੇ ਕੀਤਾ।

'ਗ਼ਦਰ ਲਹਿਰ ਦੀ ਪੱਤਰਕਾਰੀ' ਨੂੰ ਸਮਰਪਿਤ ਦੂਜੇ ਭਾਗ ਦੇ ਮੁੱਖ ਬੁਲਾਰੇ ਡਾ. ਰਘਬੀਰ ਸਿੰਘ ਸਿਰਜਣਾ ਸਨ। ਉਨ੍ਹਾਂ ਸਪਸ਼ਟ ਕੀਤਾ ਕਿ ਇਹ 'ਗ਼ਦਰ' ਪਰਚੇ ਦਾ ਹਰਮਨ ਪਿਆਰਾ ਹੋਣਾ ਹੀ ਸੀ ਜਿਸ ਕਾਰਨ ਗ਼ਦਰੀਆਂ ਦੀ ਜਥੇਬੰਦੀ 'ਹਿੰਦੀ ਐਸੋਸੀਏਸ਼ਨ ਆਫ਼ ਪੈਸਿਫਿਕ ਕੋਸਟ' ਦਾ ਨਾਮ 'ਗ਼ਦਰ ਪਾਰਟੀ' ਹੋ ਗਿਆ। 'ਗ਼ਦਰ' ਪਰਚਾ ਧਰਮ-ਨਿਰਪੱਖ, ਅਫਿਰਕੂ ਤੇ ਇਨਕਲਾਬੀ ਜਮਹੂਰੀ ਅਖ਼ਬਾਰ ਸੀ ਜੋ ਹਜ਼ਾਰਾਂ ਦੀ ਗਿਣਤੀ ਵਿਚ ਛਪਦਾ ਸੀ। ਇਕ ਸਮੇਂ ਤਾਂ ਇਸ ਦੀ ਗਿਣਤੀ 1 ਲੱਖ ਨੇੜੇ ਪੁੱਜ ਗਈ ਸੀ। ਇਸ ਸੈਸ਼ਨ ਦੌਰਾਨ ਬਹਿਸ ਦਾ ਆਰੰਭ ਪ੍ਰਿੰਸੀਪਲ ਸਰਵਣ ਸਿੰਘ ਨੇ ਆਪਣੀਆਂ ਟਿੱਪਣੀਆਂ ਨਾਲ ਕੀਤਾ ਅਤੇ ਸਟੇਜ ਦੀ ਸੰਚਾਲਨਾ ਪ੍ਰੋ. ਜਾਗੀਰ ਕਾਹਲੋਂ ਨੇ ਕੀਤੀ।

ਡਾ. ਸਾਧੂ ਸਿੰਘ ਨੇ ਜਿੱਥੇ ਗ਼ਦਰੀ ਕਵਿਤਾ ਦੀ ਵਿਚਾਰਧਾਰਾ ਅਤੇ ਪਹੁੰਚ ਬਾਰੇ ਖੁਲਾਸੇ ਕੀਤੇ, ਉਥੇ ਉਨ੍ਹਾਂ ਨੇ ਇਸ ਵਿਚਲੀ ਕਾਵਿਕਤਾ ਨੂੰ ਸਮੇਂ ਦੇ ਦਿਲ ਵਿਚੋਂ ਨਿਕਲੀ ਹੂਕ ਆਖਦਿਆਂ ਇਸ ਦੇ ਗ਼ਦਰ ਪਾਰਟੀ ਪ੍ਰਚਾਰ ਲਈ ਕਿਸੇ ਕਾਰਗਰ ਹਥਿਆਰ ਵਰਗੀ ਹੋਣ ਦੀ ਬਾਤ ਵੀ ਪਾਈ। ਇਸ ਸੈਸ਼ਨ ਦੌਰਾਨ ਬਹਿਸ ਦਾ ਆਰੰਭ ਡਾ. ਸੁਰਿੰਦਰ ਧੰਜਲ ਨੇ ਕੀਤਾ ਅਤੇ ਸਟੇਜ ਸੰਚਾਲਨਾ ਕੁਲਵਿੰਦਰ ਖਹਿਰਾ ਨੇ ਸੰਭਾਲੀ।

ਇਸ ਮੌਕੇ 'ਗ਼ਦਰੀ ਬਾਬੇ ਕੌਣ ਸਨ?' ਕਿਤਾਬਾਂ ਅੰਗਰੇਜ਼ੀ ਅਤੇ ਪੰਜਾਬੀ ਰਿਲੀਜ਼ ਕੀਤੀਆਂ ਗਈਆਂ। ਕਵੀ ਦਰਬਾਰ ਵਿਚ ਹਰਚੰਦ ਬਾਸੀ, ਗੁਰਦੇਵ ਚੌਹਾਨ, ਇਕਬਾਲ ਰਾਮੂਵਾਲੀਆ, ਸੁਰਿੰਦਰ ਧੰਜਲ, ਹਰਜੀਤ ਬੇਦੀ, ਨੀਟਾ ਬਲਵਿੰਦਰ, ਸੁਰਜੀਤ ਕੌਰ, ਰਾਜਪਾਲ ਬੋਪਾਰਾਏ, ਮਲੂਕ ਕਾਹਲੋਂ, ਜਾਗੀਰ ਕਾਹਲੋਂ, ਬੀ.ਐਸ. ਧਾਲੀਵਾਲ, ਗੁਰਬਚਨ ਚਿੰਤਕ, ਡਾ. ਬਲਜਿੰਦਰ ਸੇਖੋਂ, ਅਵਤਾਰ ਸਿੰਘ ਅਰਸ਼ੀ, ਹਰਜੀਤ ਭੰਵਰਾ, ਹਰਮੇਸ਼ ਸਿੰਘ, ਐਡਵੋਕੇਟ ਬੁੱਟਰ, ਪਰਮਜੀਤ ਢਿੱਲੋਂ, ਸੁਖਮਿੰਦਰ ਰਾਮਪੁਰੀ, ਵਰਿਆਮ ਸਿੰਘ ਸੰਧੂ ਅਤੇ ਓਂਕਾਰਪ੍ਰੀਤ ਨੇ ਹਿੱਸਾ ਲਿਆ।

ਇਸ ਤੋਂ ਪਹਿਲਾਂ ਕੈਲਗਰੀ ਸ਼ਹਿਰ ਦੇ ਸੇਟ ਕਾਲਜ ਵਿਚਲੇ ਔਰਫਿਸ ਥੀਏਟਰ ਵਿਚ ਦੋ ਨਾਟਕ, ਕੋਰੀਓਗ੍ਰਾਫੀਆਂ ਅਤੇ ਦੇਸ਼-ਭਗਤੀ ਦੇ ਗੀਤ ਪੇਸ਼ ਕੀਤੇ ਗਏ। ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਅਤੇ ਕੈਲਗਰੀ ਦੇ ਕਲਾਕਾਰਾਂ ਵੱਲੋਂ ਤਿਆਰ ਨਾਟਕ 'ਹੈਲੋ ਕੈਨੇਡਾ' ਵਿਚ ਹਰਕੇਸ਼ ਚੌਧਰੀ ਨੇ ਸੂਤਰਧਾਰ ਦੀ ਭੂਮਿਕਾ ਨਿਭਾਈ। ਨਾਟਕ ਵਿਚ ਕੈਨੇਡਾ ਵਿਚ ਰਹਿੰਦੇ ਪੰਜਾਬੀ ਪਰਿਵਾਰ ਦੇ ਵੱਖ-ਵੱਖ ਮੈਂਬਰਾਂ ਦੀ ਮਾਨਸਿਕਤਾ ਵਿਚ ਪੈਦਾ ਹੁੰਦੇ ਟਕਰਾਉ ਨੂੰ ਪੇਸ਼ ਕੀਤਾ ਗਿਆ ਸੀ।

ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਹਰਕੇਸ਼ ਚੌਧਰੀ ਵੱਲੋਂ ਲਿਖਿਆ ਅਤੇ ਨਿਰਦੇਸ਼ਤ ਕੀਤਾ ਨਾਟਕ 'ਗਾਥਾ ਕਾਲੇ ਪਾਣੀਆਂ ਦੀ' ਵਿਚ ਦਗਰੀਆਂ ਦੇ ਸਿਦਕ ਦੀ ਬਾਤ ਪਾਈ ਗਈ।

ਇਸੇ ਤਰ੍ਹਾਂ ਬਰੈਂਪਟਨ ਦੇ ਰੋਜ਼ ਥੀਏਟਰ ਵਿਚ ਚਾਰ ਨਾਟਕ ਹੀਰਾ ਰੰਧਾਵਾ ਨਿਰਦੇਸ਼ਤ 'ਬੰਦਾ ਸਿੰਘ ਬਹਾਦਰ', ਗੁਰਚਰਨ ਨਿਰਦੇਸ਼ਤ 'ਲਰੈ ਦੀਨ ਕੇ ਹੇਤੁ', ਜਸਪਾਲ ਢਿੱਲੋਂ ਦੁਆਰਾ ਨਿਰਦੇਸ਼ਤ 'ਆਜ਼ਾਦੀ ਦੇ ਜਹਾਜ਼' ਅਤੇ ਪਾਲੀ ਭੁਪਿੰਦਰ ਦਾ 'ਇੱਕ ਸੁਪਨੇ ਦਾ ਪੁਲੀਟੀਕਲ ਮਰਡਰ' ਪੇਸ਼ ਕੀਤੇ ਗਏ। ਟੋਰਾਂਟੋ ਦੇ ਮਾਲਟਨ ਇਲਾਕੇ ਦੀਆਂ ਸੜਕਾਂ ਉੱਤੇ ਗ਼ਦਰੀ ਬਾਬਿਆਂ ਨੂੰ ਸਮਰਪਿਤ 'ਮਾਰਚ ਅਤੇ ਰੈਲੀ' ਨਾਲ ਗ਼ਦਰ ਸ਼ਤਾਬਦੀ ਸਮਾਗਮਾਂ ਦੀ ਸ਼ੁਰੂਆਤ ਹੋਈ ਸੀ।

ਇਸ ਗ਼ਦਰ ਮਾਰਚ ਅਤੇ ਰੈਲੀ ਵਿਚ ਸਥਾਨਕ ਬੁਲਾਰਿਆਂ ਤੋਂ ਇਲਾਵਾ ਸ਼ਹੀਦ ਭਗਤ ਸਿੰਘ ਦੇ ਭਤੀਜੇ ਕਿਰਨਜੀਤ ਸੰਧੂ, ਡਾ. ਰਘਬੀਰ ਸਿੰਘ ਸਿਰਜਣਾ, ਡਾ. ਸਾਧੂ ਸਿੰਘ ਉਚੇਚੇ ਤੌਰ 'ਤੇ ਹਾਜ਼ਰ ਹੋਏ। ਮਾਲਟਨ ਦੇ ਗਰੇਟਰ ਪੰਜਾਬ ਪਲਾਜ਼ੇ ਵਿਚ ਮਾਰਚ ਦੀ ਸਮਾਪਤੀ ਬਾਅਦ ਹੋਈ ਰੈਲੀ ਵਿਚ ਗ਼ਦਰ ਲਹਿਰ ਦੇ ਇਤਿਹਾਸ ਅਤੇ ਬਾਬਿਆਂ ਦੀਆਂ ਕੁਰਬਾਨੀਆਂ 'ਤੇ ਵੱਖ ਵੱਖ ਬੁਲਾਰਿਆਂ ਵੱਲੋਂ ਚਾਨਣਾ ਪਾਇਆ ਗਿਆ। ਇਸ ਮੌਕੇ ਵਰਿਆਮ ਸੰਧੂ ਨੇ ਕਿਹਾ ਕਿ ਅਸੀਂ ਇਸ ਮੁਲਕ ਵਿਚ ਹੁਣ ਤੱਕ ਜੋ ਵੀ ਮੱਲਾਂ ਮਾਰੀਆਂ, ਇਹ ਸਭ ਬਾਬਿਆਂ ਦੀ ਬਦੌਲਤ ਹੈ। ਗ਼ਦਰ ਲਹਿਰ ਨੇ ਦੁਨੀਆਂ ਦੀਆਂ ਬਹੁਤ ਸਾਰੀਆਂ ਲਹਿਰਾਂ ਨੂੰ ਪ੍ਰਭਾਵਤ ਕੀਤਾ। ਇਸ ਨੂੰ ਸਿਰਫ ਪੰਜਾਬੀਆਂ ਤੱਕ ਹੀ ਸੀਮਤ ਨਹੀਂ ਕਰਨਾ ਚਾਹੀਦਾ। ਇਸ ਮੌਕੇ ਗ਼ਦਰੀ ਬਾਬਿਆਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ। ਸੰਗੀਤ ਮੰਡਲੀ ਭਦੌੜ ਅਤੇ ਭਮੱਦੀ ਕਲਾਂ ਦੇ ਢਾਡੀ ਜੱਥੇ ਨੇ 'ਗ਼ਦਰ-ਰਸ' ਪੇਸ਼ ਕੀਤਾ।






*.ਗ਼ਦਰ ਕਾਨਫਰੰਸ ਨੂੰ ਸੰਬੋਧਨ ਕਰ ਰਹੇ ਡਾ. ਰਘਬੀਰ ਸਿੰਘ ਸਿਰਜਣਾ ਅਤੇ (ਸੱਜੇ) ਨਾਟਕਾਂ ਦੀ ਪੇਸ਼ਕਾਰੀ।*

## ਗਦਰ ਕਾਨਫਰੰਸ ਵਿਚ ਪਾਸ ਮਤੇ

*ਕੈਨੇਡਾ ਦੀ ਹਾਰਪਰ ਸਰਕਾਰ ਦੇ ਇੰਮੀਗਰੇਸ਼ਨ ਮੰਤਰੀ ਜੇਸਨ ਕੈਨੀ ਨੇ ਜੋ ਨਵਾਂ ਕਾਨੂੰਨ ਲਾਗੂ ਕੀਤਾ ਹੈ, ਉਹ ਸਪਸ਼ਟ ਰੂਪ 'ਚ ਨਸਲਵਾਦੀ ਹੈ। ਇਸ ਅਨੁਸਾਰ 1 ਲੱਖ 65 ਹਜ਼ਾਰ ਅਰਜ਼ੀਆਂ ਦੋ ਸਾਲ ਲਈ ਮੁਲਤਵੀ ਕਰਨਾ, ਸੁਪਰਵੀਜ਼ਾ ਲਾਗੂ ਕਰਨਾ ਅਤੇ ਪਰਵਾਸੀ ਬਣਨ ਲਈ ਸਖ਼ਤ ਸ਼ਰਤਾਂ ਨਿੰਦਣਯੋਗ ਹਨ। ਇਨ੍ਹਾਂ ਅਨੁਸਾਰ ਪਰਿਵਾਰਾਂ ਨੂੰ ਕੈਨੇਡਾ ਮੰਗਵਾਉਣ ਦੀ ਪਾਲਿਸੀ 1908 ਦੇ ਸਮੇਂ ਦੀ ਯਾਦ ਦਿਵਾਉਂਦੀ ਹੈ ਜਿਸ ਵਿਰੁੱਧ ਗ਼ਦਰ ਪਾਰਟੀ ਨੇ ਸੰਘਰਸ਼ ਲੜਿਆ ਅਤੇ ਜਿੱਤਿਆ। ਅੱਜ ਵੀ ਉਸੇ ਘੋਲ ਦੀ ਲੋੜ ਹੈ। ਅਸੀਂ ਸਾਰੇ ਰਲ ਕੇ ਇਸ ਕਾਨੂੰਨ ਦੀ ਨਿਖੇਧੀ ਕਰਦੇ ਹੋਏ ਇਸ ਕਾਨੂੰਨ ਵਿਚ ਤਬਦੀਲੀ ਦੀ ਮੰਗ ਕਰਦੇ ਹਾਂ।*

*ਇਹ ਹਕੀਕਤ ਹੈ ਕਿ ਗ਼ਦਰੀ ਬਾਬਿਆਂ ਦੇ ਸੁਪਨਿਆਂ ਦਾ ਰਾਜ ਤੇ ਸਮਾਜ ਅੱਜ ਤੱਕ ਕਾਇਮ ਨਹੀਂ ਹੋ ਸਕਿਆ। ਅੱਜ ਵੀ ਸਥਾਪਤੀ ਵਲੋਂ ਘੱਟ-ਗਿਣਤੀਆਂ, ਕੌਮੀਅਤਾਂ ਅਤੇ ਕੈਨੇਡਾ ਦੇ ਮੂਲਵਾਸੀ ਲੋਕਾਂ (ਨੇਟਿਵ ਕੈਨੇਡੀਅਨਜ਼) ਦੀਆਂ ਇੱਛਾਵਾਂ ਅਤੇ ਘੋਲਾਂ ਨੂੰ ਦਬਾਇਆ ਜਾ ਰਿਹਾ ਹੈ। ਅਸੀਂ ਇਨ੍ਹਾਂ ਘੋਲਾਂ ਦਾ ਸਮਰਥਨ ਕਰਦੇ ਹਾਂ।*

*ਕੈਨੇਡਾ ਦੇ ਆਦਿ-ਵਾਸੀ ਲੋਕ ਇਥੇ ਹਜ਼ਾਰਾਂ ਸਾਲਾਂ ਤੋਂ ਰਹਿ ਰਹੇ ਹਨ ਅਤੇ ਉਨ੍ਹਾਂ ਦਾ ਇਤਿਹਾਸ ਉਤਨਾ ਹੀ ਪੁਰਾਣਾ ਹੈ। ਬਰਤਾਨਵੀ ਬਸਤੀਵਾਦੀਆਂ ਵਲੋਂ ਉਨ੍ਹਾਂ ਉਤੇ ਅਤਿਅੰਤ ਅਤਿਆਚਾਰ ਰਾਹੀਂ ਉਨ੍ਹਾਂ ਨੂੰ ਆਪਣੀਆਂ ਜਾਇਦਾਦਾਂ ਅਤੇ ਹੱਕਾਂ ਤੋਂ ਵਾਂਝੇ ਕੀਤਾ ਗਿਆ ਹੈ। ਇਥੋਂ ਤੱਕ ਕਿ ਉਨ੍ਹਾਂ ਦੀਆਂ ਕਿਸੇ ਸਮੇਂ ਪ੍ਰਫੁੱਲਤ 52 ਜ਼ੁਬਾਨਾਂ ਵਿਚੋਂ ਸਿਰਫ 8 ਹੀ ਰਹਿ ਗਈਆਂ ਹਨ। ਨਸਲਕੁਸ਼ੀ ਰਾਹੀਂ ਉਨ੍ਹਾਂ ਦੀਆਂ ਕਈ ਪੀੜ੍ਹੀਆਂ ਦਾ ਘਾਣ ਕਰ ਦਿੱਤਾ ਗਿਆ ਹੈ। ਇਹ ਇਕੱਤਰਤਾ ਕੈਨੇਡੀਅਨ ਆਦਿ-ਵਾਸੀ ਲੋਕਾਂ ਵਲੋਂ ਆਪਣੇ ਹੱਕਾਂ ਲਈ ਕੀਤੇ ਜਾ ਰਹੇ ਸੰਘਰਸ਼ ਦੀ ਹਮਾਇਤ ਕਰਦੀ ਹੈ ਅਤੇ ਅਸੀਂ ਇਹ ਆਸ ਰੱਖਦੇ ਹਾਂ ਕਿ ਉਹ ਆਪਣੇ ਸੰਘਰਸ਼ ਨੂੰ ਜਾਰੀ ਰੱਖਣ।*

# ਚੋਣ ਅਧਿਕਾਰੀਆਂ 'ਤੇ ਹਮਲਿਆਂ ਤੋਂ ਚੋਣ ਕਮਿਸ਼ਨ ਖ਼ਫ਼ਾ

**ਚੰਡੀਗੜ੍ਹ:** ਪੰਜਾਬ ਵਿਚ ਪੰਚਾਇਤੀ ਚੋਣਾਂ ਦਾ ਅਮਲ ਬੇਸ਼ੱਕ ਹਿੰਸਾ ਦੀਆਂ ਛੋਟੀਆਂ-ਮੋਟੀਆਂ ਘਟਨਾਵਾਂ ਦੌਰਾਨ ਨੇਪਰੇ ਚੜ੍ਹ ਗਿਆ ਪਰ ਚੋਣ ਨਤੀਜਿਆਂ ਤੋਂ ਬਾਅਦ ਵੀ ਬਹੁਤ ਸਾਰੇ ਪਿੰਡਾਂ ਵਿਚ ਲੜਾਈ-ਝਗੜਿਆਂ ਦਾ ਦੌਰ ਜਾਰੀ ਹੈ। ਚੋਣ ਨਤੀਜਿਆਂ ਤੋਂ ਬਾਅਦ ਲੋਕ ਆਪਸ ਵਿਚ ਹੀ ਨਹੀਂ ਖਹਿਬੜੇ ਸਗੋਂ ਚੋਣ ਅਮਲੇ ਨੂੰ ਵੀ ਕਈ ਥਾਈਂ ਨਿਸ਼ਾਨਾ ਬਣਾਇਆ।

ਸੂਬਾਈ ਚੋਣ ਕਮਿਸ਼ਨ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਮੀਦਵਾਰਾਂ ਵੱਲੋਂ ਚੋਣ ਅਮਲੇ 'ਤੇ ਕੀਤੇ ਗਏ ਹਮਲਿਆਂ ਬਾਰੇ ਮੀਡੀਆ ਰਿਪੋਰਟਾਂ ਦੇ ਆਧਾਰ 'ਤੇ ਜ਼ਿਲ੍ਹਾ ਪੁਲਿਸ ਮੁਖੀਆਂ ਨੂੰ ਰਿਪੋਰਟ ਦੇਣ ਲਈ ਕਿਹਾ ਹੈ। ਅਧਿਕਾਰੀਆਂ ਅਨੁਸਾਰ 100 ਦੇ ਕਰੀਬ ਪਿੰਡਾਂ ਵਿਚ ਹਾਰੇ ਹੋਏ ਉਮੀਦਵਾਰਾਂ ਵੱਲੋਂ ਚੋਣ ਅਮਲੇ ਨਾਲ ਬਦਸਲੂਕੀ ਕਰਨ ਤੇ ਲੜਾਈ-ਝਗੜੇ ਦੀਆਂ ਰਿਪੋਰਟਾਂ ਹਨ। ਸੂਤਰਾਂ ਮੁਤਾਬਕ ਚੋਣ ਕਮਿਸ਼ਨਰ ਨੇ ਪੁਲਿਸ ਅਧਿਕਾਰੀਆਂ ਨੂੰ ਇਹ ਵੀ ਕਿਹਾ ਹੈ ਕਿ ਚੋਣ ਅਮਲੇ ਦੀ ਸ਼ਿਕਾਇਤ ਦੇ ਆਧਾਰ 'ਤੇ ਕੇਸ ਦਰਜ ਕੀਤੇ ਜਾਣ।

ਕਮਿਸ਼ਨ ਦਾ ਕਹਿਣਾ ਹੈ ਕਿ ਪੁਲਿਸ ਰਿਪੋਰਟਾਂ ਨੂੰ ਘੋਖਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ। ਚੋਣ ਮੈਦਾਨ ਵਿਚ ਹਾਕਮ ਸ਼੍ਰੋਮਣੀ ਅਕਾਲੀ ਦਲ ਨਾਲ ਹੀ ਸਬੰਧਤ ਧਿਰਾਂ ਸਨ। ਇਸ ਲਈ ਨਤੀਜੇ ਦੇ ਐਲਾਨ ਤੋਂ ਬਾਅਦ ਦੀ ਸਥਿਤੀ ਚੋਣ ਅਮਲੇ ਲਈ ਵੱਡੀ ਅਗਨੀ ਪ੍ਰੀਖਿਆ ਹੋ ਨਿਬੜੀ। ਪਟਿਆਲਾ, ਮੁਕਤਸਰ ਸਾਹਿਬ, ਫਿਰੋਜ਼ਪੁਰ, ਅੰਮ੍ਰਿਤਸਰ, ਤਰਨ ਤਾਰਨ, ਗੁਰਦਾਸਪੁਰ, ਮਾਨਸਾ, ਬਠਿੰਡਾ, ਮੋਗਾ ਤੇ ਫਰੀਦਕੋਟ ਵਿਚ ਅਜਿਹੀਆਂ ਘਟਨਾਵਾਂ ਜ਼ਿਆਦਾ ਵਾਪਰੀਆਂ।

## ਪੰਚਾਇਤੀ ਚੋਣਾਂ ਦੀ ਭੇਟ ਚੜ੍ਹੇ ਦੋ ਚਚੇਰੇ ਭਰਾ

**ਮੋਗਾ:** ਸਬ ਡਵੀਜ਼ਨ ਨਿਹਾਲ ਸਿੰਘ ਵਾਲਾ ਵਿਚ ਪੈਂਦੇ ਪਿੰਡ ਸੈਦੋਕੇ ਵਿਚ ਪੰਚਾਇਤੀ ਚੋਣਾਂ ਬਾਅਦ ਪੈਦਾ ਹੋਏ ਤਣਾਅ ਨੇ ਦੋ ਭਰਾਵਾਂ ਦੀ ਜਾਨ ਲੈ ਲਈ। ਹਾਕਮ ਧਿਰ ਦੇ ਇਸ ਪਿੰਡ ਤੋਂ ਸਰਪੰਚੀ ਦੀ ਚੋਣ ਹਾਰੇ ਜਗਮੋਹਨ ਸਿੰਘ ਤੇ ਉਸ ਦੇ ਚਚੇਰੇ ਭਰਾ ਗੁਰਜੰਟ ਸਿੰਘ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲੀਸ ਮੁਤਾਬਕ ਪਿੰਡ ਸੈਦੋਕੇ ਤੋਂ ਹਾਕਮ ਧਿਰ ਵੱਲੋਂ ਜਗਮੋਹਨ ਸਿੰਘ ਤੇ ਚਮਕੌਰ ਸਿੰਘ ਤੋਂ ਇਲਾਵਾ ਜਗਦੇਵ ਸਿੰਘ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਸੀ। ਹਾਕਮ ਧਿਰ ਦੀ ਧੜੇਬੰਦੀ ਕਾਰਨ ਜਗਦੇਵ ਸਿੰਘ ਸਰਪੰਚ ਦੀ ਚੋਣ ਜਿੱਤਣ ਵਿਚ ਸਫ਼ਲ ਰਿਹਾ ਤੇ ਹਾਕਮ ਧਿਰ ਦੇ ਦੋਵੇਂ ਉਮੀਦਵਾਰ ਚੋਣ ਹਾਰ ਗਏ। ਪਿੰਡਾਂ ਵਿਚ ਚੋਣਾਂ ਤੋਂ ਤਣਾਅ ਭਰਿਆ ਮਾਹੌਲ ਸੀ।

ਪੁਲਿਸ ਨੇ ਮ੍ਰਿਤਕ ਦੇ ਭਤੀਜੇ ਅਮਨਦੀਪ ਸਿੰਘ ਦੇ ਬਿਆਨਾਂ 'ਤੇ ਪੰਚੀ ਦੀ ਚੋਣ ਹਾਰੇ ਚਮਕੌਰ ਸਿੰਘ ਪੁੱਤਰ ਸੁਰਜੀਤ ਸਿੰਘ ਤੇ ਉਸ ਦੇ ਲੜਕੇ ਕਾਲਾ ਸਿੰਘ ਤੋਂ ਇਲਾਵਾ ਦੋ ਸਕੇ ਭਰਾਵਾਂ ਮੰਦਰ ਸਿੰਘ, ਸੁਖਦੇਵ ਸਿੰਘ ਤੇ ਇਕ ਅਧਿਆਪਕ ਵਰਿੰਦਰਜੀਤ ਸਿੰਘ (ਵਾਸੀ ਪਿੰਡ ਸੈਦੋਕੇ) ਖ਼ਿਲਾਫ਼ ਕੇਸ ਦਰਜ ਕੀਤਾ ਹੈ।

ਪੀੜਤ ਅਮਨਦੀਪ ਸਿੰਘ ਨੇ ਦੋਸ਼ ਲਾਇਆ ਕਿ ਮੁਲਜ਼ਮਾਂ ਨੇ ਮੁੱਦਈ ਦੇ ਚਾਚੇ ਗੁਰਜੰਟ ਸਿੰਘ ਤੇ ਜਗਮੋਹਨ ਸਿੰਘ ਦੀ ਗੰਡਾਸੇ, ਕਹੀ ਤੇ ਸੋਟੀਆਂ ਨਾਲ ਕੁੱਟਮਾਰ ਕੀਤੀ ਤੇ ਵਰਿੰਦਰਜੀਤ ਸਿੰਘ ਨੇ ਆਪਣੇ ਰਿਵਾਲਵਰ ਨਾਲ ਗੋਲੀਆਂ ਚਲਾਈਆਂ। ਉਨ੍ਹਾਂ ਨੂੰ ਗੰਭੀਰ ਹਾਲਤ ਵਿਚ ਹਸਪਤਾਲ ਲਿਆਂਦਾ ਗਿਆ ਜਿਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

ਮ੍ਰਿਤਕ ਜਗਮੋਹਨ ਸਿੰਘ ਤਕਰੀਬਨ ਇਕ ਸਾਲ ਪਹਿਲਾਂ ਕਤਲ ਕੀਤੇ ਗਏ ਅਕਾਲੀ ਆਗੂ ਗੁਰਮੇਲ ਸਿੰਘ ਖਾਈ ਦੇ ਨੇੜਲੇ ਸਾਥੀ ਤੇ ਹਲਕਾ ਧਰਮਕੋਟ ਤੋਂ ਵਿਧਾਇਕ ਜਥੇਦਾਰ ਤੋਤਾ ਸਿੰਘ ਧੜੇ ਨਾਲ ਸਬੰਧਤ ਹੈ। ਇਸ ਪਿੰਡ ਤੋਂ ਸਰਪੰਚ ਦੀ ਚੋਣ ਹਾਰੇ ਚਮਕੌਰ ਸਿੰਘ ਦਾ ਹਲਕਾ ਨਿਹਾਲ ਸਿੰਘ ਵਾਲਾ ਦੀ ਵਿਧਾਇਕ ਬੀਬੀ ਰਾਜਵਿੰਦਰ ਕੌਰ ਦੇ ਧੜੇ ਨਾਲ ਸਬੰਧ ਦੱਸਿਆ ਜਾਂਦਾ ਹੈ।

# ਪੁਲਿਸ ਦੀ ਗੋਲੀ ਨਾਲ ਨੌਜਵਾਨ ਹਲਾਕ

**ਫ਼ਰੀਦਕੋਟ:** ਇਥੋਂ ਨੇੜਲੇ ਪਿੰਡ ਚੇਤ ਸਿੰਘ ਵਾਲਾ ਵਿਚ ਪੰਚਾਇਤੀ ਵੋਟਾਂ ਦੀ ਗਿਣਤੀ ਸਮੇਂ ਹੋਈ ਘਪਲੇਬਾਜ਼ੀ ਕਾਰਨ ਪੈਦਾ ਹੋਏ ਤਣਾਅ ਵਿਚ ਪ੍ਰੀਜ਼ਾਈਡਿੰਗ ਅਫ਼ਸਰ ਤੇ ਪੁਲਿਸ ਮੁਲਾਜ਼ਮ ਗੰਭੀਰ ਜ਼ਖ਼ਮੀ ਹੋ ਗਿਆ ਜਦੋਂਕਿ ਪੁਲਿਸ ਵੱਲੋਂ ਚਲਾਈ ਗੋਲੀ ਨਾਲ 21 ਸਾਲਾ ਨੌਜਵਾਨ ਪਵਿੱਤਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਪੁਲਿਸ ਨੇ ਇਸ ਮਾਮਲੇ ਵਿਚ ਪੁਲਿਸ ਮੋਬਾਈਲ ਟੀਮ ਦੇ ਮੁਖੀ ਇੰਸਪੈਕਟਰ ਗੁਰਚਰਨ ਸਿੰਘ, ਨਵੇਂ ਚੁਣੇ ਸਰਪੰਚ ਪਰਮਿੰਦਰ ਸਿੰਘ, ਹਾਰੇ ਹੋਏ ਉਮੀਦਵਾਰ ਇੰਦਰਜੀਤ ਸਿੰਘ ਖਿਲਾਫ਼ ਕਤਲ, ਇਰਾਦਾ ਕਤਲ ਤੇ ਸਾਜ਼ਿਸ਼ ਦੇ ਦੋਸ਼ਾਂ ਤਹਿਤ ਕੇਸ ਦਰਜ ਕਰ ਲਿਆ ਹੈ।



ਪਿੰਡ ਚੇਤ ਸਿੰਘ ਵਾਲਾ ਵਿਚ ਦੋ ਅਕਾਲੀ ਉਮੀਦਵਾਰਾਂ ਇੰਦਰਜੀਤ ਸਿੰਘ ਤੇ ਪਰਮਿੰਦਰ ਸਿੰਘ ਵਿਚਾਲੇ ਸਰਪੰਚੀ ਲਈ ਸਿੱਧਾ ਮੁਕਾਬਲਾ ਸੀ। ਚੋਣਾਂ ਦੇ ਨਤੀਜਿਆਂ ਵਿਚ ਚੋਣ ਅਮਲੇ ਨੇ ਪਰਮਿੰਦਰ ਸਿੰਘ ਨੂੰ 19 ਵੋਟਾਂ ਨਾਲ ਜੇਤੂ ਐਲਾਨ ਦਿੱਤਾ ਪਰ ਇੰਦਰਜੀਤ ਸਿੰਘ ਨੇ ਦੋਸ਼ ਲਾਇਆ ਕਿ 50 ਵੋਟਾਂ ਦੇ ਬੰਡਲ ਨੂੰ ਗਿਣਤੀ ਵਿਚ ਸ਼ਾਮਲ ਨਹੀਂ ਕੀਤਾ ਗਿਆ। ਇਸ 'ਤੇ ਬੂਥ ਅੰਦਰ ਤਣਾਅ ਪੈਦਾ ਹੋ ਗਿਆ। ਇਸ ਦੌਰਾਨ ਮੋਬਾਈਲ ਟੀਮ ਦਾ ਇੰਸਪੈਕਟਰ ਗੁਰਚਰਨ ਸਿੰਘ ਸੱਤ ਹੋਰ ਪੁਲਿਸ ਮੁਲਾਜ਼ਮਾਂ ਨਾਲ ਮੌਕੇ 'ਤੇ ਪੁੱਜ ਗਿਆ।

ਮੋਬਾਈਲ ਟੀਮ ਦੇ ਆਉਣ ਤੋਂ ਬਾਅਦ ਚੋਣ ਅਮਲੇ ਨੇ ਪਰਮਿੰਦਰ ਸਿੰਘ ਨੂੰ ਜੇਤੂ ਐਲਾਨ ਦਿੱਤਾ ਜਦੋਂ ਪੁਲਿਸ ਟੀਮ ਪਿੰਡ ਵਿਚੋਂ ਜਾਣ ਲੱਗੀ ਤਾਂ ਲੋਕਾਂ ਨੇ ਪੁਲਿਸ ਖਿਲਾਫ਼ ਨਾਅਰੇਬਾਜ਼ੀ ਕੀਤੀ ਤੇ ਪਵਿੱਤਰ ਸਿੰਘ ਪੁਲਿਸ ਦੀ ਮੋਬਾਈਲ ਗੱਡੀ ਅੱਗੇ ਆ ਗਿਆ। ਲੋਕਾਂ ਅਨੁਸਾਰ ਇੰਸਪੈਕਟਰ ਗੁਰਚਰਨ ਸਿੰਘ ਨੇ ਆਪਣੇ ਸਰਕਾਰੀ ਰਿਵਾਲਵਰ ਨਾਲ ਪਵਿੱਤਰ ਸਿੰਘ ਨੂੰ ਗੋਲੀ ਮਾਰੀ ਜੋ ਉਸ ਦੀ ਛਾਤੀ ਵਿਚ ਲੱਗੀ ਜਿਸ ਕਾਰਨ ਉਸ ਦੀ ਮੌਕੇ 'ਤੇ ਮੌਤ ਹੋ ਗਈ।

ਮ੍ਰਿਤਕ ਦੇ ਵਾਰਸਾਂ ਅਨੁਸਾਰ ਪੁਲਿਸ ਅਧਿਕਾਰੀ ਨੇ ਚਾਰ ਫੁੱਟ ਦੀ ਦੂਰੀ ਤੋਂ ਗੋਲੀ ਚਲਾਈ। ਇਸ ਮੌਕੇ ਇੰਸਪੈਕਟਰ ਨਾਲ ਸੱਤ ਹਥਿਆਰਬੰਦ ਪੁਲਿਸ ਮੁਲਾਜ਼ਮ ਵੀ ਹਾਜ਼ਰ ਸਨ ਪਰ ਪੁਲਿਸ ਨੇ ਬਿਨਾਂ ਚਿਤਾਵਨੀ ਦਿੱਤਿਆਂ ਗੋਲੀ ਚਲਾ ਦਿੱਤੀ। ਇਸ ਤੋਂ ਬਾਅਦ ਭੜਕੇ ਲੋਕਾਂ ਨੇ ਪੁਲਿਸ ਦੀ ਗੱਡੀ 'ਤੇ ਪਥਰਾਅ ਕੀਤਾ ਜਿਸ ਦੌਰਾਨ ਪ੍ਰੀਜ਼ਾਈਡਿੰਗ ਅਫ਼ਸਰ ਪਰਮਜੀਤ ਸਿੰਘ ਤੇ ਸਿਪਾਹੀ ਸੁਰਿੰਦਰ ਕੁਮਾਰ ਜ਼ਖ਼ਮੀ ਹੋ ਗਏ। ਪਿੰਡ ਵਾਸੀਆਂ ਨੇ ਦੋਸ਼ ਲਾਇਆ ਕਿ ਗੋਲੀ ਚਲਾਉਣ ਵਾਲੇ ਇੰਸਪੈਕਟਰ ਦੀ ਸ਼ਰਾਬ ਪੀਤੀ ਹੋਈ ਸੀ।

## ਸਰਪੰਚੀ ਨੂੰ ਲੈ ਕੇ ਟਕਰਾਅ ਵਿਚ ਇਕ ਮੌਤ

**ਨਵਾਂਸ਼ਹਿਰ:** ਜ਼ਿਲ੍ਹੇ ਦੇ ਪਿੰਡ ਭਾਨ ਮਜਾਰਾ ਵਿਚ ਪੰਚਾਇਤੀ ਚੋਣਾਂ ਤੋਂ ਬਾਅਦ ਪੈਦਾ ਹੋਏ ਤਣਾਅ ਕਾਰਨ ਧਰਮ ਸਿੰਘ ਨਾਂ ਦੇ ਵਿਅਕਤੀ ਦੀ ਭੇਤਭਰੀ ਹਾਲਤ ਵਿਚ ਮੌਤ ਹੋ ਗਈ। ਇੱਥੇ ਕੁਝ ਵਿਅਕਤੀਆਂ ਵੱਲੋਂ ਪੁਲਿਸ ਮੁਲਾਜ਼ਮਾਂ ਦੀ ਵੀ ਕੁੱਟਮਾਰ ਕੀਤੀ ਗਈ। ਹਮਲਾਵਰਾਂ ਨੇ ਪੁਲਿਸ ਦਾ ਮੋਟਰਸਾਈਕਲ ਤੇ ਸਰਕਾਰੀ ਗੱਡੀ ਦੀ ਵੀ ਭੰਨਤੋੜ ਕੀਤੀ। ਪੁਲਿਸ ਨੇ ਕਾਂਗਰਸ ਦੇ ਮਾਰਕਿਟ ਕਮੇਟੀ ਨਵਾਂਸ਼ਹਿਰ ਦੇ ਸਾਬਕਾ ਚੇਅਰਮੈਨ ਚਮਨ ਸਿੰਘ ਪਿੰਡ ਭਾਨ ਮਜਾਰਾ, ਉਸ ਦੇ ਲੜਕੇ ਗੁਰਪ੍ਰੀਤ ਸਿੰਘ, ਪ੍ਰਿਤਪਾਲ ਸਿੰਘ, ਕੁਲਦੀਪ ਸਿੰਘ ਵਾਸੀ ਲੰਗੜੋਆ, ਗੋਗਾ ਵਾਸੀ ਲੰਗੜੋਆ, ਰਵਿੰਦਰ ਸਿੰਘ ਵਾਸੀ ਭਾਨ ਮਜਾਰਾ ਤੇ ਗੁਰਪ੍ਰੀਤ ਸਿੰਘ ਵਾਸੀ ਭਾਨਮਜਾਰਾ ਖਿਲਾਫ ਜੈਲ ਸਿੰਘ ਪੁੱਤਰ ਕਰਤਾਰ ਸਿੰਘ ਵਾਸੀ ਭਾਨ ਮਜਾਰਾ ਦੇ ਬਿਆਨਾਂ 'ਤੇ ਕੇਸ ਦਰਜ ਕਰ ਲਿਆ।

# ਅਕਾਲੀ ਧੜਿਆਂ 'ਚ ਲੜਾਈ, ਬਲਵੰਤ ਸਿੰਘ ਰਾਮੂਵਾਲੀਆ ਦੇ ਹਮਾਇਤੀਆਂ ਵੱਲੋਂ ਬੁਰਛਾਗਰਦੀ?

**ਮੁਹਾਲੀ:** ਪਿੰਡ ਮੌਲੀ ਬੈਦਵਾਨ ਵਿਚ ਸਾਬਕਾ ਕੇਂਦਰੀ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਦੇ ਹਮਾਇਤੀਆਂ ਵੱਲੋਂ ਗੁੰਡਾਗਰਦੀ ਕੀਤੀ ਗਈ। ਪਤਾ ਲੱਗਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਤੇ ਸਿਆਸੀ ਮਾਮਲਿਆਂ ਬਾਰੇ ਕਮੇਟੀ ਦੇ ਮੈਂਬਰ ਕਿਰਨਬੀਰ ਸਿੰਘ ਕੰਗ ਤੇ ਸ. ਰਾਮੂਵਾਲੀਆ ਦੇ ਹਮਾਇਤੀਆਂ ਵਿਚਾਲੇ ਖ਼ੂਨੀ ਟਕਰਾਅ ਹੋ ਗਿਆ ਜਿਸ ਦੌਰਾਨ ਰਾਮੂਵਾਲੀਆ ਦੇ ਸਮਰਥਕਾਂ ਵੱਲੋਂ ਕੀਤੀ ਫਾਇਰਿੰਗ ਵਿਚ ਕੰਗ ਧੜੇ ਦੇ ਛੇ ਵਿਅਕਤੀ ਜ਼ਖ਼ਮੀ ਹੋ ਗਏ।

ਜ਼ਖ਼ਮੀਆਂ ਵਿਚ ਮੌਜੂਦਾ ਸਰਪੰਚ ਕੁਲਵਿੰਦਰ ਕੌਰ ਦੇ ਤਿੰਨ ਦਿਓਰ ਜਿਨ੍ਹਾਂ ਵਿਚ ਸਤਨਾਮ ਸਿੰਘ, ਗੁਰਸੇਵਕ ਸਿੰਘ, ਗੁਰਵਿੰਦਰ ਸਿੰਘ, ਇੰਟਰ ਨੈਸ਼ਨਲ ਕਬੱਡੀ ਖਿਡਾਰੀ ਹਰਜੋਤ ਸਿੰਘ ਗੱਬਰ ਤੇ ਪੰਚ ਭੁਪਿੰਦਰ ਸਿੰਘ ਸ਼ਾਮਲ ਹਨ। ਪਿੰਡ ਦੇ ਸਾਬਕਾ ਸਰਪੰਚ ਤੇ ਜ਼ਿਲ੍ਹਾ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਮੌਲੀ ਨੂੰ ਵੀ ਸੱਟਾਂ ਲੱਗੀਆਂ। ਤਿੰਨ ਜੁਲਾਈ ਨੂੰ ਵੋਟਾਂ ਵਾਲੇ ਦਿਨ ਵੀ ਚੋਣ ਨਤੀਜਿਆਂ ਨੂੰ ਲੈ ਕੇ ਦੋਵਾਂ ਆਗੂਆਂ ਦੇ ਸਮਰਥਕ ਆਪਸ ਵਿਚ ਉਲਝ ਗਏ ਸਨ। ਇਸ ਦੌਰਾਨ ਤਿੰਨ ਵਾਰ ਵੋਟਾਂ ਦੀ ਗਿਣਤੀ ਕਰਨ ਮਗਰੋਂ ਰਾਤ ਨੂੰ 10 ਵਜੇ ਪੰਚਾਇਤੀ ਚੋਣਾਂ ਦਾ ਨਤੀਜਾ ਐਲਾਨਿਆ ਗਿਆ ਸੀ। ਪਿੰਡ ਮੌਲੀ ਵਿਚ ਰਾਮੂਵਾਲੀਆ ਦਾ ਇਕ ਵੀ ਉਮੀਦਵਾਰ ਚੋਣ ਨਹੀਂ ਜਿੱਤ ਸਕਿਆ ਜਦੋਂਕਿ ਦੋ ਕਾਂਗਰਸੀ ਪੰਚਾਂ ਨੂੰ ਛੱਡ ਕੇ ਸਰਪੰਚ ਸਮੇਤ ਬਾਕੀ ਸਾਰੀ ਪੰਚਾਇਤ ਸ. ਕੰਗ ਦੇ ਸਮਰਥਕਾਂ ਦੀ ਬਣੀ ਹੈ। ਚੋਣਾਂ ਵਿਚ ਮਿਲੀ ਇਹ ਕਰਾਰੀ ਹਾਰ ਹੀ ਖ਼ੂਨੀ ਸੰਘਰਸ਼ ਦੀ ਵਜ੍ਹਾ ਦੱਸੀ ਜਾ ਰਹੀ ਹੈ।



ਸਾਬਕਾ ਸਰਪੰਚ ਅਵਤਾਰ ਸਿੰਘ ਦਾ ਕਹਿਣਾ ਹੈ ਕਿ ਝਗੜੇ ਵਾਲੇ ਦਿਨ ਨਵੀਂ ਬਣੀ ਸਰਪੰਚ ਕੁਲਵਿੰਦਰ ਕੌਰ ਦਾ ਪਤੀ ਸਤਵਿੰਦਰ ਸਿੰਘ ਦੁੱਧ ਸਪਲਾਈ ਕਰਨ ਲਈ ਜਾ ਰਿਹਾ ਸੀ। ਇਸ ਦੌਰਾਨ ਬਲਜੀਤ ਸਿੰਘ ਉਰਫ਼ ਜੀਤ ਤੇ ਹੋਰਾਂ ਨੇ ਉਸ ਨੂੰ ਧਮਕੀ ਦਿੱਤੀ ਕਿ ਉਸ ਦੀ ਪਤਨੀ ਸਰਪੰਚੀ ਦੀ ਚੋਣ ਤਾਂ ਜਿੱਤ ਗਈ ਹੈ ਪਰ ਸਰਕਾਰ ਤਾਂ ਉਨ੍ਹਾਂ ਦੀ ਹੈ। ਇਸ ਲਈ ਉਹ ਦੱਸਣਗੇ ਕਿ ਸਰਪੰਚੀ ਕਿਵੇਂ ਹੁੰਦੀ ਹੈ। ਬਾਅਦ ਵਿਚ ਸਾਬਕਾ ਸਰਪੰਚ ਅਵਤਾਰ ਸਿੰਘ ਵੀ ਉਥੇ ਪਹੁੰਚ ਗਏ ਤੇ ਦੋਵਾਂ ਧਿਰਾਂ ਵਿੱਚ ਤੂੰ-ਤੂੰ, ਮੈਂ-ਮੈਂ ਹੋ ਗਈ।

ਇਸ ਦੌਰਾਨ ਜੀਤ ਨੇ ਆਪਣੇ ਸਮਰਥਕਾਂ ਨੂੰ ਫੋਨ ਕਰਕੇ ਉਥੇ ਸੱਦ ਲਿਆ। ਬਲਜੀਤ ਸਿੰਘ, ਉਸ ਦੇ ਪੁੱਤਰਾਂ ਤੇ ਹੋਰਾਂ ਸਾਥੀਆਂ ਨੇ ਅਚਾਨਕ ਉਨ੍ਹਾਂ 'ਤੇ ਫਾਇਰਿੰਗ ਕਰ ਦਿੱਤੀ ਜਿਸ ਕਾਰਨ ਸਤਨਾਮ ਸਿੰਘ, ਗੁਰਸੇਵਕ ਸਿੰਘ, ਗੁਰਵਿੰਦਰ ਸਿੰਘ, ਹਰਜੋਤ ਸਿੰਘ ਗੱਬਰ ਤੇ ਪੰਚ ਭੁਪਿੰਦਰ ਸਿੰਘ ਜ਼ਖ਼ਮੀ ਹੋ ਗਏ ਪਰ ਹਮਲਾਵਰ ਸ. ਰਾਮੂਵਾਲੀਆ ਦੇ ਸਮਰਥਕ ਹੋਣ ਕਾਰਨ ਪੁਲਿਸ ਨੇ ਮੌਕੇ 'ਤੇ ਬਣਦੀ ਕਾਰਵਾਈ ਤੋਂ ਪੱਲਾ ਝਾੜ ਲਿਆ। ਨਵੀਂ ਚੁਣੀ ਪੰਚਾਇਤ ਤੇ ਪਿੰਡ ਵਾਸੀਆਂ ਨੇ ਸਾਬਕਾ ਸਰਪੰਚ ਅਵਤਾਰ ਸਿੰਘ ਦੀ ਅਗਵਾਈ ਹੇਠ ਪਹਿਲਾਂ ਗੁਰਦੁਆਰਾ ਸਿੰਘ ਸ਼ਹੀਦਾਂ ਸੋਹਾਣਾ ਦੇ ਸਾਹਮਣੇ ਮੁੱਖ ਸੜਕ 'ਤੇ ਚੱਕਾ ਜਾਮ ਕਰਕੇ ਪੁਲਿਸ ਤੇ ਰਾਮੂਵਾਲੀਆ ਖ਼ਿਲਾਫ਼ ਨਾਅਰੇਬਾਜ਼ੀ ਕੀਤੀ।

ਉਧਰ ਇਸ ਬਾਰੇ ਅਕਾਲੀ ਆਗੂ ਬਲਵੰਤ ਸਿੰਘ ਰਾਮੂਵਾਲੀਆ ਦਾ ਕਹਿਣਾ ਹੈ ਕਿ ਇਸ ਝਗੜੇ ਨਾਲ ਉਨ੍ਹਾਂ ਦਾ ਕੋਈ ਲੈਣਾ-ਦੇਣਾ ਨਹੀਂ ਹੈ। ਉਸ ਨੂੰ ਜਾਣਬੁਝ ਕੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਉਹ ਤਾਂ 23 ਜੂਨ ਨੂੰ ਪੰਜਾਬ ਤੋਂ ਬਾਹਰ ਚਲੇ ਗਏ ਸਨ। ਇਹ ਸਾਜ਼ਿਸ਼ ਕਾਂਗਰਸ ਵੱਲੋਂ ਰਚੀ ਗਈ ਹੈ।

# ਤਸ਼ੱਦਦ ਢਾਹੁਣ ਵਾਲੇ ਪੁਲਿਸ ਅਫਸਰਾਂ ਨੂੰ ਕੈਦ

**ਸੋਲਾਂ ਸਾਲ ਪਹਿਲਾਂ ਕੀਤੀ ਸੀ ਵਾਰਦਾਤ**

**ਅੰਮ੍ਰਿਤਸਰ:** ਅਦਾਲਤ ਨੇ ਬੱਲ ਭਰਾਵਾਂ ਦੀ ਮਾਰਕੁੱਟ ਕਰਨ ਵਾਲੇ ਤਿੰਨ ਪੁਲਿਸ ਕਰਮਚਾਰੀਆਂ ਸੁਖਦਿਆਲ ਸਿੰਘ ਭੁੱਲਰ ਸੇਵਾਮੁਕਤ ਡੀ.ਆਈ.ਜੀ., ਬਲਬੀਰ ਸਿੰਘ ਸੇਵਾਮੁਕਤ ਇੰਸਪੈਕਟਰ, ਐਸ.ਪੀ. ਰਵਿੰਦਰ ਕੁਮਾਰ ਨੂੰ 3-3 ਸਾਲ ਦੀ ਕੈਦ ਸੁਣਾਈ ਹੈ। ਬੱਲ ਭਰਾਵਾਂ ਨੇ ਦੱਸਿਆ ਕਿ 16 ਸਾਲ ਪਹਿਲਾਂ 31 ਦਸੰਬਰ, 1997 ਦੀ ਰਾਤ ਨੂੰ ਪੁਲਿਸ ਵੱਲੋਂ ਕੀਤੀ ਬੇਤਹਾਸ਼ਾ ਮਾਰ ਕੁਟਾਈ ਉਨ੍ਹਾਂ ਨੂੰ ਅੱਜ ਵੀ ਯਾਦ ਹੈ।

ਅਰਜੁਨ ਐਵਾਰਡੀ ਰਘਬੀਰ ਸਿੰਘ ਬੱਲ ਤੇ ਕੌਮਾਂਤਰੀ ਖਿਡਾਰੀ ਸੁਖਵਿੰਦਰ ਸਿੰਘ ਬੱਲ ਜੋ ਉਸ ਵੇਲੇ ਸੀ.ਆਰ.ਪੀ.ਐਫ. ਦੇ ਡਿਪਟੀ ਕਮਾਂਡੈਂਟ ਦੇ ਅਹੁਦੇ 'ਤੇ ਸਨ, ਨੂੰ ਪੁਲਿਸ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਰਘਬੀਰ ਸਿੰਘ ਬੱਲ ਨੇ ਆਖਿਆ ਕਿ ਪੁਲਿਸ ਦੀ ਇਸ ਕਾਰਵਾਈ ਨੇ ਜਿਥੇ ਉਨ੍ਹਾਂ ਦੇ ਮਾਣ ਸਨਮਾਨ ਨੂੰ ਠੇਸ ਪਹੁੰਚਾਈ, ਉਥੇ ਉਨ੍ਹਾਂ ਦੀ ਤਰੱਕੀ ਵੀ ਪ੍ਰਭਾਵਿਤ ਹੋਈ। ਇਸ ਝੂਠੇ ਕੇਸ ਕਾਰਨ ਤਰੱਕੀ 'ਤੇ ਰੋਕ ਲਾ ਦਿੱਤੀ ਗਈ ਜਦੋਂਕਿ ਜੂਨੀਅਰ ਅਧਿਕਾਰੀ ਤਰੱਕੀ ਪ੍ਰਾਪਤ ਕਰਕੇ ਵੱਡੇ ਅਧਿਕਾਰੀ ਬਣ ਗਏ। ਉਨ੍ਹਾਂ ਕਿਹਾ ਕਿ ਉਹ ਬਤੌਰ ਕਮਾਂਡੈਂਟ ਹੀ 2010 ਵਿਚ ਸੇਵਾਮੁਕਤ ਹੋਏ ਹਨ। ਦੂਜੇ ਭਰਾ ਸੁਖਵਿੰਦਰ ਸਿੰਘ ਬੱਲ ਨੇ ਦੱਸਿਆ ਕਿ ਉਹ ਦੋਵੇਂ ਭਰਾ ਕੌਮਾਂਤਰੀ ਪੱਧਰ ਦੇ ਖਿਡਾਰੀ ਸਨ। ਇਕ ਹੈਮਰ ਥ੍ਰੋਅ ਤੇ ਦੂਜਾ ਡਿਸਕਸ ਥ੍ਰੋਅ ਦਾ ਉੱਘਾ ਖਿਡਾਰੀ ਸੀ। 1985 ਵਿਚ ਅਸਟਰੇਲੀਆ ਵਿਚ ਹੋਏ ਵਿਸ਼ਵ ਕੱਪ ਅਥਲੈਟਿਕ ਮੁਕਾਬਲਿਆਂ ਵਿਚ ਉਨ੍ਹਾਂ ਪ੍ਰਤੀਨਿਧਤਾ ਵੀ ਕੀਤੀ ਸੀ। ਸਰਕਾਰ ਵੱਲੋਂ ਰਘਬੀਰ ਸਿੰਘ ਨੂੰ ਅਰਜੁਨ ਐਵਾਰਡ ਤੇ ਪੰਜਾਬ ਸਰਕਾਰ ਵਲੋਂ ਮਹਾਰਾਜਾ ਰਣਜੀਤ ਸਿੰਘ ਐਵਾਰਡ ਨਾਲ ਸਨਮਾਨਿਆ ਜਾ ਚੁੱਕਾ ਹੈ।

ਉਨ੍ਹਾਂ ਦੋਸ਼ ਲਾਇਆ ਕਿ 16 ਸਾਲ ਪਹਿਲਾਂ ਵਾਪਰੀ ਘਟਨਾ ਨੂੰ ਉਹ ਕਦੇ ਵੀ ਨਹੀਂ ਭੁੱਲ ਸਕਦੇ। ਉਹ ਉਸ ਦਿਨ ਨਵੇਂ ਸਾਲ ਦੇ ਜਸ਼ਨ ਦੇਖਣ ਲਈ ਗਏ ਸਨ ਜਦੋਂ ਉਹ ਲਾਰੇਂਸ ਰੋਡ ਨੇੜੇ ਪੁੱਜੇ ਤਾਂ ਪੁਲਿਸ ਵਾਲਿਆਂ ਨੇ ਰੋਕ ਲਿਆ ਤੇ ਮਾਰਕੁੱਟ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਇਥੇ ਹੀ ਬੱਸ ਨਹੀਂ ਹੋਈ ਸਗੋਂ ਪੁਲਿਸ ਕਰਮਚਾਰੀ ਉਨ੍ਹਾਂ ਨੂੰ ਪੇਸ਼ੇਵਾਰ ਮੁਲਜ਼ਮਾਂ ਵਾਂਗ ਪੱਗਾਂ ਨਾਲ ਹੱਥ ਬੰਨ੍ਹ ਕੇ ਥਾਣੇ ਲੈ ਗਏ, ਜਿਥੇ ਬੇਤਹਾਸ਼ਾ ਮਾਰਕੁੱਟ ਵੀ ਕੀਤੀ ਗਈ। ਮਗਰੋਂ ਡਾਕਟਰਾਂ ਨੂੰ ਡਰਾ ਧਮਕਾ ਕੇ ਇਲਾਜ ਕਰਨ ਤੋਂ ਵੀ ਰੋਕਿਆ ਗਿਆ। ਉਨ੍ਹਾਂ ਦੱਸਿਆ ਕਿ ਅਦਾਲਤ ਨੇ ਪੁਲਿਸ ਵੱਲੋਂ ਸਾਡੇ ਖ਼ਿਲਾਫ਼ ਕੀਤੇ ਕੇਸ ਨੂੰ ਰੱਦ ਕਰ ਦਿੱਤਾ ਹੈ ਤੇ ਦੋਵਾਂ ਭਰਾਵਾਂ ਵੱਲੋਂ ਕੀਤੇ ਕੇਸ ਦੇ ਸਬੰਧ ਵਿਚ ਪੁਲਿਸ ਕਰਮਚਾਰੀਆਂ ਨੂੰ ਸਜ਼ਾ ਸੁਣਾਈ ਹੈ।

# ਪਤਨੀ ਤੇ ਧੀਆਂ ਦੀ ਹੱਤਿਆ ਪਿੱਛੋਂ ਖ਼ੁਦਕੁਸ਼ੀ ਦੀ ਕੋਸ਼ਿਸ਼

**ਪਟਿਆਲਾ:** ਆਰਥਿਕ ਤੰਗੀ ਦੇ ਸ਼ਿਕਾਰ ਇਕ ਵਿਅਕਤੀ ਨੇ ਆਪਣੀ ਪਤਨੀ ਸਮੇਤ ਦੋ ਨਾਬਾਲਗ ਧੀਆਂ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ ਤੇ ਇਸ ਤੋਂ ਬਾਅਦ ਉਸ ਨੇ ਆਤਮ ਹੱਤਿਆ ਕਰਨ ਦੀ ਤਿੰਨ ਵਾਰ ਕੋਸ਼ਿਸ਼ ਕੀਤੀ ਪਰ ਪੁਲਿਸ ਨੇ ਉਸ ਨੂੰ ਉਸ ਵੇਲੇ ਕਾਬੂ ਕਰ ਲਿਆ ਜਦੋਂ ਉਹ ਨਹਿਰ ਵਿਚ ਛਾਲ ਮਾਰਨ ਜਾ ਰਿਹਾ ਸੀ।

ਲੁਧਿਆਣੇ ਦੇ ਪਿੰਡ ਦੁੱਗਰੀ ਦੇ ਰਹਿਣ ਵਾਲੇ ਗੁਰਮੀਤ ਸਿੰਘ ਨੇ ਆਪਣੀ ਪਤਨੀ ਤੇ ਧੀਆਂ ਨੂੰ ਪਹਿਲਾਂ ਕੋਈ ਜ਼ਹਿਰੀਲੀ ਵਸਤੂ ਦੇ ਕੇ ਬੇਹੋਸ਼ ਕਰ ਦਿੱਤਾ ਤੇ ਬਾਅਦ ਵਿਚ ਉਨ੍ਹਾਂ ਦੀ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਮ੍ਰਿਤਕਾਂ ਵਿਚ ਪਤਨੀ ਰਮਿੰਦਰ ਕੌਰ, ਦੋ ਬੇਟੀਆਂ ਭਵਪ੍ਰੀਤ ਕੌਰ (15) ਤੇ ਕਮਲਪ੍ਰੀਤ ਕੌਰ (12) ਸ਼ਾਮਲ ਹਨ। ਇਸ ਤੋਂ ਬਾਅਦ ਉਸ ਨੇ ਆਪਣੀਆਂ ਬਾਹਾਂ ਦੀਆਂ ਨਸਾਂ ਕੱਟ ਕੇ ਜੀਵਨ ਲੀਲਾ ਸਮਾਪਤ ਕਰਨ ਦੀ ਕੋਸ਼ਿਸ਼ ਕੀਤੀ ਪਰ ਸਫਲ ਨਾ ਹੋ ਸਕਿਆ। ਇਸ ਤੋਂ ਬਾਅਦ ਉਸ ਨੇ ਗਲ ਫਾਹਾ ਲੈਣ ਦਾ ਯਤਨ ਕੀਤਾ ਪਰ ਉਹ ਇਸ ਵਾਰ ਵੀ ਬਚ ਗਿਆ। ਇਸ ਤੋਂ ਬਾਅਦ ਉਸ ਨੇ ਭਾਖੜਾ ਨਹਿਰ ਵਿਚ ਛਾਲ ਮਾਰਨ ਦਾ ਇਰਾਦਾ ਬਣਾਇਆ। ਇਸ ਲਈ ਜਦੋਂ ਉਹ ਨਹਿਰ ਵੱਲ ਨੂੰ ਜਾ ਰਿਹਾ ਸੀ ਤਾਂ ਉਸ ਨੂੰ ਰਸਤੇ ਵਿਚ ਹੀ ਕਿਸੇ ਜਾਣਕਾਰ ਦਾ ਫੋਨ ਆਇਆ ਜਿਸ ਨਾਲ ਉਸ ਨੇ ਇਸ ਹਾਦਸੇ ਬਾਰੇ ਗੱਲ ਕੀਤੀ ਤੇ ਕਿਹਾ ਕਿ ਉਹ ਇਸ ਦੁਨੀਆਂ ਨੂੰ ਅਲਵਿਦਾ ਆਖਣ ਜਾ ਰਿਹਾ ਹੈ। ਇਸ ਤੋਂ ਤੁਰੰਤ ਬਾਅਦ ਉਸ ਨੇ ਪੁਲਿਸ ਨੂੰ ਇਤਲਾਹ ਦਿੱਤੀ। ਪੁਲਿਸ ਨੇ ਉਸ ਨੂੰ ਨਹਿਰ ਤੋਂ ਪਹਿਲਾਂ ਹੀ ਕਾਬੂ ਕਰ ਲਿਆ।

# ਯੂਰਪੀ ਮੁਲਕਾਂ ਦੇ ਸਕੂਲਾਂ ਵਿਚ ਲੱਗੇਗੀ ਧਾਰਮਿਕ ਚਿੰਨ੍ਹ 'ਤੇ ਪਾਬੰਦੀ

**ਚੰਡੀਗੜ੍ਹ:** ਸਮਾਜ ਵਿਚੋਂ ਧਾਰਮਿਕ ਕੱਟੜਤਾ ਨੂੰ ਖਤਮ ਕਰਨ ਲਈ ਯੂਰਪੀ ਯੂਨੀਅਨ ਦੀ ਸੁਪਰੀਮ ਕੋਰਟ ਨੇ ਸਾਲ 2009 ਵਿਚ ਦਿੱਤੇ ਆਪਣੇ ਫ਼ੈਸਲੇ ਜਿਸ ਵਿਚ ਯੂਰਪੀ ਮੁਲਕਾਂ ਦੇ ਸਕੂਲਾਂ, ਕਾਲਜਾਂ ਵਿਚ ਧਾਰਮਿਕ ਚਿੰਨ੍ਹਾਂ ਪਹਿਨਣ 'ਤੇ ਪਾਬੰਦੀ ਲਾਈ ਸੀ, ਤਹਿਤ ਯੂਰਪੀ ਮੁਲਕਾਂ ਦੇ ਸਕੂਲਾਂ ਵਿਚੋਂ ਯਿਸੂ ਮਸੀਹ ਦੇ ਕਰਾਈਸ ਦੇ ਨਿਸ਼ਾਨ ਹਟਾਉਣ ਦੀਆਂ ਵੀ ਹਦਾਇਤਾਂ ਜਾਰੀ ਕੀਤੀਆਂ ਹਨ।

ਸੁਪਰੀਮ ਕੋਰਟ ਦੇ ਇਸ ਫੈਸਲੇ ਦੇ ਮੱਦੇਨਜ਼ਰ ਜਿੱਥੇ ਮੁਸਲਮਾਨਾਂ ਦੇ ਬੁਰਕਾ ਪਹਿਨਣ ਤੇ ਸਿੱਖਾਂ ਦੇ ਦਸਤਾਰ ਬੰਨ੍ਹਣ 'ਤੇ ਪਾਬੰਦੀ ਲੱਗਣੀ ਸੁਭਾਵਿਕ ਹੀ ਹੈ। ਸਾਰੇ ਯੂਰਪੀ ਮੁਲਕਾਂ ਦੇ ਸਰਕਾਰੀ ਸਕੂਲਾਂ ਵਿਚ ਧਾਰਮਿਕ ਤੇ ਦਾਰਸ਼ਨਿਕ ਚਿੰਨ੍ਹਾਂ ਉਪਰ ਪਾਬੰਦੀ ਇਸੇ ਸਾਲ ਦੇ ਸਤੰਬਰ ਤੋਂ ਲੱਗ ਰਹੀ ਹੈ। ਇਹ ਪਾਬੰਦੀ 2009 ਵਿਚ ਹੀ ਲੱਗ ਜਾਣੀ ਸੀ ਪਰ ਧਾਰਮਿਕ ਜਥੇਬੰਦੀਆਂ ਦੇ ਅਦਾਲਤ ਵਿਚ ਜਾਣ ਕਰਕੇ ਇਸ ਵਿਚ ਚਾਰ ਸਾਲ ਦੀ ਦੇਰੀ ਹੋ ਗਈ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਇਹ ਪਾਬੰਦੀ ਮੁਸਲਮਾਨਾਂ ਨਾਲ ਸਬੰਧਤ ਹੈ ਜੋ ਬੁਰਕਾ ਤੇ ਟੋਪੀ 'ਤੇ ਅਧਾਰਤ ਹੈ ਪਰ ਸਿੱਖਾਂ ਦੀ ਦਸਤਾਰ ਵੀ ਇਸ ਦੇ ਘੇਰੇ ਵਿਚ ਆ ਰਹੀ ਹੈ। ਇਹ ਕਾਨੂੰਨ ਜਰਮਨ, ਫਰਾਂਸ ਤੇ ਬੈਲਜੀਅਮ ਆਦਿ ਦੇਸ਼ਾਂ ਵਿਚ ਸਖ਼ਤੀ ਨਾਲ ਲਾਗੂ ਹੋ ਰਹੇ ਹਨ। ਬੈਲਜੀਅਮ ਦੇ ਸੁਚੇਤ ਸਿੱਖਾਂ ਦੇ ਉੱਦਮ ਨਾਲ ਉਥੋਂ ਦੇ ਕੁਝ ਪ੍ਰਾਈਵੇਟ ਕੈਥੋਲਿਕ ਸਕੂਲਾਂ ਨੇ ਸਿੱਖਾਂ ਦੇ ਨੁਮਾਇੰਦਿਆਂ ਨੂੰ ਸਿੱਖ ਬੱਚਿਆਂ ਦੇ ਦਸਤਾਰ ਤੇ ਪੰਜ ਕਕਾਰ ਪਹਿਨਣ ਦੀ ਖੁੱਲ੍ਹ ਦਾ ਵਿਸ਼ਵਾਸ ਦਿੱਤਾ ਹੈ ਕਿਉਂਕਿ ਬੈਲਜੀਅਮ ਵਿਚ ਇਸ ਸੈਸ਼ਨ ਤੋਂ ਸਰਕਾਰੀ ਸਕੂਲਾਂ ਵਿਚ ਕਾਨੂੰਨ ਅਮਲੀ ਰੂਪ ਲੈਣ ਜਾ ਰਿਹਾ ਹੈ। ਸਰਕਾਰੀ ਛੁੱਟੀਆਂ ਕਾਰਨ ਇਟਲੀ ਵਿਚ ਇਸ ਕਾਨੂੰਨ ਦੇ



ਲਾਗੂ ਹੋਣ ਦੀ ਅਜੇ ਪੁਸ਼ਟੀ ਨਹੀਂ ਹੋ ਸਕੀ।

ਹਾਸਲ ਜਾਣਕਾਰੀ ਅਨੁਸਾਰ ਯੂਰਪੀਅਨ ਸੁਪਰੀਮ ਕੋਰਟ ਨੇ 14 ਸਤੰਬਰ, 2010 ਨੂੰ ਜਨਹਿਤ ਦਾਇਰ ਪਟੀਸ਼ਨ ਦਾ ਫ਼ੈਸਲਾ ਦਿੰਦਿਆਂ ਸੱਤ ਅਕਤੂਬਰ, 2010 ਨੂੰ ਪੂਰੀ ਤਰ੍ਹਾਂ ਧਾਰਮਿਕ ਚਿੰਨ੍ਹਾਂ 'ਤੇ ਪਾਬੰਦੀ ਦੇ ਆਦੇਸ਼ ਸੁਣਾਏ ਸਨ। ਸੁਪਰੀਮ ਕੋਰਟ ਨੇ ਇਸ ਫੈਸਲੇ ਦੇ ਹੱਕ ਵਿਚ ਕਿਹਾ ਕਿ ਇਸ ਨਾਲ ਕਿਸੇ ਵੀ ਤਰ੍ਹਾਂ ਮਨੁੱਖੀ ਅਧਿਕਾਰਾਂ ਤੇ ਧਾਰਮਿਕ ਕਾਨੂੰਨਾਂ ਦੀ ਕੋਈ ਉਲੰਘਣਾ ਨਹੀਂ ਸਗੋਂ ਮਾਨਵਤਾ ਦਾ ਝੰਡਾ ਬੁਲੰਦ ਕਰਨ ਹਿੱਤ ਸਭ ਨੂੰ ਇਕ ਸੂਤਰ ਵਿਚ ਬੱਝੇ ਦੇਖਣ ਦੀ ਇੱਛਾ ਹੈ।

ਇਟਲੀ ਨੇ ਵੀ ਆਪਣੇ ਸੰਵਿਧਾਨ ਵਿਚ ਦਰਜ ਕਾਨੂੰਨ ਧਾਰਮਿਕ ਸੁਤੰਤਰਤਾ ਵਿਚ ਸੋਧ ਕਰਕੇ ਇਸ ਨੂੰ 26 ਜੂਨ, 2013 ਤੋਂ ਲਾਗੂ ਕਰ ਦਿੱਤਾ ਹੈ। ਇਹ ਕਾਨੂੰਨ ਇਟਲੀ ਵਿਚ 22 ਮਈ, 1975 ਨੂੰ ਪਾਸ ਹੋਇਆ ਸੀ ਤੇ ਸਰਕਾਰ ਨੇ ਇਸ ਦੇ 152 ਨੰਬਰ ਕਾਨੂੰਨ ਦੇ ਆਰਟੀਕਲ ਨੰਬਰ ਪੰਜ ਵਿਚ ਸੋਧ ਕੀਤੀ ਹੈ। ਇੱਥੇ ਜ਼ਿਕਰਯੋਗ ਹੈ ਕਿ ਸਿੱਖ ਇਟਲੀ ਵਿਚ ਸਰਕਾਰੀ ਤੌਰ 'ਤੇ ਸਿੱਖ ਧਰਮ ਦੀ ਰਜਿਸਟ੍ਰੇਸ਼ਨ ਦਾ ਕੇਸ ਤਾਂ ਪਹਿਲਾਂ ਹੀ ਹਾਰ ਚੁੱਕੇ ਹਨ ਜੋ ਇਟਲੀ ਵਿਚ ਪੰਜ ਕਕਾਰਾਂ ਦੇ ਪਹਿਨਣ ਉੱਤੇ ਪਾਬੰਦੀ ਲਾਉਂਦਾ ਹੈ ਪਰ ਸਰਕਾਰ ਕੋਲ ਮੁੜ ਵਿਚਾਰ ਦੀ ਅਪੀਲ ਜ਼ਰੂਰ ਕੀਤੀ ਹੋਈ ਹੈ ਉੱਥੇ ਹੁਣ ਇਸ ਕਾਨੂੰਨ ਦੇ ਲਾਗੂ ਹੋ ਜਾਣ ਨਾਲ ਉਸ ਕੇਸ ਉੱਤੇ ਇਹ ਨਵਾਂ ਆਇਆ ਕਾਨੂੰਨ ਹੋਰ ਵੀ ਮਾੜਾ ਅਸਰ ਪਾਵੇਗਾ।

'ਇਟਲੀ ਸਿੱਖ ਕਮਿਊਨਿਟੀ' ਦੇ ਪ੍ਰਧਾਨ ਸੁਖਦੇਵ ਸਿੰਘ ਕੰਗ ਨੇ ਕਿਹਾ ਕਿ ਇਹ ਪੂਰੇ ਯੂਰਪ ਵਿਚ ਲਾਗੂ ਹੋਣ ਜਾ ਰਿਹਾ ਕਾਨੂੰਨ ਸਿੱਖ ਭਾਈਚਾਰੇ ਲਈ ਬਹੁਤ ਹੀ ਮੰਦਭਾਗਾ ਤੇ ਦੁਖੀ ਕਰਨ ਵਾਲਾ ਹੈ। ਸ਼੍ਰੋਮਣੀ ਅਕਾਲੀ ਦਲ ਇਟਲੀ ਦੇ ਪ੍ਰਧਾਨ ਅਵਤਾਰ ਸਿੰਘ ਖਾਲਸਾ ਨੇ ਕਿਹਾ ਕਿ ਇਟਲੀ ਦੇ ਵੱਖ-ਵੱਖ ਧੜਿਆਂ ਵਿਚ ਪਾਟੇ ਹੋਏ ਸਿੱਖਾਂ ਨੂੰ ਇਕ ਹੋ ਕੇ ਪੂਰੇ ਯੂਰਪ ਵਿਚ ਇਸ ਕਾਨੂੰਨ ਦੇ ਵਿਰੋਧ ਵਿਚ ਖੜ੍ਹੇ ਹੋਣਾ ਚਾਹੀਦਾ ਹੈ।

## ਧਾਰਮਿਕ ਚਿੰਨ੍ਹ ਪਹਿਨਣ ਦੀ ਖੁੱਲ੍ਹ ਹੋਵੇ: ਮੱਕੜ



**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਨੇ ਯੂਰਪੀਅਨ ਯੂਨੀਅਨ ਦੀ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਉਹ ਯੂਨੀਅਨ ਹੇਠ ਆਉਣ ਵਾਲੇ ਮੁਲਕਾਂ ਦੇ ਵਿਦਿਅਕ ਅਦਾਰਿਆਂ ਵਿਚ ਧਾਰਮਿਕ ਚਿੰਨ੍ਹ ਪਹਿਨਣ 'ਤੇ ਰੋਕ ਲਾਉਣ ਦੇ ਫੈਸਲੇ 'ਤੇ ਮੁੜ ਵਿਚਾਰ ਕਰੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਕਿਹਾ ਕਿ ਯੂਰਪੀ ਯੂਨੀਅਨ ਦੀ ਅਦਾਲਤ ਦੇ ਇਸ ਫੈਸਲੇ ਨਾਲ ਇਕੱਲੇ ਸਿੱਖ ਹੀ ਨਹੀਂ ਸਗੋਂ ਈਸਾਈ, ਮੁਸਲਿਮ ਤੇ ਹੋਰ ਕੌਮਾਂ ਦੇ ਲੋਕ ਵੀ ਪ੍ਰਭਾਵਿਤ ਹੋਣਗੇ। ਇਸ ਫੈਸਲੇ ਦੇ ਲਾਗੂ ਹੋਣ 'ਤੇ ਜਿਥੇ ਧਰਮੀ ਲੋਕਾਂ ਦੇ ਬੱਚੇ ਆਪਣੇ ਧਰਮ ਤੇ ਵਿਰਸੇ ਨਾਲੋਂ ਟੁੱਟਣਗੇ, ਉੱਥੇ ਉਨ੍ਹਾਂ ਵਿਚੋਂ ਇਨਸਾਨੀਅਤ ਦੀ ਭਾਵਨਾ ਵੀ ਖਤਮ ਹੋਵੇਗੀ ਕਿਉਂਕਿ ਸਾਰੇ ਹੀ ਧਰਮ ਇਨਸਾਨ ਨੂੰ ਚੰਗੇ ਕਰਮ ਕਰਨ ਦੀ ਪ੍ਰੇਰਨਾ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸਿੱਖ ਧਰਮ ਵਿਚ ਅੰਮ੍ਰਿਤਧਾਰੀ ਸਿੰਘ ਲਈ ਪੰਜ ਕਕਾਰ ਅਨਿੱਖੜਵਾਂ ਅੰਗ ਹਨ।

## ਸ਼੍ਰੋਮਣੀ ਕਮੇਟੀ ਨੂੰ ਕੇਸ ਕੇਂਦਰ ਕੋਲ ਉਠਾਉਣ ਦੀ ਹਦਾਇਤ

**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਯੂਰਪ ਦੇ ਮੁਲਕਾਂ ਵਿਚ ਧਾਰਮਿਕ ਚਿੰਨ੍ਹ ਪਹਿਨਣ ਤੇ ਦਸਤਾਰ ਸਜਾਉਣ 'ਤੇ ਲਾਈ ਜਾ ਰਹੀ ਪਾਬੰਦੀ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਨੂੰ ਕੇਂਦਰ ਤੇ ਪੰਜਾਬ ਸਰਕਾਰ ਕੋਲ ਇਹ ਮਾਮਲਾ ਉੱਚ ਪੱਧਰ 'ਤੇ ਉਠਾਉਣ ਲਈ ਆਦੇਸ਼ ਦਿੰਦਿਆਂ ਸਮੂਹ ਸਿੱਖ ਸੰਗਠਨਾਂ ਨੂੰ ਇਕ ਮੰਚ 'ਤੇ ਆਵਾਜ਼ ਬੁਲੰਦ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਹ ਮੰਦਭਾਗਾ ਫੈਸਲਾ ਹੈ। ਸਿੰਘ ਸਾਹਿਬ ਕਿਹਾ ਕਿ ਸਿੱਖ ਇਕ ਵੱਖਰੀ ਕੌਮ ਹੈ ਜੋ ਸਭ ਧਰਮਾਂ ਦਾ ਸਤਿਕਾਰ ਕਰਦੀ ਹੈ। ਸਿੱਖੀ ਸਿਧਾਂਤ ਮੁਤਾਬਕ ਹਰ ਸਿੱਖ ਵੱਲੋਂ ਦਸਤਾਰ ਸਜਾਉਣੀ ਤੇ ਧਾਰਮਿਕ ਚਿੰਨ੍ਹ ਪਹਿਨਣੇ ਜਰੂਰੀ ਹਨ। ਉਨ੍ਹਾਂ ਵਿਦੇਸ਼ ਰਹਿ ਰਹੇ ਸਿੱਖ ਜਗਤ ਨੂੰ ਜ਼ੋਰ ਦੇ ਕੇ ਆਖਿਆ ਕਿ ਉਹ ਖਾਲਸਾ ਸਕੂਲ ਖੋਲ੍ਹਣ ਤੇ ਉਨ੍ਹਾਂ ਵਿਚ ਬਿਨਾ ਕਿਸੇ ਭੇਦ ਭਾਵ ਦੇ ਹਰ ਫਿਰਕੇ ਦੇ ਬੱਚਿਆਂ ਨੂੰ ਦਾਖਲ ਕਰਨ। ਸਿੰਘ ਸਾਹਿਬ ਨੇ ਕਾਨੂੰਨੀ ਲੜਾਈ ਲੜਨ ਲਈ ਵੀ ਸਿੱਖ ਕੌਮ ਨੂੰ ਆਦੇਸ਼ ਦਿੱਤਾ।

# ਸਿੱਖ ਜੋੜੇ ਨੂੰ ਬਾਹਰ ਕੱਢਣ 'ਤੇ ਸਿਨੇਮਾ ਮਾਲਕਾਂ ਨੂੰ ਮੁਆਫੀ ਮੰਗਣ ਲਈ ਕਿਹਾ

**ਸੈਕਰਾਮੈਂਟੋ:** ਕਿਰਪਾਨ ਪਹਿਨੀ ਹੋਣ ਕਰਕੇ ਇਕ ਸਿੱਖ ਜੋੜੇ ਨੂੰ ਇਥੋਂ ਦੇ ਇਕ ਥੀਏਟਰ ਵਿਚੋਂ ਬਾਹਰ ਕੱਢ ਦਿੱਤਾ ਗਿਆ ਜਿਸ ਨੇ ਸਿਨੇਮਾ ਚਲਾਉਣ ਵਾਲੀ ਕੰਪਨੀ ਏਐਮਸੀ ਥੀਏਟਰਜ਼ ਖਿਲਾਫ ਕੇਸ ਕਰਨ ਦਾ ਫੈਸਲਾ ਕੀਤਾ ਹੈ। ਦੂਜੇ ਪਾਸੇ ਕੰਪਨੀ ਦਾ ਕਹਿਣਾ ਹੈ ਕਿ ਉਸ ਦੇ ਕੈਨੇਡਾ ਤੇ ਅਮਰੀਕਾ ਵਿਚ ਫੈਲੇ 347 ਸਿਨੇਮਿਆਂ ਵਿਚ ਕਿਤੇ ਵੀ ਹਥਿਆਰ ਜਾਂ ਇਸ ਵਰਗੀ ਕੋਈ ਵਸਤੂ ਲੈ ਜਾਣ ਦੀ ਇਜਾਜ਼ਤ ਨਹੀਂ ਹੈ। ਜ਼ਿਕਰਯੋਗ ਹੈ ਕਿ 22 ਜੂਨ ਨੂੰ ਅੰਮ੍ਰਿਤਧਾਰੀ ਸਿੱਖ ਮਨਜੋਤ ਸਿੰਘ ਆਪਣੀ ਪਤਨੀ ਨਾਲ ਇਥੇ ਏਐਮਸੀ ਸਿਨੇਮੇ ਵਿਚ ਫਿਲਮ 'ਮੈਨ ਆਫ ਸਟੀਲ' ਵੇਖਣ ਗਿਆ ਸੀ ਪਰ ਕਿਰਪਾਨ ਪਹਿਨੀ ਹੋਣ ਕਰਕੇ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ ਗਿਆ। ਮਨਜੋਤ ਸਿੰਘ ਨੇ ਸਿਨੇਮਾ ਕੰਪਨੀ ਖ਼ਿਲਾਫ ਕਾਰਵਾਈ ਲਈ ਵਕੀਲ ਕੀਤਾ ਹੈ।

ਸਿੱਖ ਜਥੇਬੰਦੀ ਯੂਨਾਈਟਿਡ ਸਿੱਖਸ ਦੇ ਆਗੂ ਮਨਮੀਤ ਸਿੰਘ ਨੇ ਕਿਹਾ ਹੈ ਕਿ ਸਿੱਖਾਂ ਦੀ ਵਿਲੱਖਣ ਪਛਾਣ ਹੋਣ ਕਰਕੇ ਅਮਰੀਕਾ ਵਿਚ ਉਨ੍ਹਾਂ ਨੂੰ ਅਕਸਰ ਵਿਤਕਰੇ ਦਾ ਸ਼ਿਕਾਰ ਹੋਣਾ ਪੈਂਦਾ ਹੈ। ਉਨ੍ਹਾਂ ਕਿਹਾ ਕਿ ਹੋਰ ਅਮਰੀਕੀਆਂ ਵਾਂਗ ਸਿੱਖ ਵੀ ਸਾਰੀਆਂ ਜਨਤਕ ਥਾਵਾਂ 'ਤੇ ਸਤਿਕਾਰ ਤੇ ਸਵੈਮਾਣ ਦੇ ਹੱਕਦਾਰ ਹਨ। ਇਸ ਮੌਕੇ ਸ. ਮਨਜੋਤ ਸਿੰਘ ਨੇ ਕਿਹਾ ਕਿ ਤਕਰੀਬਨ 10 ਮਿੰਟ ਜ਼ਲੀਲ ਕਰਨ ਤੋਂ ਬਾਅਦ ਉਸ ਨੂੰ ਸਿਨੇਮੇ ਤੋਂ ਬਾਹਰ ਜਾਣ ਲਈ ਮਜਬੂਰ ਕਰ ਦਿੱਤਾ ਗਿਆ। ਉਸ ਨੇ ਕਿਹਾ ਕਿ ਉਸ ਦਾ ਕਸੂਰ ਇਹ ਸੀ ਕਿ ਉਸ ਨੇ ਕਿਰਪਾਨ ਪਹਿਨੀ ਹੋਈ ਸੀ। ਹੈਰਾਨੀ ਦੀ ਗੱਲ ਹੈ ਕਿ ਮਨਜੋਤ ਸਿੰਘ ਨੇ ਆਪਣੀ ਕਿਰਪਾਨ ਕਿਸੇ ਨੂੰ ਵਿਖਾਈ ਵੀ ਨਹੀਂ ਸੀ।

ਯੂਨਾਈਟਿਡ ਸਿੱਖਸ ਨੇ ਮੰਗ ਕੀਤੀ ਹੈ ਕਿ ਕੰਪਨੀ ਉਸ ਦਿਨ ਦੀ ਘਟਨਾ ਦੀ ਵੀਡੀਓ ਵੇਖ ਕੇ ਸੱਚ ਦਾ ਨਿਤਾਰਾ ਕਰੇ ਤੇ ਸਿੱਖ ਜੋੜੇ ਤੋਂ ਮੁਆਫੀ ਮੰਗ ਕੇ ਅੱਗੇ ਤੋਂ ਸਿੱਖਾਂ ਨਾਲ ਵਿਤਕਰੇ ਵਾਲੀ ਆਪਣੀ ਨੀਤੀ ਵਿਚ ਤਬਦੀਲੀ ਕਰੇ। ਦੂਜੇ ਪਾਸੇ ਕੰਪਨੀ ਨੇ ਕਿਹਾ ਹੈ ਕਿ ਇਹ ਸੁਰੱਖਿਆ ਦਾ ਮਾਮਲਾ ਹੈ, ਇਸ ਲਈ ਇਸ 'ਤੇ ਕੋਈ ਸਮਝੌਤਾ ਨਹੀਂ ਹੋ ਸਕਦਾ। ਉਨ੍ਹਾਂ ਕਿਹਾ ਹੈ ਕਿ ਮਨਜੋਤ ਸਿੰਘ ਨੇ ਸਾਢੇ ਪੰਜ ਇੰਚ ਲੰਮੀ ਕਿਰਪਾਨ ਪਾਈ ਹੋਈ ਸੀ ਜੋ ਨਿਯਮਾਂ ਦੀ ਉਲੰਘਣਾ ਹੈ।

# ਕਨਿਸ਼ਕ ਕਾਂਡ ਦੇ ਪੀੜਤਾਂ ਦਾ ਦਰਦ ਬਿਆਨ

**ਸਰੀ:** 23 ਜੂਨ, 1985 ਵਿਚ ਏਅਰ ਇੰਡੀਆ ਦੇ ਕਨਿਸ਼ਕ ਜਹਾਜ਼ ਨੂੰ ਬੰਬ ਨਾਲ ਉਡਾਉਣ ਕਾਰਨ ਮਾਰੇ ਗਏ ਲੋਕਾਂ ਦੇ ਪਰਿਵਾਰਾਂ ਦਾ ਦਰਦ ਬਿਆਨ ਕਰਦੀ ਪੁਸਤਕ 'ਨਫਰਤ ਸੰਗ ਪਿਆਰ ਦੀ ਜੰਗ' ਸਰੀ ਦੇ ਸਾਲਾਨਾ ਪੰਜਾਬੀ ਪੁਸਤਕ ਮੇਲੇ ਵਿਚ ਰਿਲੀਜ਼ ਕੀਤੀ ਗਈ। ਧਮਾਕੇ ਵਿਚ 331 ਜਾਨਾਂ ਗਈਆਂ ਸਨ। ਮੂਲ ਰੂਪ ਵਿਚ ਇਹ ਪੁਸਤਕ ਅੰਗਰੇਜ਼ੀ ਵਿਚ ਗੁਰਨੀਤ ਸਿੰਘ ਨੇ ਲਿਖੀ ਹੈ। ਅੰਗਰੇਜ਼ੀ ਵਿਚ ਲਿਖੀ ਗਈ 'ਫਾਈਟਿੰਗ ਹੇਟਰਡ ਵਿਦ ਲਵ: ਵਾਈਸ ਆਫ ਦਿ ਏਅਰ ਇੰਡੀਆ ਵਿਕਟਿਮਜ਼ ਫੈਮਿਲੀਜ਼' ਦਾ ਪੰਜਾਬੀ ਵਿਚ ਤਰਜਮਾਂ ਪਵਨ ਗੁਲਾਟੀ ਨੇ ਕੀਤਾ ਹੈ।

ਪੁਸਤਕ ਨੂੰ ਭਾਰਤ ਵਿਚਲੇ ਚੇਤਨ-ਪ੍ਰਕਾਸ਼ਕ ਨੇ ਛਾਪਿਆ ਹੈ। ਇਹ ਪੁਸਤਕ ਖਾਲਸਾ ਦੀਵਾਨ ਸੁਸਾਇਟੀ ਦੇ ਮੀਤ ਪ੍ਰਧਾਨ ਮੇਜਰ ਸਿੰਘ ਸਿੱਧੂ ਨੇ ਰਿਲੀਜ਼ ਕੀਤੀ। ਸ. ਸਿੱਧੂ ਵੀ ਇਸ ਹਾਦਸੇ ਦਾ ਦਰਦ ਦਿਲ ਵਿਚ ਸਮੋਈ ਬੈਠੇ ਹਨ ਕਿਉਂਕਿ ਉਨ੍ਹਾਂ ਦੀ ਭੈਣ, ਭਤੀਜੀ ਤੇ ਭਤੀਜਾ ਹਾਦਸੇ ਵਿਚ ਮਾਰੇ ਗਏ ਸਨ। ਇਨ੍ਹਾਂ ਦੋਵਾਂ ਦਾ ਦਰਦ ਵੀ ਦੇਖਿਆ ਨਹੀਂ ਜਾ ਸਕਦਾ ਕਿਉਂਕਿ ਹਾਦਸੇ ਵਿਚ ਇਨ੍ਹਾਂ ਦੀਆਂ ਪਤਨੀਆਂ ਤੇ ਬੱਚੇ ਇਨ੍ਹਾਂ ਤੋਂ ਸਦਾ ਲਈ ਵਿਛੜ ਗਏ ਸਨ।

# ਸੁਰਜੀਤ ਪਾਤਰ ਨੂੰ ਬਣਾਇਆ ਪ੍ਰੋਫੈਸਰ ਆਫ ਐਮੀਨੈਂਸ

**ਫ਼ਤਹਿਗੜ੍ਹ ਸਾਹਿਬ:** ਪੰਜਾਬੀ ਦੇ ਮਕਬੂਲ ਸ਼ਾਇਰ ਡਾ. ਸੁਰਜੀਤ ਸਿੰਘ ਪਾਤਰ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਚ ਪੰਜਾਬੀ ਦੇ 'ਪ੍ਰੋਫੈਸਰ ਆਫ ਐਮੀਨੈਂਸ' ਵਜੋਂ ਅਹੁਦਾ ਸੰਭਾਲਿਆ। ਉਪ ਕੁਲਪਤੀ ਡਾ. ਗੁਰਮੋਹਨ ਸਿੰਘ ਵਾਲੀਆ ਨੇ ਡਾ. ਪਾਤਰ ਦੀ ਯੂਨੀਵਰਸਿਟੀ ਫੈਕਲਟੀ ਵਿਚ ਨਿਯੁਕਤੀ ਦਾ ਸਵਾਗਤ ਕੀਤਾ।



ਉਨ੍ਹਾਂ ਕਿਹਾ ਕਿ ਡਾ. ਪਾਤਰ ਜਿਹੀ ਸ਼ਖ਼ਸੀਅਤ ਦਾ ਯੂਨੀਵਰਸਿਟੀ ਨਾਲ ਜੁੜਨਾ ਮਾਣ ਵਾਲੀ ਗੱਲ ਹੈ। ਡਾ. ਪਾਤਰ ਪੀਐਚ.ਡੀ. ਤੇ ਐਮ.ਫਿਲ. ਦੇ ਵਿਦਿਆਰਥੀਆਂ ਨੂੰ ਗਾਈਡ ਕਰਨ ਦੇ ਨਾਲ ਨਾਲ ਐਮ.ਏ. ਪੰਜਾਬੀ ਦੀਆਂ ਕਲਾਸਾਂ ਨੂੰ ਵੀ ਪੜ੍ਹਾਉਣਗੇ। ਉਨ੍ਹਾਂ ਕਿਹਾ ਕਿ ਇਹੋ ਜਿਹੇ ਵਿਦਵਾਨਾਂ ਦੀ ਯੂਨੀਵਰਸਿਟੀ ਵਿਚ ਮੌਜੂਦਗੀ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤ ਜਿਹੇ ਵਿਸ਼ਿਆਂ ਵਿਚ ਰੁਚੀ ਲੈਣ ਲਈ ਪ੍ਰੇਰਿਤ ਕਰੇਗੀ। ਇਸ ਤੋਂ ਇਲਾਵਾ ਵਿਦਿਆਰਥੀ ਵੀ ਉਘੇ ਸਮਕਾਲੀ ਪੰਜਾਬੀ ਕਵੀ ਵੱਲੋਂ ਪੜ੍ਹਾਏ ਜਾਣ ਨਾਲ ਮਾਣ ਮਹਿਸੂਸ ਕਰਨਗੇ। ਇਸ ਮੌਕੇ ਡਾ. ਪਾਤਰ ਨੇ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਂ 'ਤੇ ਸਥਾਪਤ ਇਸ ਯੂਨੀਵਰਸਿਟੀ ਵਿਚ ਸੇਵਾ ਕਰਨ ਦਾ ਮੌਕਾ ਮਿਲਣਾ ਮਾਣ ਵਾਲੀ ਗੱਲ ਹੈ। ਡਾ. ਸੁਰਜੀਤ ਸਿੰਘ ਪਾਤਰ ਨੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਚ ਲੰਮਾ ਸਮਾਂ ਖੋਜ ਤੇ ਅਧਿਆਪਨ ਕਾਰਜ ਕੀਤਾ ਹੈ। ਛੇ ਕਾਵਿ, ਗ਼ਜ਼ਲ ਸੰਗ੍ਰਿਹ ਦੇ ਰਚੇਤਾ ਨੂੰ ਕਈ ਕੌਮੀ ਤੇ ਕੌਮਾਂਤਰੀ ਪੁਰਸਕਾਰਾਂ ਨਾਲ ਸਨਮਾਨਤ ਕੀਤਾ ਜਾ ਚੁੱਕਿਆ ਹੈ। ਇਨ੍ਹਾਂ ਵਿਚ ਸਾਹਿਤ ਅਕਾਦਮੀ ਪੁਰਸਕਾਰ 1993, ਭਾਰਤੀ ਭਾਸ਼ਾ ਪ੍ਰੀਸ਼ਦ ਪੁਰਸਕਾਰ 2000, ਸਰਸਵਤੀ ਸਨਮਾਨ 2010 ਤੇ ਪਦਮਸ੍ਰੀ ਪੁਰਸਕਾਰ 2012 ਸ਼ਾਮਲ ਹਨ। ਡਾ. ਪਾਤਰ ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵੱਲੋਂ ਡੀ.ਲਿਟ ਦੀ ਆਨਰੇਰੀ ਡਿਗਰੀ ਦਾ ਸਨਮਾਨ ਵੀ ਦਿੱਤਾ ਗਿਆ ਹੈ। ਕਾਵਿ ਸੰਗ੍ਰਿਹ ਤੋਂ ਇਲਾਵਾ ਡਾ. ਪਾਤਰ ਨੇ ਚਾਰ ਰੁਪਾਂਤਰਿਤ ਨਾਟਕ ਸਾਹਿਤ ਪ੍ਰੇਮੀਆਂ ਦੀ ਝੋਲੀ ਪਾਏ ਹਨ।

# ਪੰਜਾਬ ਸਰਕਾਰ ਦੇ ਕੰਮਕਾਜ ਵਿਚ ਅੰਗਰੇਜ਼ੀ ਦਾ ਬੋਲਬਾਲਾ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਪੰਜਾਬੀ ਭਾਸ਼ਾ ਦਾ ਵਿਕਾਸ ਕਰਨ ਲਈ ਵੱਡੇ ਵੱਡੇ ਉਪਰਾਲੇ ਕਰਨ ਦੀਆਂ ਗੱਲਾਂ ਅਕਸਰ ਕੀਤੀਆਂ ਹਨ ਪਰ ਇਨ੍ਹਾਂ ਉਪਰਾਲਿਆਂ 'ਤੇ ਸਰਕਾਰ ਖੁਦ ਕਿੰਨਾ ਖਰਾ ਉਤਰ ਰਹੀ ਹੈ, ਇਸ ਗੱਲ ਦਾ ਅੰਦਾਜ਼ਾ ਪੰਜਾਬ ਸਰਕਾਰ ਦੇ ਵੱਖ-ਵੱਖ ਵਿਭਾਗਾਂ ਦੀਆਂ ਵੈੱਬਸਾਈਟਾਂ ਦੇਖਣ ਮਗਰੋਂ ਪਤਾ ਚੱਲਦਾ ਹੈ। ਪੰਜਾਬ ਸਰਕਾਰ ਦੇ ਸੈਰ ਸਪਾਟਾ ਵਿਭਾਗ ਸਣੇ ਤਕਰੀਬਨ ਸਾਰੀਆਂ ਹੀ ਵੈੱਬਸਾਈਟਾਂ ਅੰਗਰੇਜ਼ੀ ਭਾਸ਼ਾ ਵਿਚ ਹਨ।

ਹੋਰ ਸੂਬਿਆਂ ਦੀਆਂ ਵੈਬਸਾਈਟਾਂ ਵਿਚ ਉਨ੍ਹਾਂ ਦੇ ਸੂਬੇ ਦੀ ਮੁੱਖ ਭਾਸ਼ਾ ਤੋਂ ਇਲਾਵਾ ਹੋਰ ਸੂਬਿਆਂ ਦੀਆਂ ਵੈੱਬਸਾਈਟਾਂ ਦੀਆਂ ਭਾਸ਼ਾਵਾਂ ਵੀ ਦਰਜ ਕੀਤੀਆਂ ਹੋਈਆਂ ਹਨ ਪਰ ਪੰਜਾਬ ਸਰਕਾਰ ਵੱਲੋਂ ਅੰਗਰੇਜ਼ੀ ਨੂੰ ਹੀ ਤਰਜੀਹ ਦਿੱਤੀ ਗਈ ਹੈ ਜਿਸ ਤੋਂ ਪਤਾ ਲੱਗਦਾ ਹੈ ਕੀ ਪੰਜਾਬ ਸਰਕਾਰ ਪੰਜਾਬੀ ਭਾਸ਼ਾ ਨੂੰ ਉਤਸ਼ਾਹਿਤ ਕਰਨ ਲਈ ਕਿੰਨੇ ਉਪਰਾਲੇ ਕਰ ਰਹੀ ਹੈ।

ਪੰਜਾਬ ਸਰਕਾਰ ਦੇ ਸੈਰ ਸਪਾਟਾ ਵਿਭਾਗ




ਸਣੇ ਖੁਰਾਕ ਤੇ ਸਿਵਲ ਸਪਲਾਈ, ਪੰਜਾਬ ਸਟੇਟ ਲਾਟਰੀ ਵਿਭਾਗ, ਉਦਯੋਗ ਤੇ ਸਨਅਤ, ਰੁਜ਼ਗਾਰ ਤੇ ਸਿਖਲਾਈ ਵਿਭਾਗ, ਸਿੰਜਾਈ ਵਿਭਾਗ, ਐਕਸਾਈਜ਼ ਤੇ ਟੈਕਸਟੇਸ਼ਨ ਵਿਭਾਗ, ਲੇਬਰ ਵਿਭਾਗ, ਮਾਡਾ, ਵਾਟਰ ਸਪਲਾਈ ਤੇ ਸੀਵਰੇਜ ਵਿਭਾਗ, ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਇਲਾਵਾ ਤਕਰੀਬਨ ਸਾਰੀਆਂ ਹੀ ਵੈਬਸਾਈਟਾਂ ਅੰਗਰੇਜ਼ੀ ਵਿਚ ਹਨ। ਗੁਜਰਾਤ ਸੈਰ ਸਪਾਟਾ ਵਿਭਾਗ ਵੱਲੋਂ ਆਪਣੀ ਭਾਸ਼ਾ ਤੋਂ ਇਲਾਵਾ ਹੋਰ ਸੂਬਿਆਂ ਦੀਆਂ ਭਾਸ਼ਾਵਾਂ ਵੀ ਆਪਣੀ ਵੈੱਬਸਾਈਟਾਂ ਵਿਚ ਦਰਜ ਕੀਤੀਆਂ ਹਨ ਤਾਂ ਕਿ ਹੋਰ ਭਾਸ਼ਾ ਜਾਣਨ ਵਾਲੇ ਉਨ੍ਹਾਂ ਦੇ ਸੂਬੇ ਦੀ ਵੈੱਬਸਾਈਟ ਦੀ ਸਹੂਲਤ ਦਾ ਫ਼ਾਇਦਾ ਉਠਾ ਸਕਣ।

ਸਰਕਾਰ ਦੇ ਸਭ ਤੋਂ ਅਹਿਮ ਵਿਭਾਗ ਵਿੱਤ ਦੀ ਵੈੱਬਸਾਈਟ ਹੀ ਇੰਨੀ ਦਿਨੀਂ ਬੰਦ ਪਈ ਹੈ। ਇਕ ਪਾਸੇ ਪੰਜਾਬ ਸਰਕਾਰ ਵੱਲੋਂ ਚੰਡੀਗੜ੍ਹ ਵਿਚ ਪੰਜਾਬੀ ਭਾਸ਼ਾ ਨੂੰ ਲਾਗੂ ਕਰਾਉਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ ਦੂਜੇ ਪਾਸੇ ਪੰਜਾਬੀ ਦੀ ਜਗ੍ਹਾ ਅੰਗਰੇਜ਼ੀ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਇਸ ਬਾਰੇ ਜਦੋਂ ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਇਹ ਗੱਲ ਬਿਲਕੁਲ ਸਹੀ ਹੈ ਤੇ ਸਰਕਾਰ ਨੂੰ ਪੰਜਾਬੀ ਭਾਸ਼ਾ ਦਾ ਵਿਕਾਸ ਕਰਨ ਲਈ ਇਸ ਪਾਸੇ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕੀ ਉਹ ਖੁਦ ਵੀ ਮੁੱਖ ਮੰਤਰੀ ਪੰਜਾਬ ਦੇ ਧਿਆਨ ਵਿਚ ਇਹ ਗੱਲ ਲੈ ਕੇ ਆਉਣਗੇ।

## ਖ਼ਾਲਸਾ ਕਾਲਜ ਬਣਿਆ ਖੁਦਮੁਖ਼ਤਿਆਰ

**ਅੰਮ੍ਰਿਤਸਰ:** ਇਥੇ ਸਥਿਤ ਖ਼ਾਲਸਾ ਕਾਲਜ ਨੂੰ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ (ਯੂ.ਜੀ.ਸੀ.) ਤੋਂ ਖੁਦਮੁਖ਼ਤਿਆਰ ਸੰਸਥਾ ਦਾ ਰੁਤਬਾ ਪ੍ਰਾਪਤ ਹੋਇਆ ਹੈ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਨਾਲ ਸਬੰਧਤ ਰਾਜ ਭਰ ਵਿਚੋਂ ਪਹਿਲਾ ਕਾਲਜ ਹੈ ਜਿਸ ਨੂੰ ਇਹ ਮਾਣ ਪ੍ਰਾਪਤ ਹੋਇਆ ਹੈ। ਖ਼ਾਲਸਾ ਕਾਲਜ ਦੀ ਗਵਰਨਿੰਗ ਕੌਂਸਲ ਦੇ ਪ੍ਰਧਾਨ ਸੱਤਿਆਜੀਤ ਸਿੰਘ ਮਜੀਠੀਆ ਨੇ ਦੱਸਿਆ ਕਿ ਕਾਲਜ ਦੀਆਂ ਵਿਦਿਅਕ ਪ੍ਰਾਪਤੀਆਂ, ਗੌਰਵਮਈ ਇਤਿਹਾਸ ਤੇ ਵਿੱਦਿਆ ਦੇ ਖ਼ੇਤਰ ਵਿਚ ਪਾਏ ਯੋਗਦਾਨ ਨੂੰ ਮਾਨਤਾ ਦਿੰਦਿਆਂ ਯੂ.ਜੀ.ਸੀ. ਨੇ ਸੰਸਥਾ ਨੂੰ ਖੁਦਮੁਖ਼ਤਿਆਰ ਸੰਸਥਾ ਦਾ ਰੁਤਬਾ ਦਿੱਤਾ ਹੈ।

ਇਸ ਰੁਤਬੇ ਤੋਂ ਬਾਅਦ ਕਾਲਜ ਅਕਾਦਮਿਕ ਤੌਰ 'ਤੇ ਆਜ਼ਾਦ ਰੂਪ ਵਿਚ ਕੰਮ ਕਰੇਗਾ। ਹੁਣ ਨਵੇਂ ਕੋਰਸ ਸ਼ੁਰੂ ਕਰਨੇ, ਕੋਰਸਾਂ ਦੀ ਗਿਣਤੀ ਵਧਾਉਣੀ, ਸਿਲੇਬਸ ਸੈਟ ਕਰਨਾ, ਪ੍ਰੀਖਿਆਵਾਂ ਲੈਣੀਆਂ ਆਦਿ ਅਧਿਕਾਰ ਕਾਲਜ ਕੋਲ ਹੋਣਗੇ। ਉਨ੍ਹਾਂ ਦੱਸਿਆ ਕਿ ਇਹ ਦਰਜਾ ਯੂ.ਜੀ.ਸੀ. ਦੀ ਨਵੀਂ ਸਕੀਮ ਜਿਸ ਵਿਚ ਦੇਸ਼ ਭਰ ਦੇ ਇਤਿਹਾਸਕ ਕਾਲਜਾਂ ਨੂੰ ਖੁਦਮੁਖ਼ਤਿਆਰ ਬਣਾਉਣ ਲਈ ਕਦਮ ਚੁੱਕੇ ਗਏ ਹਨ, ਤਹਿਤ ਪ੍ਰਵਾਨ ਹੋਇਆ।

# ਗਦਰ ਦੀ ਸਪਿਰਟ ਅਮਰ ਰਹੇ!

***ਪਾਰਟੀ ਵਿਚ ਬੇਸ਼ੱਕ ਵੱਡੀ ਗਿਣਤੀ ਸਿੱਖਾਂ ਦੀ ਹੀ ਸੀ, ਵੈਨਕੂਵਰ ਅਤੇ ਸਟਾਕਟਨ ਦੇ ਗੁਰਦੁਆਰੇ ਇਸ ਦੇ ਕੇਂਦਰ ਬਿੰਦੂ ਰਹੇ ਸਨ, ਫਿਰ ਵੀ ਇਹਦਾ ਮੂਲ ਸਰੂਪ ਧਰਮ ਨਿਰਪੇਖਤਾ ਹੀ ਸੀ। ਧਾਰਮਿਕ ਅਕੀਦਿਆਂ ਨੂੰ ਪੂਰੀ ਤਰ੍ਹਾਂ ਜਾਤੀ ਕਰਾਰ ਦਿੱਤਾ ਗਿਆ ਜਿਨ੍ਹਾਂ ਦਾ ਪਾਰਟੀ ਦੇ ਕੰਮ-ਕਾਜ 'ਤੇ ਕੋਈ ਅਸਰ ਨਹੀਂ ਸੀ ਪੈਣ ਦਿੱਤਾ ਜਾਂਦਾ। ਰੂੜੀਵਾਦ ਦੇ ਉਸ ਜ਼ਮਾਨੇ ਵਿਚ ਵੀ ਸਾਰੇ ਸਾਂਝੇ ਲੰਗਰ ਵਿਚੋਂ ਰੋਟੀ ਖਾਂਦੇ ਸਨ। 'ਯੁਗਾਂਤਰ ਆਸ਼ਰਮ' ਵਿਚ ਕੁੱਲ ਵਕਤੀ ਤੌਰ 'ਤੇ ਰਹਿਣ ਵਾਲੇ ਕਾਰਕੁਨਾਂ ਨੂੰ ਕੋਈ ਤਨਖਾਹ ਨਹੀਂ ਸੀ ਮਿਲਦੀ, ਸਿਰਫ਼ ਇਕ ਡਾਲਰ ਪ੍ਰਤੀ ਦਿਨ ਦੇ ਹਿਸਾਬ ਨਾਲ ਜੇਬ ਖਰਚ ਦਿੱਤਾ ਜਾਂਦਾ ਸੀ। ਆਪਣੀ ਆਤਮ ਕਥਾ 'ਜੀਵਨ ਸੰਗਰਾਮ' ਵਿਚ ਬਾਬਾ ਸੋਹਣ ਸਿੰਘ ਭਕਨਾ ਨੇ ਲਿਖਿਆ ਹੈ ਕਿ ਇਕ ਵਾਰ ਆਇਰਲੈਂਡ ਦੇ ਇਨਕਲਾਬੀ ਉੱਥੇ ਠਹਿਰੇ, ਉਨ੍ਹਾਂ ਨੇ ਸਾਡਾ ਖਾਣਾ ਦੇਖਿਆ ਤਾਂ ਉਨ੍ਹਾਂ ਨੂੰ ਇਹ ਕਰਿਸ਼ਮਾ ਜਿਹਾ ਲੱਗਿਆ ਤੇ ਉਨ੍ਹਾਂ ਭਵਿੱਖਵਾਣੀ ਕੀਤੀ ਕਿ ਸਾਡੀ ਆਜ਼ਾਦੀ ਦੇ ਦਿਨ ਹੁਣ ਬਹੁਤੇ ਦੂਰ ਨਹੀਂ।***

"ਇਸ ਸਦੀ ਦੇ ਮੁੱਢਲੇ ਸਾਲਾਂ ਦੌਰਾਨ ਕੈਨੇਡਾ ਤੇ ਅਮਰੀਕਾ ਦੇ ਪੱਛਮੀ ਤੱਟ 'ਤੇ ਵਸੇ ਹਜ਼ਾਰਾਂ ਭਾਰਤੀਆਂ ਨੇ ਯੁੱਧ ਦਾ ਬਿਗਲ ਵਜਾ ਦਿੱਤਾ...

"1857 ਦੇ ਗ਼ਦਰ ਨੂੰ ਸਤਵੰਜਾ ਵਰ੍ਹੇ ਹੋ ਚੁੱਕੇ ਹਨ ਅਤੇ ਇਕ ਹੋਰ ਬਗਾਵਤ ਦੀ ਸਖ਼ਤ ਜ਼ਰੂਰਤ ਹੈ।...

"ਅੱਜ ਅਸੀਂ ਅੰਗਰੇਜ਼ੀ ਰਾਜ ਦੇ ਖ਼ਿਲਾਫ਼ ਯੁੱਧ ਸ਼ੁਰੂ ਕਰ ਰਹੇ ਹਾਂ।...

ਤੁਹਾਡਾ ਨਾਅਰਾ ਕੀ ਹੈ?
ਗ਼ਦਰ
ਤੁਹਾਡਾ ਕੰਮ ਕੀ ਹੈ?
ਗ਼ਦਰ

ਗ਼ਦਰ ਪਾਰਟੀ ਦੇ ਅਖ਼ਬਾਰ 'ਗ਼ਦਰ' ਨੇ 1914 ਵਿਚ ਇਹ 'ਐਲਾਨ-ਏ-ਜੰਗ' ਨਸ਼ਰ ਕੀਤਾ। ਅਮਰੀਕਾ ਵਿਚ ਵਸੇ ਹਜ਼ਾਰਾਂ ਭਾਰਤੀਆਂ ਉੱਤੇ ਇਸ ਦਾ ਫੌਰੀ ਤੌਰ 'ਤੇ ਅਸਰ



**ਮਲਵਿੰਦਰਜੀਤ ਸਿੰਘ ਵੜੈਚ**
**ਫੋਨ: 0172-2556314**

ਹੋਇਆ। ਅਮਰੀਕਾ ਆਉਣ ਦੇ ਮੁੱਖ ਮਕਸਦ, ਭਾਵ ਡਾਲਰਾਂ ਦੀ ਖ਼ੂਨ-ਪਸੀਨੇ ਨਾਲ ਕਮਾਈ-ਖੱਟੀ ਨੂੰ ਲੱਤ ਮਾਰ ਕੇ, ਤੇ ਸ਼ਹੀਦੀ ਬਾਣੇ ਪਾ ਕੇ, ਹੇਠ ਲਿਖਿਆ ਗੀਤ ਗਾਉਂਦੇ ਹੋਏ ਦੇਸ਼ ਨੂੰ ਕੂਚ ਕਰ ਗਏ:

ਚਲੋ ਚੱਲੀਏ ਦੇਸ਼ ਨੂੰ ਯੁੱਧ ਕਰਨ
ਏਹੋ ਆਖਰੀ ਬਚਨ ਫਰਮਾਨ ਹੋ ਗਏ।

ਕੀ ਇਹ ਵੱਡੇ ਅਸਚਰਜ ਦੀ ਗੱਲ ਨਹੀਂ ਕਿ ਜਿੱਥੇ ਉਹ ਪਹਿਲਾਂ ਹਾਉਕੇ ਭਰਦੇ ਤੇ ਝੂਰਦੇ ਸਨ:

ਦੇਸ਼ ਪੈਣ ਧੱਕੇ, ਪਰਦੇਸ ਮਿਲੇ ਢੋਈ ਨਾ
ਸਾਡਾ ਪਰਦੇਸੀਆਂ ਦਾ ਦੇਸ ਕੋਈ ਨਾ।

ਹੁਣ ਇਹ ਅੱਧੇ-ਪੜ੍ਹੇ ਪੇਂਡੂ ਜਿਨ੍ਹਾਂ 'ਚੋਂ ਕਈ ਸਾਬਕਾ ਫੌਜੀ ਸਨ, ਕਿਵੇਂ ਅਚਾਨਕ 'ਸੁਨਾਮੀ' ਵਾਂਗ ਉਠ ਖੜ੍ਹੇ ਹੋਏ? ਨਿਸ਼ਚੇ ਹੀ ਇਹ ਕੋਈ ਅਚਾਨਕ ਜਾਂ ਇਤਫਾਕੀਆ ਘਟਨਾ ਨਹੀਂ ਸੀ, ਬਲਕਿ ਵਿਸ਼ੇਸ਼ ਹਾਲਾਤ ਨੇ ਹੀ ਉਨ੍ਹਾਂ ਨੂੰ ਮਜਬੂਰ ਕੀਤਾ ਕਿ ਉਨ੍ਹਾਂ ਅਮਰੀਕਾ ਵਿਚਲੀ ਆਪਣੀ ਤਰਸਯੋਗ ਹਾਲਤ ਨੂੰ 'ਰੱਬ ਦਾ ਭਾਣਾ' ਮੰਨਣ ਦੀ ਬਜਾਏ, ਆਪਣੇ ਦੇਸ਼ ਦੀ ਗੁਲਾਮੀ ਨੂੰ ਇਸ ਲਈ ਜ਼ਿੰਮੇਵਾਰ ਸਮਝ ਲਿਆ; ਪਰ ਜਿੰਨੀ ਦੇਰ ਤੱਕ ਹਾਲਾਤ ਦਾ ਡਟ ਕੇ ਮੁਕਾਬਲਾ ਕਰਨ ਦੀ ਚਾਹਨਾ ਇਹਦੇ ਨਾਲ ਜੁੜੀ ਹੋਈ ਨਾ ਹੋਵੇ, ਘੋਰ ਨਿਰਾਸ਼ਾ ਤਾਂ ਸਿਰਫ਼ ਹੌਸਲਾ ਤੋੜ ਸਕਦੀ ਹੈ ਅਤੇ ਸੰਘਰਸ਼ ਚੜ੍ਹਦੀ ਕਲਾ 'ਚ ਹੀ ਵਿੱਢਿਆ ਜਾਂਦੈ।

ਇਕ ਤਰ੍ਹਾਂ ਨਾਲ ਇਹ 'ਸੂਝ-ਬੂਝ' ਅਤੇ 'ਬਹਾਦਰੀ' ਦਾ ਸੁਮੇਲ ਹੀ ਸੀ ਜਿਸ ਸਦਕਾ ਅਜਿਹਾ ਕ੍ਰਿਸ਼ਮਾ ਸੰਭਵ ਹੋ ਸਕਿਆ। ਮਸ਼ਹੂਰ ਬੁੱਧੀਜੀਵੀ ਅਤੇ ਗ਼ਦਰ ਪਾਰਟੀ ਦੇ ਪਹਿਲੇ ਜਨਰਲ ਸਕੱਤਰ ਲਾਲਾ ਹਰਦਿਆਲ ਬਾਰੇ ਐਨ ਢੁੱਕਵਾਂ ਟੋਟਕਾ ਹੈ: ਸਾਨ ਫ਼ਰਾਂਸਿਸਕੋ ਦੀ ਵੁੱਡ ਸਟਰੀਟ ਵਿਚਲੇ ਪਾਰਟੀ ਦਫਤਰ 'ਯੁਗਾਂਤਰ ਆਸ਼ਰਮ' ਵਿਚ ਆਪਣੇ ਸਾਥੀ ਗ਼ਦਰੀਆਂ ਨਾਲ ਇਕ ਵਾਰ ਉਨ੍ਹਾਂ ਨੇ ਆਪਣੇ ਧੁਰ ਅੰਦਰਲੇ ਅਨੁਭਵ ਸਾਂਝੇ ਕਰਦਿਆਂ ਕਿਹਾ:

"ਆਪਣੀ ਜ਼ਿੰਦਗੀ ਦਾ ਬਿਹਤਰੀਨ ਹਿੱਸਾ ਪੜ੍ਹਾਈ 'ਚ ਗੁਜ਼ਾਰ ਕੇ ਮੈਂ ਇਸ ਨਤੀਜੇ 'ਤੇ ਪਹੁੰਚਿਆ ਹਾਂ ਕਿ 'ਗ਼ਦਰ' ਹੀ ਸਭ ਤੋਂ ਲੋੜੀਂਦਾ ਕਾਰਜ ਹੈ ਪਰ ਮੈਂ ਹੁਣ ਕੁਝ ਵੀ ਕਰਨ ਲਈ ਸਰੀਰਕ ਤੌਰ 'ਤੇ ਬਹੁਤ ਕਮਜ਼ੋਰ ਹੋ ਚੁੱਕਿਆ ਹਾਂ, ਜਦਕਿ ਤੁਸੀਂ ਲੋਕਾਂ ਨੇ ਫੈਕਟਰੀਆਂ ਅਤੇ ਖੇਤਾਂ ਵਿਚ ਕੰਮ ਕਰਦੇ ਹੋਏ ਇਹ ਸਬਕ ਸਿਖਿਆ ਹੈ ਅਤੇ ਤੁਹਾਡੇ ਵਿਚ ਇਸ ਨੂੰ ਨੇਪਰੇ ਚੜ੍ਹਾਉਣ ਲਈ ਸਰੀਰਕ ਸ਼ਕਤੀ ਹੂ-ਬ-ਹੂ ਉਸੇ ਤਰ੍ਹਾਂ ਕਾਇਮ ਹੈ; ਤੁਸੀਂ ਮਹਾਨ ਹੋ।"

1857 ਦੇ 'ਗ਼ਦਰ ਨੂੰ ਦੁਹਰਾਉਣ' ਦਾ ਨਾਅਰਾ ਉਨ੍ਹਾਂ ਸਭ ਦੀ ਪਕੜ ਵਿਚ ਸੀ, ਜੋ ਇਹ ਲੋਕਾਂ ਤੇ ਫੌਜਾਂ ਦੇ ਸਾਂਝੇ ਸੰਘਰਸ਼ ਦਾ ਪ੍ਰਤੀਕ ਸੀ। '1857' ਨੂੰ ਸੁਤੰਤਰਤਾ ਦੀ ਪਹਿਲੀ ਲੜਾਈ ਵਜੋਂ ਦਰਸਾਉਂਦੀ ਹੋਈ, ਵੀਰ ਸਾਵਰਕਰ ਦੀ ਪੁਸਤਕ ਉਨ੍ਹਾਂ ਕੋਲ ਮੌਜੂਦ ਸੀ। ਇਸ ਪੁਸਤਕ ਦੀਆਂ ਟੂਕਾਂ 'ਗ਼ਦਰ' ਅਖ਼ਬਾਰ ਵਿਚ ਲਗਾਤਾਰ ਲੜੀਵਾਰ ਪ੍ਰਕਾਸ਼ਿਤ ਹੁੰਦੀਆਂ ਸਨ।

ਇਹ ਗੱਲ ਮਹੱਤਵਪੂਰਨ ਹੈ ਕਿ ਬੇਸ਼ਕ ਮਾਰਚ 1913 ਵਿਚ ਆਪਣੇ ਵੇਲੇ ਪਾਰਟੀ ਦਾ ਨਾਮ 'ਹਿੰਦੀ ਐਸੋਸੀਏਸ਼ਨ ਆਫ਼ ਪੈਸੀਫਿਕ ਕੋਸਟ' ਰੱਖਿਆ ਗਿਆ ਸੀ, ਪਰ ਇਹ ਮਸ਼ਹੂਰ 'ਗ਼ਦਰ ਪਾਰਟੀ' ਵਜੋਂ ਹੀ ਹੋਈ। ਇਸ ਦਾ ਪਹਿਲਾ ਕਾਰਨ ਇਹ ਸੀ ਕਿ ਇਸ ਦੇ ਬੁਲਾਰੇ ਅਖ਼ਬਾਰ ਦਾ ਨਾਂ 'ਗਦਰ' ਰੱਖਿਆ ਗਿਆ ਅਤੇ ਦੂਜਾ ਕਾਰਨ ਇਹ ਸੀ ਕਿ ਇਸ ਦੀ ਵਿਚਾਰਧਾਰਾ ਹੀ 'ਗਦਰ' ਸੀ। ਬਾਬਾ ਸੋਹਨ ਸਿੰਘ ਭਕਨਾ ਇਸ ਦੇ ਸੰਸਥਾਪਕ ਪ੍ਰਧਾਨ ਥਾਪੇ ਗਏ, ਬਾਬਾ ਕੇਸਰ ਸਿੰਘ ਠੱਠਗੜ੍ਹ ਉਪ-ਪ੍ਰਧਾਨ, ਲਾਲਾ ਹਰਦਿਆਲ ਜਨਰਲ ਸਕੱਤਰ (ਉਨ੍ਹਾਂ ਤੋਂ ਬਾਅਦ ਮਾਰਚ 1914 ਤੋਂ ਭਾਈ ਸੰਤੋਖ ਸਿੰਘ) ਅਤੇ ਸ਼ਹੀਦ ਕਾਂਸ਼ੀ ਰਾਮ ਮੜੌਲੀ ਖਜ਼ਾਨਚੀ ਬਣਾਏ ਗਏ।

ਪਾਰਟੀ ਵਿਚ ਬੇਸ਼ੱਕ ਵੱਡੀ ਗਿਣਤੀ ਸਿੱਖਾਂ ਦੀ ਹੀ ਸੀ, ਵੈਨਕੂਵਰ ਅਤੇ ਸਟਾਕਟਨ ਦੇ ਗੁਰਦੁਆਰੇ ਇਸ ਦੇ ਕੇਂਦਰ ਬਿੰਦੂ ਰਹੇ ਸਨ, ਫਿਰ ਵੀ ਇਹਦਾ ਮੂਲ ਸਰੂਪ ਧਰਮ ਨਿਰਪੇਖਤਾ ਹੀ ਸੀ। ਧਾਰਮਿਕ ਅਕੀਦਿਆਂ ਨੂੰ ਪੂਰੀ ਤਰ੍ਹਾਂ ਜਾਤੀ ਕਰਾਰ ਦਿੱਤਾ ਗਿਆ ਜਿਨ੍ਹਾਂ ਦਾ ਪਾਰਟੀ ਦੇ ਕੰਮ-ਕਾਜ 'ਤੇ ਕੋਈ ਅਸਰ ਨਹੀਂ ਸੀ ਪੈਣ ਦਿੱਤਾ ਜਾਂਦਾ। ਰੂੜੀਵਾਦ ਦੇ ਉਸ ਜ਼ਮਾਨੇ ਵਿਚ ਵੀ ਸਾਰੇ ਸਾਂਝੇ ਲੰਗਰ ਵਿਚੋਂ ਰੋਟੀ ਖਾਂਦੇ ਸਨ। 'ਯੁਗਾਂਤਰ ਆਸ਼ਰਮ' ਵਿਚ ਕੁੱਲ ਵਕਤੀ ਤੌਰ 'ਤੇ ਰਹਿਣ ਵਾਲੇ ਕਾਰਕੁਨਾਂ ਨੂੰ ਕੋਈ ਤਨਖਾਹ ਨਹੀਂ ਸੀ ਮਿਲਦੀ, ਸਿਰਫ਼ ਇਕ ਡਾਲਰ ਪ੍ਰਤੀ ਦਿਨ ਦੇ ਹਿਸਾਬ ਨਾਲ ਜੇਬ ਖਰਚ ਦਿੱਤਾ ਜਾਂਦਾ ਸੀ। ਆਪਣੀ ਆਤਮ ਕਥਾ 'ਜੀਵਨ ਸੰਗਰਾਮ' ਵਿਚ ਬਾਬਾ ਸੋਹਣ ਸਿੰਘ ਭਕਨਾ ਨੇ ਲਿਖਿਆ ਹੈ ਕਿ ਇਕ ਵਾਰ ਆਇਰਲੈਂਡ ਦੇ ਇਨਕਲਾਬੀ ਉੱਥੇ ਠਹਿਰੇ, ਉਨ੍ਹਾਂ ਨੇ ਸਾਡਾ ਖਾਣਾ ਦੇਖਿਆ ਤਾਂ ਉਨ੍ਹਾਂ ਨੂੰ ਇਹ ਕਰਿਸ਼ਮਾ ਜਿਹਾ ਲੱਗਿਆ ਤੇ ਉਨ੍ਹਾਂ ਭਵਿੱਖਵਾਣੀ ਕੀਤੀ ਕਿ ਸਾਡੀ ਆਜ਼ਾਦੀ ਦੇ ਦਿਨ ਹੁਣ ਬਹੁਤੇ ਦੂਰ ਨਹੀਂ।

ਯੁੱਧ ਦਾ ਜੈਕਾਰਾ 'ਬੰਦੇ ਮਾਤਰਮ' ਸੀ ਜਿਸ ਨੂੰ ਬੰਕਮ ਚੰਦਰ ਚੈਟਰਜੀ ਦੇ ਪ੍ਰਸਿੱਧ ਬੰਗਾਲੀ ਨਾਵਲ ਤੋਂ ਲਿਆ ਗਿਆ ਸੀ। ਇਸ ਦਾ ਅਰਥ ਹੈ 'ਮਾਤਾ ਤੈਨੂੰ ਪ੍ਰਣਾਮ'। ਇਹ ਨਾਅਰਾ 'ਗ਼ਦਰ' ਅਖਬਾਰ ਦੇ ਮੁੱਖ ਪੰਨੇ ਦੇ ਉਪਰਲੇ ਕੋਨਿਆਂ 'ਤੇ ਛਾਪਿਆ ਜਾਂਦਾ ਸੀ ਤੇ ਇਹੀ ਗ਼ਦਰੀਆਂ ਦੀ ਆਪਸੀ 'ਨਮਸਕਾਰ' ਸੀ। ਵਿਚਕਾਰ ਗੁਰੂ ਨਾਨਕ ਦੇਵ ਜੀ ਦੀ ਪਵਿੱਤਰ ਬਾਣੀ ਦੀਆਂ ਪ੍ਰਸਿੱਧ ਤੁਕਾਂ ਛਾਪੀਆਂ ਜਾਂਦੀਆਂ ਸਨ:

ਜਉ ਤਉ ਪ੍ਰੇਮ ਖੇਲਣ ਦਾ ਚਾਉ
ਸਿਰੁ ਧਰੁ ਤਲੀ ਗਲੀ ਮੋਰੀ ਆਉ।

ਇਹ ਵੀ ਬਹੁਤ ਮਹੱਤਵਪੂਰਨ ਹੈ ਕਿ ਗ਼ਦਰੀ ਆਪਣੀ ਮੋਟੀ ਠੁੱਲ੍ਹੀ ਤੇ ਸਿੱਧੀ-ਪੱਧਰੀ ਬੋਲੀ ਵਿਚ ਜੋ ਕਵਿਤਾ ਰਚਦੇ ਸਨ, ਉਸ ਨੂੰ ਗੁੰਮਨਾਮ 'ਗ਼ਦਰ' ਅਖ਼ਬਾਰ ਵਿਚ ਛਾਪਿਆ ਜਾਂਦਾ ਸੀ। ਬਾਅਦ ਵਿਚ ਇਸ ਕਵਿਤਾ ਨੂੰ 'ਗ਼ਦਰ ਦੀ ਗੂੰਜ' ਨਾਮ ਦੇ ਸੰਗ੍ਰਹਿ ਵਿਚ ਇਕੱਤਰ ਕਰ ਕੇ ਲੜੀਵਾਰ ਪ੍ਰਕਾਸ਼ਿਤ ਕੀਤਾ ਗਿਆ। ਇਤਿਹਾਸ 'ਚ ਕਦੇ ਵੀ 'ਕਵਿਤਾ' ਨੇ ਅਜਿਹਾ ਚਮਤਕਾਰ ਨਹੀਂ ਕੀਤਾ ਹੋਣਾ ਜੋ ਇਸ ਨੇ ਕਰ ਦਿਖਾਇਆ ਸੀ। ਲਗਪਗ ਹਰ ਗ਼ਦਰੀ ਅਜਿਹੀਆਂ ਕਵਿਤਾਵਾਂ ਕੰਠ ਕਰ ਕੇ, ਗਾ ਕੇ ਜਾਂ ਵੈਸੇ ਹੀ ਸਰੋਤਿਆਂ ਨੂੰ ਸੁਣਾਉਂਦਾ ਤੇ ਇਹ 'ਅੱਗ ਉਗਲਣ' ਵਰਗੀ ਹੀ ਕਿਰਿਆ ਸੀ। ਭਾਸ਼ਨ ਕਲਾ ਤੋਂ ਵਾਂਝਿਆਂ ਲਈ, ਅਜਿਹੀ ਕਵਿਤਾ ਪੇਂਡੂ ਲੋਕਾਂ, ਬੈਰਕਾਂ ਵਿਚਲੇ ਸਿਪਾਹੀਆਂ ਤੇ ਸਕੂਲ ਵਿਦਿਆਰਥੀਆਂ ਨੂੰ ਗ਼ਦਰ ਹਿੱਤ ਪ੍ਰੇਰਣ ਲਈ ਸ਼ਕਤੀਸ਼ਾਲੀ ਹਥਿਆਰ ਸੀ।

ਇਸ ਸਭ ਕੁਝ ਦੇ ਬਾਵਜੂਦ, ਪਾਰਟੀ ਵਿਦੇਸ਼ੀ ਹਾਕਮਾਂ ਤੋਂ ਮੁਲਕ ਨੂੰ ਆਜ਼ਾਦ ਕਰਵਾਉਣ ਦੇ ਆਪਣੇ ਐਲਾਨੇ ਹੋਏ ਟੀਚੇ ਨੂੰ ਪ੍ਰਾਪਤ ਕਰਨ ਤੋਂ ਅਸਮਰੱਥ ਰਹੀ। ਦੇਸ਼ ਪਹੁੰਚਣ 'ਤੇ ਬਹੁਤੇ ਚੋਟੀ ਦੇ ਲੀਡਰ ਬੰਦਰਗਾਹਾਂ 'ਤੇ ਹੀ ਗ੍ਰਿਫਤਾਰ ਕਰ ਲਏ ਗਏ ਕਿਉਂਕਿ ਉਨ੍ਹਾਂ ਦੇ ਇਰਾਦੇ ਅਤੇ ਪਹੁੰਚਣ ਹੀ ਸੂਚਨਾ ਪੁਲੀਸ ਨੂੰ ਪਹਿਲਾਂ ਤੋਂ ਹੀ ਬਹੁਤ ਚੰਗੀ ਤਰ੍ਹਾਂ ਮਾਲੂਮ ਹੋ ਗਈ ਸੀ। ਇਸ ਝਟਕੇ ਤੋਂ ਪਿੱਛੋਂ ਛੇਤੀ ਹੀ ਸੰਭਲ ਕੇ ਉਨ੍ਹਾਂ ਆਪਣੀ ਬਚੀ ਹੋਈ ਤਾਕਤ ਇਕੱਠੀ ਕਰਨ ਦਾ ਉਪਰਾਲਾ ਕੀਤਾ ਅਤੇ ਰਾਸ ਬਿਹਾਰੀ ਬੋਸ ਵਰਗੇ ਪੁਰਾਣੇ ਇਨਕਲਾਬੀ ਨਾਲ ਤਾਲਮੇਲ ਕਰ ਕੇ ਉਸ ਨੂੰ ਆਪਣਾ ਨੇਤਾ ਥਾਪ ਦਿੱਤਾ; 'ਨੇਤਾਗਿਰੀ' ਬਾਰੇ ਪ੍ਰਵਾਹ ਨਾ ਕਰਨ ਦੀ ਇਹ ਲਾਸਾਨੀ ਮਿਸਾਲ ਕਹੀ ਜਾ ਸਕਦੀ ਹੈ; ਜ਼ਿਕਰਯੋਗ ਹੈ ਕਿ ਇਸ ਮੁੱਦੇ 'ਤੇ ਸ਼ਾਇਦ ਹੀ ਕਿਸੇ ਗ਼ਦਰੀ ਵੱਲੋਂ "ਕਿੰਤੂ-ਪਰੰਤੂ" ਕੀਤਾ ਹੋਵੇਗਾ।

ਮਗਰੋਂ 'ਲਾਹੌਰ ਸਾਜ਼ਿਸ਼ ਕੇਸਾਂ' ਦੇ ਨਾਮ ਨਾਲ ਜਾਣੇ ਜਾਂਦੇ ਗ਼ਦਰ ਕੇਸਾਂ ਦੇ ਫੈਸਲੇ ਮੁਤਾਬਕ "ਇਨਕਲਾਬੀਆਂ ਵੱਲੋਂ ਜ਼ਬਰਦਸਤ ਤਾਕਤ ਇਕੱਠੀ ਕਰ ਲੈਣ ਦੇ ਉਪਰਾਲੇ ਦੇ ਬਾਵਜੂਦ 19 ਫਰਵਰੀ 1915 ਦੀ ਤਜਵੀਜ਼ ਕੀਤੀ ਗਈ ਬਗ਼ਾਵਤ ਦੇ ਅਸਫਲ ਹੋਣ ਦਾ ਫ਼ੌਰੀ ਕਾਰਨ ਉਸ ਮੁਖਬਰ ਕਿਰਪਾਲ ਸਿੰਘ ਦੁਆਰਾ ਉਨ੍ਹਾਂ ਦੀ ਯੋਜਨਾ ਦਾ ਗੁਪਤ ਰੂਪ ਵਿਚ ਲੀਕ ਕੀਤੇ ਜਾਣਾ ਸੀ ਜਿਹੜਾ ਉਨ੍ਹਾਂ ਦੇ ਚੋਟੀ ਦੇ ਨੇਤਾਵਾਂ ਤੱਕ ਪਹੁੰਚ ਕਰ ਸਕਣ ਵਿਚ ਸਫਲ ਹੋ ਗਿਆ ਸੀ।"

ਆਸ ਮੁਤਾਬਕ ਇਸ ਤੋਂ ਬਾਅਦ 'ਵਿਸ਼ੇਸ਼ ਟ੍ਰਿਬਿਊਨਲਾਂ' ਅੱਗੇ ਮੁਕੱਦਮੇ ਚੱਲੇ, ਜਿੱਥੇ ਕਿਸੇ ਵੀ ਵਕੀਲ, ਦਲੀਲ ਜਾਂ ਅਪੀਲ ਦੀ ਗੁੰਜਾਇਸ਼ ਸੀ ਹੀ ਨਹੀਂ। ਦਰਜਨਾਂ ਨੂੰ ਮੌਤ ਦੀ ਸਜ਼ਾ ਸੁਣਾਈ ਗਈ ਅਤੇ ਗੁਪਤ ਰੂਪ ਵਿਚ ਫਾਂਸੀ ਦੇ ਦਿੱਤੀ ਗਈ ਜਿਨ੍ਹਾਂ ਦੀਆਂ ਅਸਥੀਆਂ ਹੁਣ ਤੱਕ ਲਾਹੌਰ ਸੈਂਟਰਲ ਜੇਲ੍ਹ ਵਿਚ ਗੁੰਮਨਾਮੀ ਦੀ ਹਾਲਤ ਵਿਚ ਦਫਨਾਈਆਂ ਪਈਆਂ ਹਨ; ਹੁਣ ਇਸ ਜੇਲ੍ਹ ਨੂੰ ਢਾਹ ਕੇ ਸ਼ਾਪਿੰਗ ਕੰਪਲੈਕਸ ਬਣਾ ਦਿੱਤਾ ਗਿਆ ਹੈ। ਜਿਹੜੇ ਫਾਂਸੀ ਦੇ ਫੰਦੇ ਤੋਂ ਬਚ ਗਏ ਉਨ੍ਹਾਂ ਨੂੰ ਅੰਡੇਮਾਨ ਜੇਲ੍ਹ ਦੀਆਂ ਉਨ੍ਹਾਂ ਕਾਲ ਕੋਠੜੀਆਂ ਵਿਚ ਬੰਦ ਕਰ ਦਿੱਤਾ ਗਿਆ ਜੋ 'ਧਰਤੀ ਉਪਰ ਪ੍ਰਤੱਖ ਨਰਕ' ਸਾਮਾਨ ਸਨ।

ਲਹਿਰ ਦਾ ਵਰਨਣ 'ਕਾਮਾ ਗਾਟਾ ਮਾਰੂ' ਕਾਂਡ ਦੇ ਜ਼ਿਕਰ ਬਿਨਾਂ ਅਧੂਰਾ ਹੋਵੇਗਾ, ਭਾਵੇਂ ਇਸ ਕਾਂਡ ਦਾ ਗ਼ਦਰ ਪਾਰਟੀ ਨਾਲ ਸਿੱਧਾ ਸਬੰਧ ਕੋਈ ਨਹੀਂ ਸੀ। ਹੋਇਆ ਇੰਜ ਕਿ ਬਰਤਾਨਵੀ ਸਰਕਾਰ ਨਾਲ ਗੰਢ-ਤੁੱਪ ਕਰ ਕੇ ਕੈਨੇਡਾ ਦੀ ਸਰਕਾਰ ਭਾਰਤੀਆਂ ਦੇ ਦਾਖਲੇ ਨੂੰ ਰੋਕਣ 'ਤੇ ਤੁਲੀ ਹੋਈ ਸੀ ਜਿਸ ਲਈ ਉਨ੍ਹਾਂ ਨੇ ਚਤੁਰਾਈ ਨਾਲ ਏਸ਼ੀਆ ਦੇ ਇੰਮੀਗਰੈਂਟਸ ਉਪਰ ਇਹ ਸ਼ਰਤ ਲਗਾ ਦਿੱਤੀ ਕਿ ਉਨ੍ਹਾ ਦਾ ਜਹਾਜ਼ ਹੋਰ ਕਿਸੇ ਦੇਸ਼ ਵਿਚ ਰੁਕੇ ਬਗੈਰ ਸਿੱਧਾ ਕੈਨੇਡਾ ਆਵੇ, ਹਾਲਾਂਕਿ ਉਨ੍ਹਾਂ ਨੂੰ ਪਤਾ ਸੀ ਕਿ ਭਾਰਤ ਤੋਂ ਕੋਈ ਸਿੱਧਾ ਜਹਾਜ਼ ਨਹੀਂ ਚੱਲਦਾ। ਇਸ ਸ਼ਰਤ ਤੋਂ ਬਚਣ ਲਈ ਬਾਬਾ ਗੁਰਦਿੱਤ ਸਿੰਘ ਨੇ ਜਾਪਾਨੀ ਸਮੁੰਦਰੀ ਜਹਾਜ਼ 'ਕਾਮਾਗਾਟਾ ਮਾਰੂ' ਕਿਰਾਏ 'ਤੇ ਲਿਆ ਅਤੇ ਲਗਪਗ 400 ਮੁਸਾਫ਼ਿਰਾਂ ਦੀ ਕੈਨੇਡਾ ਲਈ ਬੁਕਿੰਗ ਕਰ ਲਈ। ਲਗਪਗ ਦੋ ਮਹੀਨੇ ਲਈ ਉਨ੍ਹਾਂ ਨੂੰ ਵੈਨਕੂਵਰ ਤੱਟ ਉਤੇ 'ਨਜ਼ਰਬੰਦ' ਰਹਿਣਾ ਪਿਆ। ਉਨ੍ਹਾਂ ਦੀ ਕੁੱਟ-ਮਾਰ ਕੀਤੀ ਗਈ, ਪਾਣੀ ਤੋਂ ਵੀ ਤ੍ਰਿਹਾਏ ਰੱਖਿਆ ਗਿਆ, ਪਰ ਕੰਢੇ ਉਤੇ ਉਤਰਨ ਨਾ ਦਿੱਤਾ ਗਿਆ। ਸਿਰਫ਼ ਉਨ੍ਹਾਂ ਦੀ ਵਾਪਸੀ ਲਈ ਰਾਸ਼ਨ ਦਿੱਤਾ ਗਿਆ। ਭਰੇ-ਪੀਤੇ ਉਹ ਵਾਪਸ ਮੁੜ ਪਏ। ਇੰਨੇ ਨੂੰ ਪਹਿਲੀ ਸੰਸਾਰ ਜੰਗ ਛਿੜ ਪਈ। ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨੂੰ ਪਿਸਤੌਲ ਤੇ ਗ਼ਦਰੀ ਸਾਹਿਤ ਦੇ ਕੇ, ਉਨ੍ਹਾਂ ਦੇ ਨੇਤਾਵਾਂ ਰਾਹੀਂ ਇਨ੍ਹਾਂ ਮੁਸਾਫਰਾਂ ਨਾਲ ਸੰਪਰਕ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ। ਉਨ੍ਹਾਂ ਨੇ ਯੋਕੋਹਾਮਾ, ਜਪਾਨ ਵਿਚ ਇਹ ਕੰਮ ਨੇਪਰੇ ਚਾੜ੍ਹਿਆ। ਭਾਰਤ ਦੀ ਅੰਗਰਜ਼ੀ ਸਰਕਾਰ ਨੇ ਸਾਰੇ ਮੁਸਾਫਰਾਂ ਨੂੰ ਖਤਰਨਾਕ ਕਰਾਰ ਦੇ ਕੇ ਕਿਸੇ ਨੂੰ ਵੀ ਰਾਹ ਵਿਚ ਉਤਰਨ ਤੋਂ ਮਨ੍ਹਾਂ ਕਰ ਦਿੱਤਾ। ਅਖੀਰ 29 ਸਤੰਬਰ 1914 ਨੂੰ ਜਹਾਜ਼ ਕਲਕੱਤਾ ਨੇੜੇ ਬਜ ਬਜ ਘਾਟ ਉੱਤੇ ਆ ਲੱਗਿਆ ਜਿੱਥੇ ਫੌਜ ਅਤੇ ਪੁਲੀਸ ਨੇ ਉਸ ਦਾ 'ਸਵਾਗਤ' ਅੰਧਾ-ਧੁੰਦ ਗੋਲੀਆਂ ਚਲਾ ਕੇ ਕੀਤਾ; ਸਿੱਟੇ ਵਜੋਂ ਘੱਟੋ-ਘੱਟ 20 ਮੁਸਾਫ਼ਰ ਮਾਰੇ ਗਏ ਤੇ ਬਹੁਤ ਸਾਰੇ ਜ਼ਖ਼ਮੀ ਹੋ ਗਏ, ਬਾਕੀਆਂ ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ।

ਇਨ੍ਹਾਂ ਮੁਕੱਦਮਿਆਂ ਤੇ ਮੁਸੀਬਤਾਂ ਤੋਂ ਬਚ ਕੇ ਨਿਕਲੇ 'ਬਾਬੇ' ਆਜ਼ਾਦੀ ਅਤੇ ਇਨਸਾਫ ਲਈ ਸਭਨਾਂ ਲੋਕ ਲਹਿਰਾਂ ਅਤੇ ਜਥੇਬੰਦੀਆਂ ਵਿਚ ਸੰਘਰਸ਼ ਕਰਦੇ ਹੀ ਰਹੇ।

ਅੰਤ ਵਿਚ ਬਾਬਾ ਸੋਹਣ ਸਿੰਘ ਭਕਨਾ ਦੇ ਸ਼ਬਦਾਂ ਵਿਚ ਗ਼ਦਰ ਪਾਰਟੀ ਨੂੰ ਭਾਰਤੀਆਂ ਲਈ ਆਜ਼ਾਦੀ ਅਤੇ ਬਰਾਬਰੀ ਦੀ ਮੰਗ ਕਰਨ ਲਈ ਝੰਡਾ ਬਰਦਾਰ ਦੇ ਤੌਰ 'ਤੇ ਯਾਦ ਕੀਤਾ ਜਾਂਦਾ ਰਹੇਗਾ। ਬੇਸ਼ਕ ਇਸ ਨੂੰ ਇਸ ਕੰਮ ਵਿਚ ਪ੍ਰਤੱਖ ਸਫ਼ਲਤਾ ਪ੍ਰਾਪਤ ਨਹੀਂ ਹੋਈ, ਪਰ ਇਸ ਨੇ ਆਪਣੇ ਪਿੱਛੇ ਇਕ ਅਜਿਹੀ ਅਮੀਰ ਪਰੰਪਰਾ ਛੱਡੀ ਜੋ ਮਹਾਨ ਸ਼ਹੀਦ ਭਗਤ ਸਿੰਘ ਸਮੇਤ ਆਉਣ ਵਾਲੇ ਇਨਕਲਾਬੀਆਂ ਲਈ ਚਾਨਣ ਮੁਨਾਰੇ ਦਾ ਕੰਮ ਕਰਦੀ ਰਹੀ। ਸ਼ਹੀਦ ਭਗਤ ਸਿੰਘ, ਗ਼ਦਰੀ ਹੀਰੇ 19 ਸਾਲਾ ਗੱਭਰੂ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਰੋਲ ਮਾਡਲ ਸਮਝਦੇ ਸਨ ਜਿਸ ਨੂੰ ਬਾਬਾ ਜੀ ਦਸੰਬਰ 1968 ਵਿਚ ਮਰਦੇ ਦਮ ਤੱਕ 'ਮੇਰਾ ਜਰਨੈਲ' ਕਹਿ ਕੇ ਯਾਦ ਕਰਦੇ ਰਹੇ:

ਗ਼ਦਰ ਦੀ ਸਪਿਰਟ ਅਮਰ ਰਹੇ।

---

## ਮਹਾਰਾਜਾ ਭੁਪਿੰਦਰ ਸਿੰਘ ਦਾ ਡਿਨਰ ਸੈਟ 19.6 ਲੱਖ ਪੌਂਡ 'ਚ ਵਿਕਿਆ

**ਲੰਡਨ:** ਮਹਾਰਾਜਾ ਭੁਪਿੰਦਰ ਸਿੰਘ ਪਟਿਆਲਾ ਦੇ 1400 ਭਾਂਡਿਆਂ ਦਾ ਚਾਂਦੀ ਤੇ ਗਿਲਟ ਦਾ ਬਣਿਆ ਬਹੁਤ ਹੀ ਖ਼ੂਬਸੂਰਤ ਸੈੱਟ ਲੰਡਨ ਦੇ ਕ੍ਰਿਸਟੀਜ਼ ਨਿਲਾਮੀ ਘਰ ਵਿਚ ਹੋਈ ਨਿਲਾਮੀ ਦੌਰਾਨ 19,65,875 ਪੌਂਡ ਦਾ ਵਿਕਿਆ। ਇਸ ਭਾਂਡਿਆਂ ਦੇ ਸੈੱਟ ਨੂੰ 'ਦ ਗੋਲਡ ਸਮੈਂਥ ਤੇ ਸਿਲਵਰ ਸਮੈੱਥ' ਨਾਂ ਦੀ ਲੰਡਨ ਦੀ ਮਸ਼ਹੂਰ ਕੰਪਨੀ ਨੇ 1921 ਵਿਚ ਬਣਾਇਆ ਸੀ।



ਇਨ੍ਹਾਂ ਭਾਂਡਿਆਂ ਦੇ ਡਿਜ਼ਾਇਨ 'ਤੇ ਹਾਥੀ, ਘੋੜੇ ਤੇ ਸ਼ੇਰ ਦੀ ਖ਼ੂਬਸੂਰਤ ਚਿਤਰਕਾਰੀ ਕੀਤੀ ਹੋਈ। ਨਿਲਾਮੀ ਘਰ ਮੁਤਾਬਕ 24 ਫਰਵਰੀ, 1922 ਨੂੰ ਮੋਤੀ ਮਹਿਲ ਵਿਚ ਉਸ ਵੇਲੇ ਦੇ ਪ੍ਰਿੰਸ ਆਫ ਵੇਲਜ਼ ਐਡਵਰਡ ਨੂੰ ਦਿੱਤੀ ਦਾਅਵਤ ਮੌਕੇ ਇਨ੍ਹਾਂ ਭਾਂਡਿਆਂ ਨੂੰ ਵਿਸ਼ੇਸ਼ ਤੌਰ 'ਤੇ ਵਰਤਿਆ ਗਿਆ ਸੀ ਜੋ ਬਾਅਦ ਵਿਚ ਬਰਤਾਨੀਆਂ ਦਾ ਮਹਾਰਾਜਾ ਐਵਰਡ ਅੱਠਵਾਂ ਬਣੇ। ਭਾਂਡਿਆਂ ਦੇ ਇਸ ਸੈੱਟ ਵਿਚ 111 ਚਾਕੂ, 111 ਚਮਚੇ, 111 ਕਾਂਟੇ, 21 ਵੱਡੇ ਚਮਚੇ, 37 ਸੂਪ ਚਮਚੇ, 6 ਕੈਂਚੀਆਂ, 107 ਸਟੀਲ ਵਾਲੇ ਚਾਕੂ, 166 ਕਾਂਟੇ, 12 ਸਲਾਦ ਲਈ ਵਰਤੇ ਜਾਣ ਵਾਲੇ ਡੂੰਘੇ ਥਾਲ ਸ਼ਾਮਲ ਸਨ।

## ਉਤਰਾਖੰਡ ਵਿਚ 20 ਪੰਜਾਬੀ ਲਾਪਤਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੂੰ 20 ਵਿਅਕਤੀਆਂ ਦੀ ਸੂਚੀ ਸੌਂਪੀ ਗਈ ਹੈ ਜੋ ਪੰਜਾਬ ਤੋਂ ਸਨ ਤੇ ਹਿਮਾਲੀਅਨ ਸੁਨਾਮੀ ਦੀ ਭੇਟ ਚੜ੍ਹ ਗਏ। ਇਹ ਸੂਚੀ ਉੱਤਰਾਖੰਡ ਦੇ ਮੁੱਖ ਮੰਤਰੀ ਵਿਜੇ ਬਹੁਗੁਣਾ ਵੱਲੋਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਦਿੱਤੀ ਗਈ ਹੈ।

ਸ. ਬਾਦਲ ਦਾ ਕਹਿਣਾ ਹੈ ਕਿ ਅਜਿਹੇ ਪਰਿਵਾਰਾਂ ਨੂੰ ਰਾਜ ਸਰਕਾਰ ਵੱਲੋਂ ਮਾਲੀ ਮਦਦ ਦਿੱਤੀ ਜਾਵੇਗੀ। ਇਨ੍ਹਾਂ ਵਿਅਕਤੀਆਂ ਦੇ ਨੇੜਲੇ ਸਕੇ ਸਬੰਧੀਆਂ ਨੇ ਉੱਤਰਾਖੰਡ ਸਰਕਾਰ ਤੱਕ ਪਹੁੰਚ ਕਰ ਕੇ ਆਪਣਿਆਂ ਦਾ ਹੁਣ ਤੱਕ ਕੋਈ ਖੁਰਾ ਖੋਜ ਨਾ ਮਿਲਣ ਦੀ ਗੱਲ ਕਹੀ ਹੈ। ਲਾਪਤਾ ਵਿਅਕਤੀਆਂ 'ਚ ਗੀਤਾ ਦੇਵੀ ਪਤਨੀ ਓਮ ਪ੍ਰਕਾਸ਼ ਅਬੋਹਰ, ਮੁਕੇਸ਼ ਗਰਗ ਤੇ ਉਸ ਦੀ ਪਤਨੀ ਲਤਾ ਗਰਗ, ਰਾਜੇਸ਼ ਜਿੰਦਲ ਤੇ ਉਸ ਦੀ ਪਤਨੀ ਵੰਦਨਾ ਜਿੰਦਲ, ਪਵਨ ਗੋਇਲ ਤੇ ਉਸ ਦੀ ਪਤਨੀ ਸ਼ੀਤਲਾ ਗੋਇਲ ਤੇ ਗੋਰਾ ਇਸ ਸੱਤੇ ਵਿਅਕਤੀ ਬਰਨਾਲਾ ਜ਼ਿਲ੍ਹੇ ਨਾਲ ਸਬੰਧਤ ਹਨ। ਇਸ ਤੋਂ ਇਲਾਵਾ ਪਰਗਟ ਸਿੰਘ ਫਤਿਹਗੜ੍ਹ ਸਾਹਿਬ, ਸਵਰਨ ਸਿੰਘ ਤੇ ਮੰਜੂ ਮੁਹਾਲੀ, ਤੇਜਿੰਦਰ ਗੁਪਤਾ, ਉਸ ਦੀ ਪਤਨੀ ਅਰਚਨ ਗੁਪਤਾ, ਪੁੱਤਰ ਪ੍ਰੋਮਿਨ ਤੇ ਬੇਟੀ ਕੋਮਲ ਲੁਧਿਆਣਾ ਦੇ ਰਹਿਣ ਵਾਲੇ ਹਨ। ਅਮਨਦੀਪ ਸ਼ਰਮਾ ਤੇ ਵਿਕਰਾਂਤ ਭਾਟੀਆ ਹੁਸ਼ਿਆਰਪੁਰ, ਵਿਨੋਦ ਕੁਮਾਰ, ਮੀਨਾਕਸ਼ੀ ਰਾਣੀ, ਦੀਪਕ ਤੇ ਸਿਮਰਨ ਪਟਿਆਲਾ, ਅਮਿਤ ਕੁਮਾਰ, ਗਿਆਨੀ ਉਦੇ ਬਠਿੰਡਾ, ਬਲਜਿੰਦਰ ਸਿੰਘ, ਪਤਨੀ ਮਨਜੀਤ ਕੌਰ ਤੇ ਪੁੱਤਰ ਸੋਨੂ ਸਿੰਘ ਤੇ ਧੀ ਪ੍ਰਭਜੋਤੀ ਅੰਮ੍ਰਿਤਸਰ ਦੇ ਰਹਿਣ ਵਾਲੇ ਹਨ। ਇਸ ਤਰ੍ਹਾਂ ਲਾਪਤਾ ਹੋਣ ਵਾਲਿਆਂ ਵਿਚ ਦੋ ਪਰਿਵਾਰਾਂ ਦੇ ਤਾਂ ਚਾਰ-ਚਾਰ ਮੈਂਬਰ ਹਨ।

## ਗੁਰਦੁਆਰਾ ਗੋਬਿੰਦ ਘਾਟ ਵਿਚ 50 ਕਰੋੜ ਦਾ ਨੁਕਸਾਨ

***ਦੇਹਰਾਦੂਨ:** ਉੱਤਰਾਖੰਡ ਵਿਚ ਵਾਪਰੇ ਕੁਦਰਤੀ ਕਹਿਰ ਕਾਰਨ ਗੁਰਦੁਆਰਾ ਗੋਬਿੰਦ ਘਾਟ ਦਾ ਭਾਰੀ ਨੁਕਸਾਨ ਹੋਇਆ ਹੈ। ਗੁਰਦੁਆਰੇ ਨੂੰ ਦੁਬਾਰਾ ਬਣਾਉਣ ਲਈ ਸਰਕਾਰ ਤੋਂ ਜ਼ਮੀਨ ਮੰਗੀ ਗਈ ਹੈ ਕਿਉਂਕਿ ਗੁਰਦੁਆਰੇ ਦੀ ਪੂਰੀ ਜ਼ਮੀਨ ਅਲਕਨੰਦਾ ਵਿਚ ਰੁੜ੍ਹ ਗਈ ਹੈ। ਕੇਦਾਰਨਾਥ, ਉਤਰਕਾਸ਼ੀ, ਰੁਦਰਪ੍ਰਯਾਗ, ਪਿਥੌਰਾਗੜ੍ਹ, ਨੈਨੀਤਾਲ ਤੇ ਦੇਹਰਾਦੂਨ ਵਿਚ ਲਗਾਤਾਰ ਬਾਰਸ਼ ਨਾਲ ਰਾਹਤ ਕਾਰਜਾਂ 'ਤੇ ਵੀ ਅਸਰ ਪਿਆ ਹੈ।*

*ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਟਰੱਸਟ ਦੇ ਉਪ ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ ਦਾ ਕਹਿਣਾ ਹੈ ਕਿ ਗੋਬਿੰਦ ਘਾਟ ਤੋਂ ਜੋਸ਼ੀ ਮੱਠ ਤੱਕ ਰਸਤਾ ਖੁੱਲ੍ਹ ਗਿਆ ਹੈ ਜਿਸ ਕਾਰਨ ਉਥੇ ਫਸੀਆਂ 500 ਛੋਟੀਆਂ ਗੱਡੀਆਂ ਨੂੰ ਕੱਢ ਲਿਆ ਗਿਆ ਹੈ। ਗੁਰਦੁਆਰਾ ਗੋਬਿੰਦ ਘਾਟ ਦਾ ਭਾਰੀ ਨੁਕਸਾਨ ਹੋ ਚੁੱਕਿਆ ਹੈ ਤੇ ਤਕਰੀਬਨ 50 ਕਰੋੜ ਤੋਂ ਵੱਧ ਦਾ ਨੁਕਸਾਨ ਹੋਇਆ ਹੈ। ਗੋਬਿੰਦ ਘਾਟ ਵਿਚ 121 ਮੋਟਰਸਾਈਕਲ, 57 ਗੱਡੀਆਂ ਹੜ੍ਹ ਵਿਚ ਰੁੜ ਗਈਆਂ ਤੇ ਉਥੇ ਖੜ੍ਹਾ ਇਕ ਹੈਲੀਕਾਪਟਰ ਵੀ ਦੁਰਘਟਨਾਗ੍ਰਸਤ ਹੋ ਗਿਆ।*

# ਪੰਚਾਇਤ ਚੋਣਾਂ ਦੇ ਨਾਂ 'ਤੇ ਲੋਕਤੰਤਰ ਦਾ ਇਕ ਹੋਰ ਡਰਾਮਾ

ਲੋਕ ਅਜੇ ਆਪਣੀ ਵੋਟ ਪਾਉਣ ਲਈ ਬੂਥਾਂ ਦੇ ਬਾਹਰ ਲਾਈਨਾਂ ਲਾਈ ਖੜੇ ਸਨ ਤੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਇਹ ਬਿਆਨ ਆ ਵੀ ਗਿਆ ਸੀ ਕਿ ਪੰਚਾਇਤ ਚੋਣਾਂ ਵਿਚ ਲੋਕਾਂ ਦੀ ਜਿੱਤ ਹੋਈ ਹੈ। ਦੂਸਰੇ ਪਾਸੇ ਪੰਜਾਬ ਕਾਂਗਰਸ ਦੇ ਪ੍ਰਧਾਨ ਪ੍ਰਤਾਪ ਸਿੰਘ ਬਾਜਵਾ ਦਾ ਇਹ ਬਿਆਨ ਬਿਨਾਂ ਦੇਰੀ ਜਾਰੀ ਹੋ ਗਿਆ ਸੀ ਕਿ ਲੋਕਤੰਤਰ ਨਾਲ ਖਿਲਵਾੜ ਹੋ ਗਿਆ ਹੈ। ਦੋਵਾਂ ਨੇ ਇਹੋ ਬਿਆਨ ਦੇਣੇ ਸਨ। ਜੇ ਕਾਂਗਰਸ ਰਾਜ ਚਲਾ ਰਹੀ ਹੁੰਦੀ ਤੇ ਅਕਾਲੀ ਦਲ ਵਾਲੇ ਵਿਰੋਧੀ ਧਿਰ ਵਿਚ ਹੁੰਦੇ ਤਾਂ ਇਹੋ ਬਿਆਨ ਫਿਰ ਵੀ ਜਾਰੀ ਹੋਣੇ ਸਨ, ਪਰ ਫਰਕ ਇਹ ਹੋਣਾ ਸੀ ਕਿ ਪ੍ਰਕਾਸ਼ ਸਿੰਘ (ਬਾਦਲ) ਅਤੇ ਪ੍ਰਤਾਪ ਸਿੰਘ (ਬਾਜਵਾ) ਵਾਲੇ ਬਿਆਨ ਇੱਕ ਦੂਸਰੇ ਦੇ ਦਸਤਖਤਾਂ ਹੇਠ ਜਾਰੀ ਕੀਤੇ ਹੋਣੇ ਸਨ। ਚੋਣਾਂ ਵਿਚ ਜੋ ਕੁਝ ਇਸ ਵਾਰੀ ਹੋਇਆ, ਇਹ ਪੰਜਾਬ ਵਿਚ ਹੁਣ 'ਰਘੂ ਕੁਲ ਰੀਤ ਸਦਾ ਚਲੀ ਆਈ' ਵਰਗੇ ਹਾਲ ਨੂੰ ਪਹੁੰਚ ਗਿਆ ਹੈ। ਬਦਲਣ ਦੀ ਕੋਈ ਆਸ ਨਹੀਂ। ਇਸ ਦੇ ਬਾਵਜੂਦ ਜਦੋਂ ਕੁਝ ਲੋਕ ਇਹ ਕਹੀ ਜਾਂਦੇ ਹਨ ਕਿ ਪੰਜਾਬ ਵਿਚ ਪੰਚਾਇਤ ਚੋਣਾਂ ਲੋਕਤੰਤਰੀ ਢੰਗ ਨਾਲ ਹੋਈਆਂ ਹਨ ਤੇ ਕਿਧਰੇ ਕੋਈ ਧਾਂਦਲੀ ਨਹੀਂ ਹੋਈ, ਉਨ੍ਹਾਂ ਨੂੰ ਕੰਧਾਂ ਉਤੇ ਲਿਖਿਆ ਵੇਖਣਾ ਚਾਹੀਦਾ ਹੈ।



ਪਹਿਲੀ ਗੱਲ ਤਾਂ ਇਹ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਜਦੋਂ 1977 ਵਿਚ ਦੂਸਰੀ ਵਾਰੀ ਮੁੱਖ ਮੰਤਰੀ ਬਣੇ ਸਨ, ਉਨ੍ਹਾਂ ਦੀ ਪਹੁੰਚ ਉਦੋਂ ਤੋਂ ਵਿਰੋਧੀ ਧਿਰ ਨੂੰ ਭੁਲੇਖੇ ਵਿਚ ਰੱਖ ਕੇ ਸੀਟਾਂ ਦਾ ਸ਼ਿਕਾਰ ਖੇਡਣ ਦੀ ਰਹੀ ਹੈ। ਪਿਛਲਾ ਪ੍ਰਬੰਧ ਜੇ ਸਾਰੇ ਪਿੰਡ ਵਿਚੋਂ ਸਰਪੰਚ ਦੀ ਚੋਣ ਦਾ ਹੈ ਤਾਂ ਇਸ ਦੀ ਥਾਂ ਪੰਚਾਂ ਵਿਚੋਂ ਸਰਪੰਚ ਦੀ ਚੋਣ ਕਰਵਾ ਦਿਓ, ਤੇ ਜੇ ਪਹਿਲਾਂ ਪੰਚਾਂ ਵਿਚੋਂ ਸਰਪੰਚ ਚੁਣਿਆ ਜਾਂਦਾ ਹੈ ਤਾਂ ਬਦਲ ਕੇ ਲੋਕਾਂ ਵੱਲੋਂ ਸਰਪੰਚ ਦੀ ਸਿੱਧੀ ਚੋਣ ਦਾ ਦਾਅ ਖੇਡ ਲਓ। ਉਹ ਜਿੰਨੀ ਵਾਰੀ ਮੁੱਖ ਮੰਤਰੀ ਬਣੇ, ਲਗਭਗ ਹਰ ਵਾਰ ਬਾਕੀ ਲੋਕਾਂ ਤੇ ਵਿਰੋਧੀ ਧਿਰ ਨੂੰ ਚੋਣਾਂ ਦੀ ਪ੍ਰਣਾਲੀ ਬਾਰੇ ਅੰਤਲੇ ਮਹੀਨੇ ਤੱਕ ਓਹਲੇ ਵਿਚ ਰੱਖ ਕੇ ਆਪਣੀ ਧਿਰ ਨੂੰ ਅੰਦਰੋ-ਅੰਦਰ ਤਿਆਰ ਰਹਿਣ ਲਈ ਕਹਿ ਦਿੱਤਾ ਜਾਂਦਾ ਰਿਹਾ ਹੈ। ਇਸ ਵਾਰ ਪਿੰਡਾਂ ਵਿਚ ਵਾਰਡਬੰਦੀ ਦਾ ਅਸਲੋਂ ਨਵਾਂ ਦਾਅ ਵਰਤ ਲਿਆ। ਬਹੁਤੇ ਲੋਕਾਂ ਲਈ ਇਹ ਗੱਲ ਸਮਝ ਤੋਂ ਬਾਹਰ ਦੀ ਸੀ ਕਿ ਇੱਕੋ ਗਲੀ ਦੇ ਕੁਝ ਘਰ ਇੱਕ ਵਾਰਡ ਵਿਚ ਤੇ ਕੁਝ ਦੂਸਰੇ ਜਾਂ ਤੀਸਰੇ ਵਾਰਡ ਦੇ ਵੋਟਰ ਬਣਾ ਦਿੱਤੇ ਗਏ। ਇਹੋ ਜਿਹੇ ਪਿੰਡ ਵੀ ਹਨ, ਜਿੱਥੇ ਇੱਕੋ ਗਲੀ ਦਾ ਪਹਿਲਾ ਘਰ ਇੱਕ ਵਾਰਡ ਵਿਚ, ਅਖੀਰ ਵਾਲਾ ਦੂਸਰੇ ਵਿਚ ਤੇ ਵਿਚਾਲੜੇ ਘਰਾਂ ਵਿਚੋਂ ਕੁਝ ਘਰ ਸਾਹਮਣੇ ਵਾਲੇ ਤੀਸਰੇ ਵਾਰਡ ਨਾਲ ਜੋੜ ਕੇ ਬਾਕੀ ਘਰਾਂ ਨੂੰ ਪਿਛਵਾੜੇ ਦੀ ਗਲੀ ਦੇ ਚੌਥੇ ਵਾਰਡ ਵਿਚ ਪਾ ਦਿੱਤਾ ਗਿਆ। ਇੱਕ ਪਿੰਡ ਵਿਚ ਇੱਕ ਵਾਰਡ ਰਿਜ਼ਰਵ ਕਰਦੇ ਵਕਤ ਇਹ ਵੀ ਨਾ ਵੇਖਿਆ ਗਿਆ ਕਿ ਸਾਰੇ ਵਾਰਡ ਵਿਚ ਸੂਚੀ ਦਰਜ ਜਾਤੀ ਦਾ ਘਰ ਹੀ ਕੋਈ ਨਹੀਂ ਅਤੇ ਜਿੱਥੇ ਸਿਰਫ ਉਨ੍ਹਾਂ ਗਰੀਬਾਂ ਦੇ ਘਰ ਸਨ, ਉਹ ਵਾਰਡ ਜਨਰਲ ਕਰ ਦਿੱਤਾ ਗਿਆ। ਇਹ ਚੁਸਤੀਆਂ ਚੋਣ ਅਮਲਾ ਨਹੀਂ ਕਰਿਆ ਕਰਦਾ, ਉਸ ਤੋਂ ਕਰਵਾਈਆਂ ਜਾਂਦੀਆਂ ਹਨ ਤੇ ਕੌਣ ਕਰਵਾ ਸਕਦਾ ਹੈ, ਇਹ ਵੀ ਸਭ ਨੂੰ ਪਤਾ ਹੈ।

ਦੂਸਰੀ ਗੱਲ ਚੋਣ ਲੜਨ ਵਾਲਿਆਂ ਵਿਚੋਂ ਵਿਰੋਧੀ ਧਿਰ ਦੇ ਕਾਗਜ਼ ਰੱਦ ਕਰਵਾਉਣ ਦੀ ਹੈ। ਇਸ ਕੰਮ ਲਈ ਹਰ ਚੋਣ ਲੜਨ ਵਾਲੇ ਨੂੰ ਜਿਹੜਾ ਕੋਈ ਇਤਰਾਜ਼ ਨਾ ਹੋਣ ਦਾ ਸਰਟੀਫਿਕੇਟ ਪੰਚਾਇਤ ਮਹਿਕਮੇ ਤੋਂ ਮਿਲਣਾ ਹੁੰਦਾ ਹੈ, ਕਈ ਥਾਂ ਉਹ ਸਰਟੀਫਿਕੇਟ ਕੋਈ ਅਕਾਲੀ ਮੰਤਰੀ ਜਾਂ ਸਾਬਕਾ ਮੰਤਰੀ ਆਪਣੇ ਬਸਤੇ ਵਿਚ ਪਾ ਕੇ ਕਿਸੇ ਲੁਕਵੇਂ ਅੱਡੇ ਉਤੇ ਜਾ ਬੈਠਾ ਤੇ ਵਿਰੋਧੀਆਂ ਨੂੰ ਇਹ ਸਰਟੀਫਿਕੇਟ ਆਖਰੀ ਦਿਨ ਤੱਕ ਨਹੀਂ ਮਿਲੇ। ਗੁਰਦਾਸਪੁਰ ਜ਼ਿਲ੍ਹੇ ਦਾ ਇੱਕ ਸਾਬਕਾ ਮੰਤਰੀ, ਜਿਹੜਾ ਭ੍ਰਿਸ਼ਟਾਚਾਰ ਦੇ ਕਈ ਮੁਕੱਦਮੇ ਭੁਗਤਦਾ ਫਿਰਦਾ ਹੈ, ਦੀ ਇਸ ਪੱਖੋਂ ਵਾਹਵਾ ਚਰਚਾ ਹੋਈ ਹੈ। ਚੋਣ ਕਮਿਸ਼ਨ ਨੇ ਇਨ੍ਹਾਂ ਗੱਲਾਂ ਦੀ ਕੋਈ ਪ੍ਰਵਾਹ ਨਹੀਂ ਕੀਤੀ। ਵਿਰੋਧੀ ਧਿਰ ਵਾਲਿਆਂ ਦੇ ਕਾਗਜ਼ ਰੱਦ ਕਰਾਉਣ ਲਈ ਇੱਕ ਦਿਨ ਪਹਿਲਾਂ ਹੀ ਚੋਣ ਦੇ ਰਿਟਰਨਿੰਗ ਅਫਸਰਾਂ ਨੂੰ ਦੱਸ ਦਿੱਤਾ ਗਿਆ ਤੇ ਅੱਗੇ ਉਹ ਵੀ ਦੂਸਰੀ ਪਾਰਟੀ ਵਾਲਿਆਂ ਦੇ ਕੰਨ ਵਿਚ ਇੱਕ ਦਿਨ ਅਗਾਊਂ ਦੱਸੀ ਜਾਂਦੇ ਸਨ ਕਿ ਉਪਰੋਂ ਆਹ ਹੁਕਮ ਆ ਗਿਆ ਹੈ।

ਜਦੋਂ ਹਾਲਾਤ ਇਹੋ ਜਿਹੇ ਬਣ ਜਾਣ ਤਾਂ ਚੋਣ ਫਿਰ ਚੋਣ ਨਹੀਂ ਰਹਿ ਜਾਂਦੀ, ਪਰ ਲੋਕਾਂ ਨੂੰ ਜਿੱਥੇ ਵੀ ਆਪਣੀ ਰਾਏ ਦੇਣ ਦਾ ਮੌਕਾ ਮਿਲ ਗਿਆ, ਇਨ੍ਹਾਂ ਹਾਲਾਤ ਦੇ ਬਾਵਜੂਦ ਉਹ ਰਾਜ ਕਰਦੀ ਪਾਰਟੀ ਨੂੰ ਸ਼ੀਸ਼ਾ ਵਿਖਾ ਗਏ। ਇਹੋ ਕਾਰਨ ਹੈ ਕਿ ਇੱਕ ਥਾਂ ਇੱਕ ਧੜੱਲੇਦਾਰ ਮੰਤਰੀ ਦਾ ਪੀ ਏ ਹਾਰ ਗਿਆ, ਇੱਕ ਥਾਂ ਸ਼੍ਰੋਮਣੀ ਕਮੇਟੀ ਮੈਂਬਰ ਪਲਟੀ ਮਾਰ ਕੇ ਲੋਕਾਂ ਨੇ ਖੂੰਜੇ ਬਿਠਾ ਦਿੱਤਾ ਤੇ ਘੱਟੋ-ਘੱਟ ਤਿੰਨ ਥਾਂਵਾਂ ਉਤੇ ਸ਼੍ਰੋਮਣੀ ਕਮੇਟੀ ਦੇ ਕਿਸੇ ਮੈਂਬਰ ਦਾ ਪੁੱਤਰ, ਪਤਨੀ ਜਾਂ ਘਰ ਦਾ ਕੋਈ ਜੀਅ ਹੌਲਾ ਹੋ ਕੇ ਬਹਿ ਗਿਆ। ਕਮਾਲ ਦੀ ਗੱਲ ਇਹ ਵੀ ਹੈ ਕਿ ਇਹ ਕੁਝ ਉਦੋਂ ਵਾਪਰ ਗਿਆ ਹੈ, ਜਦੋਂ ਸਰਕਾਰੀ ਮਸ਼ੀਨਰੀ ਸਾਮ-ਦਾਮ-ਦੰਡ-ਭੇਦ ਹਰ ਹਰਬਾ ਵਰਤ ਕੇ ਉਨ੍ਹਾਂ ਨੂੰ ਜਿਤਾਉਣ ਲਈ ਸਿਰ ਪਰਨੇ ਹੋਈ ਪਈ ਸੀ। ਸਾਰੇ ਨੇਮ-ਕਾਨੂੰਨ ਛਿੱਕੇ ਟੰਗ ਕੇ ਸਰਕਾਰੀ ਮਸ਼ੀਨਰੀ ਕਿਸ ਹੱਦ ਤੱਕ ਚਲੀ ਗਈ ਸੀ, ਇਸ ਦੀਆਂ ਕਈ ਉਘੜਵੀਂਆਂ ਮਿਸਾਲਾਂ ਹਨ, ਜਿਹੜੀਆਂ ਮੀਡੀਏ ਨੇ ਸਾਹਮਣੇ ਲਿਆਂਦੀਆਂ ਹਨ। ਇਨ੍ਹਾਂ ਵਿਚੋਂ ਹਰ ਕਿਸੇ ਦੀ ਗੱਲ ਨਾ ਕਰਦੇ ਹੋਏ ਸਿਰਫ ਇੱਕ ਮਿਸਾਲ ਦੇਣੀ ਕਾਫੀ ਰਹੇਗੀ। ਜਲੰਧਰ ਨੇੜਲੇ ਇੱਕ ਪਿੰਡ ਵਿਚ ਦੋ ਬੀਬੀਆਂ ਦੇ ਮੁਕਾਬਲੇ ਵਿਚ ਸਰਕਾਰੀ ਧਿਰ ਵਾਲੀ ਬੀਬੀ ਇੱਕ ਵੋਟ ਉਤੇ ਹਾਰ ਗਈ ਤਾਂ ਦੋਬਾਰਾ ਗਿਣਤੀ ਲਈ ਜ਼ੋਰ ਦਿੱਤਾ ਗਿਆ। ਪ੍ਰੀਜ਼ਾਈਡਿੰਗ ਅਫਸਰ ਨੇ ਦੋਬਾਰਾ ਗਿਣਤੀ ਕਰਨ ਵੇਲੇ ਹਾਕਮ ਧਿਰ ਦੇ ਦਬਾਅ ਹੇਠ ਇੱਕ ਵੋਟ ਘਟਾ ਕੇ ਦੋਵੇਂ ਬੀਬੀਆਂ ਬਰਾਬਰ ਕਰ ਦਿੱਤੀਆਂ ਤਾਂ ਟਾਸ ਨਾਲ ਫੈਸਲਾ ਕਰਨ ਦੀ ਸਹਿਮਤੀ ਹੋ ਗਈ। ਟਾਸ ਪੈਣ ਮਗਰੋਂ ਫਿਰ ਵਿਰੋਧੀ ਧਿਰ ਵਾਲੀ ਬੀਬੀ ਜਿੱਤ ਗਈ, ਪਰ ਰੌਲਾ ਪਾ ਦਿੱਤਾ ਕਿ ਟਾਸ ਠੀਕ ਨਹੀਂ ਪਈ, ਇਹ ਵੀ ਦੋਬਾਰਾ ਪਾ ਲਈ ਜਾਵੇ। ਦੋਬਾਰਾ ਟਾਸ ਵਿਚ ਵੀ ਉਹੋ ਬੀਬੀ ਜਿੱਤ ਗਈ ਤਾਂ ਇਹ ਦਲੀਲ ਪੇਸ਼ ਹੋ ਗਈ ਕਿ ਇਸ ਨੂੰ ਕੋਈ ਚੁਣੌਤੀ ਦੇ ਸਕਦਾ ਹੈ, ਇਸ ਲਈ ਵੀਡੀਓ ਕੈਮਰੇ ਦੇ ਸਾਹਮਣੇ ਫਿਰ ਟਾਸ ਪਾਉਣੀ ਚਾਹੀਦੀ ਹੈ। ਤੀਸਰੀ ਵਾਰੀ ਵਿਚ ਕਿਸਮਤ ਵੀ ਉਸ ਦਾ ਸਾਥ ਛੱਡ ਗਈ। ਹਾਕਮ ਧਿਰ ਦੀ ਬੀਬੀ ਰਾਜ ਦੇ ਜ਼ੋਰ ਨਾਲ ਜਿੱਤ ਗਈ। ਏਨੀ ਵਾਰੀ ਟਾਸ ਪਾਈ ਜਾਣ ਦਾ ਸਿੱਧਾ ਅਰਥ ਇਹੋ ਸੀ ਕਿ ਭਾਵੇਂ 3 ਦੀ ਥਾਂ ਤੇਰਾਂ ਵਾਰੀ ਸਿੱਕਾ ਸੁੱਟਣਾ ਪਵੇ, ਉਦੋਂ ਤੱਕ ਸੁੱਟੀ ਜਾਣਾ ਹੈ, ਜਦੋਂ ਤੱਕ ਸਰਕਾਰ ਦੇ ਸਾਥ ਵਾਲੀ ਬੀਬੀ ਜਿੱਤ ਨਾ ਜਾਵੇ। ਕੀ ਇਸ ਨੂੰ ਚੋਣ ਕਿਹਾ ਜਾ ਸਕਦਾ ਹੈ?

ਇੱਕ ਹੋਰ ਥਾਂ ਇਸ ਤੋਂ ਥੋੜ੍ਹੀ ਜਿਹੀ ਵੱਖਰੀ ਮਿਸਾਲ ਪੇਸ਼ ਹੋ ਗਈ। ਉਥੇ ਵੀ ਮੁਕਾਬਲਾ ਦੋ ਬੀਬੀਆਂ ਵਿਚਾਲੇ ਹੀ ਸੀ। ਹਾਕਮ ਧਿਰ ਵਾਲੀ ਬੀਬੀ ਹਾਰ ਗਈ ਤੇ ਦੂਸਰੀ ਜਿੱਤ ਗਈ ਤਾਂ ਵੋਟਾਂ ਦਾ ਰੌਲਾ ਪਾ ਦਿੱਤਾ। ਫਿਰ ਟਾਸ ਦੇ ਨਾਲ ਫੈਸਲੇ ਦੀ ਗੱਲ ਚੱਲੀ ਤੇ ਵਿਰੋਧੀ ਧਿਰ ਵਾਲੀ ਬੀਬੀ ਮੁੜ ਕੇ ਜਿੱਤ ਗਈ। ਹਾਕਮ ਧਿਰ ਦੇ ਬੰਦਿਆਂ ਨੇ ਪੋਲਿੰਗ ਬੂਥ ਦੇ ਅੰਦਰ ਹੀ ਉਸ ਨੂੰ ਅਤੇ ਚੋਣ ਅਮਲੇ ਨੂੰ ਕੈਦ ਕਰ ਲਿਆ ਤੇ ਦਬਾਅ ਪਾਉਣ ਲੱਗ ਪਏ ਤੇ ਉਦੋਂ ਤੱਕ ਇਹ ਕੰਮ ਹੁੰਦਾ ਰਿਹਾ, ਜਦੋਂ ਤੜਕੇ ਤਿੰਨ ਵਜੇ ਤੋਂ ਬਾਅਦ ਆ ਕੇ ਪੁਲਿਸ ਨੇ ਉਨ੍ਹਾਂ ਨੂੰ ਨਹੀਂ ਸੀ ਛੁਡਾਇਆ। ਇਹ ਵੀ ਚੋਣ ਨਜ਼ਾਰਾ ਹੀ ਸੀ। ਅੱਗੋਂ ਹੁਣ ਇਹੋ ਜਿਹੀ ਪੰਚਾਇਤ ਦੀ ਸੁੱਖ ਹੀ ਮੰਗਣੀ ਪਵੇਗੀ।

ਜੇ ਕੋਈ ਇਹ ਸਮਝੇ ਕਿ ਨੀਤ ਸਿਰਫ ਵਿਰੋਧੀ ਧਿਰ ਵਾਲਿਆਂ ਨੂੰ ਮਾਂਜਾ ਫੇਰਨ ਦੀ ਸੀ ਤਾਂ ਇਹ ਵੀ ਗਲਤ ਹੋਵੇਗਾ। ਬਹੁਤ ਸਾਰੇ ਥਾਂਈਂ ਅਕਾਲੀ ਵੀ ਅਕਾਲੀਆਂ ਨਾਲ ਭਿੜਦੇ ਰਹੇ। ਫਰੀਦਕੋਟ ਜ਼ਿਲ੍ਹੇ ਦੇ ਪਿੰਡ ਰੁਪੱਈਆਂ ਵਾਲਾ ਵਿਚ ਅਕਾਲੀਆਂ ਦੇ ਦੋ ਧੜਿਆਂ ਵਿਚ ਜਿਹੜਾ ਖੂਨੀ ਭੇੜ ਹੋਇਆ, ਉਸ ਵਿਚ ਦੋ ਹਲਕਿਆਂ ਦੇ ਅਕਾਲੀ ਵਿਧਾਇਕਾਂ ਦਾ ਆਪਸੀ ਟਕਰਾਅ ਚਰਚਾ ਵਿਚ ਆਇਆ ਹੈ। ਮੋਗਾ ਜ਼ਿਲ੍ਹੇ ਦੇ ਇੱਕ ਪਿੰਡ ਵਿਚ ਗੋਲੀ ਚੱਲੀ ਸੀ ਤਾਂ ਉਥੇ ਅਕਾਲੀ ਦਲ ਦੇ ਸਾਬਕਾ ਮੰਤਰੀ ਤੇ ਇੱਕ ਅਕਾਲੀ ਵਿਧਾਇਕ ਬੀਬੀ ਦੇ ਧੜਿਆਂ ਦੀ ਖਾਨਾਜੰਗੀ ਨੇ ਜੰਗ ਦਾ ਰੂਪ ਧਾਰ ਲਿਆ ਸੀ। ਭੋਗਪੁਰ ਦੇ ਨੇੜੇ ਇੱਕ ਪਿੰਡ ਵਿਚ ਸਰਪੰਚੀ ਦਾ ਉਮੀਦਵਾਰ ਮਾਰ ਦਿੱਤਾ ਗਿਆ ਸੀ। ਉਹ ਵੀ ਅਕਾਲੀ ਸੀ ਤੇ ਜਿਨ੍ਹਾਂ ਨੇ ਕਤਲ ਕੀਤਾ, ਉਹ ਵੀ ਅਕਾਲੀ ਦਲ ਦੇ ਆਗੂ ਅਖਵਾਉਂਦੇ ਸਨ। ਸਰਕਾਰ ਦੀ ਵਾਗਡੋਰ ਜਿਨ੍ਹਾਂ ਦੇ ਹੱਥਾਂ ਵਿਚ ਹੈ, ਉਨ੍ਹਾਂ ਵਿਚੋਂ ਕਿਸੇ ਨੇ ਇਸ ਦਾ ਖੰਡਨ ਜਾਂ ਮੰਡਨ ਹੀ ਨਹੀਂ ਕੀਤਾ।

ਜਿਹੜੇ ਦਿਨ ਚੋਣਾਂ ਹੋਣੀਆਂ ਸਨ, ਉਸ ਦਿਨ ਫਿਰ ਇੱਕ ਕਹਿਰ ਵਾਪਰ ਗਿਆ। ਕੋਟਕਪੂਰੇ ਨੇੜੇ ਇੱਕ ਪਿੰਡ ਵਿਚ ਚੋਣ ਦੇ ਬਾਅਦ ਨਤੀਜੇ ਵੇਲੇ ਰੇੜਕਾ ਪੈ ਗਿਆ। ਦੋਵੇਂ ਧੜੇ ਅਕਾਲੀਆਂ ਦੇ ਸਨ। ਇੱਕ ਧੜਾ ਜ਼ਰਾ ਭਾਰਾ ਸੀ ਤੇ ਉਸ ਦੇ ਪੱਖ ਵਿਚ ਪੁਲਿਸ ਵਾਲੇ ਵੀ ਹੱਦਾਂ ਟੱਪਣ ਨੂੰ ਤਿਆਰ ਸਨ। ਦੂਸਰੀ ਧਿਰ ਵਾਲਿਆਂ ਨੇ ਇਸ ਦੀ ਪ੍ਰਵਾਹ ਕੀਤੇ ਬਿਨਾਂ ਜਦੋਂ ਆਪਣੀ ਤਾਕਤ ਵਿਖਾਉਣ ਦੀ ਕੋਸ਼ਿਸ਼ ਕੀਤੀ ਤਾਂ ਇੱਕ ਥਾਣੇਦਾਰ ਨੇ ਗੋਲੀ ਮਾਰ ਕੇ ਉਸ ਧੜੇ ਦੇ ਆਗੂ ਦਾ ਕਤਲ ਕਰ ਦਿੱਤਾ। ਸਾਰੇ ਪਿੰਡ ਦੇ ਸਾਹਮਣੇ ਸਿਰਫ ਚਾਰ ਫੁੱਟ ਦੇ ਫਾਸਲੇ ਤੋਂ ਗੋਲੀ ਮਾਰੀ ਗਈ ਤੇ ਉਸ ਮੌਕੇ ਦਾ ਮੁਆਇਨਾ ਕਰਨ ਆਇਆ ਸਰਕਾਰ ਦਾ ਡਿਊਟੀ ਅਫਸਰ ਇਹ ਕਹਿ ਕੇ ਤੁਰ ਗਿਆ ਕਿ ਗੋਲੀ ਮਾਰਨ ਵਾਲੇ ਬਾਰੇ ਯਕੀਨ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਪਿੰਡ ਦੇ ਲੋਕ ਆਖਦੇ ਹਨ ਕਿ ਯਕੀਨ ਨਾਲ ਕਹਿਣ ਵਿਚ ਅੜਚਣ ਇਹ ਹੈ ਕਿ ਉਸ ਨੂੰ ਹਾਲੇ ਇਹ ਪਤਾ ਨਹੀਂ ਸੀ ਕਿ ਉਪਰੋਂ ਕਿਸ ਦਾ ਪੱਖ ਲਿਆ ਜਾਣਾ ਹੈ, ਇਸ ਲਈ ਉਹ ਕਿਸੇ ਝਮੇਲੇ ਵਿਚ ਫਸਣ ਤੋਂ ਬਚਣ ਲਈ ਏਦਾਂ ਦੀ ਗੱਲ ਕਹਿ ਕੇ ਚਲਾ ਗਿਆ ਸੀ, ਬਾਅਦ ਵਿਚ ਸਰਕਾਰ ਜਿਸ ਦੇ ਪੱਖ ਵਿਚ ਕਹੇਗੀ, ਉਸ ਦੀ ਹਮਾਇਤ ਦੀ ਰਿਪੋਰਟ ਬਣਾ ਦੇਵੇਗਾ।

ਜਦੋਂ ਇਹ ਚੋਣਾਂ ਹੋ ਚੁੱਕੀਆਂ ਤੇ ਨਤੀਜੇ ਆ ਚੁੱਕੇ ਤਾਂ ਖੂਨ-ਖਰਾਬਾ ਰੁਕ ਜਾਣਾ ਚਾਹੀਦਾ ਸੀ, ਪਰ ਇਹ ਅਜੇ ਵੀ ਰੁਕਿਆ ਨਹੀਂ। ਦੋ ਥਾਂਵਾਂ ਉਤੇ ਫਿਰ ਹਿੰਸਕ ਵਾਰਦਾਤਾਂ ਹੋ ਗਈਆਂ। ਇੱਕ ਥਾਂ ਦੁਆਬੇ ਵਿਚ ਸਰਪੰਚ ਦੀ ਚੋਣ ਵਿਚ ਚੜ੍ਹੀ ਹੋਈ ਕੌੜ ਕੱਢਣ ਲਈ ਸਰਪੰਚ ਦੇ ਪਰਿਵਾਰ ਦੇ ਇੱਕ ਜੀਅ ਉਤੇ ਗੱਡੀ ਚਾੜ੍ਹ ਕੇ ਉਸ ਨੂੰ ਮਾਰ ਦੇਣ ਦੀ ਖਬਰ ਆ ਗਈ ਹੈ। ਦੂਸਰੀ ਖਬਰ ਮੁਹਾਲੀ ਦੀ ਹੈ, ਜਿੱਥੇ ਅਕਾਲੀਆਂ ਦੇ ਦੋ ਧੜੇ ਲੜ ਪਏ ਹਨ। ਇੱਕ ਧੜਾ ਤਾਂ ਅਕਾਲੀ ਦਲ ਦੇ ਧੜੱਲੇਦਾਰ ਆਗੂ ਕੰਗ ਦਾ ਹੈ, ਜਿਸ ਦੇ ਬੰਦੇ ਕਈ ਸਾਲ ਪਹਿਲਾਂ ਵੀ ਇੱਕ ਅਕਾਲੀ ਸਟੇਜ ਦੇ ਮੰਚ ਉਤੇ ਦੂਸਰੇ ਧੜੇ ਦੇ ਯੂਥ ਅਕਾਲੀ ਆਗੂ ਨਾਲ ਪੇਚਾ ਪਾ ਬੈਠੇ ਸਨ। ਉਦੋਂ ਦੋਵਾਂ ਪਾਸਿਆਂ ਦੇ ਬੰਦੇ ਮਾਰੇ ਗਏ ਸਨ। ਫਿਰ ਅਕਾਲੀ ਲੀਡਰਸ਼ਿਪ ਨੇ ਕੰਗ ਧੜਾ ਭਾਰਾ ਸਮਝ ਕੇ ਇਸ ਦੀ ਮਦਦ ਕਰ ਦਿੱਤੀ ਤੇ ਦੂਸਰਾ ਧੜਾ ਅਣਗੌਲਿਆ ਮਹਿਸੂਸ ਕਰ ਕੇ ਕਾਂਗਰਸ ਪਾਰਟੀ ਵਿਚ ਚਲਾ ਗਿਆ। ਇਸ ਵਾਰ ਇਸ ਮਾਰ-ਖੋਰੇ ਧੜੇ ਦੀ ਟੱਕਰ ਅਕਾਲੀ ਦਲ ਵਿਚ ਪਿਛਲੇ ਸਾਲ ਆਏ ਬਲਵੰਤ ਸਿੰਘ ਰਾਮੂਵਾਲੀਆ ਦੇ ਧੜੇ ਨਾਲ ਹੋਈ ਹੈ। ਦੋਵਾਂ ਧਿਰਾਂ ਦੀ ਗੋਲੀ ਚੱਲੀ ਤੇ ਕਈ ਬੰਦੇ ਜ਼ਖਮੀ ਹੋ ਕੇ ਹੇਠਲੇ ਹਸਪਤਾਲ ਦਾ ਗੇੜਾ ਲਾਉਣ ਪਿੱਛੋਂ ਚੰਡੀਗੜ੍ਹ ਦੀ ਪੀ ਜੀ ਆਈ ਤੱਕ ਜਾ ਪਹੁੰਚੇ ਹਨ।

ਬਾਕੀ ਸਾਰੇ ਪੰਜਾਬ ਵਿਚ ਜੋ ਕੁਝ ਵਾਪਰਿਆ ਹੈ, ਉਸ ਦੀ ਸਮਝ ਵੀ ਇਸੇ ਇੱਕ ਝਗੜੇ ਦੀ ਜੜ੍ਹ ਤੱਕ ਜਾਣ ਨਾਲ ਆ ਸਕਦੀ ਹੈ। ਅਸਲੀਅਤ ਇਹ ਹੈ ਕਿ ਹੁਣ ਪੰਜਾਬ ਦੇ ਪਿੰਡਾਂ ਦਾ ਮਾਹੌਲ ਬਦਲ ਚੁੱਕਾ ਹੈ। ਪਹਿਲਾਂ ਪਿੰਡਾਂ ਦੀ ਰਾਜਨੀਤੀ ਤਿੰਨ ਧਿਰਾਂ ਵਿਚ ਖਿੱਚੋਤਾਣ ਵਾਲੀ ਹੁੰਦੀ ਸੀ, ਜਿਸ ਵਿਚ ਇੱਕ ਧੜਾ ਕਾਂਗਰਸ ਦਾ, ਦੂਸਰਾ ਅਕਾਲੀ ਦਲ ਦਾ ਤੇ ਤੀਸਰਾ ਕੁਝ ਛੋਟਾ ਧੜਾ ਕਾਮਰੇਡਾਂ ਦਾ ਹੁੰਦਾ ਸੀ। ਕਾਮਰੇਡਾਂ ਦਾ ਹੁਣ ਬਾਰੀ ਕੋਹੀਂ ਦੀਵਾ ਜਗਦਾ ਹੈ। ਬਾਕੀ ਦੇ ਪਿੰਡਾਂ ਵਿਚੋਂ ਬਹੁਤ ਥੋੜ੍ਹੇ ਰਹਿ ਗਏ ਹਨ, ਜਿੱਥੇ ਕਾਂਗਰਸੀਆਂ ਨੇ ਸਿੱਧਾ ਸਿੰਗ ਫਸਾਉਣ ਦੀ ਜੁਰਅੱਤ ਕੀਤੀ ਤੇ ਕੁਝ ਪਿੰਡਾਂ ਵਿਚ ਉਨ੍ਹਾਂ ਨੇ 'ਦੜ ਵੱਟ, ਜ਼ਮਾਨਾ ਕੱਟ' ਦਾ ਫਾਰਮੂਲਾ ਵਰਤਿਆ ਹੈ। ਜਿੱਥੇ ਮੋਗੇ ਦੇ ਜੁਗਿੰਦਰਪਾਲ ਜੈਨ ਵਾਂਗ ਚੁਸਤ ਕਾਂਗਰਸੀ ਸਨ, ਉਨ੍ਹਾਂ ਨੇ ਪਾਰਟੀ ਛੱਡ ਕੇ ਵਕਤੀ ਤੌਰ ਉਤੇ ਅਕਾਲੀ ਦਲ ਵਿਚ ਸ਼ਾਮਲ ਹੋ ਜਾਣ ਦਾ ਦਾਅ ਵੀ ਵਰਤ ਲਿਆ। ਉਨ੍ਹਾਂ ਨੂੰ ਸੁਖਬੀਰ ਸਿੰਘ ਬਾਦਲ ਨੇ ਇਹ ਕਹਿ ਕੇ ਸ਼ਾਮਲ ਕੀਤਾ ਹੈ ਕਿ ਕਾਂਗਰਸ ਦੇ ਅੰਦਰ ਜਿੰਨੇ ਕੁ ਹੀਰੇ ਹਨ, ਉਹ ਅਸੀਂ ਚੁਗੀ ਜਾਂਦੇ ਹਾਂ। ਇਸ ਦੇ ਬਾਅਦ ਪਿੰਡਾਂ ਵਿਚ ਫਿਰ ਤਿੰਨ ਧੜੇ ਹੋ ਗਏ ਹਨ। ਇੱਕ ਧੜਾ ਉਨ੍ਹਾਂ ਅਕਾਲੀਆਂ ਦਾ ਹੈ, ਜਿਨ੍ਹਾਂ ਦੇ ਦਾਦੇ ਨੇ ਅਜ਼ਾਦੀ ਲਹਿਰ ਵੇਲੇ ਅੰਗਰੇਜ਼ਾਂ ਦੀ ਕੈਦ ਕੱਟੀ, ਬਾਪੂ ਨੂੰ ਪ੍ਰਕਾਸ਼ ਸਿੰਘ ਬਾਦਲ ਦੇ ਨਾਲ ਐਮਰਜੈਂਸੀ ਵੇਲੇ ਜੇਲ੍ਹ ਜਾਣਾ ਪਿਆ ਤੇ ਉਹ ਆਪਣੇ ਆਪ ਨੂੰ ਟਕਸਾਲੀ ਅਖਵਾ ਕੇ ਖੁਸ਼ ਹੁੰਦੇ ਹਨ। ਦੂਸਰਾ ਧੜਾ ਉਨ੍ਹਾਂ ਗਭਰੇਟਾਂ ਦਾ ਹੈ, ਜਿਹੜੇ ਐਸ ਓ ਆਈ ਵਾਲਾ ਫੱਟਾ ਲਾ ਕੇ ਸੁਖਬੀਰ ਸਿੰਘ ਬਾਦਲ ਦੀ ਕਮਾਨ ਹੇਠ ਅਕਾਲੀ ਬਣ ਗਏ, ਪਰ ਸ਼ਕਲ ਤੇ ਅਕਲ ਦੋਵਾਂ ਵੱਲੋਂ ਉਹ ਅਕਾਲੀ ਅਖਵਾਉਣ ਦੇ ਹੱਕਦਾਰ ਨਹੀਂ। ਤੀਸਰਾ ਧੜਾ ਕਾਂਗਰਸ ਵਿਚੋਂ ਆਏ 'ਹੀਰੇ' ਬਣਾਈ ਫਿਰਦੇ ਹਨ। ਤਿੰਨੇ ਧੜੇ ਪਿੰਡ ਦੀ ਚੌਧਰ ਲਈ ਲੜਦੇ ਹਨ ਤੇ ਤਿੰਨਾਂ ਦੀ ਜੇਬ ਵਿਚ ਪਏ ਮੋਬਾਈਲ ਉਤੇ ਅਕਾਲੀ ਹਾਈ ਕਮਾਨ ਦਾ ਨੰਬਰ ਭਰਿਆ ਹੁੰਦਾ ਹੈ। ਇਨ੍ਹਾਂ ਰੰਗ-ਬਰੰਗੇ ਅਕਾਲੀਆਂ ਦੀ ਖਾਨਾ-ਜੰਗੀ ਹੀ ਸੀ, ਜਿਸ ਦਾ ਨਮੂਨਾ ਪੰਚਾਇਤ ਚੋਣਾਂ ਮੌਕੇ ਵੇਖਣ ਨੂੰ ਮਿਲਿਆ ਹੈ। ਉਹ ਬਹੁਤੀ ਥਾਂ ਆਪੋ ਵਿਚ ਹੀ ਮਾਰਦੇ ਤੇ ਮਰਦੇ ਵੇਖੇ ਗਏ ਹਨ। ਕਮਾਲ ਦੀ ਗੱਲ ਇਹ ਹੈ ਕਿ ਸਰਦਾਰ ਪ੍ਰਕਾਸ਼ ਸਿੰਘ ਬਾਦਲ ਅਜੇ ਵੀ ਇਹ ਕਹੀ ਜਾ ਰਹੇ ਹਨ ਕਿ ਚੋਣਾਂ ਵਿਚ ਜਿੱਤ ਲੋਕਾਂ ਦੀ ਹੋਈ ਹੈ।

## ਸਿਆਸਤ ਦਾ ਪਿੜ

ਜਤਿੰਦਰ ਪਨੂੰ
ਫੋਨ: 91-98140-68455


# ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

## ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

**ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ**
**ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ**

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



**Call For Special Price**

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

ਪੰਜਾਬ ਟਾਈਮਜ਼

*ਸਨਿਚਰਵਾਰ, 13 ਜੁਲਾਈ 2013*

## *ਇਹ ਕਿਸ ਦਾ ਪੰਜਾਬ ਹੈ...*

ਪੰਚਾਇਤ ਚੋਣਾਂ ਤੋਂ ਬਾਅਦ ਪੰਜਾਬ ਟੁੱਕਿਆ-ਪੱਛਿਆ ਗਿਆ ਹੈ। ਚੁਫੇਰਿਉਂ ਲੜਾਈ, ਵੱਢ-ਵਢਾਂਗੇ ਅਤੇ ਗੋਲੀਆਂ ਚੱਲਣ ਦੀਆਂ ਖਬਰਾਂ ਮਿਲ ਰਹੀਆਂ ਹਨ। ਇਹ ਚੋਣਾਂ ਪਿਛਲੀ ਵਾਰ ਦੀ ਕਿਸੇ ਵੀ ਚੋਣ ਨਾਲੋਂ ਇਸ ਕਰ ਕੇ ਵੀ ਨਿਆਰੀਆਂ ਹੋ ਨਿੱਬੜੀਆਂ ਹਨ ਕਿ ਬਹੁਤੀ ਥਾਂਈਂ ਲੜਨ ਵਾਲੇ ਇਕੋ ਹੀ ਧਿਰ ਨਾਲ ਸਬੰਧਤ ਹੈ। ਇਸ ਧਿਰ ਵਿਚ ਸ਼ਾਮਲ ਆਗੂ ਅਤੇ ਵਰਕਰ, ਸੱਤਾ ਦਾ ਸੁੱਖ ਮਾਣ ਰਹੇ ਸ਼੍ਰੋਮਣੀ ਅਕਾਲੀ ਦਲ ਨਾਲ ਸਬੰਧਤ ਹਨ ਅਤੇ ਇਹ ਆਪਸ ਵਿਚ ਹੀ ਭਿੜ ਰਹੇ ਹਨ। ਸਿਤਮਜ਼ਰੀਫੀ ਇਹ ਵੀ ਹੈ ਕਿ ਇਕ ਪਾਸੇ ਤਾਂ ਕਤਲ-ਓ-ਗਾਰਤ ਚੱਲ ਰਹੀ ਹੈ, ਲੋਕਾਂ ਦੇ ਘਰੀਂ ਸੱਥਰ ਵਿਛ ਰਹੇ ਹਨ; ਦੂਜੇ ਪਾਸੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਵਧਾਈਆਂ ਦੇਣ ਦੇ ਇਸ਼ਤਿਹਾਰ ਛਪ ਰਹੇ ਹਨ, ਉਸ ਦੀਆਂ ਹੱਸਦੇ ਦੀਆਂ ਫੋਟੋਆਂ ਅਖਬਾਰੀ ਸਫਿਆਂ ਦਾ ਸ਼ਿੰਗਾਰ ਬਣ ਰਹੀਆਂ ਹਨ। ਵਿਰੋਧੀ ਧਿਰ ਕਾਂਗਰਸ ਦੀ ਜੋ ਹਾਲਤ ਹੈ, ਉਸ ਬਾਰੇ ਤਾਂ ਕੋਈ ਗੱਲ ਕਰਨੀ ਵੀ ਨਹੀਂ ਬਣਦੀ। ਇਸ ਪਾਰਟੀ ਦੇ ਸਾਰੇ ਦੇ ਸਾਰੇ ਧੜੇ ਅਖਬਾਰਾਂ ਵਿਚ ਤਾਂ ਨਿੱਤ ਦਿਨ ਬਿਆਨ ਛਪਵਾਈ ਜਾਂਦੇ ਹਨ, ਪਰ ਹੇਠਲੇ ਪੱਧਰ 'ਤੇ ਜਾ ਕੇ ਕੰਮ ਕਰਦਾ ਕੋਈ ਵੀ ਨਜ਼ਰੀਂ ਨਹੀਂ ਪੈ ਰਿਹਾ। ਸ਼ਾਇਦ ਇਸੇ ਕਰ ਕੇ ਸੁਖਬੀਰ ਐਂਡ ਪਾਰਟੀ ਬਹੁਤਾ ਕੁਝ ਨਾ ਕਰਨ ਦੇ ਬਾਵਜੂਦ, ਦੋਹਾਂ ਹੱਥਾਂ ਵਿਚ ਲੱਡੂ ਲਈ ਬੈਠੀ ਹੈ। ਅਜਿਹੇ ਹਾਲਾਤ ਵਿਚ ਆਮ ਬੰਦਾ ਬੜਾ ਬੇਵੱਸ ਜਿਹਾ ਹੋ ਕੇ ਆਪਣੇ ਆਲੇ-ਦੁਆਲੇ ਝਾਕ ਰਿਹਾ ਹੈ। ਬੁੱਧੀਜੀਵੀ ਤਾਂ ਖੈਰ, ਪੰਜਾਬ ਬਾਰੇ ਚਿਰਾਂ ਤੋਂ ਚੁੱਪ ਹਨ। ਜਿਹੜੇ ਕੁਝ ਕੁ ਦਾਨੇ-ਬੀਨੇ ਕੁਝ ਬੋਲ ਵੀ ਰਹੇ ਹਨ, ਉਨ੍ਹਾਂ ਦੀ ਰਸਾਈ ਆਵਾਮ ਤੱਕ ਹੋ ਨਹੀਂ ਰਹੀ। ਇਸੇ ਕਰ ਕੇ ਅੱਜ ਸਾਧਾਰਨ ਪੰਜਾਬੀ ਬੰਦਾ ਵੀ ਚੁੱਪ ਦਾ ਖੋਲ ਪਹਿਨ ਕੇ ਬੈਠ ਗਿਆ ਹੈ ਅਤੇ ਦੇਖਦਿਆਂ ਦੇਖਦਿਆਂ ਸਮੁੱਚਾ ਪੰਜਾਬ ਹੀ ਚੁੱਪ ਦੀ ਬੁੱਕਲ ਮਾਰੀ ਬੇਪਛਾਣ ਜਿਹਾ ਹੋ ਗਿਆ ਜਾਪਦਾ ਹੈ। ਘੱਟੋ-ਘੱਟ ਆਮ ਬੰਦੇ ਦੀ ਪਛਾਣ ਵਿਚ ਤਾਂ ਇਹ ਪੰਜਾਬ ਉੱਕਾ ਨਹੀਂ ਆ ਰਿਹਾ। ਇਸ ਦੇ ਨੈਣ-ਨਕਸ਼ ਉੱਕਾ ਹੀ ਬਦਲ ਗਏ ਜਾਪਦੇ ਹਨ। ਕੁਝ ਸਾਲ ਪਹਿਲਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦਾ ਵਾਅਦਾ ਕੀਤਾ ਸੀ, ਪਰ ਸਿਆਸਤ ਦੀ ਸ਼ਤਰੰਜ ਨੇ ਇਸ ਨੂੰ ਕੀ ਦਾ ਕੀ ਬਣਾ ਧਰਿਆ ਹੈ!

ਐਤਕੀਂ ਪੰਚਾਇਤ ਚੋਣਾਂ ਤੋਂ ਬਾਅਦ ਹਾਲਾਤ ਇੱਦਾਂ ਦੇ ਬਣ ਗਏ ਹਨ ਕਿ ਖੁਦ ਅਕਾਲੀਆਂ ਨੂੰ ਸਮਝ ਨਹੀਂ ਪੈ ਰਹੀ ਕਿ ਇਨ੍ਹਾਂ ਨੇ ਆਖਰਕਾਰ ਜਿੱਤ ਕਿਸ ਉਤੇ ਪ੍ਰਾਪਤ ਕੀਤੀ ਹੈ? ਅਸਲ ਵਿਚ ਪਿਛਲੇ ਕੁਝ ਸਾਲਾਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਵਿਚ ਜਿਸ ਤਰ੍ਹਾਂ ਪਾਰਟੀ ਦੀ ਥਾਂ ਆਗੂਆਂ ਦੀ ਸਰਦਾਰੀ ਵਧੀ ਹੈ, ਉਸ ਨੇ ਪਾਰਟੀ ਅੰਦਰ ਵੱਖ ਵੱਖ ਆਗੂਆਂ ਦੇ ਪੱਕੇ ਧੜੇ ਕਾਇਮ ਕਰ ਦਿੱਤੇ ਹਨ ਅਤੇ ਇਹ ਸਭ ਸੱਤਾ ਉਤੇ ਕਾਬਜ਼ ਰਹਿਣ ਲਈ ਹੀ ਕੀਤਾ ਗਿਆ ਸੀ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਜਦੋਂ ਪੰਜਾਬ ਨੂੰ ਕੈਲੀਫੋਰਨੀਆ ਬਣਾਉਣ ਦਾ ਐਲਾਨ ਕੀਤਾ ਸੀ, ਤਾਂ ਇਸ ਦੇ ਬਾਹਰਲੇ ਅਰਥ ਭਾਵੇਂ ਵਿਕਾਸ ਨਾਲ ਜੋੜੇ ਗਏ ਸਨ, ਪਰ ਇਸ ਦੇ ਅੰਦਰੂਨੀ ਤੇ ਅਸਲ ਅਰਥ ਇਹੀ ਸਨ ਕਿ ਸੱਤਾ ਉਤੇ ਕਾਬਜ਼ ਰਹਿਣਾ ਹੈ। ਉਦੋਂ ਬਾਦਲ ਦਾ ਦਾਈਆ ਪੰਜ ਸਾਲ ਦੀ ਸੱਤਾ ਤੱਕ ਦਾ ਸੀ। ਹੁਣ ਉਨ੍ਹਾਂ ਦਾ ਫਰਜ਼ੰਦ ਸੁਖਬੀਰ ਸਿੰਘ ਬਾਦਲ 25 ਸਾਲ ਸੱਤਾ ਉਤੇ ਕਾਬਜ਼ ਰਹਿਣ ਦੇ ਦਾਅਵੇ ਕਰ ਰਿਹਾ ਹੈ ਤਾਂ ਉਸ ਦੀ ਸਿਆਸਤ ਵਿਚ ਇੰਨੀ ਕੁ ਤਬਦੀਲੀ ਤਾਂ ਹੋਣੀ ਹੀ ਸੀ! ਇਸ 25 ਸਾਲਾ ਸ਼ਾਸਨ ਲਈ ਉਸ ਨੇ ਜਿਹੜਾ ਢਾਂਚਾ ਖੜ੍ਹਾ ਕੀਤਾ ਹੈ, ਉਸ ਨੇ ਪੈਂਦੀ ਸੱਟੇ ਹੀ ਪੰਜਾਬ ਦੇ ਨਕਸ਼ਾਂ ਉਤੇ ਪੋਚਾ ਫੇਰਨ ਦਾ ਯਤਨ ਕੀਤਾ ਹੈ। ਪਿਛਲੇ ਸਮੇਂ ਦੌਰਾਨ ਹੋ ਰਹੀਆਂ ਘਟਨਾਵਾਂ ਇਸ ਦੀਆਂ ਗਵਾਹ ਹਨ। ਉਂਜ ਵੀ ਹੁਣ ਤੱਕ ਪਿਉ-ਪੁੱਤ ਦਾ ਮੁੱਖ ਨਿਸ਼ਾਨਾ ਚੋਣਾਂ ਜਿੱਤਣਾ ਹੀ ਰਿਹਾ ਹੈ ਅਤੇ ਚੋਣਾਂ ਜਿੱਤਣ ਲਈ ਇਨ੍ਹਾਂ ਨੇ ਸਭ ਕੁਝ ਦਾਅ ਉਤੇ ਲਾ ਦਿੱਤਾ ਹੈ। ਦੋਵੇਂ ਜਣੇ ਕਦੀ ਕੋਈ ਅਤੇ ਕਦੇ ਕੋਈ ਸਿਆਸੀ ਪੱਤਾ ਖੇਡਦੇ ਹਨ। ਪਿੰਡਾਂ ਵਿਚ ਪੰਚਾਂ-ਸਰਪੰਚਾਂ ਦੀ ਚੋਣ ਕਦੀ ਸਿੱਧੀ ਅਤੇ ਕਦੀ ਅਸਿੱਧੀ, ਇਸੇ ਸਿਆਸੀ ਖੇਡ ਦਾ ਪਿੜ ਬਣੀਆਂ। ਐਤਕੀਂ ਪਿੰਡਾਂ ਵਿਚ ਵਾਰਡਬੰਦੀ ਤਹਿਤ ਚੋਣਾਂ ਕਰਵਾਈਆਂ ਗਈਆਂ। ਨਿਸ਼ਾਨਾ ਬੱਸ ਇਕ ਹੀ ਹੁੰਦਾ ਹੈ ਕਿ ਹਰ ਹੀਲੇ-ਵਸੀਲੇ ਚੋਣ ਜਿੱਤਣੀ ਹੈ। ਜ਼ਾਹਿਰ ਹੈ ਕਿ ਦੋਵੇਂ ਪਿਉ-ਪੁੱਤ ਆਪਣੀਆਂ ਸਕੀਮਾਂ ਮੁਤਾਬਕ ਜਿੱਤ ਵੀ ਰਹੇ ਹਨ, ਪਰ ਉਹ ਪੰਜਾਬ ਹੁਣ ਲਗਾਤਾਰ ਹਾਰ ਰਿਹਾ ਹੈ ਜਿਹੜਾ ਕਿਸੇ ਦੀ ਟੈਂ ਨਹੀਂ ਸੀ ਮੰਨਦਾ ਹੁੰਦਾ!

ਪਿਉ-ਪੁੱਤ ਦੀਆਂ ਇਨ੍ਹਾਂ ਜਿੱਤਾਂ ਦੇ ਹੋਰ ਵੀ ਕਈ ਕਾਰਨ ਹੋਣਗੇ, ਪਰ ਇਨ੍ਹਾਂ ਵਿਚੋਂ ਇਕ ਤਾਂ ਇਹੀ ਹੈ ਕਿ ਫਿਲਹਾਲ ਇਨ੍ਹਾਂ ਨੂੰ ਹਰਾਉਣ ਵਾਲਾ ਕੋਈ ਨਹੀਂ। ਪਿਛਲੀਆਂ ਵਿਧਾਨ ਸਭਾ ਚੋਣਾਂ ਬਾਰੇ ਹਰ ਵਿਸ਼ਲੇਸ਼ਣਕਾਰ ਇਸ ਸਿੱਟੇ ਉਤੇ ਅੱਪੜਿਆ ਸੀ ਕਿ ਉਦੋਂ ਬਾਦਲਾਂ ਦਾ ਅਕਾਲੀ ਦਲ ਨਹੀਂ ਸੀ ਜਿੱਤਿਆ, ਸਗੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਕਾਂਗਰਸ ਹਾਰ ਗਈ ਸੀ। ਇਸ ਦੇ ਨਾਲ ਹੀ ਵਕਤ ਦਾ ਪਹੀਆ ਵੀ ਕੁਝ ਇਸ ਤਰ੍ਹਾਂ ਗਿੜਿਆ ਕਿ ਪੀਪਲਜ਼ ਪਾਰਟੀ ਆਫ ਪੰਜਾਬ ਲੈ ਕੇ ਆਏ ਮਨਪ੍ਰੀਤ ਸਿੰਘ ਬਾਦਲ ਦੀ ਸਿਆਸਤ ਵੀ ਬਾਦਲਾਂ ਦੇ ਹੱਕ ਵਿਚ ਚਲੀ ਗਈ। ਉਹ ਬਾਦਲਾਂ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਓਹੜ-ਪੋਹੜ ਕਰਦਾ ਕਰਦਾ ਕਾਂਗਰਸ ਨੂੰ ਹੀ ਸੱਤਾ ਤੋਂ ਦੂਰ ਲੈ ਗਿਆ। ਹੁਣ ਹਾਲਾਤ ਇਹ ਬਣੇ ਹਨ ਕਿ ਅੱਜ ਤੱਕ ਨਾ ਤਾਂ ਉਸ ਦੀ ਜਥੇਬੰਦੀ ਜਾਂ ਤੀਜੇ ਮੋਰਚੇ ਦਾ ਕੋਈ ਮੂੰਹ-ਮੱਥਾ ਬਣਿਆ ਹੈ ਅਤੇ ਨਾ ਹੀ ਉਦੋਂ ਇਕ ਵਾਰ ਉਖੜੀ ਕਾਂਗਰਸ ਦੇ ਹੀ ਕਿਸੇ ਪਾਸੇ ਪੈਰ ਲੱਗੇ ਹਨ। ਇਉਂ ਇਕ ਲਿਹਾਜ਼ ਨਾਲ ਖਾਲੀ ਪਿੜ ਵਿਚ ਬਾਦਲ ਹੀ ਬਾਘੀਆਂ ਪਾ ਰਹੇ ਹਨ। ਐਤਕੀਂ ਪੰਚਾਇਤੀ ਚੋਣਾਂ ਵਿਚ ਇਹ ਬਾਘੀਆਂ ਪਾਉਂਦੇ ਪਾਉਂਦੇ ਆਪਸ ਵਿਚ ਹੀ ਖਹਿ ਪਏ ਹਨ ਤੇ ਨਤੀਜਾ ਸਭ ਦੇ ਸਾਹਮਣੇ ਹੈ, ਪੰਜਾਬ ਟੁੱਕਿਆ-ਪੱਛਿਆ ਪਿਆ ਹੈ। ਇਸ ਨੂੰ ਅਕਾਲੀਆਂ ਅਤੇ ਕਾਂਗਰਸੀਆਂ ਦੀ ਕੂੜ ਸਿਆਸਤ ਵਿਚੋਂ ਨਿਕਲਣ ਲਈ ਪਤਾ ਨਹੀਂ ਅਜੇ ਹੋਰ ਕਿੰਨਾ ਸਮਾਂ ਉਡੀਕਣਾ ਪੈਣਾ ਹੈ!

### ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕੌਣ ਬਣੂੰ ਸਰਪੰਚ?*

'ਜਥਾ ਰਾਜਾ' ਦੇ ਬਣੇ ਅਖਾਣ ਵਾਂਗੂੰ, 'ਤਥਾ ਪਰਜਾ' ਨਾ ਸਮਝਦੀ ਖੋਟ ਮੀਆਂ।
ਵੋਟਾਂ ਮਿਲਦੀਆਂ ਤਾਰ ਕੇ ਮੁੱਲ ਪੂਰਾ,ਨਾਹੀਂ ਕਾਇਦੇ-ਕਾਨੂੰਨ ਤੂੰ ਘੋਟ ਮੀਆਂ।
ਢੀਠ ਸਿਰੇ ਦੇ 'ਲੈਣ ਤੇ ਦੇਣ' ਵਾਲੇ, ਲੱਜਾ-ਸੰਗ ਤੋਂ ਲੈ ਲੈਂਦੇ ਛੋਟ ਮੀਆਂ।
ਚਾਰੇ ਤਰਫ ਹੁਣ ਮਾਇਆ ਦਾ ਬੋਲ ਬਾਲਾ,ਰੱਬ-ਰੁੱਬ ਦੀ ਰਹੀ ਨਾ ਓਟ ਮੀਆਂ।
ਲੋਕ-ਰਾਜ ਦੀ ਦੇਖ ਕੇ ਦੁਰਦਸ਼ਾ ਨੂੰ, ਨਹੀਉਂ ਲੱਗਦੀ ਦਿਲਾਂ ਨੂੰ ਚੋਟ ਮੀਆਂ।
'ਸ਼ਾਹ ਮੁਹੰਮਦਾ' ਬਣੂੰ ਸਰਪੰਚ ਓਹੀ, ਵੰਡ ਸਕੇ ਜੋ ਨਸ਼ੇ ਤੇ ਨੋਟ ਮੀਆਂ!

## *ਪੁਲਿਸ ਮੁਕਾਬਲਿਆਂ ਦਾ ਸੱਚ!*

# ਸਿਆਸੀ ਸੂਤਰਧਾਰਾਂ ਦੀ ਭੂਮਿਕਾ ਵੱਲ ਉਂਗਲ ਕਿਉਂ ਨਹੀਂ?

ਬੂਟਾ ਸਿੰਘ

ਫੋਨ: 91-94634-74342

ਗੁਜਰਾਤ ਦਾ ਇਸ਼ਰਤ ਜਹਾਂ ਕੇਸ ਹੋਵੇ ਜਾਂ ਪੰਜਾਬ ਵਿਚ ਪੁਲਿਸ ਦੇ ਸਬ ਇੰਸਪੈਕਟਰ ਸੁਰਜੀਤ ਸਿੰਘ ਵੱਲੋਂ ਹੱਥੀਂ ਬਣਾਏ 83 ਫਰਜ਼ੀ ਮੁਕਾਬਲਿਆਂ ਦਾ ਸੱਜਰਾ ਇਕਬਾਲੀਆ ਬਿਆਨ, ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੱਕ ਭਾਰਤ ਦਾ ਕੋਈ ਹਿੱਸਾ ਅਜਿਹਾ ਨਹੀਂ ਹੈ ਜਿਥੇ ਪੁਲਿਸ-ਫ਼ੌਜ ਨਾਲ ਮੁਕਾਬਲਿਆਂ 'ਚ ਨਿਰਦੋਸ਼ਾਂ ਦਾ ਵਸੀਹ ਪੱਧਰ 'ਤੇ ਘਾਣ ਨਾ ਕੀਤਾ ਗਿਆ ਹੋਵੇ। ਅੱਜ ਵੀ ਇਹ ਸਿਲਸਿਲਾ ਬੇਰੋਕ-ਟੋਕ ਜਾਰੀ ਹੈ। 1947 ਦੀ ਰਸਮੀ ਆਜ਼ਾਦੀ ਤੋਂ ਪਿੱਛੋਂ ਸਾਢੇ ਛੇ ਦਹਾਕਿਆਂ ਵਿਚ ਜਦੋਂ ਅਤੇ ਜਿਥੇ ਵੀ ਕਿਤੇ ਮਜ਼ਦੂਰਾਂ, ਕਿਸਾਨਾਂ, ਆਦਿਵਾਸੀਆਂ, ਦਲਿਤਾਂ, ਕੌਮੀਅਤਾਂ, ਧਾਰਮਿਕ ਘੱਟ ਗਿਣਤੀਆਂ ਨੇ ਹੱਕ ਜਤਾਈ ਦਾ ਰਾਹ ਅਖ਼ਤਿਆਰ ਕੀਤਾ, ਉਥੇ ਹੀ ਭਾਰਤੀ ਸਟੇਟ ਤੁਰੰਤ ਅਖੌਤੀ ਜਮਹੂਰੀਅਤ ਦਾ ਮਖੌਟਾ ਲਾਹ ਕੇ ਆਪਣੇ ਅਸਲ ਦਮਨਕਾਰੀ ਮੋਡ 'ਚ ਸਾਹਮਣੇ ਆਉਂਦਾ ਰਿਹਾ ਹੈ। ਫਿਰ ਇਹ ਬੱਚੇ ਬਜ਼ੁਰਗ, ਔਰਤ, ਮਰਦ, ਬਿਮਾਰ, ਅਪਾਹਜ ਕਿਸੇ ਦਾ ਲਿਹਾਜ਼ ਨਹੀਂ ਕਰਦਾ ਹੈ। ਬਸ ਇਕ ਚੀਜ਼ ਦਾ ਹੀ ਖ਼ਿਆਲ ਰੱਖਦਾ ਹੈ ਕਿ ਇਸ ਦੇ ਆਪਣੇ ਕੁਲੀਨ ਕੋੜਮੇ ਦਾ ਕੋਈ ਹਿੱਸਾ ਭੁੱਲ ਕੇ ਵੀ ਇਸ ਵਰਤਾਰੇ ਦੀ ਲਪੇਟ 'ਚ ਨਾ ਆਵੇ। ਕੀ ਅੱਜ ਤੱਕ ਘਿਣਾਉਣੇ ਤੋਂ ਘਿਣਾਉਣੇ ਜੁਰਮ ਕਰਨ ਵਾਲੇ ਹੁਕਮਰਾਨ ਲਾਣੇ ਦਾ ਕੋਈ ਬੰਦਾ ਮੁਕਾਬਲੇ 'ਚ ਮਾਰਿਆ ਗਿਆ ਹੈ? ਜਦਕਿ 10-12 ਸਾਲ ਦੇ ਮਾਸੂਮਾਂ ਤੋਂ ਲੈ ਕੇ 82 ਵਰ੍ਹਿਆਂ ਦੇ ਗਦਰੀ ਬਾਬੇ ਬੂਝਾ ਸਿੰਘ ਵਰਗੇ ਕੱਦਾਵਰ ਦੇਸ਼ਭਗਤ ਵੀ ਫਰਜ਼ੀ ਮੁਕਾਬਲਿਆਂ ਵਿਚ ਹਕੂਮਤੀ ਗੋਲੀ ਦਾ ਸ਼ਿਕਾਰ ਹੁੰਦੇ ਅਕਸਰ ਦੇਖੇ ਜਾ ਸਕਦੇ ਹਨ। ਜੇ ਇਕ ਸੁਰਜੀਤ ਸਿੰਘ 83 ਬੰਦਿਆਂ ਨੂੰ ਮਾਰਨ ਦਾ ਇਕਬਾਲ ਕਰਦਾ ਹੈ ਤਾਂ ਸਹਿਜੇ ਹੀ ਅੰਦਾਜ਼ਾ ਲਗਾਇਆ ਜਾ ਸਕਦਾ ਹੈ, ਉਸ ਵਕਤ ਪੰਜਾਬ ਦੇ ਥਾਣੇ ਕਿਵੇਂ ਕਤਲਗਾਹਾਂ ਬਣੇ ਹੋਏ ਸਨ! ਕਾਰਨ ਕੁਝ ਵੀ ਹੋਵੇ, ਉਸ ਨੇ 16 ਮੁਕਾਬਲਿਆਂ ਦੀ ਵੇਰਵੇ ਸਹਿਤ ਸੂਚੀ ਪੇਸ਼ ਕਰ ਕੇ ਉਨ੍ਹਾਂ ਪੁਲਿਸ ਅਧਿਕਾਰੀਆਂ ਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ ਹੈ ਜਿਨ੍ਹਾਂ ਦੇ ਹੱਥ ਨਿਰਦੋਸ਼ਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ।

ਵੈਸੇ ਸਬੂਤਾਂ ਦੀ ਕਦੇ ਕਮੀ ਨਹੀਂ ਰਹੀ, ਕਈ ਸਾਬਕਾ ਪੁਲਿਸ ਕੈਟ ਪਹਿਲਾਂ ਵੀ ਅਜਿਹੇ ਇੰਕਸ਼ਾਫ਼ ਕਰ ਚੁੱਕੇ ਹਨ। ਹੋਰ ਤਾਂ ਹੋਰ, ਸਾਬਕਾ ਪੁਲਿਸ ਮੁਖੀ ਭਗਵਾਨ ਸਿੰਘ ਦਾਨੇਵਾਲੀਆਂ ਨੇ ਡੇਢ ਕੁ ਦਹਾਕਾ ਪਹਿਲਾਂ ਹੁੱਬ ਕੇ ਇਹ ਦਾਅਵਾ ਕੀਤਾ ਸੀ ਕਿ ਉਹ ਨਕਸਲੀਆਂ ਨੂੰ ਮੁਕਾਬਲਿਆਂ 'ਚ ਮਰਵਾਉਂਦਾ ਰਿਹਾ ਹੈ। ਕਿਸੇ ਅਦਾਲਤ ਨੇ ਇਸ ਦਾ ਨੋਟਿਸ ਨਹੀਂ ਲਿਆ। ਸਵਾਲ ਇਹ ਹੈ ਕਿ ਕੀ ਭਾਰਤੀ ਸਟੇਟ ਪੁਲਿਸ ਮੁਕਾਬਲਿਆਂ ਨੂੰ ਨੱਥ ਪਾਉਣੀ ਚਾਹੁੰਦਾ ਹੈ ਜਾਂ ਇਨ੍ਹਾਂ ਨੂੰ ਸਥਾਪਤੀ ਦੇ ਹਿੱਤ 'ਚ ਅਹਿਮ ਹਥਿਆਰ ਦੇ ਤੌਰ 'ਤੇ ਜਾਰੀ ਰੱਖਣਾ ਚਾਹੁੰਦਾ ਹੈ?

ਮਾਓਵਾਦੀ ਆਗੂ ਆਜ਼ਾਦ ਅਤੇ ਕਿਸ਼ਨ ਜੀ ਨੂੰ ਗੱਲਬਾਤ ਦੀ ਪੇਸ਼ਕਸ਼ ਦੇ ਬਹਾਨੇ ਫੜ ਕੇ ਬੇਰਹਿਮੀ ਨਾਲ ਕਤਲ ਕਰਾਉਣ ਵਾਲੀ ਕੇਂਦਰੀ ਹਕੂਮਤ ਨੇ ਮੰਗ ਕਰਨ ਦੇ ਬਾਵਜੂਦ ਇਨ੍ਹਾਂ ਮਾਮਲਿਆਂ ਦੀ ਜੁਡੀਸ਼ੀਅਲ ਜਾਂਚ ਕਰਾਉਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਗੁਜਰਾਤ ਵਿਚ ਮੋਦੀ ਦੀ ਫਾਸ਼ੀਵਾਦੀ ਹਕੂਮਤ ਨੇ ਬੇਸ਼ੁਮਾਰ ਮੁਸਲਿਮ ਨੌਜਵਾਨਾਂ ਨੂੰ ਫਰਜ਼ੀ ਮੁਕਾਬਲਿਆਂ 'ਚ ਕਤਲ ਕੀਤਾ ਹੈ। ਇਸ਼ਰਤ ਜਹਾਂ (ਨਵੰਬਰ 2004), ਸੋਹਰਾਬੂਦੀਨ ਤੇ ਕੌਸਰ ਬੀ (2005), ਤੁਲਸੀ ਪਰਜਾਪਤੀ (2006), ਸੂਰਤ ਵਿਚ ਕਤਲ ਕੀਤੇ ਚਾਰ ਕਸ਼ਮੀਰੀ ਨੌਜਵਾਨ (ਮਾਰਚ 2006), ਤਾਂ ਕੁਝ ਕੁ ਮਿਸਾਲਾਂ ਹਨ। ਇਸ਼ਰਤ ਜਹਾਂ ਮਾਮਲੇ 'ਚ ਭਾਵੇਂ ਸੀ.ਬੀ.ਆਈ. ਦੀ ਜਾਂਚ ਮੋਦੀ ਅਤੇ ਉਸ ਦੀ ਵਜ਼ਾਰਤ ਦੇ ਹੋਰ ਅਹਿਮ ਮੰਤਰੀਆਂ ਦੇ ਇਸ਼ਾਰੇ 'ਤੇ ਮੁਕਾਬਲੇ ਬਣਾਏ ਜਾਣ ਦਾ ਸਪਸ਼ਟ ਸੰਕੇਤ ਦੇ ਰਹੀ ਹੈ, ਪਰ ਕੀ ਮੋਦੀ ਤੇ ਉਸ ਦੇ ਜੁੰਡੀਦਾਰਾਂ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਜਾਵੇਗਾ ਜਾਂ ਕਾਂਗਰਸ ਵਲੋਂ ਇਸ ਨੂੰ ਮਹਿਜ਼ ਆਪਣੇ ਸਿਆਸੀ ਸ਼ਰੀਕ ਦੀ ਫੂਕ ਕੱਢਣ ਦੇ ਰਾਜਸੀ ਦਾਅਪੇਚ ਤਕ ਹੀ ਸੀਮਤ ਰੱਖਿਆ ਜਾਵੇਗਾ? ਕੀ ਇਨ੍ਹਾਂ ਹੁਕਮਰਾਨਾਂ ਵਿਚ ਪੰਜਾਬ ਤੇ ਹੋਰ ਸੂਬਿਆਂ ਦੀਆਂ ਕਾਂਗਰਸੀ ਸਰਕਾਰਾਂ ਅਤੇ ਕੇਂਦਰ ਦੇ ਇਸ਼ਾਰੇ 'ਤੇ ਬਣਾਏ ਹਜ਼ਾਰਾਂ ਮੁਕਾਬਲਿਆਂ ਦੀ ਜਾਂਚ ਕਰਾਉਣ ਦੀ ਇਮਾਨਦਾਰੀ ਹੈ?

ਕਮਿਊਨਿਸਟਾਂ ਦੀ ਅਗਵਾਈ 'ਚ ਤੇਲੰਗਾਨਾ ਲਹਿਰ ਸ਼ਾਇਦ 'ਆਜ਼ਾਦ' ਭਾਰਤ ਦੇ ਇਤਿਹਾਸ ਵਿਚ ਪਹਿਲੀ ਮਿਸਾਲ ਸੀ ਜਿਥੇ ਸਮਾਜ ਦੇ ਜਾਗਦੀ ਜ਼ਮੀਰ ਵਾਲੇ ਤੇ ਰੌਸ਼ਨ ਦਿਮਾਗ ਹਿੱਸੇ ਦਾ ਬੀਜ-ਨਾਸ਼ ਕਰਨ ਲਈ ਪੁਲਿਸ ਮੁਕਾਬਲਿਆਂ ਦਾ ਸਹਾਰਾ ਲਿਆ ਗਿਆ। ਫਿਰ ਚਾਹੇ ਮਿਜ਼ੋਰਮ, ਕਸ਼ਮੀਰ, ਨਾਗਾਲੈਂਡ, ਮਨੀਪੁਰ ਹੋਵੇ ਜਾਂ ਹੋਰ ਕਿਸੇ ਕੌਮੀਅਤ ਦਾ ਆਜ਼ਾਦੀ ਜਾਂ ਖ਼ੁਦਮੁਖਤਿਆਰੀ ਦਾ ਸੰਘਰਸ਼ ਹੋਵੇ ਜਾਂ ਨਕਸਲਬਾੜੀ ਲਹਿਰ ਸ਼ੁਰੂ ਹੋਣ ਤੋਂ ਲੈ ਕੇ ਇਸ ਦੇ ਮੌਜੂਦਾ ਰੂਪ ਮਾਓਵਾਦੀ ਲਹਿਰ ਦਾ ਸਾਢੇ ਚਾਰ ਦਹਾਕਿਆਂ ਦਾ ਦੌਰ ਹੋਵੇ, ਇਨ੍ਹਾਂ ਲਹਿਰਾਂ ਨੂੰ ਕੁਚਲਣ ਲਈ ਹਕੂਮਤ ਫਰਜ਼ੀ ਪੁਲਿਸ ਮੁਕਾਬਲਿਆਂ ਤੱਕ ਮਹਿਦੂਦ ਨਹੀਂ ਰਹਿੰਦੀ। ਲਹਿਰਾਂ ਦੇ ਆਗੂਆਂ ਤੇ ਕਾਰਕੁਨਾਂ ਨੂੰ ਖ਼ਤਮ ਕਰਨ ਅਤੇ ਉਨ੍ਹਾਂ ਦੇ ਹਮਦਰਦ ਅਵਾਮ 'ਚ ਭਿਆਨਕ ਖ਼ੌਫ਼ ਪੈਦਾ ਕਰਨ ਲਈ ਜਿਥੇ ਵਸੀਹ ਪੱਧਰ 'ਤੇ ਫਰਜ਼ੀ ਪੁਲਿਸ ਮੁਕਾਬਲੇ ਬਣਾਏ ਜਾਂਦੇ ਹਨ, ਉੱਥੇ ਨਾਲ ਦੀ ਨਾਲ ਬਲੈਕ ਕੈਟ, ਸਲਵਾ ਜੂਡਮ, ਗਰੇਅ ਹਾਊਂਡਜ਼, ਕੋਬਰਾ, ਟਾਈਗਰਜ਼ ਆਦਿ ਵਰਗੇ ਗ਼ੈਰਕਾਨੂੰਨੀ ਕਾਤਲ ਗਰੋਹ ਖੜ੍ਹੇ ਕਰਕੇ ਹੁਕਮਰਾਨ ਆਪਣੇ ਇਸ ਘਿਣਾਉਣੇ ਉਦੇਸ਼ ਨੂੰ ਅੰਜਾਮ ਦਿੰਦੇ ਹਨ। ਮਗਰਲਾ ਢੰਗ ਮੁਕਾਬਲਿਆਂ ਦੇ ਝੂਠ ਦਾ ਭਾਂਡਾ ਭੱਜ ਜਾਣ ਤੋਂ ਪੈਦਾ ਹੋਣ ਵਾਲੇ ਕਾਨੂੰਨੀ ਝਮੇਲਿਆਂ ਅਤੇ ਸਿਆਸੀ ਜਵਾਬਦੇਹੀ ਤੋਂ ਬਚਣ ਦਾ ਮਹਿਫੂਜ਼ ਰਾਹ ਹੈ। ਆਂਧਰਾ ਪ੍ਰਦੇਸ ਵਿਚ ਜੇਲ੍ਹ ਵਿਚੋਂ ਰਿਹਾਅ ਹੋ ਚੁੱਕੇ ਸੀਨੀਅਰ ਮਾਓਵਾਦੀ ਆਗੂ ਗੰਟੀ ਪ੍ਰਸਾਦਮ ਨੂੰ ਅਜਿਹੇ ਹੀ ਗ਼ੈਰਕਾਨੂੰਨੀ ਗਰੋਹ ਵਲੋਂ ਕੁਝ ਦਿਨ ਪਹਿਲਾਂ ਸ਼ਰੇਆਮ ਕਤਲ ਕਰ ਦਿੱਤਾ ਗਿਆ; ਹਾਲਾਂਕਿ ਉਹ ਕਿਸੇ ਵੀ ਹਿੰਸਕ ਵਾਰਦਾਤ 'ਚ ਸ਼ਾਮਲ ਨਹੀਂ ਸੀ ਅਤੇ ਪੂਰੀ ਤਰ੍ਹਾਂ ਜਮਹੂਰੀ ਤਰੀਕੇ ਨਾਲ ਲੋਕਾਂ ਨੂੰ ਉਨ੍ਹਾਂ ਦੇ ਰੋਜ਼ਮੱਰ੍ਹਾ ਮਸਲਿਆਂ ਤੇ ਹੱਕਾਂ ਲਈ ਜਾਗਰੂਕ ਕਰ ਰਿਹਾ ਸੀ।

ਦਰਅਸਲ ਮੁਕਾਬਲਿਆਂ 'ਚ ਕਤਲ ਤੇ ਹੋਰ ਦਮਨਕਾਰੀ ਢੰਗ ਨੰਗੇ ਅਨਿਆਂ 'ਤੇ ਟਿੱਕੇ ਰਾਜ ਪ੍ਰਬੰਧ ਦੀਆਂ ਹੁਕਮਰਾਨ ਜਮਾਤਾਂ ਦੀ ਅਣਸਰਦੀ ਲੋੜ ਹਨ। ਜਦੋਂ ਕੋਈ ਸਥਾਪਤੀ ਵਿਰੋਧੀ ਲਹਿਰ ਉੱਠ ਖੜ੍ਹਦੀ ਹੈ ਤਾਂ 'ਅਮਨ ਕਾਨੂੰਨ ਲਈ ਖ਼ਤਰਾ', 'ਮੁੱਖਧਾਰਾ', 'ਕਾਨੂੰਨ ਦਾ ਰਾਜ', 'ਅਤਿਵਾਦ', 'ਦਹਿਸ਼ਤਵਾਦ' ਵਰਗੀਆਂ ਮਿੱਥਾਂ ਰਾਹੀਂ ਦਮਨ ਦੇ ਹੱਕ ਵਿਚ ਮਾਹੌਲ ਬਣਾ ਲਿਆ ਜਾਂਦਾ ਹੈ ਅਤੇ ਸਮਾਜੀ-ਰਾਜਸੀ ਬੇਚੈਨੀ ਦੇ ਮੂਲ ਕਾਰਨਾਂ ਨੂੰ ਕੂੜ ਪ੍ਰਚਾਰ ਦੀ ਗ਼ਰਦ ਹੇਠ ਇਸ ਕਦਰ ਦਬਾ ਦਿੱਤਾ ਜਾਂਦਾ ਹੈ ਕਿ ਸਮਾਜ ਦਾ ਜਾਗਰੂਕ ਹਿੱਸਾ ਵੀ ਹਕੂਮਤੀ ਦਹਿਸ਼ਤਗਰਦੀ ਦੇ ਅਸਲ ਮਕਸਦ ਨੂੰ ਸਮਝਣ 'ਚ ਟਪਲਾ ਖਾ ਜਾਂਦਾ ਹੈ। ਉਹ ਵੀ ਹਕੂਮਤੀ ਦਹਿਸ਼ਤਗਰਦੀ ਨੂੰ ਕੁਝ 'ਸਿਰ ਫਿਰੇ ਸਮਾਜ ਵਿਰੋਧੀ ਅਨਸਰਾਂ' ਵਲੋਂ ਮਚਾਈ ਅਫ਼ਰਾ-ਤਫ਼ਰੀ 'ਤੇ ਕਾਬੂ ਪਾਉਣ ਵਾਲਾ ਵਾਜਬ ਰਾਜਕੀ ਪ੍ਰਤੀਕਰਮ ਮੰਨ ਲੈਂਦਾ ਹੈ। 'ਅਤਿਵਾਦ' ਨੂੰ ਦਬਾਉਣ ਦੇ ਕੂੜ ਪ੍ਰਚਾਰ ਦੀ ਸੁਰ ਐਨੀ ਕੰਨ ਪਾੜਵੀਂ ਹੁੰਦੀ ਹੈ ਕਿ ਆਮ ਬੰਦੇ ਨੂੰ ਇਹ ਚੇਤੇ ਹੀ ਨਹੀਂ ਰਹਿੰਦਾ ਕਿ ਇਸ ਨੂੰ ਜਨਮ ਦੇਣ ਵਾਲੇ ਹਾਲਾਤ ਵੀ ਤਾਂ ਇਸ ਰਾਜ ਪ੍ਰਬੰਧ, ਇਨ੍ਹਾਂ ਹੁਕਮਰਾਨਾਂ ਦੇ ਖ਼ੁਦ ਦੇ ਪੈਦਾ ਕੀਤੇ ਹੋਏ ਹਨ ਜਿਨ੍ਹਾਂ ਨੇ ਕਾਨੂੰਨੀ ਤਰੀਕੇ ਨਾਲ ਨਿਆਂ ਹਾਸਲ ਕਰਨ ਦੀ ਕੋਈ ਗੁੰਜਾਇਸ਼ ਹੀ ਨਹੀਂ ਛੱਡੀ। ਇਸ ਮਾਹੌਲ ਵਿਚ ਬਕਾਇਦਾ ਨੀਤੀ ਦੇ ਤੌਰ 'ਤੇ ਪੁਲਿਸ, ਨੀਮ-ਫ਼ੌਜ ਅਤੇ ਫ਼ੌਜ ਦੇ ਦਸਤਿਆਂ ਨੂੰ ਮਨਮਾਨੀਆਂ ਕਰਨ ਦੀ ਖੁੱਲ੍ਹੀ ਛੁੱਟੀ ਹੀ ਨਹੀਂ ਦਿੱਤੀ ਜਾਂਦੀ, ਸਗੋਂ ਰਾਜਸੀ ਆਕਾਵਾਂ ਦੇ ਹੁਕਮਾਂ ਦੀ ਕਿੰਤੂ ਰਹਿਤ ਤਾਮੀਲ ਤੇ ਅਫ਼ਸਰੀ ਮਨਮਾਨੀਆਂ ਨੂੰ ਅਹੁਦੇ, ਆਰਥਿਕ ਲਾਹੇ ਤੇ ਤਰੱਕੀਆਂ ਹਾਸਲ ਕਰਨ ਦੇ ਸੁਖਾਲੇ ਰਾਹ ਵਜੋਂ ਜ਼ੋਰ-ਸ਼ੋਰ ਨਾਲ ਉਤਸ਼ਾਹਤ ਕੀਤਾ ਜਾਂਦਾ ਹੈ। ਫਿਰ ਰਾਜਸੀ ਅਸ਼ੀਰਵਾਦ ਪ੍ਰਾਪਤ ਕੋਈ ਰਿਬੇਰੋ, ਕੇ.ਪੀ.ਐੱਸ. ਗਿੱਲ ਵਰਗੇ 'ਦਲੇਰ' ਅਫ਼ਸਰ ਪੁਲਿਸ ਮੁਕਾਬਲੇ ਬਣਾਉਣ ਵਾਲੇ 'ਸਪੈਸ਼ਲਿਸਟਾਂ' ਦਾ ਬਕਾਇਦਾ ਤਾਣਾ-ਬਾਣਾ ਖੜ੍ਹਾ ਕਰ ਕੇ ਹਕੂਮਤੀ ਆਦੇਸ਼ਾਂ ਨੂੰ ਲਾਗੂ ਕਰਦੇ ਹਨ। ਇਹ ਸਾਡੇ ਸਮਾਜ ਦੀ ਤ੍ਰਾਸਦੀ ਹੀ ਹੈ ਕਿ ਅਜਿਹੇ ਸੁਪਰ ਜਲਾਦ ਮਹਿਜ਼ ਸੱਤਾ ਦੇ ਗਲਿਆਰਿਆਂ ਤੇ ਮੀਡੀਆ ਵਿਚ ਹੀ 'ਐਨਕਾਊਂਟਰ ਸਪੈਸ਼ਲਿਸਟ' ਜਾਂ 'ਜਾਂਬਾਜ਼' ਅਫ਼ਸਰ ਵਜੋਂ ਆਪਣੀ ਧਾਂਕ ਨਹੀਂ ਜਮਾਉਂਦੇ ਸਗੋਂ ਨਾਗਰਿਕਾਂ ਦੇ ਇਕ ਹਿੱਸੇ ਨੂੰ ਇਹ ਵੀ ਜਚ ਜਾਂਦਾ ਹੈ ਕਿ ਇਹ ਸਾਡੇ ਮੁਲਕ ਨੂੰ ਬਚਾਉਣ ਵਾਲੇ ਮਹਾਂ ਨਾਇਕ ਹਨ। ਜ਼ਰਾ ਮੁੰਬਈ ਵਾਲੇ 'ਸਪੈਸ਼ਲਿਸਟ' ਮਰਹੂਮ ਕਰਕਰੇ ਬਾਰੇ ਮੀਡੀਆ ਦੀਆਂ ਰਿਪੋਰਟਾਂ ਨੂੰ ਚੇਤੇ ਕਰੋ।

ਫਿਰ ਕੀ ਸੱਚੇ ਮੁਕਾਬਲੇ ਜਾਇਜ਼ ਹਨ? ਨਹੀਂ ਇਹ ਖੁੱਲ੍ਹ ਵੀ, ਪੁਲਿਸ-ਫ਼ੌਜ ਨੂੰ ਕਿਸੇ ਬੰਦੇ ਨੂੰ ਬਾਕਾਇਦਾ ਕਾਨੂੰਨੀ ਅਮਲ ਰਾਹੀਂ ਦੋਸ਼ੀ ਸਾਬਤ ਕਰ ਕੇ ਸਜ਼ਾ ਤੈਅ ਕਰਨ ਦੇ ਝੰਜਟ ਵਿਚ ਪੈਣ ਦੀ ਬਜਾਏ ਇਸ ਅਮਲ ਦੀਆਂ ਧੱਜੀਆਂ ਉਡਾ ਕੇ ਫੀਤੀਆਂ-ਤਰੱਕੀਆਂ ਹਾਸਲ ਕਰਨ ਲਈ ਉਕਸਾਉਂਦੀ ਹੈ। ਲਿਹਾਜ਼ਾ, ਕਿਸੇ ਸੱਚੇ ਮੁਕਾਬਲੇ ਵਿਚ ਵੀ ਅਫ਼ਸਰਾਂ ਦੀ ਰੁਚੀ 'ਮੁਜਰਮਾਂ' ਨੂੰ ਜਿਉਂਦੇ ਫੜ ਕੇ 'ਕਾਨੂੰਨ' ਦੇ ਹਵਾਲੇ ਕਰਨ ਦੀ ਘੱਟ ਅਤੇ ਜਿਵੇਂ ਕਿਵੇਂ ਉਨ੍ਹਾਂ ਨੂੰ ਮਾਰ ਕੇ ਲਾਹੇ ਲੈਣ ਦੀ ਵੱਧ ਹੁੰਦੀ ਹੈ। ਇਹੀ ਵਜ੍ਹਾ ਹੈ ਕਿ ਜਾਗਰੂਕ ਹਿੱਸਿਆਂ ਵਲੋਂ ਮੰਗ ਕਰਨ ਅਤੇ ਸੁਪਰੀਮ ਕੋਰਟ ਦੇ ਸਪਸ਼ਟ ਉਦੇਸ਼ਾਂ ਦੇ ਬਾਵਜੂਦ ਮੁਕਾਬਲਿਆਂ ਦੀ ਕਦੇ ਜਾਂਚ ਨਹੀਂ ਕੀਤੀ ਜਾਂਦੀ। ਚਾਹੇ 1970ਵਿਆਂ ਦੇ ਸ਼ੁਰੂ 'ਚ ਪੁਲਿਸ ਮੁਕਾਬਲਿਆਂ 'ਚ ਮਾਰੇ ਗਏ ਨਕਸਲੀਆਂ ਦੇ ਕੇਸਾਂ ਬਾਰੇ ਤਾਰਕੁੰਡੇ ਜਾਂਚ ਕਮਿਸ਼ਨ ਦੀ ਰਿਪੋਰਟ ਹੋਵੇ, ਚਾਹੇ ਆਂਧਰਾ ਪ੍ਰਦੇਸ਼ ਵਿਚ ਸਿਵਲ ਲਿਬਰਟੀਜ਼ ਕਮੇਟੀ ਵਲੋਂ ਪਿਛਲੇ ਦੋ ਦਹਾਕਿਆਂ 'ਚ ਇਥੇ ਮਾਰੇ ਗਏ 2500 ਤੋਂ ਵੱਧ ਨਕਸਲੀਆਂ ਦੇ ਮਾਮਲੇ ਹੋਣ, ਚਾਹੇ 1983-1993 ਦੌਰਾਨ ਪੰਜਾਬ, ਕਸ਼ਮੀਰ, ਉੱਤਰ-ਪੂਰਬ ਆਦਿ ਵਿਚ ਦਹਿ ਹਜ਼ਾਰਾਂ ਨੌਜਵਾਨਾਂ ਨੂੰ ਫੜ ਫੜ ਕੇ ਮੁਕਾਬਲਿਆਂ 'ਚ ਮਾਰਨ ਦੀ ਜਾਂਚ ਦੀ ਮੰਗ ਹੋਵੇ; ਕਿਸੇ ਹਕੂਮਤ ਨੇ ਕਦੇ ਇਨ੍ਹਾਂ ਲਹਿਰਾਂ ਪ੍ਰਤੀ ਰਾਜ ਦੀ ਬੁਨਿਆਦੀ ਪਹੁੰਚ ਦੀ ਜਾਂਚ ਨਹੀਂ ਕਰਾਈ। ਬਹੁਤ ਜ਼ਿਆਦਾ ਹੰਗਾਮਾ ਮੱਚ ਜਾਣ 'ਤੇ ਕਿਸੇ ਵਿਰਲੇ ਟਾਵੇਂ ਮਾਮਲੇ ਦੀ ਜਾਂਚ ਲਈ ਕਮਿਸ਼ਨ ਬਿਠਾ ਕੇ ਅੱਖਾਂ ਪੂੰਝ ਦਿੱਤੀਆਂ ਜਾਂਦੀਆਂ ਹਨ ਅਤੇ ਕਿਸੇ ਹੇਠਲੇ ਪੱਧਰ ਦੇ ਅਧਿਕਾਰੀ ਨੂੰ ਬਲੀ ਦਾ ਬੱਕਰਾ ਬਣਾ ਕੇ ਕੁਝ ਸਮੇਂ ਲਈ ਜੇਲ੍ਹ ਭੇਜਣ ਦੀ ਖ਼ਾਨਾਪੂਰਤੀ ਕਰ ਲਈ ਜਾਂਦੀ ਹੈ। 70ਵਿਆਂ ਦੇ ਸ਼ੁਰੂ 'ਚ 5000 ਦੇ ਕਰੀਬ ਨਕਸਲੀ ਮੁਕਾਬਲਿਆਂ 'ਚ ਮਾਰੇ ਗਏ, ਪਰ ਕੇਰਲਾ ਦੇ ਇਕ ਪੁਲਿਸ ਅਧਿਕਾਰੀ ਵਰਗੀਜ਼ ਨੂੰ ਛੱਡ ਕੇ (ਚਾਲੀ ਸਾਲ ਬਾਅਦ) ਸ਼ਾਇਦ ਹੀ ਹੋਰ ਕਿਸੇ ਨੂੰ ਸਜ਼ਾ ਮਿਲੀ ਹੋਵੇ। ਇਸ ਤਰ੍ਹਾਂ ਦੀ ਕਤਲੋਗ਼ਾਰਤ ਦੇ ਸਿਧਾਰਥ ਸ਼ੰਕਰ ਰੇਅ, ਚਿਦੰਬਰਮ, ਚੰਦਰਬਾਬੂ ਨਾਇਡੂ ਵਰਗੇ ਰਾਜਸੀ ਸੂਤਰਧਾਰ ਅਤੇ ਜੂਲੀਓ ਫਰਾਂਸਿਸ ਰਿਬੇਰੋ, ਕੇ.ਪੀ.ਐੱਸ. ਗਿੱਲ, ਵਿਸ਼ਵਰੰਜਨ ਵਰਗੇ ਮੁੱਖ ਅਧਿਕਾਰੀ ਨਾ ਸਿਰਫ਼ ਸਾਫ਼ ਬਚ ਨਿਕਲਦੇ ਹਨ, ਸਗੋਂ ਕਈ ਤਾਂ ਹੋਰ 'ਗੜਬੜ ਵਾਲੇ ਇਲਾਕੇ' ਵਿਚ ਵਿਸ਼ੇਸ਼ ਸਲਾਹਕਾਰ ਦੀ ਸੇਵਾ ਨਿਭਾਉਣ ਦਾ ਉਚੇਚਾ ਮਾਣ-ਸਨਮਾਨ ਵੀ ਹਾਸਲ ਕਰਦੇ ਹਨ।

ਇਸ ਸਬੰਧ ਵਿਚ ਭਾਰਤੀ ਨਿਆਂ ਪ੍ਰਣਾਲੀ ਦੀ ਭੂਮਿਕਾ ਨੂੰ ਵੀ ਸਮਝਣ ਦੀ ਲੋੜ ਹੈ। 2012 'ਚ ਜਸਟਿਸ ਮਾਰਕੰਡੇ ਕਾਟਜੂ ਦੀ ਅਗਵਾਈ

*(ਬਾਕੀ ਸਫਾ 19 'ਤੇ)*

# ਕੁਦਰਤੀ ਆਫਤਾਂ ਵਿਚ ਲੁਕੇ ਕਾਤਲਾਂ ਦੀ ਸ਼ਨਾਖਤ

## ਸਵਾਲ-ਸੰਵਾਦ

**_ਕੈਨੇਡਾ ਦੇ ਐਲਬਰਟਾ ਸੂਬੇ ਦੇ ਕੈਲਗਿਰੀ ਇਲਾਕੇ ਵਿਚ ਹੜ੍ਹ ਆਇਆ। ਜਦੋਂ ਨਦੀ ਖ਼ਤਰੇ ਦੇ ਨਿਸ਼ਾਨ ਦੇ ਕਰੀਬ ਆਈ ਤਾਂ ਇਲਾਕੇ ਵਿਚ ਐਲਾਨ ਕਰ ਦਿੱਤਾ ਗਿਆ ਕਿ ਹੇਠਲੀ ਮੰਜ਼ਿਲ ਦਾ ਸਾਮਾਨ ਉਪਰ ਪਹੁੰਚਾ ਦੇਵੋ ਅਤੇ ਅਗਲੇ ਐਲਾਨ ਤੋਂ ਇੱਕ ਘੰਟੇ ਦੇ ਅੰਦਰ ਘਰ ਖਾਲੀ ਕਰਨ ਲਈ ਤਿਆਰ ਰਹੋ। ਇਸ ਤੋਂ ਬਾਅਦ ਪੁਲਿਸ ਮੁਲਾਜ਼ਮਾਂ ਨੇ ਹਰ ਘਰ ਦਾ ਦਰਵਾਜ਼ਾ ਖੜਕਾ ਕੇ ਇਹੋ ਸੁਨੇਹਾ ਦਿੱਤਾ। ਘਰਾਂ ਵਿਚ ਦੱਸਿਆ ਕਿ ਪਾਲਤੂ ਕੁੱਤਿਆਂ-ਬਿੱਲੀਆਂ ਨੂੰ ਕਿੱਥੇ ਛੱਡਣਾ ਹੈ ਅਤੇ ਘਰ ਖਾਲੀ ਕਰਨ ਤੋਂ ਬਾਅਦ ਆਪਣੇ ਦਰਵਾਜ਼ੇ ਉੱਤੇ ਕਾਟੇ ਦਾ ਨਿਸ਼ਾਨ ਲਗਾਉਣਾ ਹੈ। ਪੁਲਿਸ ਨੇ ਇਸ ਸੁਨੇਹੇ ਦੀ ਨਿਸ਼ਾਨੀ ਵਜੋਂ ਹਰ ਦਰਵਾਜ਼ੇ ਉੱਤੇ ਪੀਲੀ ਪੱਟੀ ਲਗਾ ਦਿੱਤੀ ਅਤੇ ਇਹ ਦੱਸ ਦਿੱਤਾ ਕਿ ਖਾਲੀ ਕਰਨ ਤੋਂ ਬਾਅਦ ਜੇ ਕਿਸੇ ਘਰ ਦੇ ਦਰਵਾਜ਼ੇ ਉੱਤੇ ਕਾਟੇ ਦਾ ਨਿਸ਼ਾਨ ਨਹੀਂ ਹੋਵੇਗਾ ਤਾਂ ਦਰਵਾਜ਼ਾ ਤੋੜ ਕੇ ਯਕੀਨੀ ਬਣਾਇਆ ਜਾਵੇਗਾ ਕਿ ਘਰ ਖਾਲੀ ਹੈ।_**

ਬੇਮੌਸਮੇ ਮੀਂਹ ਨੇ ਉਤਰਾਖੰਡ ਵਿਚ ਤਰਥੱਲੀ ਮਚਾ ਦਿੱਤੀ ਹੈ। ਤਕਰੀਬਨ ਤਿੰਨ ਹਫ਼ਤਿਆਂ ਤੋਂ ਚੱਲ ਰਹੇ ਰਾਹਤ ਕਾਰਜਾਂ ਤੋਂ ਹਾਲੇ ਤੱਕ ਜਾਨੀ-ਮਾਲੀ ਨੁਕਸਾਨ ਦਾ ਪੁਖ਼ਤਾ ਅੰਦਾਜ਼ਾ ਨਹੀਂ ਲੱਗਿਆ। ਜੇ ਉਤਰਾਖੰਡ ਵਿਚ ਭਿਆਨਕ ਹੜ੍ਹ ਨਾ ਆਉਂਦੇ, ਤਾਂ ਹਿਮਾਚਲ ਅਤੇ ਪੰਜਾਬ ਦੇ ਹਾਲਾਤ ਚਰਚਾ ਵਿਚ ਆਉਣੇ ਸਨ। ਇਸ ਮੀਂਹ ਨੂੰ ਬੇਮੌਸਮਾ ਸਿਰਫ਼ ਇਸ ਪੱਖੋਂ ਕਿਹਾ ਜਾ ਸਕਦਾ ਹੈ ਕਿ ਇਹ ਮੌਨਸੂਨ ਤੋਂ ਤਕਰੀਬਨ ਦੋ ਹਫ਼ਤੇ ਪਹਿਲਾਂ ਪਿਆ ਹੈ। ਉਂਜ ਮੌਨਸੂਨ ਤੋਂ ਪਹਿਲਾਂ ਤਕਰੀਬਨ ਹਰ ਸਾਲ ਮੀਂਹ ਪੈਂਦਾ ਹੈ, ਪਰ ਇਸ ਸਾਲ ਇਹ ਮਿਕਦਾਰ ਪੱਖੋਂ ਜ਼ਿਆਦਾ ਪਿਆ ਹੈ ਅਤੇ ਲਗਾਤਾਰ ਪਿਆ ਹੈ। ਪ੍ਰਸ਼ਾਸਨ ਦੇ ਬੰਦੋਬਸਤ ਲਈ ਇਹ ਮੀਂਹ ਹੈਰਾਨਕੁਨ ਨਹੀਂ ਹੈ। ਇਹ ਮੀਂਹ ਮੌਨਸੂਨ ਦੀ ਮੌਸਮੀ



ਦਲਜੀਤ ਅਮੀ
ਫੋਨ:91-97811-21873

ਬਰਸਾਤ ਤੋਂ ਮਹਿਜ਼ ਦੋ ਹਫ਼ਤੇ ਪਹਿਲਾਂ ਪਿਆ ਹੈ। ਸੋ, ਪ੍ਰਸ਼ਾਸਨ ਦੇ ਬੰਦੋਬਸਤਾਂ ਦਾ ਇਮਤਿਹਾਨ ਪਹਿਲਾਂ ਹੋ ਗਿਆ ਹੈ। ਇਹ ਗੱਲ ਕਿਸੇ ਪਾਸਿਉਂ ਵੀ ਸਾਹਮਣੇ ਨਹੀਂ ਆਈ ਕਿ ਪ੍ਰਸ਼ਾਸਨ ਦੇ ਬੰਦੋਬਸਤ ਮੁਕੰਮਲ ਨਹੀਂ ਸਨ। ਇਹ ਵੱਖਰਾ ਮਸਲਾ ਹੈ ਕਿ ਪ੍ਰਸ਼ਾਸਨ ਦੇ ਮੁਕੰਮਲ ਬੰਦੋਬਸਤ ਕਿੰਨੇ ਨਾਮੁਕੰਮਲ ਸਨ। ਮੀਂਹ ਕਾਰਨ ਨਦੀਆਂ ਵਿਚ ਆਇਆ ਹੜ੍ਹ ਕੰਢਿਆਂ ਨੂੰ ਖੋਰਦਾ ਹੋਇਆ ਆਬਾਦੀ ਵਾਲੇ ਇਲਾਕਿਆਂ ਵਿਚ ਆਇਆ ਅਤੇ ਬਹੁਤ ਸਾਰੀਆਂ ਇਮਾਰਤਾਂ ਰੇਤ ਦੇ ਢੇਰ ਵਾਂਗ ਖੁਰ ਗਈਆਂ। ਇਨ੍ਹਾਂ ਹੜ੍ਹਾਂ ਦੇ ਹਵਾਲੇ ਨਾਲ ਇਹ ਵਿਚਾਰਨਾ ਬਹੁਤ ਜ਼ਰੂਰੀ ਹੈ ਕਿ ਇਨ੍ਹਾਂ ਵਿਚ ਕੁਦਰਤੀ ਆਫ਼ਤਾਂ ਦਾ ਕਿੰਨਾ ਹਿੱਸਾ ਹੈ ਅਤੇ ਮਨੁੱਖੀ ਅਣਗਹਿਲੀ ਕਿੰਨੀ ਹੈ? ਇਸ ਤੋਂ ਬਾਅਦ ਵਿਕਾਸ ਦੀ ਫੌਰੀ ਅਤੇ ਚਿਰਕਾਲੀ ਵਿਉਂਤਬੰਦੀ ਦਾ ਇਸ ਨਾਲ ਕੀ ਰਿਸ਼ਤਾ ਬਣਦਾ ਹੈ?

ਕਿਸੇ ਬਿਪਤਾ ਨੂੰ ਕੁਦਰਤੀ ਆਫ਼ਤ ਕਹਿਣ ਦੀ ਦਲੀਲ ਹੈ ਕਿ ਇਸ ਨੂੰ ਰੋਕਣਾ ਮਨੁੱਖ ਦੇ ਵੱਸੋਂ ਬਾਹਰੀ ਗੱਲ ਹੈ। ਕੁਦਰਤ ਦੇ ਖ਼ਾਤੇ ਵਿਚ ਹੜ੍ਹ, ਭੂਚਾਲ, ਸੁਨਾਮੀ, ਝੱਖੜ, ਗਲੇਸ਼ੀਅਰਾਂ ਦਾ ਖਿਸਕਣਾ, ਢਿੱਗਾਂ ਦਾ ਗਿਰਨਾ ਅਤੇ ਸੋਕੇ ਵਰਗੀਆਂ ਆਫ਼ਤਾਂ ਪੈਂਦੀਆਂ ਹਨ। ਇਸ ਤੋਂ ਬਾਅਦ ਅੰਨ੍ਹੇਵਾਹ ਵਗਦੇ ਪਾਣੀ ਦੇ ਰਾਹ ਵਿਚ ਆਈਆਂ ਇਮਾਰਤਾਂ ਤੋਂ ਲੈ ਕੇ ਰੁੱਖਾਂ ਅਤੇ ਪੱਥਰਾਂ ਦਾ ਬੇਜਾਨ ਸਾਬਤ ਹੋਣਾ ਵੀ ਕੁਦਰਤੀ ਹੈ। ਇਹ ਰੁਝਾਨ ਮਨੁੱਖ ਦੀ ਯਾਦਦਾਸ਼ਤ ਦਾ ਅਨਿੱਖੜਵਾਂ ਅੰਗ ਹਨ। ਇਸ ਯਾਦਦਾਸ਼ਤ ਤੋਂ ਬਿਨਾਂ ਮਨੁੱਖੀ ਸਭਿਅਤਾ ਦੇ ਗਿਆਨ ਦਾ ਸਰਮਾਇਆ ਕੁਦਰਤੀ ਆਫ਼ਤਾਂ ਬਾਰੇ ਸਮਝ ਬਣਾਉਣ ਵਿਚ ਸਹਾਈ ਹੁੰਦਾ ਹੈ। ਬੇਹੱਦ ਪੁਖ਼ਤਾ ਨਾ ਸਹੀ, ਪਰ ਮਨੁੱਖ ਕੋਲ ਕੁਦਰਤੀ ਆਫ਼ਤਾਂ ਦੇ ਠੋਸ ਅੰਦਾਜ਼ਿਆਂ ਲਈ ਲੋੜੀਂਦਾ ਗਿਆਨ ਹੈ। ਕੁਦਤਰੀ ਆਫ਼ਤਾਂ ਦੀ ਮਾਰ ਵਿਚ ਆਉਣ ਵਾਲੇ ਖੇਤਰਾਂ ਦੀ ਪੁਖ਼ਤਾ ਨਿਸ਼ਾਨਦੇਹੀ ਹੈ। ਇਸ ਤੋਂ ਬਾਅਦ ਮਨੁੱਖ ਕੋਲ ਬਚਾਅ ਕਰਨ ਲਈ ਸਮਾਂ ਅਤੇ ਸਰਮਾਇਆ ਹੈ।

ਕੁਦਰਤੀ ਆਫ਼ਤਾਂ ਨੂੰ ਰੋਕਿਆ ਨਹੀਂ ਜਾ ਸਕਦਾ, ਪਰ ਉਨ੍ਹਾਂ ਦੀ ਮਾਰ ਘੱਟ ਕੀਤੀ ਜਾ ਸਕਦੀ ਹੈ, ਜਾਂ ਉਨ੍ਹਾਂ ਦੀ ਮਾਰ ਤੋਂ ਬਚਾਅ ਕੀਤਾ ਜਾ ਸਕਦਾ ਹੈ। ਹੜ੍ਹ ਵਗਣ ਲਈ ਰਾਹ ਛੱਡਿਆ ਜਾ ਸਕਦਾ ਹੈ। ਭੂਚਾਲ ਵਾਲੇ ਖੇਤਰਾਂ ਵਿਚ ਇਮਾਰਤਸਾਜ਼ੀ ਦੀ ਵਿਉਂਤਬੰਦੀ ਇਸੇ ਲਿਹਾਜ ਨਾਲ ਕੀਤੀ ਜਾ ਸਕਦੀ ਹੈ। ਜਾਪਾਨ ਵਿਚ ਸਭ ਤੋਂ ਜ਼ਿਆਦਾ ਅਤੇ ਭਿਆਨਕ ਭੂਚਾਲ ਆਉਂਦੇ ਹਨ, ਪਰ ਬਾਕੀ ਦੁਨੀਆਂ ਦੇ ਮੁਕਾਬਲੇ ਉੱਥੇ ਜਾਨੀ-ਮਾਲੀ ਨੁਕਸਾਨ ਘੱਟ ਹੁੰਦਾ ਹੈ। ਜਾਪਾਨ ਨੇ ਇਮਾਤਰਸਾਜ਼ੀ ਵਿਚ ਭੂਚਾਲ ਤੋਂ ਬਚਣ ਦੀ ਸੂਝ ਨੂੰ ਵਿਉਂਤਿਆ ਹੈ। ਸੋਕੇ ਵਾਲੇ ਇਲਾਕੇ ਵਿਚ ਪਾਣੀ ਦੀ ਚਿਰਕਾਲੀ ਵਿਉਂਤਬੰਦੀ ਕੀਤੀ ਜਾ ਸਕਦੀ ਹੈ। ਮੌਜੂਦਾ ਦੌਰ ਵਿਚ ਪਹਾੜਾਂ ਦੀਆਂ ਟੀਸੀਆਂ ਉੱਤੇ, ਰੇਗ਼ਿਸਤਾਨ ਦੇ ਵਿਚਕਾਰ, ਨਦੀਆਂ ਅਤੇ ਸਮੁੰਦਰ ਨਾਲ ਖਹਿੰਦੀਆਂ ਬਸਤੀਆਂ ਆਬਾਦ ਹੋ ਰਹੀਆਂ ਹਨ। ਪਹਾੜਾਂ ਵਿਚ ਵੱਡੇ ਬੰਨ੍ਹਾਂ ਰਾਹੀਂ ਨਦੀਆਂ ਦੇ ਕੁਦਰਤੀ ਵਹਿਣ ਮੋੜੇ ਜਾ ਰਹੇ ਹਨ। ਇਹ ਸਾਰਾ ਵਿਕਾਸ ਕੁਦਰਤੀ ਆਫ਼ਤਾਂ ਦੇ ਲਾਂਘਿਆਂ ਵਿਚ ਹੈ। ਉੱਤਰਾਖੰਡ ਵਿਚ ਹੜ੍ਹਿਆਈਆਂ ਨਦੀਆਂ ਅਲਕਨੰਦਾ ਅਤੇ ਮੰਦਾਕਿਨੀ ਦੀ ਮਾਰ ਵਿਚ ਆਈਆਂ ਇਮਾਰਤਾਂ ਜੇ ਹੜ੍ਹ ਦੀ ਤਾਕਤ ਦਰਸਾਉਂਦੀਆਂ ਹਨ ਤਾਂ ਮਨੁੱਖੀ ਅਣਗਹਿਲੀ ਦੀ ਵੀ ਗਵਾਹੀ ਭਰਦੀਆਂ ਹਨ। ਇਨ੍ਹਾਂ ਨਦੀਆਂ ਵਿਚ ਹੜ੍ਹ ਆਉਣ ਦੀ ਸੰਭਾਵਨਾ ਦਾ ਅੰਦਾਜ਼ਾ ਲਗਾਉਣ ਲਈ ਕੋਈ ਮਾਹਰ ਹੋਣ ਦੀ ਲੋੜ ਨਹੀਂ ਹੈ। ਇਸ ਕੁਦਰਤੀ ਆਫ਼ਤ ਵਿਚ ਇਨ੍ਹਾਂ ਇਮਾਰਤਾਂ ਦਾ ਗਿਰਨਾ ਮਨੁੱਖੀ ਤ੍ਰਾਸਦੀ ਹੈ ਜਾਂ ਇਸ ਨੂੰ ਖੁਦਕੁਸ਼ੀ ਵੀ ਕਿਹਾ ਜਾ ਸਕਦਾ ਹੈ।

ਪਹਾੜਾਂ ਦਾ ਅਧਿਐਨ ਕਰਨ ਵਾਲੇ ਜਾਣਦੇ ਹਨ ਕਿ ਹਿਮਾਲਾ ਕੁਦਰਤ ਦੀ ਸਭ ਤੋਂ ਛੋਟੀ ਉਮਰ ਦੀ ਪਹਾੜ-ਲੜੀ ਹੈ। ਇਸ ਵਿਚ ਹਾਲੇ ਬਹੁਤ ਸਾਰੀਆਂ ਪੋਲਾਂ ਹਨ ਅਤੇ ਬਹੁਤ ਸਾਰੀ ਸਰਗਰਮੀ ਇਸ ਅੰਦਰ ਲਗਾਤਾਰ ਚੱਲਦੀ ਰਹਿੰਦੀ ਹੈ। ਜਦੋਂ ਸੜਕਾਂ, ਬੰਨ੍ਹਾਂ ਅਤੇ ਹੋਰ ਇਮਾਰਤਾਂ ਦੀ ਉਸਾਰੀ ਲਈ ਧਮਾਕੇ ਕੀਤੇ ਜਾਂਦੇ ਹਨ ਤਾਂ ਪਹਾੜਾਂ ਵਿਚ ਹੋਰ ਪੋਲ ਪੈਂਦੀ ਹੈ। ਜਦੋਂ ਬੰਨ੍ਹਾਂ ਲਈ ਨਦੀਆਂ ਦੇ ਵਹਿਣ ਬਦਲੇ ਜਾਂਦੇ ਹਨ ਤਾਂ ਕੱਚੀ ਮਿੱਟੀ ਦੇ ਨਵੇਂ ਪਹਾੜ ਬਣਦੇ ਹਨ ਅਤੇ ਪੁਰਾਣੇ ਪੋਲੇ ਹੋ ਜਾਂਦੇ ਹਨ। ਮੌਜੂਦਾ ਹੜ੍ਹਾਂ ਵਿਚ ਕੱਚੀ ਮਿੱਟੀ ਦੇ ਨਵੇਂ ਪਹਾੜ ਖੁਰ ਕੇ ਲੋਕਾਂ ਦੇ ਘਰਾਂ ਵਿਚ ਜਾ ਵੜੇ ਹਨ। ਇਸ ਕੱਚੀ ਮਿੱਟੀ ਨੇ ਹੜ੍ਹ ਦੀ ਮਾਰ ਦੁੱਗਣੀ ਕਰ ਦਿੱਤੀ ਹੈ ਅਤੇ ਮੁੜ-ਬਹਾਲੀ ਦਾ ਕੰਮ ਕਈ ਗੁਣਾ ਮੁਸ਼ਕਿਲ ਕਰ ਦਿੱਤਾ ਹੈ। ਇਸ ਪੱਖ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਘਰਾਂ ਅੰਦਰ ਕਈ-ਕਈ ਫੁੱਟ ਤੱਕ ਮਿੱਟੀ ਭਰ ਗਈ ਹੈ। ਇੱਕ ਥਾਂ ਬਾਸਕਟਬਾਲ ਦੇ ਮੈਦਾਨ ਵਿਚ ਭਰੀ ਅੱਠ ਫੁੱਟ ਮਿੱਟੀ ਦਾ ਅੰਦਾਜ਼ਾ ਬਾਸਕਟਬਾਲ ਦੀ ਟੋਕਰੀ ਤੋਂ ਲੱਗਦਾ ਹੈ। ਇਸ ਤੋਂ ਬਾਅਦ ਇਹ ਸਮਝਣ ਵਿਚ ਕਿੰਨੀ ਕੁ ਔਖ ਹੋਣੀ ਚਾਹੀਦੀ ਹੈ ਕਿ ਕੱਚੀ ਮਿੱਟੀ ਦੇ ਨਵੇਂ ਪਹਾੜਾਂ ਅਤੇ ਇਨ੍ਹਾਂ ਤੋਂ ਆਬਾਦੀਆਂ ਨੂੰ ਦਰਪੇਸ਼ ਖ਼ਦਸ਼ਿਆਂ ਨੂੰ ਨਜ਼ਰਅੰਦਾਜ਼ ਕੀਤਾ ਗਿਆ। ਕਿਸਾਨ ਆਪਣੇ ਵੱਡੇ ਖਾਲ ਦੀਆਂ ਦੋਵੇਂ ਵੱਟਾਂ ਇੱਕਠੀਆਂ ਵਾਹ ਕੇ ਨਵੀਆਂ ਨਹੀਂ ਪਾਉਂਦਾ ਕਿਉਂਕਿ ਕੱਚਾ ਖਾਲ ਖੜਾਉਣਾ ਔਖਾ ਹੁੰਦਾ ਹੈ। ਕੱਚੀ ਵੱਟ ਉੱਤੇ ਤੁਰਿਆ ਨਹੀਂ ਜਾਂਦਾ। ਇਸ ਲਈ ਸਾਲ-ਛਮਾਹੀ ਦੇ ਫਰਕ ਨਾਲ ਵੱਟਾਂ ਨਵੀਆਂ ਪਾਈਆਂ ਜਾਂਦੀਆਂ ਹਨ। ਖਾਲ ਵਿਚ ਪੀੜ੍ਹੀ-ਦਰ-ਪੀੜ੍ਹੀ ਚੱਲਦੀ ਰਵਾਇਤੀ ਸੂਝ ਲੱਗਦੀ ਹੈ ਪਰ ਬੰਨ੍ਹ ਬਣਾਉਣ ਵੇਲੇ ਆਧੁਨਿਕ ਗਿਆਨ ਦਾ ਵਡਮੁੱਲਾ ਖ਼ਜ਼ਾਨਾ ਮਾਹਰਾਂ ਕੋਲ ਹੁੰਦਾ ਹੈ। ਜੇ ਬੰਨ੍ਹਾਂ ਦੀ ਮਿੱਟੀ ਦੀ ਵਿਉਂਤਬੰਦੀ ਵਿਚ ਇੰਨੀ ਬੁਨਿਆਦੀ ਗੱਲ ਨੂੰ ਵੀ ਨਜ਼ਰਅੰਦਾਜ਼ ਕੀਤਾ ਗਿਆ ਹੈ ਤਾਂ ਇਸ ਨੂੰ ਕੁਦਰਤੀ ਆਫ਼ਤ ਦੀ ਮਾਰ ਕਿਵੇਂ ਕਿਹਾ ਜਾਵੇ?

ਮੌਸਮ ਦਾ ਅੰਦਾਜ਼ਾ ਲਗਾਉਣ ਵਾਲਾ ਮਹਿਕਮਾ ਮੀਂਹ ਦੀਆਂ ਸੰਭਾਵਨਾਵਾਂ ਦੀ ਜਾਣਕਾਰੀ ਨਸ਼ਰ ਕਰਦਾ ਹੈ। ਇਸ ਵਾਰ ਵੀ ਮੀਂਹ ਦੀ ਜਾਣਕਾਰੀ ਦਿੱਤੀ ਗਈ, ਪਰ ਇਹ ਨਜ਼ਰਅੰਦਾਜ਼ ਕਰ ਦਿੱਤੀ ਗਈ। ਮੌਸਮ ਵਾਲੇ ਮਹਿਕਮੇ ਤੋਂ ਲੈ ਕੇ ਬਾਕੀ ਮਹਿਕਮਿਆਂ ਵਿਚ ਤਾਲਮੇਲ ਹੋਣਾ ਚਾਹੀਦਾ ਸੀ ਤਾਂ ਜੋ ਘੱਟੋ-ਘੱਟ ਬਾਹਰ ਤੋਂ ਉਸ ਇਲਾਕੇ ਵਿਚ ਜਾ ਰਹੇ ਲੋਕਾਂ ਨੂੰ ਰੋਕਿਆ ਜਾਂਦਾ। ਮੌਸਮ ਮਹਿਕਮੇ ਨੇ ਮੀਂਹ ਦਾ ਅੰਦਾਜ਼ਾ ਲਗਾਉਣਾ ਹੈ, ਆਵਾਜਾਈ ਵਾਲੇ ਮਹਿਕਮੇ ਨੇ ਆਉਣ-ਜਾਣ ਵਾਲਿਆਂ ਦੀ ਗਿਣਤੀ ਦਾ ਅੰਦਾਜ਼ਾ ਲਗਾਉਣਾ ਹੈ, ਪ੍ਰਸ਼ਾਸਨ ਨੇ ਬਾਕੀ ਮਹਿਕਮਿਆਂ ਨੂੰ ਹਾਲਾਤ ਨਾਲ ਨਜਿੱਠਣ ਲਈ ਤਿਆਰ ਰਹਿਣ ਅਤੇ ਇਸ ਤੋਂ ਪਹਿਲਾਂ ਬਚਾਅ ਕਰਨ ਲਈ ਲੋੜੀਂਦੀਆਂ ਪਹਿਲਕਦਮੀਆਂ ਦੇ ਮਾਮਲੇ ਵਿਚ ਤਾਲਮੇਲ ਕਰਨਾ ਹੈ। ਜਦੋਂ ਲਗਾਤਾਰ ਵਰ੍ਹਦੇ ਮੀਂਹ ਅਤੇ ਮੌਸਮ ਮਹਿਕਮੇ ਦੀਆਂ ਚਿਤਾਵਨੀਆਂ ਦੇ ਬਾਵਜੂਦ ਪੁਲਿਸ, ਸੈਲਾਨੀਆਂ ਅਤੇ ਯਾਤਰੂਆਂ ਨੂੰ ਰਿਸ਼ਵਤ ਲੈ ਕੇ ਜਾਣ ਦਿੰਦੀ ਹੈ ਤਾਂ ਇਸ ਨੂੰ ਕੀ ਕਿਹਾ ਜਾਵੇ? ਪੁਲਿਸ ਰਿਸ਼ਵਤ ਲੈ ਕੇ ਆਪਣੇ ਮੁਲਕ ਦੇ ਸ਼ਹਿਰੀਆਂ ਨੂੰ ਖੁਦਕੁਸ਼ੀ ਕਰਨ ਦੀ ਛੁੱਟੀ ਦੇ ਰਹੀ ਹੈ, ਜਾਂ ਹੜ੍ਹ ਦੀ ਮਾਰ ਵਿਚ ਆਪਣਾ ਬਚਾਅ ਆਪ ਕਰਨ ਦਾ ਮੌਕਾ ਦੇ ਰਹੀ ਹੈ? ਇਹ ਸਾਰਾ ਮਾਮਲਾ ਪੁਲਿਸ ਤੱਕ ਮਹਿਦੂਦ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇੰਨੀ ਵੱਡੀ ਆਵਾਜਾਈ ਬਾਬਤ ਜਾਣਕਾਰੀ ਪ੍ਰਸ਼ਾਸਨ ਦੇ ਬਾਕੀ ਮਹਿਕਮਿਆਂ ਨੂੰ ਲਗਾਤਾਰ ਹੁੰਦੀ ਹੈ। ਜੇ ਹੋਰ ਸੈਲਾਨੀਆਂ ਅਤੇ ਯਾਤਰੂਆਂ ਨੂੰ ਉਸ ਇਲਾਕੇ ਵਿਚ ਜਾਣ ਤੋਂ ਰੋਕਿਆ ਜਾਂਦਾ ਅਤੇ ਪਹੁੰਚ ਚੁੱਕਿਆਂ ਨੂੰ ਫੌਰੀ ਵਾਪਸ ਜਾਣ ਲਈ ਕਿਹਾ ਜਾਂਦਾ ਤਾਂ ਘੱਟੋ-ਘੱਟ ਜਾਨੀ ਨੁਕਸਾਨ ਤਾਂ ਘਟ ਜਾਣਾ ਸੀ ਅਤੇ ਰਾਹਤ ਕਾਰਜਾਂ ਵਿਚ ਮੁਕਾਮੀ (ਲੋਕਲ) ਲੋਕਾਂ ਨੂੰ ਤਵੱਜੋ ਮਿਲ ਸਕਣੀ ਸੀ।

ਪ੍ਰਸ਼ਾਸਨ ਅਤੇ ਸਿਆਸਤਦਾਨ ਦਲੀਲ ਦੇ ਸਕਦੇ ਹਨ ਕਿ ਯਾਤਰੂਆਂ ਦੀ ਸ਼ਰਧਾ ਜਾਂ ਸੈਲਾਨੀਆਂ ਦਾ ਛੁੱਟੀਆਂ ਮਨਾਉਣ ਦਾ ਚਾਅ ਜ਼ਿਆਦਾ ਲੋਕਾਂ ਦੇ ਉਸ ਇਲਾਕੇ ਵਿਚ ਫਸ ਜਾਣ ਦਾ ਕਾਰਨ ਬਣਿਆ। ਸੁਆਲ ਇਹ ਹੈ ਕਿ ਜੇ ਇਸ ਤਰ੍ਹਾਂ ਦੀ ਆਫ਼ਤ ਆ ਜਾਣ ਦੀ ਸੰਭਾਵਨਾ ਹੈ ਅਤੇ ਸਰਕਾਰੀ ਮਹਿਕਮੇ ਚਿਤਾਵਨੀ ਦੇ ਰਹੇ ਹਨ ਤਾਂ ਧਾਰਮਿਕ ਸਥਾਨਾਂ ਅਤੇ ਸੈਲਾਨੀ ਸਨਅਤ ਨਾਲ ਇਸ ਮਾਮਲੇ ਵਿਚ ਤਾਲਮੇਲ ਹੋਣਾ ਚਾਹੀਦਾ ਸੀ। ਹੋਟਲਾਂ ਅਤੇ ਗੈਸਟ-ਹਾਊਸਾਂ ਵਾਲਿਆਂ ਰਾਹੀਂ ਨਵੇਂ ਆ ਸੈਲਾਨੀਆਂ ਦੀ ਰਿਹਾਇਸ਼ ਦਾ ਪ੍ਰਬੰਧ ਰੱਦ ਕੀਤਾ ਜਾ ਸਕਦਾ ਸੀ। ਗੁਰਦੁਆਰੇ ਅਤੇ ਮੰਦਿਰ ਦੇ ਪ੍ਰਬੰਧਕਾਂ ਰਾਹੀਂ ਸ਼ਰਧਾਲੂਆਂ ਨੂੰ ਫੌਰੀ ਵਾਪਸ ਜਾਣ ਅਤੇ ਨਵਿਆਂ ਨੂੰ ਨਾ ਆਉਣ ਦਾ ਸੁਨੇਹਾ ਦਿੱਤਾ ਜਾ ਸਕਦਾ ਸੀ। ਇਸ ਤਰ੍ਹਾਂ ਹੜ੍ਹ ਆਉਣ ਅਤੇ ਹਾਲਾਤ ਦੇ ਬਦਤਰ ਹੋਣ ਵਿਚਲਾ ਇੱਕ ਦਿਨ ਫ਼ੈਸਲਾਕੁਨ ਸੀ ਜੋ ਪ੍ਰਸ਼ਾਸਕੀ ਨਾਲਾਇਕੀ ਜਾਂ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਗਿਆ।

ਉਨ੍ਹਾਂ ਹੀ ਦਿਨਾਂ ਵਿਚ ਕੈਨੇਡਾ ਦੇ ਐਲਬਰਟਾ ਸੂਬੇ ਦੇ ਕੈਲਗਿਰੀ ਇਲਾਕੇ ਵਿਚ ਹੜ੍ਹ ਆਇਆ। ਜਦੋਂ ਨਦੀ ਖ਼ਤਰੇ ਦੇ ਨਿਸ਼ਾਨ ਦੇ ਕਰੀਬ ਆਈ ਤਾਂ ਇਲਾਕੇ ਵਿਚ ਐਲਾਨ ਕਰ ਦਿੱਤਾ ਗਿਆ ਕਿ ਹੇਠਲੀ ਮੰਜ਼ਿਲ ਦਾ ਸਾਮਾਨ ਉਪਰ ਪਹੁੰਚਾ ਦੇਵੋ ਅਤੇ ਅਗਲੇ ਐਲਾਨ ਤੋਂ ਇੱਕ ਘੰਟੇ ਦੇ ਅੰਦਰ ਘਰ ਖਾਲੀ ਕਰਨ ਲਈ ਤਿਆਰ ਰਹੋ। ਇਸ ਤੋਂ ਬਾਅਦ ਪੁਲਿਸ ਮੁਲਾਜ਼ਮਾਂ ਨੇ ਹਰ ਘਰ ਦਾ ਦਰਵਾਜ਼ਾ ਖੜਕਾ ਕੇ ਇਹੋ ਸੁਨੇਹਾ ਦਿੱਤਾ। ਘਰਾਂ ਵਿਚ ਦੱਸਿਆ ਕਿ ਪਾਲਤੂ ਕੁੱਤਿਆਂ-ਬਿੱਲੀਆਂ ਨੂੰ ਕਿੱਥੇ ਛੱਡਣਾ ਹੈ ਅਤੇ ਘਰ ਖਾਲੀ ਕਰਨ ਤੋਂ ਬਾਅਦ ਆਪਣੇ ਦਰਵਾਜ਼ੇ ਉੱਤੇ ਕਾਟੇ ਦਾ ਨਿਸ਼ਾਨ ਲਗਾਉਣਾ ਹੈ। ਪੁਲਿਸ ਨੇ ਇਸ ਸੁਨੇਹੇ ਦੀ ਨਿਸ਼ਾਨੀ ਵਜੋਂ ਹਰ ਦਰਵਾਜ਼ੇ ਉੱਤੇ ਪੀਲੀ ਪੱਟੀ ਲਗਾ ਦਿੱਤੀ ਅਤੇ ਇਹ ਦੱਸ ਦਿੱਤਾ ਕਿ ਖਾਲੀ ਕਰਨ ਤੋਂ ਬਾਅਦ ਜੇ ਕਿਸੇ ਘਰ ਦੇ ਦਰਵਾਜ਼ੇ ਉੱਤੇ ਕਾਟੇ ਦਾ ਨਿਸ਼ਾਨ ਨਹੀਂ ਹੋਵੇਗਾ ਤਾਂ ਦਰਵਾਜ਼ਾ ਤੋੜ ਕੇ ਯਕੀਨੀ ਬਣਾਇਆ ਜਾਵੇਗਾ ਕਿ ਘਰ ਖਾਲੀ ਹੈ। ਕੁਦਰਤੀ ਆਫ਼ਤ ਤੋਂ ਬਚਾਅ ਲਈ ਇਹ ਮਸ਼ਕ ਲਗਾਤਾਰ ਕੀਤੀ ਜਾਂਦੀ ਹੈ ਅਤੇ ਲੋੜ ਪੈਣ ਉੱਤੇ ਪੁਖ਼ਤਾ ਢੰਗ ਨਾਲ ਇਸਤੇਮਾਲ ਹੁੰਦੀ ਹੈ। ਜਦੋਂ ਖ਼ਦਸ਼ਿਆਂ ਮੁਤਾਬਕ ਹੜ੍ਹ ਨਹੀਂ ਆਇਆ ਅਤੇ ਖ਼ਤਰਾ ਟਲ ਗਿਆ ਤਾਂ ਮੁੜ ਕੇ ਐਲਾਨ ਕਰ ਦਿੱਤਾ ਗਿਆ। ਉਤਰਾਖੰਡ ਦੇ ਕੁਦਰਤੀ ਆਫ਼ਤ ਨਾਲ ਨਜਿੱਠਣ ਦੇ ਪ੍ਰਬੰਧਾਂ ਦਾ ਇੱਕ ਮੁਕਾਬਲਾ ਕੈਨੇਡਾ ਦੇ ਇਸੇ ਤਜਰਬੇ ਨਾਲ ਹੋਣਾ ਚਾਹੀਦਾ ਹੈ।

ਹੁਣ ਕੁਦਰਤੀ ਆਫ਼ਤਾਂ ਨਾਲ ਨਜਿੱਠਣ ਲਈ ਕੁਝ ਚਿਰਕਾਲੀ ਅਤੇ ਫੌਰੀ ਪੱਖਾਂ ਬਾਬਤ ਵੀ ਚਰਚਾ ਹੋਣੀ ਚਾਹੀਦੀ ਹੈ। ਕੁਦਰਤੀ ਆਫ਼ਤ ਮੌਕੇ ਲੋਕਾਂ ਨੂੰ ਰਾਹਤ ਦੇਣ ਲਈ ਡਾਕਟਰੀ ਸਹਾਇਤਾ ਅਹਿਮ ਹੁੰਦੀ ਹੈ। ਮਰੀਜ਼ਾਂ, ਜ਼ਖ਼ਮੀਆਂ ਅਤੇ ਗਰਭਵਤੀ ਔਰਤਾਂ ਦੀ ਫ਼ੌਰੀ ਦੇਖਭਾਲ ਜ਼ਰੂਰੀ ਹੁੰਦੀ ਹੈ। ਆਫ਼ਤ ਦਾ ਸ਼ਿਕਾਰ ਇਲਾਕੇ ਵਿਚ ਡਾਕਟਰੀ ਸਹੂਲਤਾਂ ਅਤੇ ਅਮਲਾ ਵੀ ਇਸੇ ਮਾਰ ਵਿਚ ਹੁੰਦਾ ਹੈ। ਮਿਸਾਲ ਵਜੋਂ ਹਸਪਤਾਲ ਅਤੇ ਡਾਕਟਰ ਵੀ ਕੁਦਰਤੀ ਆਫ਼ਤ ਦੀ ਮਾਰ ਦਾ ਸ਼ਿਕਾਰ ਹੁੰਦੇ ਹਨ। ਇਨ੍ਹਾਂ ਹਾਲਾਤ ਵਿਚ ਡਾਕਟਰੀ ਇਮਦਾਦ ਬਾਹਰੋਂ ਆਏਗੀ। ਦੂਜੀਆਂ ਥਾਵਾਂ ਦੇ ਡਾਕਟਰ ਅਤੇ ਹੋਰ ਅਮਲਾ ਆ ਕੇ ਰਾਹਤ ਕਾਰਜ ਕਰੇਗਾ ਜਾਂ ਲੋੜਬੰਦਾਂ ਨੂੰ ਦੂਜੀਆਂ ਥਾਵਾਂ ਉੱਤੇ ਲਿਜਾਇਆ ਜਾਵੇਗਾ। ਸਾਡੇ ਮੁਲਕ ਵਿਚ ਸਰਕਾਰੀ ਡਾਕਟਰਾਂ ਦੀਆਂ ਅਸਾਮੀਆਂ ਵੱਡੀ ਗਿਣਤੀ ਵਿਚ ਖਾਲੀ ਪਈਆਂ ਹਨ। ਜੇ ਅਜਿਹੀ ਤ੍ਰਾਸਦੀ ਮੌਕੇ ਜ਼ਿਆਦਾ ਮਰੀਜ਼ ਹਸਪਤਾਲਾਂ ਵਿਚ ਆ ਜਾਣ ਤਾਂ ਸਾਂਭਣੇ ਮੁਸ਼ਕਿਲ ਹਨ ਤਾਂ ਅਮਲਾ-ਫੈਲਾ ਅਤੇ ਸਾਜ਼ੋ-ਸਾਮਾਨ ਥੁੜ ਜਾਵੇਗਾ। ਜੇ ਡਾਕਟਰ ਮੌਕੇ ਉੱਤੇ ਭੇਜ ਦਿੱਤੇ ਤਾਂ ਫੌਰੀ ਰਾਹਤ ਤਾਂ ਦਿੱਤੀ ਜਾ ਸਕਦੀ ਹੈ, ਪਰ ਇਲਾਜ ਨਹੀਂ ਹੋ ਸਕਦਾ। ਇਸ ਨਾਲ ਹਸਪਤਾਲਾਂ ਵਿਚ ਪਹਿਲਾਂ ਤੋਂ ਇਲਾਜਯਾਫ਼ਤਾ ਮਰੀਜ਼ਾਂ ਦੀ ਨਜ਼ਰਅੰਦਾਜ਼ੀ ਹੋਣੀ ਤੈਅ ਹੈ। ਇਹ ਨਜ਼ਰਅੰਦਾਜ਼ੀ ਡਾਕਟਰਾਂ ਅਤੇ ਹੋਰ ਅਮਲੇ-ਫੈਲੇ ਦੇ ਮੌਕੇ ਉੱਤੇ ਜਾਣ ਕਾਰਨ ਹੋ ਸਕਦੀ ਹੈ ਜਾਂ ਵੱਡੀ ਗਿਣਤੀ ਵਿਚ ਜ਼ਖਮੀਆਂ ਦੇ ਹਸਪਤਾਲ ਵਿਚ ਆ ਜਾਣ ਕਾਰਨ ਹੋ ਸਕਦੀ ਹੈ। ਸਰਕਾਰੀ ਨੀਤੀਆਂ ਤਹਿਤ ਸਰਕਾਰੀ ਹਸਪਤਾਲਾਂ ਦਾ ਢਾਂਚਾ ਤੋੜਿਆ ਜਾ ਰਿਹਾ ਹੈ ਅਤੇ ਸਰਕਾਰੀ ਰਿਆਇਤਾਂ ਨਾਲ ਪ੍ਰਾਈਵੇਟ ਹਸਪਤਾਲਾਂ ਦਾ ਵਧਾਰਾ ਕੀਤਾ ਜਾ ਰਿਹਾ ਹੈ। ਪ੍ਰਾਈਵੇਟ ਹਸਪਤਾਲ ਅਜਿਹੇ ਮੌਕੇ ਗ਼ੈਰ-ਹਾਜ਼ਰ ਹੀ ਰਹਿੰਦੇ ਹਨ। ਇਹ ਰੁਝਾਨ ਕੁਦਰਤੀ ਆਫ਼ਤ ਵਿਚ ਮਨੁੱਖੀ ਅਣਗਹਿਲੀ ਦਾ ਮਾਰੂ ਪੱਖ ਜੋੜਦਾ ਹੈ।

ਇਹੋ ਦਲੀਲ ਲੋਕ ਕਲਿਆਣ ਨਾਲ ਜੁੜੇ ਹੋਰ ਮਹਿਕਮਿਆਂ ਉੱਤੇ ਵੀ ਲਾਗੂ ਹੁੰਦੀ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਦੂਰ-ਸੰਚਾਰ ਤਕਨੀਕ ਦੇ ਪਸਾਰੇ ਦੇ ਦਮਗਜ਼ੇ ਮਾਰਦੀਆਂ ਹਨ। ਸਿਆਸਤਦਾਨਾਂ ਅਤੇ ਦੂਰ-ਸੰਚਾਰ ਦੀਆਂ ਪ੍ਰਾਈਵੇਟ ਕੰਪਨੀਆਂ ਦੇ ਨਾਪਾਕ ਰਿਸ਼ਤਿਆਂ ਦੀ ਚਰਚਾ ਲਗਾਤਾਰ ਹੁੰਦੀ ਰਹਿੰਦੀ ਹੈ। ਬਿਪਤਾ ਵਿਚ ਫਸੇ ਉਤਰਾਖੰਡ ਵਿਚ ਦੂਰ-ਸੰਚਾਰ ਸਹੂਲਤਾਂ ਚਾਲੂ ਰੱਖਣ ਲਈ ਸਭ ਤੋਂ ਵੱਧ ਕੰਮ ਭਾਰਤ ਸੰਚਾਰ ਨਿਗਮ ਲਿਮਟਿਡ (ਬੀ.ਐਸ.ਐਨ.ਐਲ.) ਨੇ ਕੀਤਾ। ਇਸੇ ਦੌਰਾਨ ਸਰਕਾਰੀ ਰਿਆਇਤਾਂ ਅਤੇ ਸਿਆਸਤਦਾਨਾਂ ਦੀ ਹਿੱਸਾ-ਪੱਤੀਆਂ ਨਾਲ ਵਧ ਰਹੀਆਂ ਕੰਪਨੀਆਂ ਦੀ ਕੋਈ ਸਰਗਰਮੀ ਨਜ਼ਰ ਨਹੀਂ ਆਈ। ਉਤਰਾਖੰਡ ਵਿਚ ਬਹੁਤ ਸਾਰੀਆਂ ਕੰਪਨੀਆਂ ਨੂੰ ਨਿਵੇਸ਼ ਕਰਨ ਲਈ ਰਿਆਇਤਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਨੇ ਚੌਗਿਰਦੇ ਦੇ ਵਿਨਾਸ਼ ਵਿਚ ਤਾਂ ਹਿੱਸਾ ਪਾਇਆ ਹੈ, ਪਰ ਰਾਹਤ ਕਾਰਜਾਂ ਮੌਕੇ ਗ਼ੈਰ-ਹਾਜ਼ਰ ਰਹੀਆਂ ਹਨ। ਵਿਉਂਤਬੰਦ ਢੰਗ ਨਾਲ ਲੋਕ ਕਲਿਆਣ ਦਾ ਢਾਂਚਾ ਤਹਿਸ-ਨਹਿਸ ਕੀਤਾ ਜਾ ਰਿਹਾ ਹੈ ਤਾਂ ਇਸ ਨੂੰ ਆਰਥਿਕ ਸੁਧਾਰਾਂ ਦਾ ਨਾਂ ਦਿੱਤਾ ਜਾਂਦਾ ਹੈ। ਕੁਦਰਤੀ ਆਫ਼ਤ ਵੇਲੇ ਉਸੇ ਲੋਕ ਕਲਿਆਣ ਢਾਂਚੇ ਨੂੰ ਯਾਦ ਕੀਤਾ ਜਾਂਦਾ ਹੈ। ਤੋੜਿਆ ਜਾ ਰਿਹਾ ਢਾਂਚਾ ਬਿਪਤਾ ਦੇ ਵਕਤ ਕਿੱਥੋਂ ਬਹੁੜੇਗਾ? ਕੀ ਮੌਜੂਦਾ ਮਨੁੱਖੀ ਤ੍ਰਾਸਦੀ ਲਈ ਇਹ ਨੀਤੀਆਂ ਕਸੂਰਵਾਰ ਨਹੀਂ ਹਨ? ਜਿਹੜਾ ਤਬਕਾ ਲੋਕ ਕਲਿਆਣ ਦੇ ਮਹਿਕਮਿਆਂ ਨੂੰ ਖੋਰਾ ਲਗਾਉਣ ਦੀ ਵਕਾਲਤ ਕਰਦਾ ਹੈ, ਉਹ ਬਿਪਤਾ ਵੇਲੇ ਸਰਕਾਰ ਤੋਂ ਰਾਹਤ ਦੀ ਆਸ ਕਰਦਾ ਹੈ। ਜੇ ਅਸੀਂ ਬਿਪਤਾ ਵੇਲੇ ਰਾਹਤ ਦੀ ਤਵੱਕੋ ਰੱਖਣੀ ਹੈ ਤਾਂ ਇਸ ਦਾ ਬੰਦੋਬਸਤ ਤਾਂ ਪਹਿਲਾਂ ਹੀ ਕਰਨਾ ਪਵੇਗਾ। ਜਦੋਂ ਬਿਪਤਾ ਨਹੀਂ ਹੁੰਦੀ ਤਾਂ ਅਸੀਂ ਇਨ੍ਹਾਂ ਬੰਦੋਬਸਤਾਂ ਨੂੰ ਹੀ ਖਾਊ ਮਹਿਕਮੇ ਕਰਾਰ ਦਿੰਦੇ ਹਾਂ ਅਤੇ ਇਨ੍ਹਾਂ ਦਾ ਅਮਲਾ-ਫੈਲਾ ਅਤੇ ਸਾਜ਼ੋ-ਸਾਮਾਨ ਚੁਸਤ-ਦਰੁਸਤ ਹਾਲਤ ਵਿਚ ਨਹੀਂ ਰੱਖਿਆ ਜਾਂਦਾ।

ਕੁਦਰਤੀ ਆਫ਼ਤਾਂ ਦੌਰਾਨ ਲੋਕਾਂ ਦੇ ਕਲਿਆਣ ਲਈ ਲੋੜੀਂਦੇ ਮਹਿਕਮੇ ਚੁਸਤ-ਦਰੁਸਤ ਰੱਖਣੇ ਸਰਕਾਰ ਦੀ ਜ਼ਿੰਮੇਵਾਰੀ ਹੈ। ਇਸ ਤੋਂ ਬਾਅਦ ਤਰੱਦਦ ਇਹ ਹੋਣਾ ਚਾਹੀਦਾ ਹੈ ਕਿ ਇਨ੍ਹਾਂ ਮਹਿਕਮਿਆਂ ਦੀ ਲੋੜ ਨਾ ਪਵੇ। ਇਸ ਦੀ ਸਭ ਤੋਂ ਅਹਿਮ ਮਿਸਾਲ ਕਿਊਬਾ ਹੈ। ਇਸ ਮੁਲਕ ਦੀ ਆਬਾਦੀ ਸਵਾ ਕਰੋੜ ਤੋਂ ਘੱਟ ਹੈ। ਚਾਰੇ ਪਾਸਿਉਂ ਸਮੁੰਦਰ ਵਿਚ ਘਿਰੇ ਇਸ ਮੁਲਕ ਨੇ ਪਿਛਲੇ ਸੌ ਸਾਲਾਂ ਦੇ ਸਭ ਤੋਂ ਭਿਆਨਕ ਦੋ ਸਮੁੰਦਰੀ ਤੂਫ਼ਾਨਾਂ ਨੂੰ ਹੱਡੀਂ-ਹੰਢਾਇਆ ਹੈ। ਸਤੰਬਰ 2004 ਵਿਚ ਇਵਾਨ ਅਤੇ ਜੁਲਾਈ 2005 ਵਿਚ ਡੈਨਿਸ ਨਾਂ ਦੇ ਸਮੁੰਦਰੀ ਤੂਫ਼ਾਨਾਂ ਨੇ ਕੈਰੀਬੀਆਈ ਇਲਾਕੇ ਵਿਚ ਤਰਥੱਲੀ ਮਚਾ ਦਿੱਤੀ ਸੀ। ਡੈਨਿਸ ਨੇ ਕਿਊਬਾ ਵਿਚ ਦਸ ਜੀਆਂ ਦੀ ਜਾਨ ਲਈ ਅਤੇ ਇਵਾਨ ਨਾਲ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਸੰਯੁਕਤ ਰਾਸ਼ਟਰ ਦਾ ਕਹਿਣਾ ਹੈ ਕਿ ਕਿਊਬਾ ਦਾ ਬਚਾਅ ਕਿਸਮਤ ਨਾਲ ਨਹੀਂ ਹੋਇਆ, ਸਗੋਂ ਉਨ੍ਹਾਂ ਵੱਲੋਂ ਕੀਤੇ ਪੁਖ਼ਤਾ ਬੰਦੋਬਸਤ ਨਾਲ ਹੋਇਆ ਹੈ। ਦੋਵਾਂ ਮੌਕਿਆਂ ਉੱਤੇ ਕਿਊਬਾ ਨੇ 15 ਲੱਖ ਸ਼ਹਿਰੀਆਂ ਨੂੰ ਖ਼ਦਸ਼ਿਆਂ ਦੀ ਜੱਦ ਵਿਚੋਂ ਕੱਢ ਕੇ ਸਮੇਂ ਸਿਰ ਆਰਜ਼ੀ ਰਿਹਾਇਸ਼ਾਂ ਵਿਚ ਪਹੁੰਚਾਇਆ ਜਿੱਥੇ ਪਾਣੀ, ਰਾਸ਼ਣ ਅਤੇ ਦਵਾਈਆਂ ਦਾ ਬੰਦੋਬਸਤ ਪਹਿਲਾਂ ਕੀਤਾ ਗਿਆ ਸੀ। ਇਹ ਪੂਰੀ ਮਸ਼ਕ ਕਿਊਬਾ ਵਿਚ ਮੌਸਮ ਦੀ ਖੋਜ ਨਾਲ ਜੁੜੇ 15 ਸੂਬਾਈ ਅਦਾਰਿਆਂ ਤੋਂ ਸ਼ੁਰੂ ਹੁੰਦੀ ਹੈ। ਕਿਸੇ ਆਫ਼ਤ ਦੀ ਆਮਦ ਬਾਬਤ 72 ਘੰਟੇ ਪਹਿਲਾਂ ਜਾਣਕਾਰੀ ਨਸ਼ਰ ਕਰ ਦਿੱਤੀ ਜਾਂਦੀ ਹੈ। ਇਸ ਦੇ ਨਾਲ ਹੀ ਐਲਾਨ ਕਰ ਦਿੱਤਾ ਜਾਂਦਾ ਹੈ ਕਿ ਕਿਸ ਥਾਂ ਦੀ ਆਬਾਦੀ ਕਿਸ ਵੇਲੇ ਕਿਸ ਤਰ੍ਹਾਂ ਕਿੱਥੇ ਜਾਵੇਗੀ। ਬੱਸਾਂ ਰਾਹੀਂ ਗਰਭਵਤੀ ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਨੂੰ ਤਰਜੀਹ ਦਿੰਦੇ ਹੋਏ ਸਾਰੀ ਆਬਾਦੀ ਨੂੰ ਆਰਜ਼ੀ ਰਿਹਾਇਸ਼ਾਂ ਵਿਚ ਪਹੁੰਚਾਇਆ ਜਾਂਦਾ ਹੈ। ਹਰ ਇਲਾਕੇ ਵਿਚ ਮਰਦਮਸ਼ੁਮਾਰੀ ਮਹਿਕਮੇ ਦੇ ਮੁਲਾਜ਼ਮਾਂ ਨੇ ਇਹ ਤਸਦੀਕ ਕਰਕੇ ਬਾਹਰ ਨਿਕਲਣਾ ਹੈ ਕਿ ਤੈਅ ਇਲਾਕਾ ਖਾਲੀ ਕਰ ਦਿੱਤਾ ਗਿਆ ਹੈ। ਇਸ ਦੌਰਾਨ ਹਾਲਾਤ ਦੀ ਸਾਰੀ ਜਾਣਕਾਰੀ ਨਸ਼ਰ ਕੀਤੀ ਜਾਂਦੀ ਹੈ। ਜਦੋਂ ਖਾਲੀ ਕੀਤੇ ਇਲਾਕੇ ਨੂੰ ਰਹਿਣ ਲਾਇਕ ਕਰਾਰ ਦਿੱਤਾ ਜਾਂਦਾ ਹੈ ਤਾਂ ਲੋਕਾਂ ਨੂੰ ਵਾਪਸ ਭੇਜਣ ਦਾ ਇੰਤਜ਼ਾਮ ਕੀਤਾ ਜਾਂਦਾ ਹੈ। ਇਸ ਤੋਂ ਬਾਅਦ ਰਾਹਤ ਕਾਰਜਾਂ ਅਤੇ ਨੁਕਸਾਨ ਦਾ ਲੇਖਾ-ਜੋਖਾ ਤਿਆਰ ਕੀਤਾ ਜਾਂਦਾ ਹੈ। ਜੇ ਕਿਊਬਾ ਆਪਣੇ ਸ਼ਹਿਰੀਆਂ ਦਾ ਸਤਿਕਾਰ ਕਰਦਾ ਹੈ ਤਾਂ ਹੀ ਦਸ ਫ਼ੀਸਦੀ ਆਬਾਦੀ ਲਈ ਆਰਜ਼ੀ ਰਿਹਾਇਸ਼ ਦਾ ਬੰਦੋਬਸਤ ਚੁਸਤ-ਦਰੁਸਤ ਹਾਲਤ ਵਿਚ ਰੱਖਿਆ ਜਾਂਦਾ ਹੈ।

ਕੈਨੇਡਾ ਅਤੇ ਕਿਊਬਾ ਦੀਆਂ ਮਿਸਾਲਾਂ ਦਰਸਾਉਂਦੀਆਂ ਹਨ ਕਿ ਕੁਦਰਤੀ ਆਫ਼ਤਾਂ ਵਿਚ ਹੁੰਦਾ ਜਾਨੀ-ਮਾਲੀ ਨੁਕਸਾਨ ਕੁਦਰਤੀ ਨਹੀਂ ਹੈ। ਜੇ ਸਰਕਾਰਾਂ ਆਪਣੇ ਸ਼ਹਿਰੀਆਂ ਨੂੰ ਖਪਤਕਾਰ ਸਮਝਣਗੀਆਂ ਤਾਂ ਮੁਨਾਫ਼ਾਖ਼ੋਰੀ ਕਦੇ ਵੀ ਲੋਕ ਕਲਿਆਣ ਦਾ ਢਾਂਚਾ ਕਾਇਮ ਨਹੀਂ ਹੋਣ ਦੇਵੇਗੀ। ਸਾਡੇ ਮੁਲਕ ਦੇ ਮਾਹਰ ਅਰਥ ਸ਼ਾਸਤਰੀ ਆਪਣੀ ਪ੍ਰਾਪਤੀ ਵਿਕਾਸ ਦਰ ਜਾਂ ਵਿਦੇਸ਼ੀ ਪੂੰਜੀ ਨਿਵੇਸ਼ ਰਾਹੀਂ ਪੇਸ਼ ਕਰਦੇ ਹਨ। ਇਨ੍ਹਾਂ ਦੋਵਾਂ ਪ੍ਰਾਪਤੀਆਂ ਦਾ ਆਵਾਮ ਦੀਆਂ ਮੁਸ਼ਕਿਲਾਂ ਸੁਲਝਾਉਣ ਵਿਚ ਹਿੱਸਾ ਹਾਲੇ ਤੱਕ ਕਿਸੇ ਨੂੰ ਸਮਝ ਨਹੀਂ ਆਇਆ। ਮੌਜੂਦਾ ਦੌਰ ਵਿਚ ਭੁੱਖਮਰੀ ਤੋਂ ਲੈ ਕੇ ਕੁਦਰਤੀ ਆਫ਼ਤਾਂ ਨੂੰ ਨਾ ਕਿਸਮਤ ਮੰਨਿਆ ਜਾ ਸਕਦਾ ਹੈ ਨਾ ਸਿਰਫ਼ ਕੁਦਰਤੀ। ਇਨ੍ਹਾਂ ਦੀ ਆਮਦ ਕੁਦਰਤੀ ਹੋ ਸਕਦੀ ਹੈ, ਪਰ ਇਨ੍ਹਾਂ ਰਾਹੀਂ ਹੁੰਦਾ ਨੁਕਸਾਨ ਸਰਕਾਰੀ ਬਦਇੰਤਜ਼ਾਮੀ ਦਾ ਨਤੀਜਾ ਹੈ। ਉਤਰਾਖੰਡ ਵਿਚ ਹੜ੍ਹਾਂ ਦੀ ਮਾਰ ਨਾਲ ਲੋਕ ਕੁਦਰਤੀ ਮੌਤ ਨਹੀਂ ਮਰੇ, ਸਗੋਂ ਉਨ੍ਹਾਂ ਦਾ ਕਤਲ ਹੋਇਆ ਹੈ। ਮਕਤੂਲਾਂ ਦੀ ਸ਼ਨਾਖ਼ਤ ਦਾ ਦੌਰ ਚੱਲ ਰਿਹਾ ਹੈ। ਜੇ ਭਾਵੁਕਤਾ ਨੇ ਚੇਤਨਾ ਤੱਕ ਦਾ ਸਫ਼ਰ ਤੈਅ ਕੀਤਾ ਤਾਂ ਕਾਤਲਾਂ ਦੀ ਪਛਾਣ ਵੀ ਕੀਤੀ ਜਾਵੇਗੀ।

# ਮਹਿਤੇ ਚੌਂਕ ਦੀ ਮਹਿਮਾ

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

ਇਸੇ ਵਰ੍ਹੇ ਅਪਰੈਲ ਮਹੀਨੇ ਦੀ ਗੱਲ ਹੈ, ਜਲੰਧਰੋਂ ਛਪਦੀ ਇਕ ਪੰਜਾਬੀ ਅਖ਼ਬਾਰ ਵਿਚ ਮੇਰੀ ਕੋਈ ਲਿਖਤ ਛਪੀ ਹੋਈ ਸੀ। ਕੈਲੀਫੋਰਨੀਆ ਦੇ ਸਮੇਂ ਅਨੁਸਾਰ ਸ਼ਾਮੀ ਅੱਠ ਕੁ ਵਜੇ ਮੈਂ ਬਾਥਰੂਮ ਵਿਚੋਂ ਨਹਾ ਕੇ ਬਾਹਰ ਆਇਆ। ਆਦਤ ਮੁਤਾਬਿਕ 'ਚਾਰਜਿੰਗ' ਉਤੇ ਲਾਏ ਫੋਨ ਦੀ ਸਕਰੀਨ ਵੱਲ ਨਜ਼ਰ ਮਾਰੀ। ਇੰਡੀਆ ਤੋਂ ਆਏ ਕਿਸੇ ਮੋਬਾਈਲ ਫੋਨ ਨੰਬਰ ਦੀ 'ਮਿਸ ਕਾਲ' ਸੀ। ਚਾਹ ਦਾ ਕੱਪ ਪੀਂਦਿਆਂ ਮੈਂ ਉਸੇ ਨੰਬਰ 'ਤੇ ਮੋੜਵੀਂ ਕਾਲ ਕੀਤੀ। ਅੱਗਿਉਂ ਕਿਸੇ ਕੁੜੀ ਨੇ ਹੈਲੋ ਦਾ ਜਵਾਬ ਦਿੰਦਿਆਂ ਮੈਨੂੰ ਪੁੱਛਿਆ ਕਿ ਤੁਸੀਂ ਕੌਣ ਬੋਲ ਰਹੇ ਹੋ? ਕੈਲੀਫੋਰਨੀਆ ਅਤੇ ਮੇਰਾ ਨਾਮ ਸੁਣ ਕੇ ਉਹ ਬੇਟੀ ਬੜੇ ਅਦਬ 'ਚ ਆਉਂਦਿਆਂ ਮੇਰੇ ਨਾਲ ਇੰਜ ਗੱਲਾਂ ਕਰਨ ਲੱਗੀ ਜਿਵੇਂ ਮੈਂ ਉਸ ਦਾ ਅਧਿਆਪਕ ਹੋਵਾਂ।

"ਅੱਛਾ, ਅੱਛਾ ਸਰ! ਹੁਣੇ ਈ ਮੇਰੇ ਹਸਬੈਂਡ ਨੇ ਧਾਨੂੰ ਫੋਨ ਲਾਇਆ ਹੀ...ਅਹੀਂ ਨਾ ਅਖ਼ਬਾਰ ਵਿਚ ਧਾਡਾ ਆਰਟੀਕਲ ਪੜ੍ਹਿਆ ਹੀ, ਤੇ...।"

ਆਪਣੇ ਹੀ ਪਰਿਵਾਰਕ ਜੀਆਂ ਵਾਂਗ ਮੇਰੇ ਨਾਲ ਗੱਲਾਂ ਕਰਦਿਆਂ ਜਦ ਉਸ ਕੁੜੀ ਨੇ 'ਤੇ' ਉਪਰ ਪਹੁੰਚ ਕੇ ਜ਼ਰਾ ਕੁ ਸਾਹ ਲਿਆ ਤਾਂ ਮੈਂ ਪੁੱਛਿਆ ਕਿ ਬੀਬਾ ਜੀ ਤੁਸੀਂ ਬੋਲ ਕਿਥੋਂ ਰਹੇ ਹੋ?

"ਚੌਂਕ ਮਹਿਤਿਉਂ।" ਮਾਝੇ ਦੇ ਲਹਿਜੇ ਵਿਚ ਬੋਲਿਆ ਹੋਇਆ ਇਹ ਲਫ਼ਜ਼ ਮੇਰੀ ਸਿਮ੍ਰਤੀ ਵਿਚ ਪਏ ਆਪਣੇ ਹੀ ਸਰੂਪ ਨਾਲ ਜਾ ਟਕਰਾਇਆ। ਉਤੋਂ ਉਤੋਂ ਮੇਰੀ ਜ਼ੁਬਾਨ ਬੇਸ਼ੱਕ ਉਸ ਕੁੜੀ ਨਾਲ ਗੱਲਾਂ ਵਿਚ ਮਸ਼ਰੂਫ ਸੀ, ਪਰ ਜ਼ਿਹਨੀ ਤੌਰ 'ਤੇ ਮੈਂ ਪਹੁੰਚ ਚੁੱਕਿਆ ਸਾਂ ਦਿੱਲੀ ਏਅਰ ਪੋਰਟ ਉਤੇ। ਸੰਨ 85 ਜਾਂ 86 ਦੀ ਸਰਦੀ ਰੁੱਤ ਦਾ ਕੋਈ ਮਹੀਨਾ ਸੀ। ਪੰਜਾਬ ਵਿਚ ਖਾੜਕੂਵਾਦ ਭਰ ਜ਼ੋਬਨ 'ਤੇ ਸੀ। ਉਪਰੋਥਲੀ ਹੋਣ ਵਾਲੀਆਂ ਕਈ ਖਾੜਕੂ ਘਟਨਾਵਾਂ ਕਰ ਕੇ, ਖਾੜਕੂਆਂ ਦਾ ਹੱਥ ਉਪਰ ਜਾ ਰਿਹਾ ਲਗਦਾ ਸੀ।

ਬਾਹਰੋਂ ਆ ਰਹੇ ਕਿਸੇ ਰਿਸ਼ਤੇਦਾਰ ਨੂੰ ਲੈਣ ਵਾਸਤੇ ਅਸੀਂ ਦਿੱਲੀ ਏਅਰਪੋਰਟ 'ਤੇ ਪਹੁੰਚੇ ਹੋਏ ਸਾਂ। ਰਾਤ ਦਾ ਸਮਾਂ। ਠੰਢ ਕਹਿਰ ਦੀ। ਫਲਾਈਟ ਲੇਟ। ਅਸੀਂ ਕੱਛਾਂ 'ਚ ਹੱਥ ਦੇਈ ਖੜ੍ਹੇ, ਬਿਨਾਂ ਵਜ੍ਹਾ ਸ਼ੀਸ਼ਿਆਂ ਥਾਣੀਂ ਅੰਦਰ ਝਾਕੀ ਜਾ ਰਹੇ ਸਾਂ। ਨੀਲੇ ਰੰਗ ਦੀ ਗੋਲ ਦਸਤਾਰ ਅਤੇ ਕੁੜਤੇ ਪਜਾਮੇ ਵਾਲਾ ਗੱਭਰੂ ਸਿੰਘ, ਸਾਡੇ ਲਾਗੇ ਹੀ ਖੜ੍ਹਾ ਸੀ। ਸਰਸਰੀ ਜਿਹੀ ਨਜ਼ਰ ਮਿਲਣ 'ਤੇ ਮੈਂ ਉਹਨੂੰ ਪੁੱਛਿਆ ਕਿ ਤੁਸੀਂ ਪੰਜਾਬ ਤੋਂ ਕਿੱਥੋਂ, ਭਾਵ ਕਿਹੜੇ ਜ਼ਿਲ੍ਹੇ ਤੋਂ ਆਏ ਹੋ? ਉਪਰ ਲਈ ਹੋਈ ਲੋਈ ਦਾ ਲਮਕਦਾ ਇਕ ਪੱਲਾ 'ਤਾਂਹ ਚੁੱਕਦਿਆਂ ਉਹ ਥੋੜ੍ਹਾ ਹੱਸ ਕੇ ਕਹਿੰਦਾ, "ਭਾਊ ਮੈਂ ਉਥੋਂ ਆਇਆ ਵਾਂ ਜਿਸ ਇਲਾਕੇ ਨੇ ਪੂਰੀ ਸਰਕਾਰ ਨੂੰ ਵਾਹਣੀਂ ਪਾਇਆ ਹੋਇਐ।"

"ਅੰਬਰ ਸਰੋਂ?" ਉਸ ਦੀ ਬੋਲੀ ਤੋਂ ਅੰਦਾਜ਼ਾ ਲਾਉਂਦਿਆਂ ਮੈਂ ਪੁੱਛਿਆ।

ਕੋਈ ਹਾਂ ਜਾਂ ਨਾਂਹ ਕਹੇ ਬਗੈਰ ਉਹ ਆਪਣੇ ਗਾਤਰੇ ਦਾ ਵਲ ਜਿਹਾ ਕੱਢਦਿਆਂ ਬੜੇ ਫਖ਼ਰ ਨਾਲ ਬੋਲਿਆ, "ਚੌਂਕ ਮਹਿਤਿਉਂ!"

ਕਈ ਵਰ੍ਹਿਆਂ ਬਾਅਦ ਉਸੇ ਬੋਲੀ ਅਤੇ ਉਸੇ ਲਹਿਜੇ ਵਿਚ ਬੋਲਿਆ ਗਿਆ ਇਹ ਨਾਂ ਸੁਣ ਕੇ, ਕਿੰਨਾ ਚਿਰ ਮੇਰੇ ਦਿਲ ਦਿਮਾਗ ਵਿਚ ਚੌਂਕ ਮਹਿਤਾ ਹੀ ਛਾਇਆ ਰਿਹਾ।

ਚੌਂਕ ਮਹਿਤੇ ਤੋਂ ਫੋਨ 'ਤੇ ਗੱਲਾਂ ਕਰ ਰਹੀ ਲੜਕੀ ਨੇ ਮੈਨੂੰ ਦੱਸਿਆ, "ਅਸੀਂ ਸਾਰਾ ਟੱਬਰ 'ਨਵਾਂ ਜ਼ਮਾਨਾ' ਅਖ਼ਬਾਰ ਦੇ ਪੱਕੇ ਪਾਠਕ ਹਾਂ, ਤੇ ਅਸੀਂ ਤੁਹਾਡੀਆਂ ਲਿਖਤਾਂ ਬਹੁਤ ਰੀਝ ਨਾਲ ਪੜ੍ਹਦੇ ਹਾਂ।" ਉਸ ਨੇ ਇਹ ਵੀ ਦੱਸਿਆ ਕਿ ਮੇਰਾ ਘਰ ਵਾਲਾ ਤੁਹਾਥੋਂ ਬਹੁਤ ਪ੍ਰਭਾਵਿਤ ਹੋਇਆ ਹੋਇਐ। ਸਵੇਰੇ ਵੀ ਉਹ ਤੁਹਾਡਾ ਲੇਖ ਪੜ੍ਹ ਕੇ ਤੁਹਾਨੂੰ ਵਧਾਈ ਦੇਣ ਲਈ ਫੋਨ ਲਾਉਂਦੇ ਰਹੇ, ਪਰ ਤੁਹਾਡੇ ਵੱਲੋਂ ਕਿਸੇ ਨੇ ਫੋਨ ਚੁੱਕਿਆ ਹੀ ਨਹੀਂ ਸੀ। ਹੁਣ ਉਹ ਕੰਮ 'ਤੇ ਜਾ ਚੁੱਕੇ ਨੇ...ਸ਼ਾਮਾਂ ਨੂੰ ਤੁਹਾਨੂੰ ਦੁਬਾਰਾ ਫੋਨ ਕਰਨਗੇ।

"ਕਮਾਲ ਐ! ਮਹਿਤੇ ਚੌਂਕ ਵਿਚ ਵੀ ਕੋਈ ਸਾਰਾ ਪਰਿਵਾਰ 'ਨਵਾਂ ਜ਼ਮਾਨਾ' ਪੜ੍ਹ ਰਿਹਾ ਹੈ!!" ਇਹ ਸੋਚਦਿਆਂ ਮੈਨੂੰ ਪ੍ਰੋ. ਮੋਹਨ ਸਿੰਘ ਯਾਦ ਆ ਗਿਆ,

ਹੈ ਜੀਵਨ ਅਦਲਾ ਬਦਲੀ
ਤੇ ਹੋਣਾ ਰੰਗ ਬਰੰਗਾ।
ਸੌ ਮੁਰਦੇ ਭਗਤਾਂ ਦੇ ਨਾਲੋਂ
ਇਕ ਜਿਉਂਦਾ ਕਾਫ਼ਰ ਚੰਗਾ।

ਕੁੜੀ ਦੇ ਮੂੰਹੋਂ ਇਹ ਸਭ ਸੁਣ ਕੇ ਮੈਨੂੰ ਨਿਜੀ ਖੁਸ਼ੀ ਵੀ ਹੋਈ। ਉਹ ਇਹ ਕਿ ਆਪਣੀਆਂ ਲਿਖਤਾਂ ਬਾਰੇ ਮੇਰੀ ਧਾਰਨਾ ਬਣੀ ਹੋਈ ਹੈ ਕਿ ਬਜ਼ੁਰਗ ਲੋਕ ਹੀ ਮੇਰੇ ਪਾਠਕ ਹਨ, ਪਰ ਮਹਿਤੇ ਚੌਂਕ ਵਾਲੀ ਬੀਬਾ ਅਤੇ ਉਸ ਦਾ ਪਤੀ ਦੋਵੇਂ ਨੌਜਵਾਨ ਹਨ ਅਤੇ ਸ਼ਾਇਦ ਨਵ-ਵਿਆਹੇ ਵੀ। ਜਵਾਨ ਪੀੜ੍ਹੀ ਵੀ ਆਪਣੇ ਵਿਚਾਰਾਂ ਤੋਂ ਕਾਇਲ ਹੋ ਰਹੀ ਸੁਣ ਕੇ ਜੀਅ ਕੀਤਾ ਕਿ ਇਸ 'ਪ੍ਰਾਪਤੀ' ਨੂੰ ਫ਼ਖ਼ਰਯੋਗ ਸਮਝ ਕੇ ਝੋਲੀ ਪਾਉਣ ਦੀ ਗੁਸਤਾਖ਼ੀ ਕਰ ਹੀ ਲਵਾਂ।

ਉਸ ਦਿਨ ਤੋਂ ਬਾਅਦ ਦਸਤੂਰ ਇਹ ਬਣ ਗਿਆ ਹੈ ਕਿ ਇਕ ਮਹਿਤੇ ਚੌਂਕ ਤੋਂ ਆ ਰਿਹਾ ਫੋਨ ਦੇਖ ਕੇ ਅਤੇ ਦੂਜੇ ਆਸਟਰੇਲੀਆ ਤੋਂ ਨਾਮੀ ਪੱਤਰਕਾਰ ਬਾਈ ਬਲਰਾਜ ਸਿੰਘ ਸੰਘਾ ਵੱਲੋਂ ਆਈ ਈ-ਮੇਲ ਦੇਖ ਕੇ ਮੈਂ ਫੌਰਨ ਸਮਝ ਜਾਂਦਾ ਹਾਂ ਕਿ ਅੱਜ 'ਨਵਾਂ ਜ਼ਮਾਨਾ' ਅਖ਼ਬਾਰ ਵਿਚ ਜ਼ਰੂਰ ਮੇਰੀ ਕੋਈ ਰਚਨਾ ਛਪੀ ਹੋਣੀ ਐ। ਲਿਖਤਾਂ ਪੜ੍ਹ ਕੇ ਫੋਨ ਜਾਂ ਈ-ਮੇਲਾਂ ਤਾਂ ਹੋਰ ਵੀ ਕਈ ਵੀਰ-ਭੈਣਾਂ ਕਰਦੇ ਰਹਿੰਦੇ ਨੇ, ਪਰ ਉਕਤ ਦੋਵੇਂ ਸੱਜਣ ਕਦੀ ਨਾਗਾ ਨਹੀਂ ਪਾਉਂਦੇ।

ਮਹਿਤੇ ਚੌਂਕ ਦੀ ਮਹਿਮਾ ਦੀ ਅਗਲੀ ਕੜੀ ਵੀ ਸੁਣ ਲਉ। ਜੂਨ ਮਹੀਨੇ ਪੰਜਾਬ 'ਚ ਪੰਚਾਇਤ ਚੋਣਾਂ ਦਾ ਬਿਗਲ ਵੱਜ ਗਿਆ। ਥਾਉਂ ਥਾਈਂ ਉਮੀਦਵਾਰਾਂ ਦੀਆਂ ਨਾਮਜ਼ਦਗੀਆਂ ਹੋਣੀਆਂ ਸ਼ੁਰੂ ਹੋ ਗਈਆਂ। ਜਿਸ ਦਿਨ ਨਾਮ ਵਾਪਸ ਲੈਣ ਦਾ ਆਖਰੀ ਦਿਨ ਸੀ, ਉਸ ਦਿਨ ਸ਼ਾਮ ਨੂੰ ਚੌਂਕ ਮਹਿਤਿਉਂ ਮਨਦੀਪ ਸਿੰਘ ਦਾ ਫੋਨ ਆ ਗਿਆ। ਉਹਦੀਆਂ ਗੱਲਾਂ 'ਚੋਂ ਆਮ ਨਾਲੋਂ ਜ਼ਰਾ ਹਟਵੀਂ ਖੁਸ਼ੀ ਟਪਕ ਰਹੀ ਸੀ। ਮਾਨੋ ਉਸ ਦੇ ਮੂੰਹੋਂ ਫੁੱਲ ਹੀ ਕਿਰਦੇ ਜਾ ਰਹੇ ਸਨ। ਫੋਨ ਸੁਣਦਾ ਮਨ ਹੀ ਮਨ ਮੈਂ ਕਈ ਤਰ੍ਹਾਂ ਦੇ ਅਨੁਮਾਨ ਲਾ ਰਿਹਾ ਸਾਂ। ਮੇਰੀ ਰਾਜੀ ਖੁਸ਼ੀ ਪੁੱਛਣ ਤੋਂ ਬਾਅਦ ਉਹ ਬੋਲਿਆ, "ਸਰ ਜੀ, ਇਕ ਵਧਾਈ ਆਲੀ ਗੱਲ ਦੱਸਾਂ? ਮੇਰੇ ਡੈਡੀ ਜੀ ਚੌਂਕ ਮਹਿਤੇ ਦੇ ਸਰਬ ਸੰਮਤੀ ਨਾਲ ਸਰਪੰਚ ਬਣ ਗਏ ਨੇ।"

ਮੁਕੰਮਲ ਜਾਣਕਾਰੀ ਦਿੰਦਿਆਂ ਮਨਦੀਪ ਨੇ ਮੈਨੂੰ ਬੜੇ ਮਾਣ ਨਾਲ ਦੱਸਿਆ ਕਿ ਇਹ ਖੁਸ਼ਖਬਰੀ ਸਭ ਤੋਂ ਪਹਿਲਾਂ ਮੈਂ ਧਾਨੂੰ ਈ ਸੁਣਾਈ ਏ। ਰਿਸ਼ਤੇਦਾਰਾਂ ਨੂੰ ਹਾਲੇ ਕਿਸੇ ਨੂੰ ਨਹੀਂ ਦੱਸਿਆ। ਸਭ ਤੋਂ ਪਹਿਲਾਂ ਧਾਨੂੰ ਫੋਨ ਕੀਤਾ ਏ। ਇਹ ਗੱਲ ਸੁਣ ਕੇ ਸਵੈਮਾਣ ਨਾਲ ਭਰੇ ਹੋਏ ਨੂੰ ਮੈਨੂੰ ਆਪਣੀ ਸਰਪੰਚੀ ਦੀ ਇਲੈਕਸ਼ਨ ਵਾਲਾ ਦਿਨ ਚੇਤੇ ਆ ਗਿਆ। ਗਿਣਤੀ ਕੇਂਦਰ ਵਿਚੋਂ ਬਾਹਰ ਆਉਂਦਿਆਂ ਮੈਂ ਵੀ ਸਭ ਤੋਂ ਪਹਿਲਾਂ ਜਿੱਤ ਦੀ ਖਬਰ ਆਪਣੇ ਵੱਡੇ ਭਰਾ ਜਿਹੇ ਦੋਸਤ ਸ. ਹਰਦੇਵ ਸਿੰਘ ਕਾਹਮਾ ਨੂੰ ਹੀ ਫੋਨ 'ਤੇ ਸੁਣਾਈ ਸੀ। ਉਹ ਭਾਵੇਂ ਉਸ ਵੇਲੇ ਦੂਰ ਅਸਾਮ ਵਿਚ ਗਏ ਹੋਏ ਸਨ।

ਚਲੋ ਖ਼ੈਰ! ਵਧਾਈਆਂ ਦਾ ਲੈਣ-ਦੇਣ ਹੋਇਆ, ਪਰ ਦੂਜੇ ਦਿਨ ਫਿਰ ਮਨਦੀਪ ਦਾ ਫੋਨ ਖੜਕਿਆ। ਐਤਕੀਂ ਉਹ ਜ਼ਰਾ ਹਾਸੇ ਮਸ਼ਕੂਲੇ ਵਾਲੀ ਸੁਰ ਵਿਚ ਬੋਲ ਰਿਹਾ ਪ੍ਰਤੀਤ ਹੋਇਆ। ਗੱਲ ਸੱਚ ਮੁੱਚ ਹੱਸਣ ਵਾਲੀ ਨਿਕਲੀ। ਉਸ ਦੱਸਿਆ ਕਿ ਜਦੋਂ ਇਕ ਜਣਾ ਪਿੰਡ ਵਿਚ ਹੋਈ ਸਰਬ ਸੰਮਤੀ ਦੀ ਖ਼ਬਰ ਦੇਣ ਲਈ ਨੇੜਲੇ ਪੱਤਰਕਾਰ ਕੋਲ ਗਿਆ ਤਾਂ ਉਹ ਅੱਗਿਉਂ ਅਚੰਭਿਤ ਹੀ ਹੋ ਗਿਆ। ਅਖੇ, ਚੌਂਕ ਮਹਿਤੇ ਵਿਚ ਸਰਬ ਸੰਮਤੀ? ਇਹ ਕਿਵੇਂ ਹੋ ਸਕਦਾ ਹੈ? ਸ਼ਸ਼ੋਪੰਜ 'ਚ ਪਿਆ ਪੱਤਰਕਾਰ ਖ਼ਬਰ ਦੇਣ ਆਏ ਬੰਦੇ ਪਾਸੋਂ ਘੋਖ ਕੇ ਪੁੱਛਣ ਲੱਗਾ, "ਓ ਯਾਰ ਕੋਈ ਹੋਰ 'ਮਹਿਤਾ ਮੂਹਤਾ' ਪਿੰਡ ਹੋਣੈ...ਚੌਂਕ ਮਹਿਤੇ ਸਰਬ ਸੰਮਤੀ ਨਾਲ ਪੰਚਾਇਤ ਬਣ ਜਾਏ, ਮੈਨੂੰ ਤਾਂ ਯਕੀਨ ਨਹੀਂ ਆਉਣ ਡਿਹਾ।"

ਪੱਤਰਕਾਰ ਨੂੰ ਯਕੀਨ ਆਉਂਦਾ ਵੀ ਕਿਵੇਂ? ਉਹਦੇ ਮਨ ਚਿੱਤ ਵਿਚ ਤਾਂ ਚੌਂਕ ਮਹਿਤੇ ਦੀ ਉਹੀ ਮਹਿਮਾ ਡੂੰਘੀ ਵਸੀ ਹੋਈ ਹੋਣੀ ਐਂ ਜਿਹੜੀ ਕਈ ਦਹਾਕੇ ਪਹਿਲਾਂ ਮੈਂ ਦਿੱਲੀ ਏਅਰਪੋਰਟ 'ਤੇ ਆਪਣੇ ਕੰਨੀਂ ਸੁਣੀ ਸੀ।

ਮੈਨੂੰ ਦੱਸਿਆ ਗਿਆ ਕਿ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਕਰ ਚੁੱਕੇ ਇਸ ਪਿੰਡ ਦੇ ਵਸਨੀਕਾਂ ਦੀ ਰਜ਼ਾਮੰਦੀ ਨਾਲ ਪਹਿਲੀ ਵਾਰ ਸਰਪੰਚ ਬਣੇ ਮਾਸਟਰ ਅਜ਼ਾਦ ਸਿੰਘ ਅਜ਼ਾਦ ਸਚ ਮੁੱਚ 'ਆਜ਼ਾਦ' ਤੇ ਇਨਕਲਾਬੀ ਵਿਚਾਰਾਂ ਵਾਲੇ ਹਨ। ਉਹ ਆਪਣੇ ਇਲਾਕੇ ਨੂੰ ਅੰਧਵਿਸ਼ਵਾਸਾਂ, ਕਰਮ-ਕਾਂਡਾਂ ਅਤੇ ਵਹਿਮਾਂ-ਭਰਮਾਂ ਤੋਂ ਨਿਰਲੇਪ ਰੱਖਣ ਹਿੱਤ ਤਰਕਸ਼ੀਲ ਮੇਲੇ ਲਗਵਾਉਂਦੇ ਰਹੇ ਹਨ। ਸ. ਆਜ਼ਾਦ ਜਿਹੇ ਜਾਗਰੂਕ ਸਰਪੰਚ ਦੀ ਅਗਵਾਈ ਵਿਚ ਬਣੀ ਪੰਚਾਇਤ ਅਤੇ ਸਮੂਹ ਮਹਿਤਾ ਚੌਂਕ ਨਿਵਾਸੀਆਂ ਨੂੰ ਲੱਖ ਲੱਖ ਮੁਬਾਰਕਾਂ ਹੋਣ। ਇਹੋ ਜਿਹੇ ਅਗਾਂਹ ਵਧੂ ਪੰਚਾਂ-ਸਰਪੰਚਾਂ ਨੂੰ ਖੁਸ਼ ਆਮਦੀਦ ਕਹਿਣਾ ਬਣਦਾ ਹੈ।

# ਭਾਰਤ ਤੇ ਚੀਨ ਰਣਨੀਤਕ ਸੰਵਾਦ ਲਈ ਸਹਿਮਤ

**ਪੇਇਚਿੰਗ:** ਅਸਲ ਕੰਟਰੋਲ ਰੇਖਾ 'ਤੇ ਅਮਨ ਤੇ ਸਥਿਰਤਾ ਬਣਾ ਕੇ ਰੱਖਣ ਲਈ ਚੀਨ ਤੇ ਭਾਰਤ ਇਸ ਗੱਲ 'ਤੇ ਸਹਿਮਤ ਹੋਏ ਹਨ ਕਿ ਆਪਸੀ ਭਰੋਸਾ ਬਣਾ ਕੇ ਰੱਖਣ ਲਈ 'ਰਣਨੀਤਕ ਸੰਚਾਰ' ਬੇਹੱਦ ਲਾਜ਼ਮੀ ਹੈ ਤੇ ਨਾਲ ਹੀ ਦੋਵੇਂ ਧਿਰਾਂ ਸਾਂਝੀਆਂ ਫ਼ੌਜੀ ਮਸ਼ਕਾਂ ਲਈ ਵੀ ਸਹਿਮਤ ਹੋਈਆਂ। ਇਹ ਗੱਲਬਾਤ ਚੀਨ ਦੀ ਫ਼ੌਜ ਵੱਲੋਂ ਭਾਰਤ ਵਿਚ ਲੱਦਾਖ ਤੱਕ ਅੰਦਰ ਆ ਵੜਨ ਦੇ ਪਿਛੋਕੜ ਵਿਚ ਹੋਈ ਸੀ।

ਭਾਜਪਾ ਆਗੂ ਤੇ ਸਾਬਕਾ ਵਿਦੇਸ਼ ਮੰਤਰੀ ਯਸ਼ਵੰਤ ਸਿਨਹਾ ਨੇ ਸਰਕਾਰ ਨੂੰ ਜ਼ੋਰ ਦੇ ਕੇ ਕਿਹਾ ਹੈ ਕਿ ਇਹ ਚੀਨ ਦੇ ਜਨਰਲ ਦੀ ਸਰਹੱਦ 'ਤੇ ਫ਼ੌਜ ਦੀ ਤਾਇਨਾਤੀ ਵਧਾ ਕੇ ਨਵੀਂ ਮੁਸ਼ਕਲ ਖੜ੍ਹੀ ਕਰਨ ਵਿਰੁੱਧ ਭਾਰਤ ਨੂੰ ਦਿੱਤੀ ਚੇਤਾਵਨੀ ਦਾ ਗੰਭੀਰਤਾ ਨਾਲ ਨੋਟਿਸ ਲਵੇ। ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਦਾ ਕਹਿਣਾ ਹੈ ਕਿ ਸਰਹੱਦੀ ਵਿਵਾਦ ਬਾਰੇ ਚੀਨ ਨਾਲ ਰਲ ਕੇ ਕੋਈ ਹੱਲ ਕੱਢਣ ਲਈ ਭਾਰਤ ਕਾਹਲੀ ਨਾ ਕਰਕੇ ਕਦਮ-ਦਰ-ਕਦਮ ਚੱਲੇਗਾ, ਹਾਲਾਂਕਿ ਸਮੁੱਚੇ ਦੁਵੱਲੇ ਸਬੰਧਾਂ ਵਿਚ ਸਹਿਜੇ-ਸਹਿਜੇ ਸੁਧਾਰ ਆ ਰਿਹਾ ਹੈ।

ਇਸੇ ਦੌਰਾਨ ਭਾਰਤ ਦੇ ਰੱਖਿਆ ਮੰਤਰੀ ਏ.ਕੇ ਐਂਟਨੀ ਚੀਨ ਦੇ ਪ੍ਰਧਾਨ ਮੰਤਰੀ ਤੇ ਰੱਖਿਆ ਮੰਤਰੀ ਨੂੰ ਵੀ ਮਿਲੇ। ਸ੍ਰੀ ਸਿਨਹਾ ਨੇ ਕਿਹਾ ਕਿ ਜੇਕਰ ਚੀਨ ਦਾ ਜਨਰਲ ਬੋਲਿਆ ਹੈ ਤਾਂ ਉਹ ਚੀਨ ਦੀ ਸਰਕਾਰ ਵੱਲੋਂ ਮਿਲੇ ਪੂਰੇ ਅਧਿਕਾਰ ਤਹਿਤ ਬੋਲਿਆ ਹੈ। ਇਹ ਗੱਲ ਭਾਰਤ ਦੇ ਰੱਖਿਆ ਮੰਤਰੀ ਦੀ ਤੈਅਸ਼ੁਦਾ ਚੀਨ ਫੇਰੀ ਤੋਂ ਐਨ ਪਹਿਲਾਂ ਕਹਿਣੀ ਇਸ ਕਰਕੇ ਵੀ ਅਹਿਮ ਹੈ ਕਿ ਉਹ ਇੰਜ ਕਰਕੇ ਇਕ ਖ਼ਾਸ ਸੁਨੇਹਾ ਦੇਣਾ ਚਾਹੁੰਦੇ ਹਨ।

ਇਸੇ ਦੌਰਾਨ ਸਿੰਗਾਪੁਰ ਪੁੱਜੇ ਵਿਦੇਸ਼ ਮੰਤਰੀ ਸਲਮਾਨ ਖੁਰਸ਼ੀਦ ਨੇ ਕਿਹਾ ਹੈ ਕਿ ਚੀਨ ਨਾਲ ਸਰਹੱਦੀ ਵਿਵਾਦ ਸੁਲਝਾਉਣ ਲਈ ਭਾਰਤ ਕੋਈ ਕਾਹਲੀ ਨਹੀਂ ਕਰੇਗਾ ਬਲਕਿ ਸੋਚ-ਸਮਝ ਕੇ ਸਹਿਜੇ-ਸਹਿਜੇ ਕਦਮ ਪੁੱਟੇਗਾ। ਰੱਖਿਆ ਮੰਤਰੀ ਏ.ਕੇ. ਐਂਟਨੀ ਚੀਨ ਦੇ ਪ੍ਰਧਾਨ ਮੰਤਰੀ ਲੀ ਖਚਿਆਂਗ ਤੇ ਆਪਣੇ ਹਮਰੁਤਬਾ ਨੂੰ ਮਿਲੇ ਤੇ ਕਈ ਦੁਵੱਲੇ ਮਾਮਲੇ ਜਿਵੇਂ ਸਰਹੱਦਾਂ 'ਤੇ ਸੁਰੱਖਿਆ ਵਧਾਉਣ ਲਈ ਨਵਾਂ ਪ੍ਰਬੰਧ ਕਰਨ ਸਮੇਤ ਕਈ ਮੁੱਦੇ ਵਿਚਾਰੇ।

## ਜ਼ਮੀਨੀ ਝਗੜੇ ਕਰਕੇ ਭਰਾ ਹੱਥੋਂ ਭਰਾ ਦਾ ਕਤਲ

**ਬਠਿੰਡਾ:** ਮੌੜ ਵਿਧਾਨ ਸਭਾ ਹਲਕੇ ਅਧੀਨ ਪੈਂਦੇ ਪਿੰਡ ਝੰਡੂਕੇ ਦੀ ਸਿੰਘਾਪੱਤੀ ਵਿਚ ਜ਼ਮੀਨੀ ਵਿਵਾਦ ਦੇ ਚੱਲਦਿਆਂ ਵੱਡੇ ਭਰਾ ਨੇ ਆਪਣੇ ਛੋਟੇ ਭਰਾ ਦਾ ਕਹੀਆਂ ਮਾਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ। ਪੁਲਿਸ ਨੇ ਮੁਲਜ਼ਮ ਹਰਦੀਪ ਸਿੰਘ ਭਿੰਦਾ ਪੁੱਤਰ ਸੌਦਾਗਰ ਸਿੰਘ ਖਿਲਾਫ਼ ਮੁਕੱਦਮਾ ਦਰਜ ਕਰ ਲਿਆ ਹੈ। ਸੂਤਰਾਂ ਅਨੁਸਾਰ ਸੌਦਾਗਰ ਸਿੰਘ ਦੇ ਤਿੰਨ ਪੁੱਤਰਾਂ ਵਿਚੋਂ ਵੱਡਾ ਹਰਦੀਪ ਸਿੰਘ ਵਿਆਹਿਆ ਹੋਇਆ ਹੈ ਜਿਸ ਨੂੰ ਕੁਝ ਸਮਾਂ ਪਹਿਲਾਂ ਹੀ ਅੱਡ ਕੀਤਾ ਸੀ।

ਹਰਦੀਪ ਸਿੰਘ ਆਪਣੇ ਪਿਤਾ ਕੋਲੋਂ ਘਰ ਤੇ ਜ਼ਮੀਨ ਵਿਚੋਂ ਤੀਜਾ ਹਿੱਸਾ ਮੰਗਦਾ ਸੀ ਜਿਸ ਕਰਕੇ ਘਰ ਵਿਚ ਪਿਛਲੇ ਕਈ ਦਿਨਾਂ ਤੋਂ ਕਲੇਸ਼ ਚੱਲ ਰਿਹਾ ਸੀ। ਬੀਤੀ ਰਾਤ ਵੀ ਘਰ ਵਿਚ ਕਾਫ਼ੀ ਝਗੜਾ ਹੋਇਆ। ਝਗੜੇ ਉਪਰੰਤ ਜਦ ਸਾਰੇ ਪਰਿਵਾਰਿਕ ਮੈਂਬਰ ਸੌਂ ਗਏ ਤਾਂ ਹਰਦੀਪ ਸਿੰਘ ਨੇ ਮੰਜੇ 'ਤੇ ਸੁੱਤੇ ਪਏ ਗੁਰਮੀਤ ਸਿੰਘ (24) ਉਪਰ ਕਹੀ ਦੇ ਵਾਰ ਕਰ ਕੇ ਉਸ ਨੂੰ ਮਾਰ ਮੁਕਾਇਆ।

# ਲੋਕ ਲੁਭਾਊ ਵਾਅਦਿਆਂ ਤੋਂ ਸੁਪਰੀਮ ਕੋਰਟ ਖ਼ਫ਼ਾ

**ਨਵੀਂ ਦਿੱਲੀ:** ਸਿਆਸੀ ਪਾਰਟੀਆਂ ਵੱਲੋਂ ਵੋਟਰਾਂ ਨੂੰ ਭਰਮਾਉਣ ਲਈ ਆਪਣੇ ਚੋਣ ਮਨੋਰਥ ਪੱਤਰਾਂ ਵਿਚ ਕੀਤੇ ਜਾਂਦੇ ਲੋਕ ਲੁਭਾਊ ਵਾਅਦਿਆਂ ਨੇ ਨਿਰਪੱਖ ਤੇ ਆਜ਼ਾਦ ਚੋਣਾਂ ਕਰਾਏ ਜਾਣ ਦੇ ਅਮਲ ਦਾ ਘਾਣ ਕਰ ਦਿੱਤਾ ਹੈ। ਇਹ ਟਿੱਪਣੀ ਸੁਪਰੀਮ ਕੋਰਟ ਨੇ ਕਰਦਿਆਂ ਚੋਣ ਕਮਿਸ਼ਨ ਨੂੰ ਚੋਣ ਮਨੋਰਥ ਪੱਤਰਾਂ ਵਿਚਲੀ ਸਮੱਗਰੀ ਨਿਯਮਿਤ ਕਰਨ ਲਈ ਦਿਸ਼ਾ ਨਿਰਦੇਸ਼ ਤੈਅ ਕਰਨ ਦੀ ਹਦਾਇਤ ਕੀਤੀ ਹੈ। ਇਹ ਮੰਨਦਿਆਂ ਕਿ ਵਰਤਮਾਨ ਕਾਨੂੰਨ ਅਧੀਨ ਸਿਆਸੀ ਪਾਰਟੀਆਂ ਦੇ ਵਾਅਦੇ 'ਭ੍ਰਿਸ਼ਟ ਕਾਰਵਾਈਆਂ' ਅਧੀਨ ਨਹੀਂ ਆਉਂਦੇ, ਸੁਪਰੀਮ ਕੋਰਟ ਨੇ ਕਿਹਾ ਹੈ ਕਿ ਪਾਰਟੀਆਂ ਵੱਲੋਂ ਜਾਰੀ ਕੀਤੇ ਜਾਂਦੇ ਚੋਣ ਮੈਨੀਫੈਸਟੋ ਆਦਰਸ਼ ਜ਼ਾਬਤੇ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ।

ਜਸਟਿਸ ਪੀ. ਸਦਾਸ਼ਿਵਮ ਤੇ ਰੰਜਨ ਗੋਗੋਈ 'ਤੇ ਆਧਾਰਤ ਬੈਂਚ ਨੇ ਕਿਹਾ ਕਿ ਭਾਵੇਂ ਕਾਨੂੰਨ ਵਿਚ ਇਹ ਸਪਸ਼ਟ ਹੈ ਕਿ ਲੋਕ ਪ੍ਰਤੀਨਿਧਤਾ ਐਕਟ ਦੇ ਸੈਕਸ਼ਨ 123 ਅਧੀਨ ਚੋਣ ਮਨੋਰਥ ਪੱਤਰ ਵਿਚ ਕੀਤੇ ਜਾਂਦੇ ਵਾਅਦਿਆਂ ਦੇ ਅਰਥ 'ਭ੍ਰਿਸ਼ਟ ਕਾਰਵਾਈ' ਵਜੋਂ ਨਹੀਂ ਲਏ ਜਾ ਸਕਦੇ ਪਰ ਇਸ ਸਚਾਈ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਿਸੇ ਵੀ ਕਿਸਮ ਦੇ ਲੋਕ ਲੁਭਾਊ ਵਾਅਦੇ ਜਾਂ ਕਿਸੇ ਵੀ ਕਿਸਮ ਦਾ ਕੁਝ ਵੰਡਣਾ ਬਿਨਾਂ ਸ਼ੱਕ ਸਾਰੇ ਲੋਕਾਂ ਨੂੰ ਪ੍ਰਭਾਵਿਤ ਕਰਦਾ ਹੈ। ਇਸ ਨਾਲ ਨਿਰਪੱਖ ਤੇ ਨਿਆਂਪੂਰਨ ਢੰਗ ਨਾਲ ਚੋਣਾਂ ਕਰਾਏ ਜਾਣ ਦੇ ਅਮਲ ਨੂੰ ਵੱਡੇ ਪੱਧਰ 'ਤੇ ਢਾਹ ਲੱਗਦੀ ਹੈ। ਉਨ੍ਹਾਂ ਕਿਹਾ ਕਿ ਅਦਾਲਤ ਇਸ ਗੱਲੋਂ ਸਚੇਤ ਹੈ ਕਿ ਆਮ ਤੌਰ 'ਤੇ ਸਿਆਸੀ ਪਾਰਟੀਆਂ ਚੋਣਾਂ ਦੀ ਤਰੀਕ ਐਲਾਨੇ ਜਾਣ ਤੋਂ ਕਿਤੇ ਪਹਿਲਾਂ ਚੋਣ ਮਨੋਰਥ ਪੱਤਰ ਜਾਰੀ ਕਰ ਲੈਂਦੀਆਂ ਹਨ।

To Advertise with Punjab Times
Call: 847-359-0746

ਰੇਡੀਓ ਚੰਨ ਪ੍ਰਦੇਸੀ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ
www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
ਹੋਰ ਜਾਣਕਾਰੀ ਲਈ ਕਾਲ ਕਰੋ
ਦਰਸ਼ਨ ਸਿੰਘ ਬਸਰਾਓਂ, ਫੋਨ: 815-557-4991
ਸਰਵਣ ਸਿੰਘ ਟਿਵਾਣਾ, ਫੋਨ:219-670-4579



# ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 63ਵੀਂ ਬਰਸੀ ਸ਼ਰਧਾ ਨਾਲ ਮਨਾਈ




**ਨਿਊ ਯਾਰਕ (ਬਿਊਰੋ):** ਧਰਮ ਪ੍ਰਚਾਰਕ ਤੇ ਸਮਾਜ ਸੁਧਾਰਕ, ਵਿਦਿਆ ਦੇ ਚਾਨਣ ਮੁਨਾਰੇ, ਬ੍ਰਹਮ ਗਿਆਨੀ ਸੰਤ ਬਾਬਾ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ 63ਵੀਂ ਬਰਸੀ ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ, ਨਿਊ ਯਾਰਕ ਵਲੋਂ ਲੰਘੇ ਐਤਵਾਰ ਇਥੇ ਰਵਾਇਤੀ ਸ਼ਰਧਾ ਨਾਲ ਮਨਾਈ ਗਈ। ਜ਼ਿਕਰਯੋਗ ਹੈ ਕਿ ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਪਿਛਲੇ ਵੀਹ ਸਾਲਾਂ ਤੋਂ ਹਰ ਸਾਲ ਮੁਰਾਲੇਵਾਲੇ ਸੰਤਾਂ ਦੀ ਬਰਸੀ ਮਨਾਉਂਦੀ ਚਲੀ ਆ ਰਹੀ ਹੈ।



ਸਮਾਗਮ ਸਬੰਧੀ ਰੱਖੇ ਗਏ ਅਖੰਡ ਪਾਠ ਦੇ ਭੋਗ ਉਪਰੰਤ ਖੁੱਲ੍ਹੇ ਪੰਡਾਲ ਵਿਚ ਦੀਵਾਨ ਸਜਾਏ ਗਏ ਜਿਸ ਵਿਚ ਪੰਥ ਪ੍ਰਸਿਧ ਰਾਗੀ ਜਥਿਆਂ, ਪ੍ਰਚਾਰਕਾਂ, ਕਥਾਕਾਰਾਂ ਅਤੇ ਢਾਡੀ ਤੇ ਕਵੀਸ਼ਰੀ ਜਥਿਆਂ ਨੇ ਸੰਗਤਾਂ ਨੂੰ ਗੁਰਬਾਣੀ ਸ਼ਬਦ ਅਤੇ ਸਿੱਖ ਇਤਿਹਾਸ ਸਰਵਣ ਕਰਵਾਇਆ। ਵੱਖ ਵੱਖ ਬੁਲਾਰਿਆਂ ਨੇ ਸੰਤ ਪ੍ਰੇਮ ਸਿੰਘ ਮੁਰਾਲੇਵਾਲਿਆਂ ਵਲੋਂ ਸਿੱਖ ਧਰਮ ਦੇ ਪ੍ਰਚਾਰ,



ਦਾਜ ਜਿਹੀਆਂ ਸਮਾਜਕ ਬੁਰਾਈਆਂ ਖਤਮ ਕਰਨ ਲਈ ਕੀਤੇ ਗਏ ਸਮਾਜ ਸੁਧਾਰ ਦੇ ਕੰਮਾਂ ਅਤੇ ਵਿਦਿਆ ਦਾ ਚਾਨਣ ਫੈਲਾਉਣ ਲਈ ਕੀਤੇ ਗਏ ਕਾਰਜਾਂ ਉਤੇ ਚਾਨਣਾ ਪਾਇਆ। ਕੌਂਸਲਮੈਨ ਰੂਬਿਨ ਵਿਲਜ਼ ਵਿਸ਼ੇਸ਼ ਤੌਰ 'ਤੇ ਇਸ ਸਮਾਗਮ ਵਿਚ ਪਹੁੰਚੇ ਅਤੇ ਉਨ੍ਹਾਂ ਸੰਤ ਪ੍ਰੇਮ ਸਿੰਘ ਸੁਸਾਇਟੀ ਵਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ। ਪੰਜਾਬ ਤੋਂ ਜ਼ਿਲ੍ਹਾ ਪ੍ਰੀਸ਼ਦ ਦੇ ਮੈਂਬਰ ਯੁਵਰਾਜ ਭੁਪਿੰਦਰ ਸਿੰਘ ਬੇਗੋਵਾਲ ਨੇ ਉਚੇਚੇ ਤੌਰ 'ਤੇ ਹਾਜ਼ਰੀ ਭਰੀ ਜਿਨ੍ਹਾਂ ਦਾ ਸੁਸਾਇਟੀ ਵਲੋਂ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ। ਨਿਊ ਯਾਰਕ ਤੋਂ ਸਿੱਖ ਆਗੂ ਮਾਸਟਰ ਮਹਿੰਦਰ ਸਿੰਘ ਦਾ ਵੀ ਗੋਲਡ ਮੈਡਲ ਨਾਲ ਸਨਮਾਨ ਕੀਤਾ ਗਿਆ।

ਇਸ ਮੌਕੇ ਸੁਸਾਇਟੀ ਵਲੋਂ ਵਿਦਿਆ ਦੇ ਖੇਤਰ ਵਿਚ ਵਿਸ਼ੇਸ਼ ਪ੍ਰਾਪਤੀਆਂ ਕਰਨ ਵਾਲੇ ਹੋਣਹਾਰ ਵਿਦਿਆਰਥੀਆਂ ਨੂੰ 500, 300 ਅਤੇ 200 ਡਾਲਰ ਦੇ ਇਨਾਮ ਦੇ ਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਇਸ ਸਮਾਗਮ ਮੌਕੇ ਟਰਾਈ ਸਟੇਟ ਦੇ ਕਰੀਬ ਕਰੀਬ ਸਾਰੇ ਗੁਰੂ ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਅਤੇ ਹੋਰ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਹਾਜ਼ਰੀ ਭਰੀ। ਬੁਲਾਰਿਆਂ ਨੇ ਸੰਤ ਪ੍ਰੇਮ ਸਿੰਘ ਸਿੱਖ ਕਲਚਰਲ ਸੁਸਾਇਟੀ ਦੀ ਕਾਰਜਸ਼ੈਲੀ ਦੀ ਸ਼ਲਾਘਾ ਕਰਦਿਆਂ ਯਕੀਨ ਦੁਆਇਆ ਕਿ ਆਉਣ ਵਾਲੇ ਸਮੇਂ ਵਿਚ ਸੁਸਾਇਟੀ ਨੂੰ ਭਰਪੂਰ ਸਹਿਯੋਗ ਦਿੱਤਾ ਜਾਵੇਗਾ।

ਇਸ ਸਮਾਗਮ ਦੌਰਾਨ ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਿਆ। ਸ਼ਰਧਾਲੂਆਂ ਵਲੋਂ ਖਾਣ ਪੀਣ ਦੇ ਵੱਖ ਵੱਖ ਪਦਾਰਥਾਂ ਦੇ ਸਟਾਲ ਲਾਏ ਗਏ ਸਨ। ਬੱਚਿਆਂ ਲਈ ਭੰਗੂੜਿਆਂ ਅਤੇ ਮਨੋਰੰਜਨ ਦੇ ਹੋਰ ਸਾਧਨਾਂ ਦਾ ਪ੍ਰਬੰਧ ਕੀਤਾ ਗਿਆ ਸੀ।

ਸਮਾਗਮ ਦੇ ਅਖੀਰ ਵਿਚ ਸੁਸਾਇਟੀ ਦੇ ਪ੍ਰਧਾਨ ਸ. ਕੁਲਵੰਤ ਸਿੰਘ ਮਿਆਣੀ ਨੇ ਆਈਆਂ ਸੰਗਤਾਂ ਅਤੇ ਸਹਿਯੋਗੀ ਜਥੇਬੰਦੀਆਂ ਦਾ ਵਿਸ਼ੇਸ਼ ਧੰਨਵਾਦ ਕੀਤਾ।

**ਤਸਵੀਰਾਂ: ਬੀ ਜੇ ਸਟੂਡੀਓ**
**ਫੋਨ: (646) 403-7334**

















# ਡਾ. ਅੰਬੇਦਕਰ ਦੇ ਅਮਰੀਕਾ ਆਉਣ ਦੀ ਸੌਵੀਂ ਵਰ੍ਹੇਗੰਢ ਮੌਕੇ ਕਾਨਫਰੰਸ

**ਨਿਊ ਯਾਰਕ (ਬਿਊਰੋ):** ਡਾ. ਬੀ ਆਰ ਅੰਬੇਦਕਰ ਸਿੱਖ ਫਾਊਂਡੇਸ਼ਨ (ਬਰਾਸਫ) ਵਲੋਂ ਇਥੇ ਕਰਵਾਏ ਗਏ ਇਕ ਸਮਾਗਮ ਦੌਰਾਨ ਵੱਖ ਵੱਖ ਬੁਲਾਰਿਆਂ ਨੇ ਇਹ ਵਿਚਾਰ ਪ੍ਰਗਟਾਏ ਕਿ ਡਾ. ਅੰਬੇਦਕਰ ਦਲਿਤ ਵਰਗਾਂ ਦੇ ਅਸਲ ਮਸੀਹਾ ਸਨ ਅਤੇ ਉਹ ਅਧਿਆਤਮਕ ਰੋਸ਼ਨੀ ਗੁਰੂ ਗ੍ਰੰਥ








ਸਾਹਿਬ ਤੋਂ ਹਾਸਲ ਕਰਦੇ ਸਨ, ਇਸੇ ਕਰਕੇ ਉਨ੍ਹਾਂ ਕਿਹਾ ਸੀ, "ਗੁਰੂ ਗ੍ਰੰਥ ਸਾਹਿਬ ਮੇਰਾ ਅਧਿਆਤਕਮ ਮਾਰਗ ਦਰਸ਼ਕ ਹੈ।" ਡਾ. ਭੀਮ ਰਾਓ ਅੰਬੇਦਕਰ ਸਿਰਫ ਆਜਾਦ ਤੇ ਅਣਵੰਡੇ ਭਾਰਤ ਦੇ ਅਸਲੀ ਰਾਸ਼ਟਰਪਿਤਾ ਹੀ ਨਹੀਂ ਸਨ, ਸਗੋਂ ਸਾਰੀ ਦੁਨੀਆਂ ਦੇ ਦਬੇ-ਕੁਚਲੇ ਲੋਕਾਂ ਦੇ ਚਾਨਣ-ਮੁਨਾਰੇ ਸਨ।

ਇਹ ਸਮਾਗਮ ਡਾ. ਅੰਬੇਦਕਰ ਦੇ ਅਮਰੀਕਾ ਪਹੁੰਚਣ ਦੀ ਸੌ ਸਾਲਾ ਵਰ੍ਹੇਗੰਢ ਦੇ ਸਬੰਧ ਵਿਚ ਲੰਘੀ 29 ਜੂਨ ਨੂੰ ਕੋਲੰਬੀਆ ਯੂਨੀਵਰਸਿਟੀ ਦੇ ਲਰਨਰ ਹਾਲ ਵਿਚ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪੂਰੇ ਸੌ ਸਾਲ ਪਹਿਲਾਂ ਡਾ. ਅੰਬੇਦਕਰ ਉਚ ਵਿਦਿਆ ਹਾਸਲ ਕਰਨ ਲਈ ਕੋਲੰਬੀਆ ਯੂਨੀਵਰਸਿਟੀ, ਨਿਊ ਯਾਰਕ ਵਿਚ ਪਧਾਰੇ ਸਨ। ਇਸ ਕਾਨਫਰੰਸ ਵਿਚ ਛੇ ਵਿਦਵਾਨਾਂ ਤੋਂ ਇਲਾਵਾ ਵੱਡੀ ਗਿਣਤੀ ਵਿਚ ਸਰੋਤਿਆਂ ਨੇ ਹਾਜ਼ਰੀ ਭਰੀ।

ਕੌਮਾਂਤਰੀ ਪੱਧਰ ਦੀ ਇਸ ਕਾਨਫਰੰਸ ਵਿਚ ਇੰਡੀਆ, ਕੈਨੇਡਾ ਤੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਤੋਂ ਆਏ ਸਰੋਤਿਆਂ ਵਿਚ ਯੇਲ, ਹਾਰਵਰਡ, ਸਿਆਟਲ, ਵਾਸ਼ਿੰਗਟਨ, ਬਰਕਲੇ, ਤੇ ਨਿਊ ਯਾਰਕ ਯੂਨੀਵਰਸਿਟੀਆਂ ਦੇ ਵਿਦਿਆਰਥੀ, ਅਧਿਆਪਕ ਤੇ ਆਈ ਟੀ ਮਾਹਰ ਸ਼ਾਮਲ ਹੋਏ।

ਮੂਲਨਿਵਾਸੀ ਸੰਘ ਦੀ ਮੀਤ ਪ੍ਰਧਾਨ ਡਾ. ਮਨੀਸ਼ਾ ਬੰਗੜ ਨੇ ਕਿਹਾ, "ਅੱਜ ਦੇ ਭਾਰਤ ਲਈ ਡਾ. ਅੰਬੇਦਕਰ ਦੇ ਜਨ-ਮੁਕਤੀ ਫ਼ਲਸਫ਼ੇ ਦੀ ਸਭ ਤੋਂ ਵੱਧ ਜ਼ਰੂਰਤ ਹੈ।" ਡਾ. ਅੰਬੇਦਕਰ ਨੇ ਛੂਤ-ਛਾਤ ਨੂੰ ਜੜ੍ਹੋਂ ਪੁੱਟਣ ਦਾ ਤਹੱਈਆ ਇਸ ਕਰਕੇ ਕੀਤਾ ਕਿ ਭਾਰਤ ਦੀਆਂ ਘੱਟ-ਗਿਣਤੀਆਂ ਸੁਰੱਖਿਅਤ ਹੋਣਗੀਆਂ ਤੇ ਲੋਕਰਾਜ ਦੀ ਨੀਂਹ ਕਦਰਾਂ-ਕੀਮਤਾਂ 'ਤੇ ਆਧਾਰਤ ਹੋਵੇਗੀ। ਕੋਲੰਬੀਆ ਯੂਨੀਵਰਸਿਟੀ ਨੇ ਉਨ੍ਹਾਂ ਦੀ ਸ਼ਖ਼ਸੀਅਤ ਵਿਚ ਕ੍ਰਾਂਤੀਕਾਰੀ ਤਬਦੀਲੀ ਲਿਆਂਦੀ। ਹਿੰਦੂ-ਧਰਮ ਗ੍ਰੰਥਾਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਕਿਹਾ ਕਿ ਇਨ੍ਹਾਂ ਦੀ ਰਚਨਾ ਸਿੱਧੇ ਤੌਰ 'ਤੇ 'ਸ਼ੂਦਰਾਂ ਤੇ ਅਛੂਤਾਂ' ਦੇ ਸ਼ੋਸ਼ਣ ਲਈ ਕੀਤੀ ਗਈ। ਡਾ. ਅੰਬੇਦਕਰ ਨੇ ਆਪਣੀਆਂ ਲਿਖਤਾਂ ਵਿਚ ਵੇਦਾਂ ਤੇ ਸ਼ਾਸ਼ਤਰਾਂ ਨੂੰ ਭਰਾਤਰੀ ਭਾਵ, ਬਰਾਬਰੀ ਤੇ ਇਨਸਾਫ਼ ਦੀ ਖਾਤਰ ਮੁੱਢ ਤੋਂ ਰੱਦ ਕਰਨ ਦਾ ਸੱਦਾ ਦਿੱਤਾ।

ਮੂਲ ਨਿਵਾਸੀ ਸੰਘ ਦੇ ਜਨਰਲ ਸਕੱਤਰ ਤੇ ਆਂਧਰਾ ਪ੍ਰਦੇਸ਼ ਯੂਨੀਵਰਸਿਟੀ ਦੇ ਪ੍ਰੋਫੈਸਰ, ਡਾ. ਪੀ ਡੀ ਸਤਿਆਪਾਲ ਨੇ ਆਖਿਆ ਕਿ ਬ੍ਰਾਹਮਣਵਾਦੀ ਸਭਿਆਚਾਰ ਦੀ ਚੜ੍ਹਤ ਕਰਕੇ ਹੀ ਐਮ ਕੇ ਗਾਂਧੀ ਨੂੰ ਗਿਰੇ ਕਿਰਦਾਰ ਦੇ ਬਾਵਜੂਦ ਇੱਕ 'ਮਹਾਤਮਾ ਤੇ ਅਹਿੰਸਾ ਦਾ ਪੂਜਾਰੀ' ਦੱਸਿਆ ਜਾ ਰਿਹਾ ਹੈ ਅਤੇ ਇਸ ਦੇ ਉਲਟ ਡਾ.



ਅੰਬੇਦਕਰ ਦੇ ਕੱਟੜਵਾਦੀ, ਵੱਖਵਾਦੀ ਤੇ ਬਸਤੀਵਾਦ ਦਾ ਹਾਮੀ ਹੋਣ ਦਾ ਪ੍ਰਾਪੇਗੰਡਾ ਕੀਤਾ ਗਿਆ। ਡਾ. ਅੰਬੇਦਕਰ ਨੂੰ 'ਪੂਨਾ ਪੈਕਟ' ਸਹੀ ਕਰਨ ਲਈ ਮਜਬੂਰ ਕਰਨਾ ਤੇ ਉਨ੍ਹਾਂ ਨੂੰ ਕੋਝੇ ਢੰਗ ਨਾਲ ਬਦਨਾਮ ਕਰਨਾ ਬ੍ਰਾਹਮਣਵਾਦੀ ਸਿਆਸਤ ਦੇ ਹੀ ਢੌਂਗ ਸਨ।

ਭੀਮ ਰਾਓ ਅੰਬੇਦਕਰ ਸਿੱਖ ਫਾਊਂਡੇਸ਼ਨ ਦੇ ਡਾਇਰੈਕਟਰ ਐਮ ਆਰ ਪਾਲ ਨੇ ਹਿੰਦੂ ਨੇਤਾਵਾਂ 'ਤੇ ਡਾ. ਅੰਬੇਦਕਰ ਨਾਲ ਗੱਦਾਰੀ ਕਰਨ ਦਾ ਦੋਸ਼ ਲਾਉਂਦਿਆਂ ਕਿਹਾ ਕਿ ਡਾ. ਅੰਬੇਦਕਰ ਭਾਰਤੀ ਸੰਵਿਧਾਨ ਵਿਚ ਘੱਟ-ਗਿਣਤੀਆਂ ਤੇ ਹੇਠਲੇ ਵਰਗਾਂ ਦੀ ਆਰਥਿਕ ਤੇ ਸਿਆਸੀ ਅਜਾਦੀ ਲਈ ਯਤਨਸ਼ੀਲ ਸਨ ਪਰ ਹਿੰਦੂ ਆਗੂਆਂ ਨੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਚੱਲਣ ਦਿਤੀ। ਸ੍ਰੀ ਪਾਲ ਨੇ ਕਿਹਾ ਕਿ ਹਿੰਦੂ ਕਾਨੂੰਨ ਦੇ ਨਿਰਮਾਤਾ 'ਮੰਨੂ' ਦਾ ਬੁੱਤ ਜੈਪੁਰ ਵਿਚ ਰਾਜਸਥਾਨ ਹਾਈ ਕੋਰਟ ਦੇ ਬਾਹਰ ਲਾਉਣਾ ਭਾਰਤੀ ਨਿਆਂ ਪ੍ਰਣਾਲੀ ਨਾਲ ਕੋਝਾ ਮਜ਼ਾਕ ਹੈ। ਡਾ. ਅੰਬੇਦਕਰ ਵਲੋਂ ਤਿਆਰ ਕੀਤਾ 'ਹਿੰਦੂ ਕੋਡ' ਬਿੱਲ ਹਿੰਦੂ ਸਮਾਜ ਲਈ ਮਾਨਵਵਾਦੀ ਹੋਣ ਦਾ ਇੱਕ ਸੁਨਹਿਰੀ ਮੌਕਾ ਸੀ ਪਰ ਬਿੱਲ ਦੇ ਫੇਲ੍ਹ ਹੋ ਜਾਣ ਦਾ ਡਾ. ਅੰਬੇਦਕਰ ਨੂੰ ਬਹੁਤ ਧੱਕਾ ਲੱਗਾ ਜਿਸ ਕਰਕੇ ਉਨ੍ਹਾਂ ਨੇ ਕਾਨੂੰਨ ਮੰਤਰਾਲੇ ਤੋਂ ਅਸਤੀਫਾ ਦੇਣਾ ਹੀ ਠੀਕ ਸਮਝਿਆ।

ਬਰਕਲੇ ਯੂਨੀਵਰਸਿਟੀ ਦੀ ਪ੍ਰੋਫੈਸਰ ਤੇ ਐਂਥਰੋਪਾਲੋਜਿਸਟ ਡਾ. ਅੰਗਨਾ ਚੈਟਰਜੀ ਨੇ ਕਿਹਾ ਕਿ ਭਾਰਤ ਵਿਚ ਆਰਥਿਕ ਤੇ ਰਾਜਨੀਤਕ ਕਾਰਜਾਂ ਨੇ ਕੁੱਝ ਲੋਕਾਂ ਦੀ ਜਿੰਦਗੀ ਵਿਚ ਸੁਧਾਰ ਲਿਆਂਦਾ ਹੈ, ਪਰ ਇਹ ਤਰੱਕੀ ਦੱਬੇ-ਕੁਚਲੇ ਲੋਕਾਂ ਨੂੰ ਵਾਂਝੇ ਰੱਖਣ ਦੀ ਕਹਾਣੀ ਵੀ ਬਿਆਨ ਕਰਦੀ ਹੈ। ਭਾਰਤ ਦੇ ਮਜਲੂਮਾਂ ਨੂੰ ਜ਼ਿੰਦਗੀ ਜਿਊਣ ਦੇ ਅਧਿਕਾਰ, ਸਿਹਤ, ਪੜ੍ਹਾਈ, ਬੋਲਣ ਦੀ ਆਜਾਦੀ ਆਦਿ ਜਿਹੇ ਮਨੁੱਖੀ ਹੱਕਾਂ ਤੋਂ ਸੱਖਣੇ ਰੱਖਿਆ ਗਿਆ ਹੈ। ਡਾ. ਚੈਟਰਜੀ ਨੇ ਹਿਊਮਨ ਰਾਈਟਸ ਵਾਚ ਦੀ ਰਿਪੋਰਟ ਦਾ ਹਵਾਲਾ ਦਿੰਦਿਆਂ ਕਿਹਾ ਕਿ ਸਿੱਖ, ਮੁਸਲਿਮ, ਦਲਿਤ ਮੂਲ ਦੇ ਲੋਕਾਂ ਨੂੰ ਅਕਸਰ ਸਮਾਜ ਵਿਰੋਧੀ ਤੱਤ ਦੱਸਿਆ ਜਾਂਦਾ ਹੈ।

ਸਿੱਖ ਇਨਫਾਰਮੇਸ਼ਨ ਸੈਂਟਰ ਦੇ ਕਾਰਜਕਾਰੀ ਡਾਇਰੈਕਟਰ ਪੀਟਰ ਸਿੰਘ ਨੇ ਆਪਣੇ ਪੇਪਰ ਵਿਚ ਵਿਸਥਾਰ ਨਾਲ ਦੱਸਿਆ ਕਿ ਐਮ ਕੇ ਗਾਂਧੀ ਤੇ ਡਾ. ਅੰਬੇਦਕਰ ਦੇ ਵਿਚਾਰਾਂ ਵਿਚ ਜਮੀਨ ਅਸਮਾਨ ਦਾ ਫਰਕ ਹੈ। ਡਾ. ਅੰਬੇਦਕਰ ਸਾਰੇ ਭਾਰਤੀਆਂ ਲਈ ਇਨਸਾਫ ਤੇ ਬਰਾਬਰੀ ਦੇ




ਕਾਨੂੰਨ ਨੂੰ ਅਮਲੀ ਰੂਪ ਦੇ ਰਹੇ ਸਨ, ਪਰ ਬਹੁਤ ਸੋਧਾਂ ਕਰ ਦੇਣ ਕਰਕੇ ਇਹ ਕੁੱਝ ਨਹੀਂ ਹੋ ਸਕਿਆ। ਪੀਟਰ ਸਿੰਘ ਨੇ ਕਿਹਾ ਕਿ ਇਹ ਕਹਿਣਾ ਕਿ ਭਾਰਤੀ ਸੰਵਿਧਾਨ ਡਾ. ਅੰਬੇਦਕਰ ਦਾ ਬਣਾਇਆ ਹੈ, ਸੱਚਾਈ ਤੋਂ ਬਹੁਤ ਪਰੇ ਹੈ ਜਦੋਂਕਿ ਡਾ. ਅੰਬੇਦਕਰ ਕਹਿੰਦੇ ਸਨ ਅਜਿਹੇ ਸੰਵਿਧਾਨ ਨੂੰ ਜਲਾਉਣ ਵਾਲਿਆਂ ਦੀ ਲਾਈਨ ਵਿਚ ਉਹ ਸੱਭ ਤੋਂ ਅੱਗੇ ਹੋਣਗੇ ਕਿਉਂਕਿ ਇਹ ਕਿਸੇ ਲਈ ਵੀ ਚੰਗਾ ਨਹੀਂ ਹੈ। ਪਿਛਲੇ 66 ਸਾਲਾਂ ਵਿਚ ਭਾਰਤੀ ਵਿਵਸਥਾ ਨੇ ਘੱਟ-ਗਿਣਤੀਆਂ ਤੇ ਦਬੀਆਂ ਜਮਾਤਾਂ ਦੇ ਹੱਕਾਂ 'ਤੇ ਜੋ ਡਾਕੇ ਮਾਰੇ ਹਨ, ਉਨ੍ਹਾਂ ਬਾਰੇ ਡਾ. ਅੰਬੇਦਕਰ ਨੇ ਪਹਿਲਾਂ ਹੀ ਚਿਤਾਵਨੀ ਦੇ ਦਿਤੀ ਸੀ।

ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਦੇ ਡਾ. ਅਮਰੀਕ ਸਿੰਘ ਨੇ 'ਡਾ. ਅੰਬੇਦਕਰ ਦੇ ਮਿਸ਼ਨ, ਤੇ ਉਨ੍ਹਾਂ ਦੁਆਰਾ ਖੋਲ੍ਹੇ ਗਏ ਗੁਰੂ ਨਾਨਕ ਖਾਲਸਾ ਕਾਲਜ ਮੁੰਬਈ ਅਤੇ ਹਿੰਦੂ ਮਹਾ ਸਭਾ' ਦੇ ਵਿਸ਼ੇ 'ਤੇ ਆਪਣਾ ਪੇਪਰ ਪੜ੍ਹਦਿਆਂ ਖੁਲਾਸਾ ਕੀਤਾ ਕਿ ਮੁੰਬਈ ਖਾਲਸਾ ਕਾਲਜ ਡਾ. ਅੰਬੇਦਕਰ ਦੇ ਦਿਮਾਗ ਦੀ ਹੀ ਕਾਢ ਸੀ। ਕਾਲਜ ਦੀ ਮਿਸ਼ਨ ਸਟੇਟਮੈਂਟ ਵੀ ਉਨ੍ਹਾਂ ਦੀ ਹੱਥ ਲਿਖਤ ਹੈ। 1937 ਵਿਚ ਐਸ ਜੀ ਪੀ ਸੀ ਨੇ 27000 ਵਰਗ ਗਜ ਜਗ੍ਹਾ ਡਾ. ਅੰਬੇਦਕਰ ਦੇ ਕਹਿਣ 'ਤੇ ਹੀ ਖਰੀਦੀ ਸੀ। ਡਾ. ਅੰਬੇਦਕਰ ਦਲਿਤ ਵਰਗ ਨੂੰ ਸਿੱਖ ਧਰਮ ਵਿਚ ਲਿਆਉਣਾ ਚਾਹੁੰਦੇ ਸਨ ਪਰ ਹਿੰਦੂ ਮਹਾਂ ਸਭਾ ਦੇ ਦਖਲ ਕਰਕੇ ਉਹ ਇਸ ਮਿਸ਼ਨ ਨੂੰ ਅਗਾਂਹ ਨਹੀਂ ਲਿਜਾ ਸਕੇ। ਇੰਦਰਜੀਤ ਸਿੰਘ ਬਲੋਂਵਾਲੀਆ ਨੇ ਕਿਹਾ ਕਿ ਗੁਰੂ ਦੇ ਅਸਲੀ ਸਿੱਖ ਦੀ ਨਜ਼ਰ 'ਚ ਬ੍ਰਾਹਮਣ, ਖ਼ਤਰੀ, ਵੈਸ਼ ਅਤੇ ਸ਼ੂਦਰ ਜਿਹੇ ਸ਼ਬਦਾਂ ਦਾ ਕੋਈ ਮਤਲਬ ਨਹੀਂ ਹੈ। ਇਹ ਸ਼ੈਤਾਨ ਦੇ ਘੜੇ ਹੋਏ ਹਨ।

ਅਵਤਾਰ ਸਿੰਘ ਆਦਮਪੁਰੀ ਨੇ ਕਿਹਾ ਕਿ ਸਾਰੀਆਂ ਮੁਸ਼ਕਲਾਂ ਦਾ ਹੱਲ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਵਿਚ ਮੌਜੂਦ ਹੈ। ਲੋੜ ਹੈ, ਸੱਚ ਦੀ ਹਾਮੀ ਭਰਨ ਅਤੇ ਸਰਬਤ ਦੇ ਭਲੇ ਲਈ ਕਾਫਲੇ ਦੇ ਰੂਪ ਵਿਚ ਅਗਾਂਹ ਵਧਣ ਦੀ। ਮੂਲਨਿਵਾਸੀਆਂ ਨੂੰ 1710 ਈਸਵੀ ਵਿਚ ਬਾਬਾ ਬੰਦਾ ਸਿੰਘ ਬਹਾਦਰ ਨੇ ਬਹੁ-ਪੱਧਰੀ ਗੁਲਾਮੀ ਤੋਂ ਨਿਜਾਤ ਦਵਾਈ ਸੀ। ਗਿਆਨੀ ਦਿੱਤ ਸਿੰਘ ਨੇ ਸਿੰਘ ਸਭਾ ਲਹਿਰ ਰਾਹੀਂ ਸਿੱਖੀ ਸਪਿਰਟ ਨੂੰ ਮੁੜ ਸੁਰਜੀਤ ਕੀਤਾ। ਇਹੋ ਕੰਮ ਡਾ. ਅੰਬੇਦਕਰ ਗੁਰੂ ਨਾਨਕ ਖਾਲਸਾ ਕਾਲਜ, ਮੁੰਬਈ ਜਿਹੇ ਵਿਦਿਆ ਕੇਂਦਰ ਖੋਲ੍ਹ ਕੇ ਕਰਨਾ ਚਾਹੁੰਦੇ ਸਨ।

ਗੁਰੂ ਰਵੀਦਾਸ ਸਭਾ (ਨਿਊ ਯਾਰਕ) ਦੇ ਪ੍ਰਧਾਨ ਨਿਰਮਲ ਸਿੰਘ ਨੇ ਆਪਣੀ ਟੀਮ ਸਮੇਤ ਕਾਨਫਰੰਸ ਨੂੰ ਪੂਰਾ ਸਹਿਯੋਗ ਦਿਤਾ। ਬਰਾਸਫ ਦੇ ਬੋਰਡ ਆਫ ਡਾਇਰੈਕਟਰਜ਼ ਅਵਤਾਰ ਸਿੰਘ ਆਦਮਪੁਰੀ, ਦਿਲਬਾਗ ਸਿੰਘ, ਈਸ਼ਰ ਸਿੰਘ ਤੇ ਇੰਦਰਜੀਤ ਸਿੰਘ ਸਿਆਟਲ ਵਾਸ਼ਿੰਗਟਨ ਤੋਂ ਸ਼ਾਮਲ ਹੋਏ। ਸਟਾਕਟਨ ਵਿਚ ਬਣਾਏ ਗਏ ਅਮਰੀਕਾ ਦੇ ਪਹਿਲੇ ਗੁਰਦੁਆਰਾ ਸਾਹਿਬ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਉਪਲ, ਬਰਾਸਫ ਦੇ ਸਹਿਯੋਗੀ ਨਾਨਕ ਸਿੰਘ ਭੱਟੀ ਤੇ ਰਮੇਸ਼ ਬੰਗੜ ਕੈਲੀਫੋਰਨੀਆ ਤੋਂ ਉਚੇਚੇ ਤੌਰ 'ਤੇ ਪਹੁੰਚੇ। ਬੋਰਡ ਡਾਇਰੈਕਟਰ ਭਜਨ ਸਿੰਘ ਭਿੰਡਰ ਨੇ ਸਮਾਗਮ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਚਲਾਇਆ।

## ਗੁਰਮਤਿ ਕੈਂਪ ਲਈ ਬੱਚਿਆਂ 'ਚ ਭਾਰੀ ਉਤਸ਼ਾਹ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਰਿਚਮੰਡ ਹਿਲ ਵਿਚ ਪਹਿਲੀ ਜੁਲਾਈ ਤੋਂ ਅਰੰਭ ਹੋਏ ਗੁਰਮਤਿ ਕੈਂਪ



*ਗੁਰਮਤਿ ਕੈਂਪ ਵਿਚ ਸ਼ਾਮਲ ਬੱਚੇ*

ਵਿਚ ਬੱਚਿਆਂ ਦੀ ਗਿਣਤੀ ਢਾਈ ਸੌ ਤੋਂ ਉਪਰ ਹੋ ਚੁਕੀ ਹੈ ਅਤੇ ਇਹ ਗਿਣਤੀ ਲਗਾਤਾਰ ਵਧ ਰਹੀ ਹੈ।

ਇਸ ਕੈਂਪ ਦੌਰਾਨ ਬੱਚਿਆਂ ਨੂੰ ਪੰਜਾਬੀ ਪੜ੍ਹਨ-ਲਿਖਣ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਨੂੰ ਗੁਰਮਤਿ ਗਿਆਨ, ਸਿੱਖ ਇਤਿਹਾਸ, ਤਬਲਾ ਵਾਦਨ, ਹਾਰਮੋਨੀਅਮ ਅਤੇ ਕੀਰਤਨ ਦੀ ਸਿੱਖਿਆ ਦਿੱਤੀ ਜਾਂਦੀ ਹੈ। ਬੱਚਿਆਂ ਵਿਚ ਇਸ ਕੈਂਪ ਪ੍ਰਤੀ ਭਾਰੀ ਉਤਸ਼ਾਹ ਹੈ।

ਸਿੱਖ ਕਲਚਰਲ ਸੁਸਾਇਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਬੱਚਿਆਂ ਨੂੰ ਸਵੇਰ ਦੀ ਸਭਾ ਵਿਚ ਜਪੁਜੀ ਸਾਹਿਬ ਦਾ ਪਾਠ ਕਰਵਾਇਆ ਜਾਂਦਾ ਹੈ।

ਸ. ਅਟਵਾਲ ਅਨੁਸਾਰ ਇਹ ਕੈਂਪ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਦੀ ਚੌਥੀ ਮੰਜ਼ਿਲ ਉਤੇ ਚੱਲ ਰਿਹਾ ਹੈ ਜਿਥੇ ਕਿ ਸਕੂਲ ਲਈ 10 ਕਮਰੇ ਬਣਾਏ ਗਏ ਹਨ। ਵਾਲੰਟੀਅਰ ਪੂਰਨ ਸੇਵਾ ਭਾਵਨਾ ਨਾਲ ਇਸ ਕੈਂਪ ਵਿਚ ਆਪਣਾ ਹਿੱਸਾ ਪਾ ਰਹੇ ਹਨ। ਬੱਚਿਆਂ ਨੂੰ ਉਨ੍ਹਾਂ ਦੀ ਪਸੰਦ ਦਾ ਭੋਜਨ ਦਿੱਤਾ ਜਾਂਦਾ ਹੈ।

## ਬਾਦਲਾਂ ਨੇ ਖਰੀਦੀਆਂ ਬੁਲੇਟਪਰੂਫ ਕਾਰਾਂ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਵਿਧਾਇਕਾਂ ਨੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਲਈ ਬੁਲਟਪਰੂਫ ਬੀ ਐਮ ਡਬਲਿਊ ਕਾਰਾਂ ਖਰੀਦਣ ਦੀ ਨਿੰਦਾ ਕੀਤੀ ਹੈ। ਵਿਧਾਇਕ ਰਣਦੀਪ ਸਿੰਘ, ਨਵਤੇਜ ਸਿੰਘ ਚੀਮਾ, ਅਜੀਤਇੰਦਰ ਸਿੰਘ ਮੋਫਰ ਤੇ ਸੁਖਵਿੰਦਰ ਸਿੰਘ ਸਰਕਾਰੀਆ ਨੇ ਕਿਹਾ ਕਿ ਇਸ ਨਾਲ ਆਮ ਲੋਕਾਂ 'ਤੇ ਬੇਲੋੜਾ ਵਿੱਤੀ ਬੋਝ ਪਵੇਗਾ। ਉਨ੍ਹਾਂ ਕਿਹਾ ਕਿ ਮੁਲਾਜ਼ਮ ਤਨਖਾਹਾਂ ਲਈ ਵਿਲਕ ਰਹੇ ਹਨ ਜਦੋਂਕਿ ਬਾਦਲ ਆਪਣੇ ਲਈ ਕਰੋੜਾਂ ਰੁਪਏ ਦੀਆਂ ਕਾਰਾਂ ਖਰੀਦ ਰਹੇ ਹਨ। ਬਾਦਲਾਂ ਕੋਲ ਪਹਿਲਾਂ ਹੀ ਬੁਲਟ ਪਰੂਫ ਗੱਡੀਆਂ ਹਨ ਤੇ ਨਵੀਆਂ ਕਾਰਾਂ ਦੀ ਲੋੜ ਨਹੀਂ।

## ਭਾਰਤ ਦੇ 4500 ਡੈਮਾਂ 'ਤੇ ਐਮਰਜੈਂਸੀ ਪ੍ਰਬੰਧ ਨਹੀਂ

**ਨਵੀਂ ਦਿੱਲੀ:** ਉਤਰਾਖੰਡ ਦੇ ਭਾਰੀ ਹੜ੍ਹਾਂ ਨੇ ਇਕ ਵਾਰ ਫਿਰ ਡੈਮਾਂ ਦੀ ਮਜ਼ਬੂਤੀ ਬਾਰੇ ਚਰਚਾ ਛੇੜ ਦਿੱਤੀ ਹੈ। ਦੇਸ਼ ਭਰ ਵਿਚ ਕੋਈ 4500 ਦੇ ਕਰੀਬ ਅਜਿਹੇ ਡੈਮ ਹਨ ਜੋ ਬਿਨਾਂ 'ਹੰਗਾਮੀ ਕਾਰਵਾਈ ਯੋਜਨਾ' ਦੇ ਕੰਮ ਕਰ ਰਹੇ ਹਨ ਤੇ ਅਜਿਹੇ ਡੈਮ ਟੁੱਟਣ ਨਾਲ ਭਾਰੀ ਜਾਨੀ-ਮਾਲੀ ਨੁਕਸਾਨ ਹੋ ਸਕਦਾ ਹੈ। ਸਾਲ 2011 ਤੱਕ ਸਿਰਫ ਅੱਠ ਰਾਜਾਂ ਨੇ 192 ਡੈਮਾਂ ਲਈ ਹੰਗਾਮੀ ਹਾਲਤ ਨਾਲ ਨਜਿੱਠਣ ਲਈ ਕਾਰਜ ਯੋਜਨਾ ਤਿਆਰ ਕੀਤੀ ਜਦੋਂਕਿ 29 ਰਾਜਾ ਵਿਚ 4728 ਡੈਮ ਹਨ।

## ਸੁਖਵਿੰਦਰ ਸਿੰਘ ਜੌਹਲ ਪਿੰਡ ਪਸਨਾਵਾਲ ਧਾਲੀਵਾਲ ਦੇ ਸਰਪੰਚ ਬਣੇ

**ਨਿਊ ਯਾਰਕ (ਬਿਊਰੋ):** ਸੁਖਵਿੰਦਰ ਸਿੰਘ ਜੌਹਲ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਪਸਨਾਵਾਲ ਧਾਲੀਵਾਲ ਦੇ ਸਰਪੰਚ ਚੁਣੇ ਗਏ ਹਨ। ਹਾਲੀਆ ਪੰਚਾਇਤ ਚੋਣਾਂ ਵਿਚ ਉਨ੍ਹਾਂ ਆਪਣੇ ਨਿਕਟ ਵਿਰੋਧੀ ਨੂੰ ਵੱਡੇ ਫਰਕ ਨਾਲ ਹਰਾਇਆ। ਜ਼ਿਕਰਯੋਗ ਹੈ ਕਿ ਸੁਖਵਿੰਦਰ ਸਿੰਘ ਜੌਹਲ ਇਥੇ ਵਸਦੇ ਅੰਮ੍ਰਿਤ ਲਿਮੋਜ਼ੀਨ ਦੇ ਮਾਲਕ ਜਸਵਿੰਦਰ ਸਿੰਘ ਜੌਹਲ ਦੇ ਛੋਟੇ ਭਰਾ ਹਨ। ਜਸਵਿੰਦਰ ਸਿੰਘ ਜੌਹਲ ਨੇ ਆਪਣੇ ਭਰਾ ਦੀ ਇਸ ਜਿੱਤ 'ਤੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਭਰਾ ਵਲੋਂ ਪਿੰਡ ਦੇ ਵਿਕਾਸ ਲਈ ਭਰਵਾਂ ਯਤਨ ਕੀਤਾ ਜਾਵੇਗਾ ਅਤੇ ਉਹ ਖੁਦ ਵੀ ਪਿੰਡ ਦੇ ਵਿਕਾਸ ਲਈ ਮਾਲੀ ਯੋਗਦਾਨ ਪਾਉਣਗੇ।



ਸਰਪੰਚ ਸੁਖਵਿੰਦਰ ਸਿੰਘ ਜੌਹਲ ਦੀ ਜਿੱਤ 'ਤੇ ਸਥਾਨਕ ਪਤਵੰਤਿਆਂ ਸੰਤੋਖ ਸਿੰਘ ਚੇਅਰਮੈਨ, ਜਗੀਰ ਸਿੰਘ ਸਬਜ਼ੀ ਮੰਡੀ, ਨਰਿੰਦਰ ਸਿੰਘ ਭਿੰਡਰ, ਭੁਪਿੰਦਰ ਸਿੰਘ ਬੋਪਾਰਾਏ, ਮਾਸਟਰ ਮਹਿੰਦਰ ਸਿੰਘ ਅਤੇ ਮਨਜੀਤ ਸਿੰਘ ਨੇ ਜਸਵਿੰਦਰ ਸਿੰਘ ਜੌਹਲ ਨੂੰ ਵਧਾਈ ਦਿੱਤੀ ਹੈ। ਜਸਵਿੰਦਰ ਸਿੰਘ ਜੌਹਲ ਨਾਲ ਫੋਨ 718-850-0851 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

# ਜੱਟਾਂ ਲਈ ਰਾਖਵੇਂਕਰਨ ਦੇ ਹੱਕ ਵਿਚ ਡਟੇ ਅਮਰਿੰਦਰ ਸਿੰਘ

**ਚੰਡੀਗੜ੍ਹ:** ਸਰਕਾਰੀ ਨੌਕਰੀਆਂ ਵਿਚ ਜੱਟਾਂ ਨੂੰ ਰਾਖਵਾਂਕਰਨ ਸਮੇਤ ਬਰਾਦਰੀ ਨੂੰ ਦਰਪੇਸ਼ ਹੋਰ ਚੁਣੌਤੀਆਂ ਤੇ ਭਵਿੱਖ ਦੀ ਰਣਨੀਤੀ ਉਲੀਕਣ ਲਈ ਸਰਬ ਭਾਰਤੀ ਜੱਟ ਮਹਾਂਸਭਾ ਵੱਲੋਂ ਲੰਘੇ ਦਿਨੀਂ ਦਿੱਲੀ ਦੇ ਤਾਲਕਟੋਰਾ ਸਟੇਡੀਅਮ ਵਿਚ ਜੱਟ ਮਹਾਂਸੰਮੇਲਨ ਕਰਵਾਇਆ ਗਿਆ। ਮਹਾਂਸਭਾ ਦੇ ਨਵੇਂ ਕੌਮੀ ਪ੍ਰਧਾਨ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਿਚ ਹੋਏ ਸੰਮੇਲਨ ਵਿਚ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ, ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ, ਜਾਟ ਮਹਾਂਸਭਾ ਇਸਤਰੀ ਵਿੰਗ ਦੀ ਪ੍ਰਧਾਨ ਚੌਧਰੀ ਰੇਣੁਕਾ ਚੌਧਰੀ, ਸਭਾ ਦੇ ਜਨਰਲ ਸਕੱਤਰ ਚੌਧਰੀ ਯੁੱਧਵੀਰ ਸਿੰਘ, ਨਰੇਸ਼ ਟਿਕੈਤ ਤੇ ਵੱਖ ਵੱਖ ਜੱਟ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਸ਼ਮੂਲੀਅਤ ਕੀਤੀ।

ਸੰਮੇਲਨ ਵਿਚ ਸ਼ਮੂਲੀਅਤ ਕਰਨ ਪੁੱਜੇ ਕੈਪਟਨ ਅਮਰਿੰਦਰ ਸਿੰਘ ਦਾ ਢੋਲ ਨਗਾਰੇ ਨਾਲ ਸ਼ਾਨਦਾਰ ਸਵਾਗਤ ਕੀਤਾ ਗਿਆ। ਪ੍ਰਧਾਨਗੀ ਮਿਲਣ ਤੋਂ ਬਾਅਦ ਪਹਿਲੀ ਵਾਰੀ ਜੱਟ ਮਹਾਂਸਭਾ ਨੂੰ ਸੰਬੋਧਨ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਭਰੋਸਾ ਦਿਵਾਇਆ ਕਿ ਜੱਟਾਂ ਨੂੰ ਰਾਖਵਾਂਕਰਨ ਦਿਵਾਉਣ ਲਈ ਪੂਰੀ ਲੜਾਈ ਲੜੀ ਜਾਵੇਗੀ। ਉਨ੍ਹਾਂ ਸਰਕਾਰੀ ਨੌਕਰੀਆਂ ਵਿਚ



ਜੱਟ ਮਹਾਂਸੰਮੇਲਨ ਵਿਚ ਕੈਪਟਨ ਅਮਰਿੰਦਰ ਸਿੰਘ, ਜਾਟ ਮਹਾਂਸਭਾ ਇਸਤਰੀ ਵਿੰਗ ਦੀ ਪ੍ਰਧਾਨ ਚੌਧਰੀ ਰੇਣੁਕਾ ਚੌਧਰੀ ਅਤੇ ਹੋਰ।

ਜੱਟਾਂ ਨੂੰ ਓ.ਬੀ.ਸੀ. ਅਧੀਨ ਰਾਖਵਾਂਕਰਨ ਦੇਣ ਦੀ ਮੰਗ ਕਰਦਿਆਂ ਕਿਹਾ ਕਿ ਜੱਟਾਂ ਦੀ ਸਮਾਜਿਕ, ਆਰਥਿਕ,ਵਿਦਿਅਕ ਤੇ ਰਾਜਨੀਤਕ ਹਾਲਤ ਵਿਚ ਸੁਧਾਰ ਲਿਆਉਣ ਲਈ ਰਾਖਵਾਂਕਰਨ ਬਹੁਤ ਹੀ ਜ਼ਰੂਰੀ ਹੈ।

ਪੰਜਾਬ ਦੀ ਗੱਲ ਕਰਦਿਆਂ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਸੂਬੇ ਵਿਚ ਜੱਟਾਂ ਦੀ ਹਾਲਤ ਇਹ ਹੈ ਕਿ ਉਨ੍ਹਾਂ ਕੋਲ ਜ਼ਮੀਨ ਘਟਦੀ-ਘਟਦੀ ਸਿਰਫ ਪੰਜ ਏਕੜ ਤੱਕ ਰਹਿ ਗਈ ਹੈ ਜਿਸ ਦੇ ਨਤੀਜੇ ਵਜੋਂ ਕਿਸਾਨਾਂ ਨੂੰ ਖ਼ੁਦਕਸ਼ੀ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਇਸ ਤੋਂ ਪਹਿਲਾਂ ਦਿੱਲੀ ਦੀ ਮੁੱਖ ਮੰਤਰੀ ਸ਼ੀਲਾ ਦੀਕਸ਼ਤ ਨੇ ਜੱਟ ਬਰਾਦਰੀ ਨੂੰ ਬਹਾਦਰੀ ਤੇ ਮਿਹਨਤ ਦਾ ਸੁਮੇਲ ਕਰਾਰ ਦਿੰਦਿਆਂ ਕਿਹਾ ਕਿ ਦੇਸ਼ ਦੀ ਮਜਬੂਤੀ ਤੇ ਵਿਕਾਸ ਵਿਚ ਜੱਟਾਂ ਦਾ ਬਹੁਤ ਹੀ ਵੱਡਾ ਯੋਗਦਾਨ ਹੈ।

ਹਰਿਆਣਾ ਦੇ ਮੁੱਖ ਮੰਤਰੀ ਭੁਪਿੰਦਰ ਹੁੱਡਾ ਨੇ ਸਾਰੀਆਂ ਜੱਟ ਸੰਸਥਾਵਾਂ ਨੂੰ ਇਕਜੁਟ ਹੋਣ ਦਾ ਸੱਦਾ ਦਿੰਦਿਆਂ ਸਿੱਖਿਆ ਦੇ ਖੇਤਰ ਵਿਚ ਅਹਿਮ ਯੋਗਦਾਨ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜੱਟ ਸ਼ਬਦ ਜਾਤੀ ਸੂਚਕ ਨਹੀਂ ਬਲਕਿ ਨਿਆਂ ਦਾ ਪ੍ਰਤੀਕ ਹੈ। ਜਾਟ ਮਹਾਂਸਭਾ ਇਸਤਰੀ ਵਿੰਗ ਦੀ ਪ੍ਰਧਾਨ ਚੌਧਰੀ ਰੇਣੁਕਾ ਚੌਧਰੀ ਨੇ ਜੱਟਾਂ ਵਿਚ ਵਧ ਰਹੀ ਭਰੂਣ ਹੱਤਿਆਂ ਦੇ ਰੁਝਾਨ 'ਤੇ ਗੰਭੀਰ ਚਿੰਤਾ ਪ੍ਰਗਟਾਈ। ਕੇਂਦਰੀ ਮੰਤਰੀ ਚੌਧਰੀ ਅਜੀਤ ਸਿੰਘ ਨੇ ਭਰੋਸਾ ਦਿੱਤਾ ਕਿ ਸਰਕਾਰ ਉਨ੍ਹਾਂ ਨੂੰ ਰਾਖਵਾਂਕਰਨ ਦੇਣ ਦੇ ਹੱਕ ਵਿਚ ਹੈ। ਇਸ ਮੌਕੇ ਵਿਧਾਇਕ ਗੁਰਜੀਤ ਸਿੰਘ ਰਾਣਾ, ਮੁਹੰਮਦ ਸਦੀਕ, ਚੌਧਰੀ ਵੀਰੇਂਦਰ ਸਿੰਘ, ਯੁਵਰਾਜ ਰਣਇੰਦਰ ਸਿੰਘ, ਯੋਗਾਨੰਦ ਸ਼ਾਸਤਰੀ ਨੇ ਸ਼ਿਰਕਤ ਕੀਤੀ।

## ਰੇਲ ਰਿਸ਼ਵਤ ਕਾਂਡ ਵਿਚ ਬਾਂਸਲ ਬਣਿਆ ਸਰਕਾਰੀ ਗਵਾਹ

**ਨਵੀਂ ਦਿੱਲੀ:** ਸਾਬਕਾ ਕੇਂਦਰੀ ਮੰਤਰੀ ਪਵਨ ਕੁਮਾਰ ਬਾਂਸਲ ਨੂੰ 10 ਕਰੋੜ ਰੁਪਏ ਦੇ ਰੇਲ ਰਿਸ਼ਵਤ ਕਾਂਡ ਵਿਚ ਸਰਕਾਰੀ ਗਵਾਹ ਬਣਾਇਆ ਗਿਆ ਹੈ। ਇਸ ਮਾਮਲੇ ਵਿਚ ਬਾਂਸਲ ਦੇ ਭਾਣਜੇ ਵਿਜੇ ਸਿੰਗਲਾ ਤੇ ਨੌਂ ਹੋਰਾਂ ਖ਼ਿਲਾਫ਼ ਸੀਬੀਆਈ ਨੇ ਚਾਰਜਸ਼ੀਟ ਦਾਖਲ ਕੀਤੀ ਹੈ। ਏਜੰਸੀ ਨੇ ਵਿਸ਼ੇਸ਼ ਸੀਬੀਆਈ ਅਦਾਲਤ ਵਿਚ ਚਾਰਜਸ਼ੀਟ ਨਾਲ 90 ਗਵਾਹਾਂ ਦੀ ਸੂਚੀ ਦਾਇਰ ਕੀਤੀ ਹੈ ਤੇ ਬਾਂਸਲ ਨੂੰ ਉਸ ਵਿਚ 39ਵੇਂ ਗਵਾਹ ਵਜੋਂ ਰੱਖਿਆ ਗਿਆ ਹੈ।

ਏਜੰਸੀ ਨੇ ਰੇਲਵੇ ਬੋਰਡ ਦੇ ਸਾਬਕਾ ਚੇਅਰਮੈਨ ਵਿਨੈ ਮਿੱਤਲ ਨੂੰ ਵੀ ਸਰਕਾਰੀ ਗਵਾਹ ਬਣਾਇਆ ਹੈ। ਰੇਲਵੇ ਬੋਰਡ ਦੇ ਜਾਇੰਟ ਸਕੱਤਰ ਪੀ. ਰਾਜਸ਼ੇਖਰਨ ਤੇ ਜਾਇੰਟ ਡਾਇਰੈਕਟਰ ਵਿਜੀਲੈਂਸ ਆਰ. ਵਿਜੈਅਨ ਤੋਂ ਇਲਾਵਾ ਕਈ ਬੈਂਕਾਂ ਦੇ ਅਧਿਕਾਰੀਆਂ ਨੂੰ ਸਰਕਾਰੀ ਗਵਾਹ ਬਣਾਇਆ ਗਿਆ ਹੈ। ਸੀਬੀਆਈ ਵੱਲੋਂ ਚਾਰਜਸ਼ੀਟ ਵਿਚ ਪਵਨ ਕੁਮਾਰ ਬਾਂਸਲ ਦਾ ਨਾਂ ਨਾ ਪਾਉਣ ਦੇ ਰੋਸ ਵਜੋਂ ਚੰਡੀਗੜ੍ਹ ਭਾਜਪਾ ਇਕਾਈ ਨੇ ਕਾਲਾ ਹਫਤਾ ਮਨਾਉਣ ਦਾ ਫੈਸਲਾ ਕੀਤਾ ਹੈ।

## ਭਾਰਤੀ ਨਿਆਂ ਪ੍ਰਣਾਲੀ ਵਿਚ ਵੀ ਭਾਈ-ਭਤੀਜਾਵਾਦ ਭਾਰੂ

**ਚੰਡੀਗੜ੍ਹ:** ਭਾਰਤੀ ਨਿਆਂ ਪ੍ਰਣਾਲੀ ਵਿਚ ਵੀ ਭਾਈ-ਭਤੀਜਾਵਾਦ ਭਾਰੂ ਹੋ ਰਿਹਾ ਹੈ ਜਿਸ ਨਾਲ ਲੋਕਾਂ ਦੇ ਵਿਸ਼ਵਾਸ ਨੂੰ ਖੋਰਾ ਲੱਗ ਰਿਹਾ ਹੈ। ਪਤਾ ਲੱਗਾ ਹੈ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਘੱਟੋ-ਘੱਟ ਨੌਂ ਜੱਜਾਂ ਦੇ ਸਕੇ-ਸਬੰਧੀ ਪੰਜਾਬ ਤੇ ਹਰਿਆਣਾ ਵਿਚ ਕਾਨੂੰਨ ਅਫਸਰ ਹਨ। ਹੋਰ ਤਾਂ ਹੋਰ ਹਰਿਆਣਾ ਦੇ ਲੋਕਪਾਲ ਤੇ ਕੁਝ ਸਾਬਕਾ ਜੱਜਾਂ ਦੇ ਸਕੇ-ਸਬੰਧੀਆਂ ਨੂੰ ਵੀ ਪੰਜਾਬ ਤੇ ਹਰਿਆਣਾ ਦੇ ਐਡਵੋਕੇਟ ਜਨਰਲਾਂ ਦੇ ਦਫਤਰਾਂ ਵਿਚ ਅਹੁਦੇ ਮਿਲੇ ਹੋਏ ਹਨ।

ਜ਼ਿਕਰਯੋਗ ਹੈ ਕਿ ਭਾਰਤ ਦੇ ਮਨੋਨੀਤ ਚੀਫ ਜਸਟਿਸ ਪੀ. ਸਦਾਸ਼ਿਵਮ ਇਹ ਕਹਿ ਚੁੱਕੇ ਹਨ ਕਿ ਹਾਈ ਕੋਰਟਾਂ ਦੇ ਜੱਜਾਂ ਦੇ ਸਕੇ-ਸਬੰਧੀਆਂ ਤੇ ਰਿਸ਼ਤੇਦਾਰਾਂ ਵੱਲੋਂ ਉਨ੍ਹਾਂ ਹਾਈ ਕੋਰਟਾਂ ਵਿਚ ਹੀ ਵਕਾਲਤ ਕੀਤੇ ਜਾਣ ਦੇ ਉਹ ਹੱਕ ਵਿਚ ਨਹੀਂ ਤੇ ਜੱਜਾਂ ਨੂੰ ਖੁਦ ਹੀ ਚਾਹੀਦਾ ਹੈ ਕਿ ਉਹ ਆਪਣੇ ਸਕੇ-ਸਬੰਧੀਆਂ ਨੂੰ ਆਪਣੇ ਵਾਲੇ ਹਾਈ ਕੋਰਟਾਂ ਵਿਚ ਪ੍ਰੈਕਟਿਸ ਨਾ ਕਰਨ ਦੇਣ ਪਰ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿਚ ਮਾਮਲਾ ਹੀ ਹੋਰ ਹੈ। ਇਥੇ ਜੱਜਾਂ ਦੇ ਸਕੇ ਸਬੰਧੀ ਪ੍ਰੈਕਟਿਸ ਵੀ ਕਰ ਰਹੇ ਹਨ ਤੇ ਦੋ ਰਾਜ ਸਰਕਾਰਾਂ ਦੇ ਕਾਨੂੰਨ ਅਫਸਰ ਵੀ ਨਿਯੁਕਤ ਹਨ।

ਪਤਾ ਲੱਗਾ ਹੈ ਕਿ ਜਸਟਿਸ ਰਿਤੂ ਬਾਹਰੀ, ਜਸਟਿਸ ਐਮ.ਐਸ. ਸੁੱਲਰ, ਜਸਟਿਸ ਐਨ.ਕੇ ਸਾਂਘੀ, ਜਸਟਿਸ ਆਰ.ਐਸ. ਮਲਿਕ, ਜਸਟਿਸ

### ਲੋਕਪਾਲ ਤੇ ਸਾਬਕਾ ਜੱਜਾਂ ਦੇ ਨੇੜਲਿਆਂ ਨੂੰ ਐਡਵੋਕੇਟ ਜਨਰਲਾਂ ਦੇ ਦਫਤਰਾਂ ਵਿਚ ਅਹਿਮ ਅਹੁਦੇ

ਆਰ ਕੇ ਗਰਗ, ਜਸਟਿਸ ਹੇਮੰਤ ਗੁਪਤਾ, ਜਸਟਿਸ ਆਰ.ਪੀ. ਨਾਗਰਥ, ਜਸਟਿਸ ਟੀ ਪੀ ਐਸ ਮਾਨ ਤੇ ਜਸਟਿਸ ਆਰ ਸੀ ਗੁਪਤਾ ਦੇ ਸਕੇ-ਸਬੰਧੀ ਐਡਵੋਕੇਟ ਜਨਰਲਾਂ ਦੇ ਦਫਤਰ ਵਿਚ ਨਿਯੁਕਤ ਹਨ।

ਇਸ ਤੋਂ ਇਲਾਵਾ ਸੇਵਾਮੁਕਤ ਜੱਜਾਂ ਭਾਰਤ ਦੇ ਸਾਬਕਾ ਚੀਫ ਜਸਟਿਸ ਏ.ਐਸ. ਆਨੰਦ, ਜਸਟਿਸ ਪ੍ਰੀਤਮ ਪਾਲ, ਜਸਟਿਸ ਐਚ.ਐਸ. ਬਰਾੜ, ਜਸਟਿਸ ਏ.ਐਨ. ਜਿੰਦਲ, ਜਸਟਿਸ ਆਰ.ਐਸ. ਮਦਾਨ, ਜਸਟਿਸ ਐਸ.ਡੀ. ਆਨੰਦ, ਜਸਟਿਸ ਏ.ਐਸ. ਚੌਧਰੀ, ਜਸਟਿਸ ਏ.ਐਸ. ਨਹਿਰਾ ਤੇ ਜਸਟਿਸ ਐਸ. ਸਰੂਪ ਦੇ ਸਕੇ-ਸਬੰਧੀ ਏ.ਜੀ. ਦਫਤਰਾਂ ਵਿਚ ਅਹੁਦਿਆਂ 'ਤੇ ਹਨ। ਇਹ ਨਿਯੁਕਤੀਆਂ ਕਾਨੂੰਨੀ ਰੂਪ ਵਿਚ ਭਾਵੇਂ ਸਹੀ ਹੋਣ ਪਰ ਇਨ੍ਹਾਂ ਨੂੰ ਇਖਲਾਕੀ ਤੌਰ 'ਤੇ ਗਲਤ ਮੰਨਿਆ ਜਾਂਦਾ ਹੈ ਤੇ ਇਸੇ ਲਈ ਹਾਈ ਕੋਰਟ ਦੇ ਐਡਵੋਕੇਟਾਂ ਦਾ ਇਕ ਵਰਗ ਇਨ੍ਹਾਂ ਖਿਲਾਫ ਆਵਾਜ਼ ਉਠਾਉਂਦਾ ਆ ਰਿਹਾ ਹੈ।

## ਮੁਕੇਰੀਆਂ 'ਚ ਥਰਮਲ ਪਲਾਂਟ ਲੱਗਣ ਦੀ ਆਸ ਬੱਝੀ

**ਚੰਡੀਗੜ੍ਹ:** ਮੁਕੇਰੀਆਂ ਵਿਚ ਲੱਗਣ ਵਾਲਾ 1320 ਮੈਗਾਵਾਟ ਦਾ ਪਲਾਂਟ ਹੁਣ ਹਕੀਕਤ ਵਿਚ ਬਦਲ ਗਿਆ ਹੈ ਤੇ ਪੰਜਾਬ ਨੂੰ ਕੇਂਦਰ ਸਰਕਾਰ ਨੇ ਪੱਛਮੀ ਬੰਗਾਲ ਵਿਚ 2290 ਲੱਖ ਟਨ ਦਾ ਕੋਲ ਬਲਾਕ ਅਲਾਟ ਕਰ ਦਿੱਤਾ ਹੈ ਤੇ ਹੁਣ ਮੁਕੇਰੀਆਂ ਵਿਚ 1320 ਮੈਗਾਵਾਟ ਦਾ ਪਲਾਂਟ ਲੱਗਣਾ ਯਕੀਨੀ ਬਣ ਗਿਆ ਹੈ। ਇਹ ਥਰਮਲ ਪਲਾਂਟ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ (ਪੀਐਸਪੀਸੀਐਲ) ਵੱਲੋਂ ਲਾਇਆ ਜਾਣਾ ਹੈ।

ਪੰਜਾਬ ਨੂੰ ਦੇਓਚਾ ਪੱਛਮੀ ਵਿਚ 14 ਹੋਰ ਰਾਜਾਂ ਸਣੇ ਕੋਲ ਬਲਾਕ ਅਲਾਟ ਕੀਤੇ ਗਏ ਹਨ ਤੇ ਖਾਸ ਤੌਰ 'ਤੇ ਕਈ ਵੱਡੇ ਰਾਜਾਂ ਨਾਲੋਂ ਪੰਜਾਬ ਨੂੰ ਕੋਲੇ ਦਾ ਵੱਡਾ ਭੰਡਾਰ ਮਿਲਿਆ ਹੈ। ਹਰਿਆਣਾ ਨੂੰ 510 ਲੱਖ ਟਨ ਕੋਲੇ ਦਾ ਭੰਡਾਰ ਮਿਲਿਆ ਹੈ। ਪ੍ਰਿੰਸੀਪਲ ਸਕੱਤਰ (ਊਰਜਾ) ਅਨਿਰੁੱਧ ਤਿਵਾੜੀ ਨੇ ਦੱਸਿਆ ਕਿ ਕੋਲ ਬਲਾਕ ਅਲਾਟ ਹੋਣ ਨਾਲ ਕੋਲੇ ਦੀ ਸਪਲਾਈ ਯਕੀਨੀ ਬਣੇਗੀ ਤੇ ਭਵਿੱਖ ਵਿਚ ਬਿਜਲੀ ਸਪਲਾਈ ਤੇ ਬਿਜਲੀ ਉਤਪਾਦਨ ਲਈ ਪਲਾਂਟਾਂ ਦਾ ਲੱਗਣਾ ਵੀ ਯਕੀਨੀ ਬਣੇਗਾ। ਉਨ੍ਹਾਂ ਕਿਹਾ ਕਿ ਮੁਕੇਰੀਆਂ ਵਿਚ ਲੱਗਣ ਵਾਲੇ 1320 ਮੈਗਾਵਾਟ ਦੇ ਥਰਮਲ ਪਲਾਂਟ ਨੂੰ ਸਰਕਾਰ ਪਹਿਲਾਂ ਹੀ ਮਨਜ਼ੂਰ ਕਰ ਚੁੱਕੀ ਹੈ ਤੇ ਹੁਣ ਸਰਕਾਰ ਨੇ ਰੋਪੜ 'ਚ 1260 ਮੈਗਾਵਾਟ ਦੀ ਥਾਂ 4800 ਮੈਗਾਵਾਟ ਦਾ ਪ੍ਰਾਜੈਕਟ ਲਾਉਣ ਨੂੰ ਵੀ ਸਿਧਾਂਤਕ ਤੌਰ 'ਤੇ ਮਨਜ਼ੂਰੀ ਦੇ ਦਿੱਤੀ ਹੈ।

ਜ਼ਿਕਰਯੋਗ ਹੈ ਕਿ ਰੋਪੜ ਵਿਚ ਥਰਮਲ ਪਲਾਂਟ ਅਗਲੇ ਪੰਜ ਸਾਲ ਵਿਚ ਆਪਣੀ ਮਿਆਦ

### ਕੇਂਦਰ ਸਰਕਾਰ ਵੱਲੋਂ 2290 ਲੱਖ ਟਨ ਕੋਲੇ ਦਾ ਭੰਡਾਰ ਅਲਾਟ



ਪੂਰੀ ਕਰ ਲਵੇਗਾ। ਉਨ੍ਹਾਂ ਕਿਹਾ ਕਿ ਇਸ ਨਾਲ ਅਗਲੇ ਪੰਜ ਸਾਲ ਵਿਚ ਮੁਕੇਰੀਆਂ ਵਿਚ ਥਰਮਲ ਪਲਾਂਟ ਦੀ ਉਸਾਰੀ ਕਰਨ ਦੇ ਸਮਰੱਥ ਹੋਇਆ ਜਾ ਸਕੇਗਾ ਤੇ ਇਸ ਦੇ ਨਾਲ ਹੀ ਰੋਪੜ ਵਿਚ ਨਵੇਂ ਸੁਪਰ ਕ੍ਰਿਟੀਕਲ ਥਰਮਲ ਪਲਾਂਟ 'ਤੇ ਵੀ ਕੰਮ ਸ਼ੁਰੂ ਹੋ ਜਾਵੇਗਾ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਪੰਜਾਬ ਵਿਚ ਤਿੰਨ ਨਵੇਂ ਥਰਮਲ ਪਲਾਂਟ ਲੱਗ ਰਹੇ ਹਨ। ਇਨ੍ਹਾਂ ਵਿਚ 540 ਮੈਗਾਵਾਟ ਦਾ ਪਲਾਂਟ ਗੋਇੰਦਵਾਲ ਸਾਹਿਬ ਵਿਚ, ਰਾਜਪੁਰਾ ਵਿਚ 1400 ਮੈਗਾਵਾਟ ਦੇ ਪਲਾਂਟ ਨੂੰ ਪਹਿਲਾਂ ਹੀ ਕੋਲਾ ਮਿਲਣ ਲੱਗਾ ਹੈ। ਤਲਵੰਡੀ ਸਾਬੋ ਵਿਚ ਪਲਾਂਟ ਲਈ ਤਕਨੀਕੀ ਅੜਿੱਕਾ ਇਹ ਹੈ ਕਿ ਕੰਪਨੀ ਨੇ 1800 ਮੈਗਾਵਾਟ ਦੀ ਪ੍ਰਵਾਨਗੀ ਲਈ ਸੀ ਪਰ ਕੰਪਨੀ ਨੇ ਪਲਾਂਟ ਦੀ ਸਮਰੱਥਾ ਵਧਾ ਕੇ 1980 ਮੈਗਾਵਾਟ ਕਰ ਦਿੱਤੀ।

## ਬਾਦਲ ਵੱਲੋਂ ਕੇਂਦਰ ਉਤੇ ਪੰਜਾਬ ਦੀ ਅਣਦੇਖੀ ਦਾ ਫਿਰ ਦੋਸ਼

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰ ਸਰਕਾਰ ਨੂੰ ਚਿਤਾਵਨੀ ਦਿੱਤੀ ਕਿ ਜੇ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼ ਤੇ ਉੱਤਰਾਖੰਡ ਲਈ ਸਨਅਤੀ ਰਿਆਇਤਾਂ ਨਵਿਆਉਣ ਮੌਕੇ ਪੰਜਾਬ ਨੂੰ ਅਣਗੌਲਿਆਂ ਰੱਖ ਕੇ ਕੋਈ ਕਦਮ ਚੁੱਕਿਆ ਗਿਆ ਤਾਂ ਇਸ ਦੇ ਸਿਆਸੀ ਤੇ ਅਮਨ-ਕਾਨੂੰਨ ਪੱਖੋਂ ਗੰਭੀਰ ਨਤੀਜੇ ਨਿਕਲਣਗੇ। ਮੁੱਖ ਮੰਤਰੀ ਨੇ ਇਸ ਬਾਰੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਸਿੱਧੇ ਦਖ਼ਲ ਦੀ ਮੰਗ ਕਰਦਿਆਂ ਆਖਿਆ ਕਿ ਪੰਜਾਬ ਨੂੰ ਹੋਰ ਬਰਬਾਦ ਹੋਣ ਤੋਂ ਬਚਾਉਣ ਲਈ ਸਨਅਤੀ ਤੇ ਹੋਰ ਆਰਥਿਕ ਰਿਆਇਤਾਂ ਮੌਕੇ ਗੁਆਂਢੀ ਸੂਬਿਆਂ ਵਾਂਗ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ।

ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਸ. ਬਾਦਲ ਨੇ ਆਖਿਆ ਕਿ ਇਨ੍ਹਾਂ ਗੁਆਂਢੀ ਸੂਬਿਆਂ ਨੂੰ ਪਹਿਲਾਂ ਹੀ ਦਿੱਤੇ ਰਾਹਤ ਪੈਕੇਜਾਂ ਕਾਰਨ ਸੂਬੇ ਦੀ ਅਰਥ-ਵਿਵਸਥਾ ਤਬਾਹ ਹੋ ਚੁੱਕੀ ਹੈ ਤੇ ਜੇ ਇਹ ਫੈਸਲਾ ਦੁਹਰਾਇਆ ਗਿਆ ਤਾਂ ਨੌਜਵਾਨਾਂ ਵਿਚ ਬੇਚੈਨੀ ਤੇ ਬੇਗਾਨਗੀ ਦੀ ਭਾਵਨਾ ਵਧੇਗੀ ਜਿਸ ਨਾਲ ਸਿਆਸੀ ਤੇ ਅਮਨ-ਕਾਨੂੰਨ



ਪੱਖੋਂ ਗੰਭੀਰ ਸਿੱਟੇ ਨਿਕਲਣਗੇ।

ਸ. ਬਾਦਲ ਨੇ ਖਾੜਕੂਵਾਦ ਦੇ ਲੰਮੇ ਦੌਰ ਦਾ ਵੀ ਹਵਾਲਾ ਦਿੱਤਾ ਜਿਸ ਨਾਲ ਸੂਬੇ ਦੀ ਆਰਥਿਕਤਾ, ਵਿਕਾਸ ਤੇ ਤਰੱਕੀ ਖਾਸ ਕਰਕੇ ਸਨਅਤੀ ਖੇਤਰ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ। ਇਨ੍ਹਾਂ ਕਾਰਨਾਂ ਕਰਕੇ ਇਸ ਸਮੇਂ ਦੌਰਾਨ ਪੰਜਾਬ ਤੋਂ ਜਿੰਨੇ ਵੱਡੇ ਪੱਧਰ 'ਤੇ ਸਨਅਤ ਨੇ ਹੋਰ ਸੂਬਿਆਂ ਵੱਲ ਹਿਜਰਤ ਕੀਤੀ, ਉਸ ਦੀ ਮਿਸਾਲ ਦੇਸ਼ ਵਿਚ ਹੋਰ ਕਿਧਰੇ ਨਹੀਂ ਮਿਲਦੀ। ਮੁੱਖ ਮੰਤਰੀ ਨੇ ਆਖਿਆ ਕਿ ਜਦੋਂ ਪੰਜਾਬੀ ਆਪਣੀ ਆਰਥਿਕਤਾ ਤੇ ਸੂਬੇ ਨੂੰ ਮਜ਼ਬੂਤ ਕਰਨ ਵਿਚ ਬਹਾਦਰੀ ਨਾਲ ਲੱਗੇ ਹੋਏ ਹਨ ਤਾਂ ਉਸ ਵੇਲੇ ਗੁਆਂਢੀ ਸੂਬਿਆਂ ਨੂੰ ਉਦਯੋਗਕ ਰਿਆਇਤਾਂ ਦੇ ਕੇ ਵਪਾਰਕ ਤੇ ਸਨਅਤੀ ਢਾਂਚੇ ਦਾ ਬੁਰੀ ਤਰ੍ਹਾਂ ਨੁਕਸਾਨ ਕੀਤਾ ਜਾ ਰਿਹਾ ਹੈ।

ਪੰਜਾਬ ਕਿਸੇ ਹੋਰ ਸੂਬੇ ਨੂੰ ਰਿਆਇਤਾਂ ਦੇਣ ਦੇ ਖਿਲਾਫ ਨਹੀਂ ਪਰ ਪੰਜਾਬ ਵੀ ਅਜਿਹੀਆਂ ਰਿਆਇਤਾਂ ਲੈਣ ਦਾ ਹੱਕਦਾਰ ਹੈ ਜਿਸ ਕਰਕੇ ਸੂਬੇ ਨਾਲ ਵਿਤਕਰਾ ਨਾ ਕੀਤਾ ਜਾਵੇ। ਦੂਜੇ ਸੂਬਿਆਂ ਨੂੰ ਦਿੱਤੀਆਂ ਗਈਆਂ ਰਿਆਇਤਾਂ ਮੌਕੇ ਪੰਜਾਬ ਨੂੰ ਬਾਹਰ ਰੱਖਣ ਦਾ ਦਿੱਤਾ ਜਾ ਰਿਹਾ ਕਾਰਨ ਵੀ ਤਰਕਹੀਣ ਹੈ। ਉਨ੍ਹਾਂ ਆਖਿਆ ਕਿ ਪੰਜਾਬ ਪੂਰੀ ਤਰ੍ਹਾਂ ਜ਼ਮੀਨ ਨਾਲ ਘਿਰਿਆ ਸੂਬਾ ਹੋਣ ਕਰਕੇ ਇਸ ਨੂੰ ਵੀ ਕਈ ਔਕੜਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਇਕ ਗੁਆਂਢੀ ਮੁਲਕ ਨਾਲ ਲੰਮੀ ਸਰਹੱਦ ਲਗਦੀ ਹੈ।

### ਕਾਂਗਰਸੀਆਂ ਨੇ ਵੀ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਕੋਲ ਮੁੱਦਾ ਉਠਾਇਆ

**ਚੰਡੀਗੜ੍ਹ:** ਕਾਂਗਰਸ ਦੇ ਵਿਧਾਇਕ ਓ.ਪੀ. ਸੋਨੀ ਦੀ ਅਗਵਾਈ ਹੇਠ ਵਫ਼ਦ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨਾਲ ਮੁਲਾਕਾਤ ਕਰਕੇ ਰਾਜ ਦੇ ਵਿਕਾਸ ਲਈ ਮੰਗ ਪੱਤਰ ਦਿੱਤਾ। ਵਫ਼ਦ ਨੇ ਪ੍ਰਧਾਨ ਮੰਤਰੀ ਨਾਲ ਉਨ੍ਹਾਂ ਦੇ ਨਿਵਾਸ ਅਸਥਾਨ 'ਤੇ ਮੁਲਾਕਾਤ ਕੀਤੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਧਿਆਨ ਵਿਚ ਲਿਆਂਦਾ ਕਿ ਪੰਜਾਬ ਦੀ ਆਰਥਿਕਤਾ ਹੇਠਾਂ ਡਿੱਗ ਗਈ ਹੈ ਤੇ ਪ੍ਰਤੀ ਵਿਅਕਤੀ ਆਮਦਨ ਪੱਖੋਂ ਇਸ ਦਾ ਸਥਾਨ ਛੇਵੇਂ ਤੋਂ 12ਵੇਂ ਥਾਂ 'ਤੇ ਆ ਡਿੱਗਿਆ ਹੈ। ਵਫ਼ਦ ਨੇ ਪ੍ਰਧਾਨ ਮੰਤਰੀ ਨੂੰ ਕਈ ਸੁਝਾਅ ਦਿੱਤੇ ਤਾਂ ਕਿ ਰਾਜ ਦੀ ਆਰਥਿਕਤਾ ਨੂੰ ਹੁਲਾਰਾ ਮਿਲ ਸਕੇ। ਵਫ਼ਦ ਨੇ ਪ੍ਰਧਾਨ ਮੰਤਰੀ ਨਾਲ 45 ਮਿੰਟ ਮੁਲਾਕਾਤ ਕੀਤੀ ਤੇ ਉਨ੍ਹਾਂ ਨੇ ਰਾਜ ਦੇ ਵਿਕਾਸ ਵਿਚ ਡੂੰਘੀ ਦਿਲਚਸਪੀ ਦਿਖਾਈ ਹੈ।

## ਪੰਜਾਬ ਸਰਕਾਰ ਨੇ ਪੰਜ ਹਜ਼ਾਰ ਨਾਜਾਇਜ਼ ਕਲੋਨੀਆਂ ਬਣਾਈਆਂ ਜਾਇਜ਼

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪੰਜ ਹਜ਼ਾਰ ਨਾਜਾਇਜ਼ ਕਲੋਨੀਆਂ ਨੂੰ ਜਾਇਜ਼ ਬਣਾ ਦਿੱਤਾ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਥਾਨਕ ਸਰਕਾਰਾਂ ਤੇ ਸ਼ਹਿਰੀ ਵਿਕਾਸ ਵਿਭਾਗਾਂ ਨੂੰ ਕਿਹਾ ਹੈ ਕਿ ਮੰਤਰੀ ਮੰਡਲ ਵੱਲੋਂ ਮਨਜ਼ੂਰ ਕੀਤੀ ਨੀਤੀ ਤਹਿਤ ਗੈਰਕਾਨੂੰਨੀ ਕਲੋਨੀਆਂ ਨੂੰ ਜਾਇਜ਼ ਕਰਨ ਲਈ ਮੁਹਿੰਮ ਸ਼ੁਰੂ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਕਲੋਨੀਆਂ ਨੂੰ ਨਵੀਂ ਨੀਤੀ ਤਹਿਤ ਮਾਨਤਾ ਦੇਣ ਦਾ ਫੈਸਲਾ ਕੀਤਾ ਗਿਆ ਸੀ।

ਉਪ ਮੁੱਖ ਮੰਤਰੀ ਨੇ ਸਥਾਨਕ ਸਰਕਾਰਾਂ ਤੇ ਸ਼ਹਿਰੀ ਵਿਕਾਸ ਵਿਭਾਗਾਂ ਨੂੰ ਕਿਹਾ ਹੈ ਕਿ ਗੈਰਕਾਨੂੰਨੀ ਕਲੋਨੀਆਂ ਨੂੰ ਕਾਨੂੰਨੀ ਮਾਨਤਾ ਦੇਣ ਲਈ ਉਥੇ ਸਾਂਝੇ ਤੌਰ 'ਤੇ ਕੈਂਪ ਲਾਉਣ ਤੇ ਲੋਕਾਂ ਨੂੰ ਸਾਰੀ ਪ੍ਰਕਿਰਿਆ ਬਾਰੇ ਜਾਣਕਾਰੀ ਮੁਹੱਈਆ ਕਰਵਾਉਣ। ਨਗਰ ਨਿਗਮਾਂ ਹੱਦ ਅੰਦਰ ਆਉਂਦੀਆਂ ਕਲੋਨੀਆਂ ਨੂੰ ਕਾਨੂੰਨੀ ਮਾਨਤਾ ਦੇਣ ਦੀ ਜ਼ਿੰਮੇਵਾਰੀ ਸਥਾਨਕ ਸਰਕਾਰਾਂ ਵਿਭਾਗ ਦੀ ਹੋਵੇਗੀ ਜਦਕਿ ਨਿਗਮਾਂ ਦੀ ਹੱਦ ਤੋਂ ਬਾਹਰਲੀਆਂ ਕਲੋਨੀਆਂ ਸ਼ਹਿਰੀ ਵਿਕਾਸ ਵਿਭਾਗ ਤਹਿਤ ਆਉਣਗੀਆਂ।

# ਐ ਨੌਜਵਾਨੋ, ਯਾਦ ਕਰ ਲੇਨਾ ਹਮ ਕੋ ਭੀ, ਭੂਲੇ ਭਟਕੇ...

ਕੀ ਕੋਈ ਤੱਥ ਨਜ਼ਰੀਆ ਹੋ ਸਕਦੇ ਹਨ?...ਜਾਂ ਕੁਝ ਤੱਥ ਬੀਤੇ ਵੇਲਿਆਂ ਨਾਲ ਜੋੜ ਕੇ ਕੋਈ ਨਜ਼ਰੀਆ ਉਸਾਰਿਆ ਜਾ ਸਕਦਾ ਹੈ?

ਸੱਤਾ ਦੇ ਐਨ ਹੇਠਲੀਆਂ ਪਰਤਾਂ ਵਿਚ ਬਹੁਤ ਕੁਝ ਅਜਿਹਾ ਹੈ ਜਿਸ ਨੂੰ ਫਰੋਲਣ ਦੀ ਬੜੀ ਲੋੜ ਹੈ। ਇਸ ਨਾਲ ਭਾਰਤ ਦੀ ਆਜ਼ਾਦੀ ਅਤੇ ਇਸ ਆਜ਼ਾਦੀ ਲਈ ਲੜੇ ਗਏ ਸੰਘਰਸ਼ ਬਾਰੇ ਕੁਝ ਲੋਕਾਂ ਦਾ ਟੀਰ ਵੀ ਸਾਹਮਣੇ ਆ ਜਾਂਦਾ ਹੈ। ਇਤਿਹਾਸ ਦੀਆਂ ਪਾਠ ਪੁਸਤਕਾਂ ਵਿਚ ਭਗਤ ਸਿੰਘ ਦਾ ਜ਼ਿਕਰ ਬੱਸ ਮਾੜਾ ਮੋਟਾ ਹੀ ਆਉਂਦਾ ਹੈ। ਕਾਮਾਗਾਟਾਮਾਰੂ ਦਾ ਜ਼ਿਕਰ ਤਾਂ ਥੋੜ੍ਹੀ ਕੀਤੇ ਆਉਂਦਾ ਹੀ ਨਹੀਂ। ਗਦਰੀਆਂ ਨਾਲ ਵੀ ਇਹੀ ਵਿਹਾਰ ਕੀਤਾ ਗਿਆ। ਅਸਲ ਵਿਚ ਇਹ ਇਨਕਲਾਬੀ ਕਾਂਗਰਸ ਦੀ ਅਖੌਤੀ ਅਹਿੰਸਾ ਵਾਲੀ ਸਿਆਸਤ ਵਿਚ ਫਿੱਟ ਨਹੀਂ ਸਨ ਬੈਠਦੇ। ਇਸ ਲਈ ਮੁੱਖ ਧਾਰਾ ਇਤਿਹਾਸ ਵਿਚੋਂ ਇਨ੍ਹਾਂ ਨੂੰ ਲਾਂਭੇ ਕਰ ਦਿੱਤਾ ਗਿਆ। ਅਜਿਹੇ ਬਹੁਤ ਸਾਰੇ ਦੇਸ਼ ਭਗਤ ਹਨ ਜਿਨ੍ਹਾਂ ਨੂੰ ਇਸੇ ਤਰ੍ਹਾਂ ਇਤਿਹਾਸ ਵਿਚੋਂ ਬੇਦਖਲ ਕਰ ਦਿੱਤਾ ਗਿਆ। ਇਨ੍ਹਾਂ ਵਿਚੋਂ ਇਕ ਨਾਂ ਕਿਦਾਰ ਨਾਥ ਸਹਿਗਲ ਦਾ ਵੀ ਹੈ। ਕਿਦਾਰ ਨਾਥ ਦਾ ਜਨਮ ਸਿਆਲਕੋਟ



**ਸੰਜਮਪ੍ਰੀਤ ਸਿੰਘ**
ਫੋਨ: 91-98720-21979

(ਹੁਣ ਪਾਕਿਸਤਾਨ) 1898 ਨੂੰ ਹੋਇਆ ਸੀ। ਉਦੋਂ ਉਹ ਅਜੇ ਸਕੂਲ ਵਿਚ ਹੀ ਪੜ੍ਹਦੇ ਸਨ ਕਿ ਇਨਕਲਾਬੀ ਖਿਆਲਾਂ ਨਾਲ ਇਕ-ਮਿਕ ਹੋ ਗਏ। ਇਹ ਸਾਰਾ ਕੁਝ ਸਕੂਲ ਦੇ ਹੈੱਡਮਾਸਟਰ ਦੀ ਸਰਪ੍ਰਸਤੀ ਹੇਠ ਹੋਇਆ ਜੋ ਖੁਦ ਬੜੇ ਯੁੱਗ ਪਲਟਾਊ (ਰੈਡੀਕਲ) ਵਿਚਾਰਾਂ ਵਾਲਾ ਸੀ। ਫਿਰ ਕਿਦਾਰ ਨਾਥ ਦੇ ਇਹ ਇਨਕਲਾਬੀ ਵਿਚਾਰ ਹੀ ਉਸ ਨੂੰ ਇਨਕਲਾਬੀਆਂ ਦੇ ਨੇੜੇ ਲੈ ਗਏ। ਚੜ੍ਹਦੀ ਉਮਰੇ ਹੀ ਉਸ ਦਾ ਸੰਪਰਕ ਗਦਰੀਆਂ ਨਾਲ ਹੋ ਗਿਆ ਅਤੇ 17 ਸਾਲ ਦੀ ਉਮਰ ਵਿਚ ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਉਸ ਦੀ ਗ੍ਰਿਫ਼ਤਾਰੀ ਹੋ ਗਈ। ਉਦੋਂ ਉਹ ਇਕ ਸਾਲ ਜੇਲ੍ਹ ਵਿਚ ਰਹੇ।

ਕਿਦਾਰ ਨਾਥ ਖੁਦ ਪੱਕੇ ਕਾਂਗਰਸੀ ਸਨ, ਪਰ ਮਹਾਤਮਾ ਗਾਂਧੀ ਦੇ ਵੱਡੇ ਨੁਕਤਾਚੀਨ ਵੀ ਸਨ। ਉਨ੍ਹਾਂ ਦਾ ਖਿਆਲ ਸੀ ਕਿ ਦੇਸ਼ ਦੀ ਆਜ਼ਾਦੀ ਹਰ ਕੀਮਤ ਅਤੇ ਹਰ ਢੰਗ ਤਰੀਕੇ ਨਾਲ ਹਾਸਲ ਕੀਤੀ ਜਾਣੀ ਚਾਹੀਦੀ ਹੈ। ਠੀਕ ਹੈ ਕਿ ਹਿੰਸਾ ਦੀ ਵਰਤੋਂ ਨਹੀਂ ਹੋਣੀ ਚਾਹੀਦੀ, ਪਰ ਜੇ ਲੋੜ ਪਵੇ ਤਾਂ ਹਥਿਆਰਾਂ ਨਾਲ ਵੀ ਹੱਥ ਦਿਖਾਉਣੇ ਜ਼ਰੂਰੀ ਹਨ। ਕਿਦਾਰ ਨਾਥ ਦੇ ਪੁੱਤਰ ਅਸ਼ੋਕ ਸਹਿਗਲ ਜੋ ਅੱਜਕੱਲ੍ਹ ਹਰਿਆਣਾ ਦੇ ਸ਼ਹਿਰ ਅੰਬਾਲਾ ਵਿਚ ਰਹਿੰਦੇ ਹਨ, ਆਪਣੇ ਬਾਪੂ ਨੂੰ ਇਉਂ ਯਾਦ ਕਰਦੇ ਹਨ, "ਇਕ ਵਾਰ ਉਨ੍ਹਾਂ ਨੇ ਇਹ ਕਹਿ ਕੇ ਗਾਂਧੀ ਦੀ ਬਹੁਤ ਤਿੱਖੀ ਆਲੋਚਨਾ ਕੀਤੀ ਕਿ ਉਹ (ਗਾਂਧੀ) ਆਪਣੀਆਂ ਗੈਰ-ਸਿਆਸੀ ਸਰਗਰਮੀਆਂ ਨਾਲ ਸਿਆਸਤ ਦਾ ਬੇੜਾ ਡੋਬ ਰਹੇ ਹਨ। ਇਸੇ ਤਰ੍ਹਾਂ ਮੁੰਬਈ ਵਿਚ ਕਾਂਗਰਸ ਦੇ ਇਕ ਗੁਪਤ ਸੈਸ਼ਨ ਦੌਰਾਨ ਉਨ੍ਹਾਂ ਕਿਹਾ ਕਿ ਭਾਰਤ ਨੂੰ ਅਜਿਹੇ ਲੀਡਰ ਦੀ ਜ਼ਰੂਰਤ ਹੈ ਜਿਹੜਾ ਅੰਗਰੇਜ਼ਾਂ ਖਿਲਾਫ਼ ਜੰਗ ਦੇ ਮੈਦਾਨ ਵਿਚ ਜੰਗ ਦਾ ਐਲਾਨ ਕਰੇ; ਅਜਿਹੇ ਸਾਧੂ ਦੀ ਕੋਈ ਲੋੜ ਨਹੀਂ ਜਿਹੜਾ ਰਹੱਸਵਾਦ ਅਤੇ ਰੂਹ ਦੀ ਸਰਦਾਰੀ ਦੇ ਸਬਕ ਲੋਕਾਂ ਨੂੰ ਪੜ੍ਹਾਵੇ।" ਪ੍ਰਸਿੱਧ ਅਖ਼ਬਾਰ 'ਸਟੇਟਸਮੈਨ' ਨੇ ਆਪਣੇ 8 ਜੂਨ 1962 ਵਾਲੇ ਅੰਕ ਵਿਚ ਲਿਖਿਆ, "ਉਹ ਬੰਦੇ ਵਜੋਂ ਮਹਾਤਮਾ ਗਾਂਧੀ ਦੀ ਬਹੁਤ ਕਦਰ ਕਰਦੇ ਸਨ, ਪਰ ਉਨ੍ਹਾਂ ਦਾ ਵਿਸ਼ਵਾਸ ਸੀ ਕਿ ਗਾਂਧੀ ਜੀ ਲੋਕਾਂ ਦੇ ਸਹਿਯੋਗ ਤੋਂ ਬਿਨਾਂ ਦੇਸ਼ ਨੂੰ ਆਜ਼ਾਦ ਨਹੀਂ ਕਰਵਾ ਸਕਦੇ। ਅੰਗਰੇਜ਼ਾਂ ਨੂੰ ਤਾਂ ਭਾਰਤ ਵਿਚੋਂ ਡੰਡੇ ਨਾਲ ਹੀ ਕੱਢਿਆ ਜਾ ਸਕਦਾ ਸੀ।"

ਕਿਦਾਰ ਨਾਥ 1947 ਵਿਚ ਹੋਏ ਘੱਲੂਘਾਰੇ ਤੋਂ ਵੀ ਬੜੇ ਦੁਖੀ ਸਨ। ਅਸ਼ੋਕ ਸਹਿਗਲ ਦੱਸਦੇ ਹਨ, "ਭਾਰਤ ਨੇ ਸਿਆਸੀ ਆਜ਼ਾਦੀ ਤਾਂ



ਹਾਸਲ ਕਰ ਲਈ ਸੀ, ਪਰ ਆਰਥਿਕ ਆਜ਼ਾਦੀ ਅੱਧਵਾਟੇ ਹੀ ਰਹਿ ਗਈ ਸੀ।" ਕਿਦਾਰ ਨਾਥ ਦਾ ਸੋਚਣਾ ਸੀ ਕਿ ਆਜ਼ਾਦੀ ਤੋਂ ਬਾਅਦ ਲੋਕ ਅਮਨ ਅਤੇ ਸਦਭਾਵਨਾ ਨਾਲ ਰਹਿਣਗੇ, ਪਰ ਹੋਇਆ ਇਸ ਤੋਂ ਉਲਟ। ਆਜ਼ਾਦੀ ਤੋਂ ਬਾਅਦ ਹਿੰਦੂ, ਮੁਸਲਿਮ ਕਤਲੋਗਾਰਤ ਨੇ ਉਨ੍ਹਾਂ ਨੂੰ ਤੋੜ ਕੇ ਰੱਖ ਦਿੱਤਾ। ਇਸੇ ਨਿਰਾਸ਼ਾ ਤੋਂ ਉਨ੍ਹਾਂ 25 ਫਰਵਰੀ 1963 ਤੱਕ ਆਪਣੀ ਮੌਤ ਤੱਕ ਕਾਲਾ ਲਿਬਾਸ ਪਾਈ ਰੱਖਿਆ। ਅੰਗਰੇਜ਼ਾਂ ਦੇ ਰਾਜ ਖ਼ਿਲਾਫ਼ ਵੀ ਉਨ੍ਹਾਂ ਦਾ ਇਹੀ ਤਰੀਕਾ ਸੀ। ਉਦੋਂ ਉਹ 'ਸਿਆਹਪੋਸ਼ ਜਰਨੈਲ' ਵਜੋਂ ਮਸ਼ਹੂਰ ਹੋ ਗਏ ਸਨ। ਉਨ੍ਹਾਂ ਨੇ ਕਿਤੇ ਲਿਖਿਆ ਹੈ ਕਿ ਉਨ੍ਹਾਂ ਨੂੰ ਭਾਰਤ ਦੀ ਮਿਲੀ ਆਜ਼ਾਦੀ ਦਾ ਕੋਈ ਪਤਾ ਨਹੀਂ ਲੱਗਿਆ। ਇਸ ਬਾਰੇ ਉਨ੍ਹਾਂ ਨਾਲ ਇਕ ਘਟਨਾ ਜੁੜੀ ਹੋਈ ਹੈ। ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਨੇ ਉਨ੍ਹਾਂ ਨੂੰ ਅਪੀਲ ਕੀਤੀ- "ਸਹਿਗਲ ਸਾਹਿਬ, ਅਬ ਤੋ ਕਾਲੇ ਕੱਪੜੇ ਛੋੜ ਦੋ।" ਉਨ੍ਹਾਂ ਦਾ ਕਹਿਣਾ ਸੀ- "ਨਹੀਂ, ਮੇਰੇ ਕੱਪੜੇ ਆਪ ਕੀ ਸਰਕਾਰ ਕੀ ਕਸੌਟੀ ਹੈਂ।"...ਤੇ ਜਵਾਹਰ ਲਾਲ ਨਹਿਰੂ ਕੋਲ ਇਸ ਜਵਾਬ ਦਾ ਕੋਈ ਜਵਾਬ ਨਹੀਂ ਸੀ।

ਕਿਦਾਰ ਨਾਥ ਨੇ 1945 ਵਿਚ ਲਾਹੌਰ ਤੋਂ ਚੋਣ ਲੜੀ। ਉਦੋਂ ਉਹ ਜੇਲ੍ਹ ਵਿਚ ਬੰਦ ਸਨ। ਉਨ੍ਹਾਂ ਦੀ ਚੋਣ ਮੁਹਿੰਮ ਦੌਰਾਨ ਉਨ੍ਹਾਂ ਦੇ ਸਮਰਥਕਾਂ ਨੇ ਇਕ ਪੋਸਟਰ ਬਣਾਇਆ ਜਿਸ ਵਿਚ ਸੀਖਾਂ ਪਿੱਛੇ ਉਨ੍ਹਾਂ ਦੀ ਫੋਟੋ ਲਾਈ ਗਈ ਅਤੇ ਹੇਠਾਂ ਇਕ ਕਵਿਤਾ; ਕਵਿਤਾ ਦੇ ਬੋਲ ਸਨ- "ਐ ਨੌਜਵਾਨੋ, ਕਭੀ ਤੁਮਹਾਰੇ ਦਿਲ ਮੇਂ ਖਟਕੇ; ਯਾਦ ਕਰ ਲੇਨਾ, ਹਮ ਕੋ ਭੀ ਭੂਲੇ ਭਟਕੇ।"

ਪਤਾ ਨਹੀਂ ਕਿਦਾਰ ਨਾਥ ਸਹਿਗਲ ਨੂੰ ਪਤਾ ਸੀ ਜਾਂ ਨਹੀਂ, ਕਿ ਉਨ੍ਹਾਂ ਦਾ ਨਾਮ ਇਤਿਹਾਸ ਵਿਚੋਂ ਗੁਆਚ ਜਾਵੇਗਾ, ਪਰ ਉਨ੍ਹਾਂ ਦਾ ਜੀਵਨ ਸਫਰ ਅਜਿਹਾ ਹੈ ਜਿਸ ਦੀ ਚਰਚਾ ਕਰਨੀ ਬਣਦੀ ਹੈ। ਉਹ ਕਿਸੇ ਵੀ ਸੂਰਤ ਵਿਚ ਗਾਂਧੀ ਜਾਂ ਨਹਿਰੂ ਤੋਂ ਘੱਟ ਨਹੀਂ ਸਨ, ਪਰ ਕਿਸੇ ਵੀ ਇਤਿਹਾਸਕਾਰ ਨੇ ਉਨ੍ਹਾਂ ਦੀ ਜੀਵਨ ਕਹਾਣੀ ਸੁਣਾਉਣ ਦਾ ਹੀਆ ਨਹੀਂ ਕੀਤਾ।

1945 ਦੀ ਦੀਵਾਲੀ ਨੂੰ ਕਿਦਾਰ ਨਾਥ ਸਹਿਗਲ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

**ਸਿਦਕ ਨੂੰ ਸਲਾਮ**

ਅਗਲੇ ਦਿਨ ਉਨ੍ਹਾਂ ਦੀ ਜ਼ਮਾਨਤ ਰੱਦ ਕਰ ਦਿੱਤੀ ਗਈ ਤਾਂ ਉਦੋਂ ਉਨ੍ਹਾਂ ਦਾ 8 ਸਾਲ ਦਾ ਪੁੱਤਰ ਅਸ਼ੋਕ ਸਹਿਗਲ ਰੋਣ ਲੱਗ ਪਿਆ। ਇਸ 'ਤੇ ਕਿਦਾਰ ਨਾਥ ਨੇ ਉਸ ਦੇ ਚਪੇੜ ਕੱਢ ਮਾਰੀ ਤੇ ਕਿਹਾ, "ਮੇਰਾ ਬੇਟਾ ਹੋ ਕੇ ਰੋ ਰਹਾ ਹੈ।"

ਅਸ਼ੋਕ ਸਹਿਗਲ ਜਿਨ੍ਹਾਂ ਦੀ ਉਮਰ ਹੁਣ 75 ਸਾਲ ਹੈ ਅਤੇ ਉਹ ਹਰਿਆਣਾ ਲੋਕ ਸੰਪਰਕ ਵਿਭਾਗ ਦੇ ਜੁਆਇੰਟ ਡਾਇਰੈਕਟਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ, ਦੱਸਦੇ ਹਨ ਕਿ ਉਨ੍ਹਾਂ ਦੇ ਪਿਤਾ ਬੜੇ ਸਖ਼ਤ ਸਨ।

## ਜੀਵਨ ਸਫਰ: ਕਿਦਾਰ ਨਾਥ ਸਹਿਗਲ

*1898: ਸਿਆਲਕੋਟ ਦੇ ਇਕ ਅਮੀਰ ਪਰਿਵਾਰ ਵਿਚ ਜਨਮ। ਉਨ੍ਹਾਂ ਦੇ ਪਿਤਾ ਦੀਵਾਨ ਭਾਗਮੱਲ ਲਾਹੌਰ ਵਿਚ ਡਾਕ ਵਿਭਾਗ ਵਿਚ ਮੁਲਾਜ਼ਮ ਸਨ।*

*1911: ਆਰਮਜ਼ ਐਕਟ ਤਹਿਤ ਇਕ ਸਾਲ ਲਈ ਗ੍ਰਿਫ਼ਤਾਰੀ।*

*1915: ਪਹਿਲੇ ਲਾਹੌਰ ਸਾਜ਼ਿਸ਼ ਕੇਸ ਵਿਚ ਗ੍ਰਿਫ਼ਤਾਰੀ। ਇਕ ਸਾਲ ਜੇਲ੍ਹ ਵਿਚ ਰਹੇ। ਛੇਤੀ ਬਾਅਦ ਡਿਫੈਂਸ ਆਫ਼ ਇੰਡੀਆ ਤਹਿਤ ਗ੍ਰਿਫ਼ਤਾਰੀ। ਸਾਢੇ ਚਾਰ ਸਾਲ ਮੁਲਤਾਨ ਜੇਲ੍ਹ ਵਿਚ ਰਹੇ।*

*1921: ਸੰਨ 1920 ਵਿਚ ਮੁਲਤਾਨ ਜੇਲ੍ਹ ਤੋਂ ਰਿਹਾਈ ਮਗਰੋਂ ਨਾ-ਮਿਲਵਰਤਨ ਲਹਿਰ ਵਿਚ ਹਿੱਸਾ ਲਿਆ। ਉਸ ਵੇਲੇ ਉਹ ਲਾਹੌਰ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਸਨ।*

*1922: ਵਿਚ ਛੇ ਮਹੀਨੇ ਦੀ ਕੈਦ।*

*1928: ਨੌਜਵਾਨ ਭਾਰਤ ਸਭਾ ਦੇ ਮੋਢੀ ਪ੍ਰਧਾਨ ਬਣੇ। ਇਹ ਸਭਾ ਭਗਤ ਸਿੰਘ ਦੇ ਸਾਥੀਆਂ ਨੇ ਬਣਾਈ ਸੀ ਅਤੇ 30 ਅਕਤੂਬਰ ਨੂੰ ਸਾਇਮਨ ਕਮਿਸ਼ਨ ਖ਼ਿਲਾਫ਼ ਕੀਤੇ ਰੋਸ ਵਿਚ ਅਹਿਮ ਭੂਮਿਕਾ ਨਿਭਾਈ। ਸਾਂਡਰਸ ਕੇਸ ਵਿਚ ਗ੍ਰਿਫ਼ਤਾਰ, 3 ਸਾਲ ਜੇਲ੍ਹ ਅੰਦਰ ਰਹੇ। ਕੰਪਲੀਟ ਇੰਡੀਪੈਂਸ ਲੀਗ ਅਤੇ ਪੰਜਾਬ ਵਿਚ ਕਿਰਤੀ ਪਾਰਟੀ ਦੇ ਸਹਿ-ਮੋਢੀ।*

*1933 ਤੋਂ 1936: ਪੰਜਾਬ ਪ੍ਰਾਂਤ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਰਹੇ।*

*1942: ਭਾਰਤ ਛੱਡੋ ਅੰਦੋਲਨ ਵਿਚ ਹਿੱਸਾ ਲਿਆ ਅਤੇ ਤਿੰਨ ਸਾਲ ਕੈਦ ਕੱਟੀ।*

*1945: ਜੇਲ੍ਹ ਵਿਚੋਂ ਹੀ ਲਾਹੌਰ ਤੋਂ ਚੋਣ ਲੜੀ ਅਤੇ 8 ਹਜ਼ਾਰ ਦੇ ਵੋਟਾਂ ਦੇ ਫ਼ਰਕ ਨਾਲ ਜਿੱਤੀ।*

*1952: ਫਰੀਦਾਬਾਦ ਤੋਂ ਵਿਧਾਇਕ ਚੁਣੇ ਗਏ।*

*1957: ਲੁਧਿਆਣਾ ਤੋਂ ਚੋਣ ਲੜੇ, ਪਰ ਚਾਰ ਸੌ ਵੋਟਾਂ ਨਾਲ ਸ਼ਿਕਸਤ।*

*1963: ਦਿੱਲੀ ਵਿਚ ਦੇਹਾਂਤ।*

# ਆਖ ਤਸਵੀਰਾਂ ਬੋਲਦੀਆਂ

'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 20 ਜੁਲਾਈ ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-73



*ਕਈ ਘਰਾਂ ਵਿਚ ਪੋਚੇ ਲਾਏ, ਭਾਂਡੇ ਮਾਂਜ ਕੇ ਥੱਕੀ,*
*ਫੁੱਟ-ਪਾਥ 'ਤੇ ਫੜ੍ਹੀ ਲਗਾਈ ਧੂੜ ਸੜਕ ਦੀ ਫੱਕੀ।*
*ਨਹੀਂ ਭਰੋਸਾ ਗਾਹਕ ਦਾ ਕੋਈ ਆਵੇ ਜਾਂ ਨਾ ਆਵੇ,*
*ਰਾਮ ਦੁਲਾਰੀ ਥੱਕੀ ਟੁੱਟੀ, ਜੋਰ ਉਨੀਂਦਾ ਪਾਵੇ!*

## ਕੈਪਸ਼ਨ ਮੁਕਾਬਲਾ-71



ਜਦੋਂ ਦੇ 'ਮੈਰਿਜ ਪੈਲਿਸ' ਬਣ ਗਏ,
ਵਿਆਹ ਦੀ ਦੁਰਗਤ ਹੋਈ।
ਮੰਜੇ-ਬਿਸਤਰੇ ਕੱਠੇ ਕਰਨ ਦੀ,
ਲੋੜ ਰਹੀ ਨਾ ਕੋਈ।
ਬਾਹਰੋ-ਬਾਹਰ ਹੀ ਵਿਆਹ ਮੁਕ ਜਾਵੇ,
ਘਰ ਵਿਚ ਸੁੰਨ-ਮ-ਸਾਨ।
ਸਾਂਝ ਮੁਹੱਬਤਾਂ ਵਾਲਾ ਵਿਰਸਾ,
ਕਰ ਛਡਿਆ ਕੁਰਬਾਨ!

**-ਬੱਲੀ ਸਿੰਘ, ਸੈਨ ਹੋਜ਼ੇ**

---

ਸਾਰੇ ਘਰਾਂ ਤੋਂ 'ਕੱਠੇ ਕਰੀਏ,
ਮੰਜੇ ਨੰਬਰ ਲਾ ਕੇ।
ਕਾਪੀ ਉਪਰ ਲਿਖੀਏ ਨਾਮਾਂ,
ਨੰਬਰ ਨਾਲ ਮਿਲਾ ਕੇ।
ਮੇਲ ਨਾਨਕਾ ਆਊ ਬਥੇਰਾ,
ਭੜਥੂ ਪੂਰਾ ਪਾਵੇਗਾ।
ਬਾਹੀ ਸੇਰਵਾ ਬਚ ਗਿਆ ਜੀਹਦਾ,
ਓਹੀ ਵਾਪਸ ਆਵੇਗਾ।

**-ਜਗਮੀਤ ਸਿੰਘ ਪੰਧੇਰ**
ਫੋਨ: 91-98783-37222

---

ਵਿਆਹ ਸ਼ਾਦੀ ਉਪਰ ਗਲੀ ਗੁਆਂਢ ਦੇ
ਮੁੰਡੇ ਕੁੜੀਆਂ ਰਲ ਕੇ ਰੰਗ ਸੀ ਬੰਨ੍ਹਦੇ।
ਪੰਜ-ਦਸ ਮੁੰਡੇ ਕੱਠੇ ਹੋ ਕੇ
ਮੰਜੇ-ਬਿਸਤਰੇ ਘਰਾਂ ਤੋਂ ਸੀ ਮੰਗਦੇ।
ਨੰਬਰ ਲਿਖ ਨਾਲ ਸਿਆਹੀ
ਮੰਜਿਆਂ ਦੇ ਪਾਵੇ ਸੀ ਰੰਗਦੇ।

**-ਗੋਰਾ ਪ੍ਰਜਾਪਤ, ਨਿਊ ਯਾਰਕ**
ਫੋਨ: 718-690-8403

---

ਮੰਜੇ ਬਿਸਤਰੇ ਵਿਆਹਾਂ 'ਤੇ ਜਦ
ਲੋਕ ਸੀ 'ਕੱਠੇ ਕਰਦੇ।
ਉਹ ਦਿਨ ਕਿਧਰੇ ਦੌੜ ਗਏ
ਮੈਰਿਜ ਪੈਲੇਸਾਂ ਤੋਂ ਡਰਦੇ।
ਬਾਰਾਂ ਵਜੇ ਬਰਾਤ ਆਂਵਦੀ
ਚਾਰ ਵਜੇ ਦੀ ਡੋਲੀ।
ਪੁੱਠੇ ਰਾਹ 'ਸੁਰਜੀਤ' ਦੌੜ ਪਈ
ਜਨਤਾ ਸਾਡੀ ਭੋਲੀ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**

# ਇਸ਼ਰਤ ਨੂੰ ਝੂਠੇ ਪੁਲਿਸ ਮੁਕਾਬਲੇ 'ਚ ਹੀ ਮਾਰਿਆ ਸੀ!

**ਅਹਿਮਦਾਬਾਦ:** ਸੀਬੀਆਈ ਨੇ ਬਹੁਚਰਚਿਤ ਇਸ਼ਰਤ ਜਹਾਂ ਮੁਕਾਬਲੇ ਨੂੰ ਝੂਠਾ ਕਰਾਰ ਦਿੱਤਾ ਹੈ ਜਿਸ ਨਾਲ ਗੁਜਰਾਤ ਦੇ ਮੁੱਖ ਮੰਤਰੀ ਨਰਿੰਦਰ ਮੋਦੀ ਦੀਆਂ ਮੁਸ਼ਕਲਾਂ ਹੋਰ ਵਧ ਗਈਆਂ ਹਨ। ਇਸ ਮਾਮਲੇ ਵਿਚ ਸੱਤ ਪੁਲਿਸ ਅਧਿਕਾਰੀਆਂ ਖ਼ਿਲਾਫ਼ ਚਾਰਜਸ਼ੀਟ ਦਾਖਲ ਕਰ ਦਿੱਤੀ। ਸੀਬੀਆਈ ਨੇ ਆਪਣੀ ਚਾਰਜਸ਼ੀਟ ਵਿਚ ਕਿਹਾ ਕਿ 19 ਸਾਲ ਦੀ ਇਸ਼ਰਤ 2004 ਵਿਚ ਇਕ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੀ ਗਈ ਸੀ। ਏਜੰਸੀ ਨੇ ਚਾਰਜਸ਼ੀਟ ਵਿਚ ਸੱਤ ਪੁਲਿਸ ਅਧਿਕਾਰੀਆਂ ਨੂੰ ਮੁਲਜ਼ਮ ਬਣਾਉਂਦਿਆਂ ਕਿਹਾ ਕਿ ਇਹ ਗੁਜਰਾਤ ਪੁਲਿਸ ਤੇ ਰਾਜ ਦੇ ਸਬਸਿਡਰੀ ਇੰਟੈਲੀਜੈਂਸ ਬਿਊਰੋ (ਐਸ.ਆਈ.ਬੀ) ਦੀ ਸਾਂਝੀ ਕਾਰਵਾਈ ਸੀ। ਚਾਰਜਸ਼ੀਟ ਵਿਚ ਕਿਹਾ ਗਿਆ ਹੈ ਕਿ ਇਹ ਮੁਕਾਬਲਾ ਗੁਜਰਾਤ ਪੁਲਿਸ ਤੇ ਰਾਜ ਦੇ ਐਸ.ਆਈ.ਬੀ ਦੀ ਸਾਂਝੀ ਕਾਰਵਾਈ ਸੀ ਤੇ ਇਹ ਮੁਕਾਬਲਾ ਝੂਠਾ ਸੀ।

ਸੀਬੀਆਈ ਨੇ ਐਡੀਸ਼ਨਲ ਚੀਫ ਜੁਡੀਸ਼ਲ ਮੈਜਿਸਟਰੇਟ ਐਚ.ਐਸ. ਖੁਟਵਾੜ ਨੂੰ ਦੱਸਿਆ ਕਿ ਉਸ ਦੀ ਤਫਤੀਸ਼ ਨਾਲ ਮਾਮਲੇ ਵਿਚ ਦਾਖਲ ਚਾਰਜਸ਼ੀਟ ਵਿਚ ਨਾਮਜ਼ਦ ਸਾਰੇ ਸੱਤ ਪੁਲਿਸ ਅਧਿਕਾਰੀਆਂ ਖ਼ਿਲਾਫ਼ ਦੋਸ਼ ਸਾਬਤ ਹੋਏ ਹਨ ਜਿਨ੍ਹਾਂ ਅਧਿਕਾਰੀਆਂ ਖ਼ਿਲਾਫ਼ ਕਤਲ ਤੇ ਅਪਰਾਧਕ



ਸਾਜ਼ਿਸ਼ ਦਾ ਦੋਸ਼ ਲਾਉਂਦਿਆਂ ਚਾਰਜਸ਼ੀਟ ਦਾਖਲ ਕੀਤੀ ਗਈ ਹੈ, ਉਨ੍ਹਾਂ ਵਿਚ ਫਰਾਰ ਏ.ਡੀ.ਜੀ.ਪੀ ਪੀ.ਪੀ ਪਾਂਡੇ ਤੇ ਮੁਅੱਤਲ ਡੀ.ਆਈ.ਈ ਡੀ.ਜੀ ਵਨਜਾਰਾ ਸ਼ਾਮਲ ਹਨ।

ਅਦਾਲਤ ਨੂੰ ਦੱਸਿਆ ਗਿਆ ਕਿ ਇੰਟੈਲੀਜੈਂਸ ਬਿਊਰੋ ਦੇ ਚਾਰ ਅਧਿਕਾਰੀਆਂ ਸਪੈਸ਼ਲ ਡਾਇਰੈਕਟਰ ਰਜਿੰਦਰ ਕੁਮਾਰ, ਪੀ. ਮਿੱਤਲ, ਐਮ.ਕੇ ਸਿਨਹਾ ਤੇ ਰਾਜੀਵ ਵਾਨਖੇੜੇ ਖਿਲਾਫ਼ ਜਾਂਚ ਜਾਰੀ ਹੈ। ਜਾਂਚ ਪੂਰੀ ਹੋਣ ਮਗਰੋਂ ਚਾਰਜਸ਼ੀਟ ਦਾਖਲ ਕੀਤੀ ਜਾਵੇਗੀ। ਪਾਂਡੇ ਤੇ ਵਨਜਾਰਾ ਤੋਂ ਇਲਾਵਾ ਜਿਨ੍ਹਾਂ ਖਿਲਾਫ਼ ਚਾਰਜਸ਼ੀਟ ਦਾਖਲ ਕੀਤੀ ਗਈ ਹੈ, ਉਨ੍ਹਾਂ ਵਿਚ ਜੀ.ਐਨ ਸਿੰਘਲ, ਤਰੁਨ ਬਰੋਟ, ਐਨ.ਕੇ ਅਮੀਨ, ਜੇ.ਸੀ ਪਰਮਾਰ ਤੇ ਅਨਾਜੂ ਚੌਧਰੀ ਸ਼ਾਮਲ ਹਨ।

ਜ਼ਿਕਰਯੋਗ ਹੈ ਕਿ ਅਹਿਮਦਾਬਾਦ ਦੇ ਬਾਹਰੀ ਇਲਾਕੇ ਵਿਚ 15 ਜੂਨ, 2004 ਵਿਚ ਗੁਜਰਾਤ ਪੁਲਿਸ ਨਾਲ ਹੋਏ ਮੁਕਾਬਲੇ ਵਿਚ ਮੁੰਬਈ ਨਾਲ ਲਗਦੇ ਥਾਣੇ ਜ਼ਿਲ੍ਹੇ ਦੇ ਮੁੰਬਰਾ ਇਲਾਕੇ ਦੀ ਰਹਿਣ ਵਾਲੀ ਇਸ਼ਰਤ ਜਾਵੇਦ ਸ਼ੇਖ ਉਰਫ ਪਰਨੇਸ਼ ਪਿੱਲੇ, ਅਮਜਦ ਅਲੀ ਅਕਬਰ ਅਲੀ ਰਾਣਾ ਤੇ ਜੀਸ਼ਾਨ ਜੌਹਰ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ। ਚਾਰਜਸ਼ੀਟ ਮੁਤਾਬਕ ਸਾਜ਼ਿਸ਼ ਏ.ਡੀ.ਜੀ.ਪੀ ਪਾਂਡੇ, ਡੀ.ਆਈ.ਜੀ ਵਨਜਾਰਾ ਤੇ ਰਜਿੰਦਰ ਕੁਮਾਰ ਨੇ ਰਚੀ ਸੀ।

## ਕਾਂਗਰਸ ਤੇ ਭਾਜਪਾ ਆਹਮੋ-ਸਾਹਮਣੇ

***ਨਵੀਂ ਦਿੱਲੀ:*** *ਭਾਜਪਾ ਤੇ ਕਾਂਗਰਸ ਨੇ ਇਸ਼ਰਤ ਜਹਾਂ ਝੂਠੇ ਪੁਲਿਸ ਮੁਕਾਬਲੇ ਵਿਚ ਸੀਬੀਆਈ ਵੱਲੋਂ ਦਾਖਲ ਕੀਤੀ ਚਾਰਜਸ਼ੀਟ ਤੋਂ ਬਾਅਦ ਇਕ-ਦੂਜੇ ਨੂੰ ਘੇਰਨਾ ਸ਼ੁਰੂ ਕਰ ਦਿੱਤਾ ਹੈ। ਭਾਜਪਾ ਮੁਖੀ ਰਾਜਨਾਥ ਸਿੰਘ ਨੇ ਕਿਹਾ ਹੈ ਕਿ ਹੁਣ ਸਰਕਾਰ ਇਹ ਵੀ ਦੱਸੇ ਕਿ ਇਸ਼ਰਤ ਦੇ ਕਿਸੇ ਅਤਿਵਾਦੀ ਗਰੁੱਪ ਨਾਲ ਸਬੰਧ ਸਨ ਜਾਂ ਨਹੀਂ। ਇਸ ਦੇ ਜਵਾਬ ਵਿਚ ਕਾਂਗਰਸ ਨੇ ਕਿਹਾ ਹੈ ਕਿ ਭਾਜਪਾ ਉਸ ਉਪਰ ਸੀ.ਬੀ.ਆਈ ਦੀ ਦੁਰਵਰਤੋਂ ਕਰਨ ਦੇ ਦੋਸ਼ ਲਾ ਰਹੀ ਹੈ ਜਦਕਿ ਗੁਜਰਾਤ ਵਿਚ ਭਾਜਪਾ ਦੀ ਸਰਕਾਰ ਰਾਜ ਪੁਲਿਸ ਦੀ ਦੁਰਵਰਤੋਂ ਕਰਕੇ ਮਾਸੂਮਾਂ ਦਾ ਕਤਲ ਕਰ ਰਹੀ ਹੈ। ਭਾਜਪਾ ਮੁਖੀ ਨੇ ਗੁਜਰਾਤ ਸਰਕਾਰ ਦਾ ਪੱਖ ਪੂਰਦਿਆਂ ਇਸ਼ਰਤ ਦੇ ਕਿਸੇ ਅਤਿਵਾਦੀ ਦੀ ਜਥੇਬੰਦੀ ਨਾਲ ਸਬੰਧਤ ਹੋਣ ਦਾ ਖੁਲਾਸਾ ਕਰਨ ਲਈ ਵੀ ਕਿਹਾ ਹੈ। ਉਨ੍ਹਾਂ ਕਿਹਾ ਕਿ ਸਾਲ 2003 ਤੋਂ ਪਹਿਲਾਂ ਦੇਸ਼ ਵਿਚ ਤਿੰਨ ਹਜ਼ਾਰ ਮਕਾਬਲੇ ਹੋਏ ਪਰ ਇਸ ਮਾਮਲੇ ਨੂੰ ਸਿਆਸੀ ਰੰਗਤ ਦੇ ਦਿੱਤੀ ਗਈ। ਇਸ ਦੌਰਾਨ ਕੇਂਦਰੀ ਮੰਤਰੀ ਕਪਿਲ ਸਿੱਬਲ ਨੇ ਕਿਹਾ ਕਿ ਸਾਰੇ ਮਾਮਲੇ ਦੀ ਜਾਂਚ ਅਦਾਲਤ ਦੀ ਨਿਗਰਾਨੀ ਵਿਚ ਹੋਈ ਹੈ। ਗੁਜਰਾਤ ਸਰਕਾਰ ਨੇ ਪੁਲਿਸ ਦੀ ਦੁਰਵਰਤੋਂ ਕਰਕੇ ਮਾਸੂਮਾਂ ਦੀ ਜਾਨ ਲਈ।*

# ਸਨੋਡਨ ਨੂੰ ਪਨਾਹ ਲਈ ਅੱਗੇ ਆਏ ਵੈਨੇਜ਼ੂਏਲਾ ਤੇ ਨਿਕਾਰਾਗੂਆ

**ਵਾਸ਼ਿੰਗਟਨ:** ਦੋ ਲਾਤੀਨੀ ਅਮਰੀਕੀ ਮੁਲਕਾਂ ਵੈਨੇਜ਼ੂਏਲਾ ਤੇ ਨਿਕਾਰਾਗੂਆ ਨੇ ਅਮਰੀਕਾ ਦੇ ਸੂਹੀਆ ਪ੍ਰੋਗਰਾਮ ਦਾ ਭਾਂਡਾ ਭੰਨ੍ਹਣ ਵਾਲੇ ਐਡਵਰਡ ਸਨੋਡਨ ਨੂੰ ਸ਼ਰਨ ਦੇਣ ਦੀ ਪੇਸ਼ਕਸ਼ ਕੀਤੀ ਹੈ। ਸਨੋਡਨ ਇਕ ਹਫਤੇ ਤੋਂ ਵੱਧ ਸਮੇਂ ਤੋਂ ਮਾਸਕੋ ਦੇ ਹਵਾਈ ਅੱਡੇ 'ਤੇ ਹੈ। ਉਸ ਨੇ ਭਾਰਤ ਸਣੇ ਦੋ ਦਰਜਨ ਮੁਲਕਾਂ ਤੋਂ ਸ਼ਰਨ ਮੰਗੀ ਹੈ। ਅਮਰੀਕਾ ਨੇ ਦੁਨੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਕੋਈ ਵੀ ਸਨੋਡਨ ਨੂੰ ਸ਼ਰਨ ਨਾ ਦੇਵੇ ਤੇ ਅਜਿਹਾ ਕਰਨ ਵਾਲਾ ਉਸ ਦੇ ਗੁੱਸੇ ਦਾ ਸ਼ਿਕਾਰ ਹੋਵੇਗਾ। ਭਾਰਤ ਤੇ ਹੋਰ ਬਹੁਤ ਮੁਲਕਾਂ ਨੇ ਅਮਰੀਕਾ ਦੀ ਨਾਰਾਜ਼ਗੀ ਤੋਂ ਬਚਨ ਲਈ ਸ਼ਰਨ ਦੇਣ ਤੋਂ ਪਾਸਾ ਵੱਟ ਲਿਆ ਹੈ। ਦੂਜੇ ਪਾਸੇ ਨਿਕਾਰਾਗੂਆ ਤੇ ਵੈਨੇਜ਼ੂਏਲਾ ਦੇ ਰਾਸ਼ਟਰਪਤੀਆਂ ਨੇ ਸਨੋਡਨ ਨੂੰ ਸ਼ਰਨ ਦੇਣ ਦੀ ਪੇਸ਼ਕਸ਼ ਕਰ ਦਿੱਤੀ ਹੈ। ਇਹ ਅਮਰੀਕਾ ਲਈ ਵੱਡੀ ਢਾਹ ਹੈ। ਵੈਨੇਜ਼ੂਏਲਾ ਦੇ ਰਾਸ਼ਟਰਪਤੀ ਨਿਕੋਲਸ ਮਦੁਰੋ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਮਨੁੱਖਤਾ ਦੇ ਨਾਤੇ ਸਨੋਡਨ ਨੂੰ ਇਥੇ ਆਉਣ ਦਾ ਸੱਦਾ ਦਿੰਦੀ ਹੈ ਤੇ ਉਹ ਮੁਲਕ ਵਿਚ ਬੇਫਿਕਰ ਹੋ ਕੇ ਰਹਿ ਸਕਦਾ ਹੈ। ਨਿਕਾਰਾਗੂਆ ਦੇ ਰਾਸ਼ਟਰਪਤੀ ਡੇਨੀਅਲ ਓਰਟੇਜ ਨੇ ਵੀ ਅਜਿਹੀ ਪੇਸ਼ਕਸ਼ ਕੀਤੀ ਹੈ।

# ਅਮਰੀਕੀ ਮਿਜ਼ਾਈਲ ਰੱਖਿਆ ਪ੍ਰਣਾਲੀ ਦੀ ਪਰਖ ਫੇਲ੍ਹ

**ਵਾਸ਼ਿੰਗਟਨ:** ਅਮਰੀਕਾ ਦੀ ਜ਼ਮੀਨੀ ਇੰਟਰਸੈਪਟਰ ਮਿਜ਼ਾਈਲ ਪ੍ਰਣਾਲੀ ਨੂੰ ਉਦੋਂ ਢਾਹ ਲੱਗੀ ਜਦੋਂ ਪਰਖ ਦੌਰਾਨ ਇਕ ਇੰਟਰਸੈਪਟਰ ਮਿਜ਼ਾਈਲ, ਲੰਬੀ ਦੂਰੀ ਦੀ ਬਲਿਸਟਿਕ ਮਿਜ਼ਾਈਲ ਨੂੰ ਨਾ ਫੁੰਡ ਸਕੀ। ਸਾਲ 2008 ਤੋਂ ਬਾਅਦ ਅਮਰੀਕੀ ਇੰਟਰਸੈਪਟਰ ਮਿਜ਼ਾਈਲ ਆਪਣੇ ਤੈਅ ਟੀਚੇ ਨੂੰ ਹਾਸਲ ਨਹੀਂ ਕਰ ਸਕੀ।

ਅਮਰੀਕੀ ਮਿਜ਼ਾਈਲ ਰੱਖਿਆ ਪ੍ਰਣਾਲੀ ਦੀ ਪਰਖ ਕਰਨ ਲਈ ਅਮਰੀਕੀ ਮਿਜ਼ਾਈਲ ਪ੍ਰੀਖਣ ਰੇਂਜ ਕਵਾਜਾਲੇਨ ਅਟੋਲ ਜੋ ਮਾਰਸ਼ਲ ਟਾਪੂਆਂ ਵਿਚ ਸਥਿਤ ਹੈ, ਤੋਂ ਲੰਬੀ ਦੂਰੀ ਦੀ ਬਲਿਸਟਿਕ ਮਿਜ਼ਾਈਲ ਦਾਗ਼ੀ ਗਈ ਸੀ ਤੇ ਇਸ ਨੂੰ ਫੁੰਡਣ ਲਈ ਕੈਲੇਫੋਰਨੀਆ ਵਿਚ ਵਾਂਦੇਨਬਰਗ ਟਿਕਾਣੇ ਤੋਂ ਇੰਟਰਸੈਪਟਰ ਮਿਜ਼ਾਈਲ ਦਾਗ਼ੀ ਸੀ ਜੋ ਨਿਸ਼ਾਨੇ ਨੂੰ ਨਹੀਂ ਫੁੰਡ ਸਕੀ। ਇਹ ਜਾਣਕਾਰੀ ਅਮਰੀਕੀ ਰੱਖਿਆ ਏਜੰਸੀ ਦੇ ਬੁਲਾਰੇ ਰਿਚਰਡ ਲੇਨਰ ਨੇ ਦਿੱਤੀ। ਉਨ੍ਹਾਂ ਦੱਸਿਆ ਕਿ ਇਸ ਪ੍ਰੋਗਰਾਮ ਦੇ ਸੰਚਾਲਕ ਸਮੁੱਚੀ ਪ੍ਰਣਾਲੀ ਦਾ ਅਧਿਐਨ ਕਰ ਰਹੇ ਹਨ ਤੇ ਨੁਕਸ ਲੱਭਣ ਲਈ ਯਤਨਸ਼ੀਲ ਹਨ। ਜ਼ਿਕਰਯੋਗ ਹੈ ਕਿ 2010 ਵਿਚ ਵੀ ਦੋ ਵਾਰ ਪਰਖ ਸਫ਼ਲ ਨਾ ਹੋਣ ਕਾਰਨ ਕਰਕੇ ਇਸ ਪ੍ਰੋਗਰਾਮ ਨੂੰ ਅੱਗੇ ਪਾਇਆ ਗਿਆ ਸੀ ਤੇ ਇਸ ਵਿਚ ਤਕਨੀਕੀ ਨੁਕਸ ਪੈ ਗਿਆ ਹੈ। ਅਮਰੀਕਾ ਨੇ ਅਲਾਸਕਾ ਤੇ ਕੈਲੇਫੋਰਨੀਆ ਵਿਚ ਧਰਤੀ ਉਤੇ 30 ਬਲਿਸਟਿਕ ਮਿਜ਼ਾਈਲਾਂ ਤਾਇਨਾਤ ਕੀਤੀਆਂ ਹੋਈਆਂ ਹਨ। ਇਨ੍ਹਾਂ ਦੀ ਕੀਮਤ 34 ਅਰਬ ਡਾਲਰ ਹੈ। ਇਹ ਉੱਤਰੀ ਕੋਰੀਆ ਦੇ ਸੰਭਾਵੀ ਮਿਜ਼ਾਈਲ ਹਮਲੇ ਨੂੰ ਧਿਆਨ ਵਿਚ ਰੱਖ ਕੇ ਬੀੜੀਆਂ ਹਨ। ਪੈਂਟਾਗਨ ਅਲਾਸਕਾ ਵਿਚ 14 ਹੋਰ ਇੰਟਰਸੈਪਟਰ ਤਾਇਨਾਤ ਕਰਨੀਆਂ ਚਾਹੁੰਦਾ ਹੈ।

## *ਪੁਲਿਸ ਮੁਕਾਬਲਿਆਂ ਦਾ ਸੱਚ!*

*(ਸਫਾ 12 ਦੀ ਬਾਕੀ)*

ਵਾਲੇ ਬੈਂਚ ਨੇ ਟਿੱਪਣੀ ਕੀਤੀ ਸੀ, "ਮੁਕਾਬਲਿਆਂ ਦੀ ਫਿਲਾਸਫ਼ੀ ਮੁਜਰਮਾਨਾ ਫਿਲਾਸਫ਼ੀ ਹੈ ਅਤੇ ਹਰ ਪੁਲਿਸ ਵਾਲੇ ਨੂੰ ਇਹ ਗੱਲ ਜ਼ਰੂਰ ਹੀ ਸਮਝ ਲੈਣੀ ਚਾਹੀਦੀ ਹੈ। ਘੋੜੇ ਦਬਾਉਣ ਦੇ ਸ਼ੁਕੀਨ ਜਿਹੜੇ ਪੁਲਸੀਏ ਇਹ ਸਮਝਦੇ ਹਨ ਕਿ ਉਹ ਮੁਕਾਬਲਿਆਂ ਦੇ ਨਾਂ ਹੇਠ ਲੋਕਾਂ ਨੂੰ ਮਾਰ ਕੇ ਸੁੱਕੇ ਬਚ ਜਾਣਗੇ, ਉਨ੍ਹਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਫਾਂਸੀ ਦੇ ਫੰਦੇ ਉਨ੍ਹਾਂ ਨੂੰ ਉਡੀਕ ਰਹੇ ਹਨ।" ਪਰ ਰਾਜਸੀ ਆਗੂਆਂ ਦੀ ਮੁੱਖ ਭੂਮਿਕਾ ਬਾਰੇ ਕਾਟਜੂ ਵੀ ਖ਼ਾਮੋਸ਼ ਹੈ। ਇੰਞ ਇਮਾਨਦਾਰ ਅਤੇ ਦਬਾਅ ਹੇਠ ਨਾ ਆਉਣ ਵਾਲੇ ਵਿਰਲੇ ਜੱਜਾਂ ਨੂੰ ਛੱਡ ਕੇ ਸਮੁੱਚੇ ਤੌਰ 'ਤੇ ਅਦਾਲਤੀ ਪ੍ਰਣਾਲੀ ਭਾਰਤੀ ਰਾਜ ਦੇ ਆਗਿਆਕਾਰੀ ਸੇਵਕ ਵਜੋਂ ਕੰਮ ਕਰਦੀ ਹੈ। ਇਸ ਪ੍ਰਣਾਲੀ ਵਿਚ ਐਨੀ ਲਚਕ ਹੈ ਕਿ ਸਥਾਪਤੀ ਪੱਖੀ ਕਿਰਦਾਰਾਂ ਦੀ ਮੁਜਰਮਾਨਾ ਭੂਮਿਕਾ ਦੇ ਮੁਕੱਦਮੇ ਸਹਿਜੇ ਹੀ ਕਈ ਕਈ ਦਹਾਕੇ ਲਟਕਾਏ ਜਾ ਸਕਦੇ ਹਨ। ਤੇ ਇਸ ਦੌਰਾਨ ਨਿਆਂ ਲਈ ਲੜਨ ਵਾਲੇ ਮਜ਼ਲੂਮ ਅਦਾਲਤਾਂ 'ਚ ਤਰੀਕਾਂ ਭੁਗਤਦੇ ਹਾਰ-ਹੰਭ ਕੇ ਚੁੱਪ ਕਰ ਜਾਂਦੇ ਹਨ। ਹਾਲ ਹੀ ਵਿਚ ਮਹਾਰਾਸ਼ਟਰ ਦੀ ਸੈਸ਼ਨ ਅਦਾਲਤ ਨੇ ਛੋਟਾ ਰਾਜਨ ਗਰੋਹ ਦੇ ਮੈਂਬਰ ਨੂੰ ਫਰਜ਼ੀ ਮੁਕਾਬਲੇ 'ਚ ਮਾਰਨ ਦੇ ਮਾਮਲੇ ਵਿਚ 'ਐਨਕਾਊਂਟਰ ਸਪੈਸ਼ਲਿਸਟ' ਪ੍ਰਦੀਪ ਸ਼ਰਮਾ ਨੂੰ ਸਾਫ਼ ਬਰੀ ਕਰ ਦਿੱਤਾ ਜੋ 100 ਦੇ ਕਰੀਬ ਮੁਕਾਬਲਿਆਂ ਵਿਚ ਸ਼ਾਮਲ ਦੱਸਿਆ ਜਾਂਦਾ ਹੈ। ਲਿਹਾਜ਼ਾ, ਚੰਦ ਅਦਾਲਤੀ ਮਾਮਲੇ ਸ਼ਾਇਦ ਕੁਝ ਪੀੜਤਾਂ ਨੂੰ ਰਾਹਤ ਦੇ ਦੇਣ, ਪਰ ਇਹ ਰਾਜਸੀ ਸਰਪ੍ਰਸਤੀ ਵਾਲੇ ਵਰਤਾਰੇ ਨੂੰ ਖ਼ਤਮ ਕਰਨ ਦਾ ਸਾਧਨ ਨਹੀਂ ਬਣ ਸਕਦੇ। ਹੁਕਮਰਾਨਾਂ ਦੇ ਖ਼ੂਨੀ ਹੱਥ ਰੋਕਣ ਲਈ ਜਾਗਰੂਕ ਜਮਹੂਰੀ ਲਹਿਰ ਜ਼ਰੂਰੀ ਹੈ।

# ਸੀ.ਬੀ.ਆਈ. ਨੂੰ ਮਿਲੇਗੀ ਖੁਦਮੁਖਤਾਰੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਵਿਚ ਹਲਫਨਾਮਾ ਦਾਖਲ ਕਰਕੇ ਕੇਂਦਰ ਨੇ ਕਿਹਾ ਕਿ ਉਹ ਸੀ.ਬੀ.ਆਈ ਨੂੰ ਬਾਹਰੀ ਦਖਲ ਤੋਂ ਮੁਕਤ ਕਰਾਉਣ ਲਈ ਕਾਨੂੰਨ ਵਿਚ ਅਹਿਮ ਤਬਦੀਲੀਆਂ ਕਰ ਰਹੀ ਹੈ ਤੇ ਏਜੰਸੀ ਦੇ ਮੁਖੀ ਦੀ ਨਿਯੁਕਤੀ ਬਾਰੇ ਨਵੀਂ ਵਿਵਸਥਾ ਲਿਆ ਰਹੀ ਹੈ। ਕੇਂਦਰ ਨੇ 41 ਸਫਿਆਂ ਦੇ ਇਸ ਹਲਫਨਾਮੇ ਵਿਚ ਕਿਹਾ ਕਿ ਏਜੰਸੀ ਦੇ ਡਾਇਰੈਕਟਰ ਦੀ ਨਿਯੁਕਤੀ ਵਿਚ ਹੁਣ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਤੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਦੀ ਮਹੱਤਵਪੂਰਨ ਭੂਮਿਕਾ ਹੋਵੇਗੀ।

ਇਸ ਹਲਫਨਾਮੇ ਵਿਚ ਤਿੰਨ ਮੈਂਬਰੀ ਕਾਲਜੀਅਮ ਦਾ ਵੀ ਵਰਨਣ ਕੀਤਾ ਗਿਆ ਹੈ ਜੋ ਏਜੰਸੀ ਦੇ ਡਾਇਰੈਕਟਰ ਦੀ ਨਿਯੁਕਤੀ ਲਈ ਜ਼ਿੰਮੇਵਾਰ ਹੋਵੇਗਾ। ਬੰਦ ਲਿਫਾਫੇ ਵਿਚ ਪੇਸ਼ ਕੀਤੇ ਹਲਫਨਾਮੇ ਵਿਚ ਕਿਹਾ ਗਿਆ ਹੈ ਕਿ ਸੀ.ਬੀ.ਆਈ ਡਾਇਰੈਕਟਰ ਦੀ ਨਿਯੁਕਤੀ ਪ੍ਰਧਾਨ ਮੰਤਰੀ ਦੀ ਪ੍ਰਧਾਨਗੀ ਵਾਲੇ ਤਿੰਨ ਮੈਂਬਰੀ ਕਾਲਜੀਅਮ ਦੀ ਸਲਾਹ 'ਤੇ ਹੀ ਹੋਵੇਗੀ।

ਇਸ ਕਾਲਜੀਅਮ ਵਿਚ ਪ੍ਰਧਾਨ ਮੰਤਰੀ ਤੋਂ ਇਲਾਵਾ ਲੋਕ ਸਭਾ ਵਿਚ ਵਿਰੋਧੀ ਨੇਤਾ ਤੇ ਦੇਸ਼ ਦੇ ਚੀਫ ਜਸਟਿਸ ਮੈਂਬਰ ਹੋਣਗੇ। ਇਸ ਵੇਲੇ ਡਾਇਰੈਕਟਰ ਦੀ ਨਿਯੁਕਤੀ ਕੇਂਦਰ ਵੱਲੋਂ ਉਨ੍ਹਾਂ ਅਧਿਕਾਰੀਆਂ ਦੇ ਨਾਵਾਂ ਦੀ ਸੂਚੀ ਵਿਚੋਂ ਕੀਤੀ ਜਾਂਦੀ ਹੈ ਜਿਨ੍ਹਾਂ ਦੀ ਸਿਫਾਰਸ਼ ਕੇਂਦਰੀ ਵਿਜੀਲੈਂਸ ਕਮਿਸ਼ਨਰ ਪ੍ਰਮੁੱਖ, ਵਿਜੀਲੈਂਸ ਕਮਿਸ਼ਨਰ, ਗ੍ਰਹਿ ਮੰਤਰਾਲੇ ਵਿਚ ਸਕੱਤਰ ਇੰਚਾਰਜ ਤੇ ਕੈਬਨਿਟ ਸਕੱਤਰੇਤ ਵਿਚ ਸਕੱਤਰ (ਤਾਲਮੇਲ ਤੇ ਸ਼ਿਕਾਇਤ ਨਿਵਾਰਨ) 'ਤੇ ਅਧਾਰਤ ਕਮੇਟੀ ਵੱਲੋਂ ਭੇਜੀ ਜਾਂਦੀ ਹੈ।

ਕੇਂਦਰ ਨੇ ਹਲਫਨਾਮੇ ਵਿਚ ਕਿਹਾ ਹੈ ਕਿ ਆਈ.ਪੀ.ਐਸ ਅਧਿਕਾਰੀ ਹੀ ਸੀਨੀਆਰਤਾ 'ਤੇ ਭ੍ਰਿਸ਼ਟਾਚਾਰ ਰੋਕੂ ਤੇ ਅਪਰਾਧਿਕ ਮਾਮਲਿਆਂ ਦੀ ਜਾਂਚ ਦੇ ਤਜਰਬੇ ਦੇ ਆਧਾਰ 'ਤੇ ਸੀ.ਬੀ.ਆਈ ਦੇ ਡਾਇਰੈਕਟਰ ਬਣ ਸਕਣਗੇ। ਏਜੰਸੀ ਦੇ ਡਾਇਰੈਕਟਰ ਦੇ ਅਹੁਦੇ ਦੀ ਨਿਯੁਕਤੀ ਘੱਟੋ-ਘੱਟ ਦੋ ਸਾਲ ਹੋਵੇਗੀ, ਜਦਕਿ ਸੀ.ਵੀ.ਸੀ ਮੁਖੀ ਦੀ ਸਿਫਾਰਸ਼ 'ਤੇ ਰਾਸ਼ਟਰਪਤੀ ਉਸ ਨੂੰ ਵਿਚਾਲੇ ਵੀ ਹਟਾ ਸਕਣਗੇ। ਡਾਇਰੈਕਟਰ ਦਾ ਤਬਾਦਲਾ ਪ੍ਰਧਾਨ ਮੰਤਰੀ ਦੀ ਅਗਵਾਈ ਵਾਲੀ ਕਮੇਟੀ ਦੀ ਸਿਫਾਰਸ਼ 'ਤੇ ਕੀਤਾ ਜਾ ਸਕੇਗਾ।

ਕੇਂਦਰ ਨੇ ਹਲਫਨਾਮੇ ਰਾਹੀਂ ਸਪੱਸ਼ਟ ਕਰ ਦਿੱਤਾ ਹੈ ਕਿ ਸੀ.ਬੀ.ਆਈ ਡਾਇਰੈਕਟਰ ਪਰਸੋਨਲ ਵਿਭਾਗ ਪ੍ਰਤੀ ਜਵਾਬਦੇਹ ਹੋਵੇਗਾ। ਕਿਸੇ ਵੀ ਮੰਤਰੀ ਜਾਂ ਨੌਕਰਸ਼ਾਹ ਨੂੰ ਏਜੰਸੀ ਦੀ ਜਾਂਚ ਵਿਚ ਦਖਲ ਦੇਣ ਜਾਂ ਉਸ ਦੀ ਰਿਪੋਰਟ ਨਾਲ ਛੇੜਖਾਨੀ ਕਰਨ ਦਾ ਹੱਕ ਨਹੀਂ ਹੋਵੇਗਾ। ਡਾਇਰੈਕਟਰ ਨੂੰ ਹੋਰ ਵਿੱਤੀ ਅਧਿਕਾਰ ਵੀ ਮਿਲਣਗੇ। ਸਰਕਾਰ ਨੇ ਸੀ.ਬੀ.ਆਈ ਅਧਿਕਾਰੀਆਂ ਖਿਲਾਫ਼ ਦੋਸ਼ਾਂ ਦੀ ਜਾਂਚ ਲਈ ਜਵਾਬਦੇਹੀ ਕਮਿਸ਼ਨ ਬਣਾਉਣ ਦੀ ਤਜਵੀਜ਼ ਰੱਖੀ ਹੈ।

# *ਪਾਕਿਸਤਾਨੀ ਕੁੜੀ ਨੂੰ ਮਿਲੀ ਕੈਨੇਡਾ ਵਿਚ ਪਨਾਹ*

**ਟੋਰਾਂਟੋ:** ਕੈਨੇਡਾ ਨੇ ਪਿਛਲੇ ਸਾਲ ਕੁਰਾਨ ਦੇ ਵਰਕੇ ਸਾੜਨ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲੀ ਪਾਕਿਸਤਾਨ ਦੀ ਈਸਾਈ ਕੁੜੀ ਨੂੰ ਪਨਾਹ ਦਿੱਤੀ ਹੈ। ਇਸ ਮਾਮਲੇ ਕਾਰਨ ਦੁਨੀਆਂ ਭਰ ਵਿਚ ਹਲਚਲ ਹੋਈ ਸੀ ਤੇ ਉਸ ਕੁੜੀ ਨੂੰ ਪਰਿਵਾਰ ਸਮੇਤ ਜਾਨ ਬਚਾਉਣ ਦਾ ਵਖਤ ਪੈ ਗਿਆ ਸੀ। ਉਸ ਦੇ ਵਕੀਲ ਨਵੀਦ ਚੌਧਰੀ ਨੇ ਦੱਸਿਆ ਕਿ ਉਨ੍ਹਾਂ ਦੀ ਹਿਫਾਜ਼ਤ ਵਾਸਤੇ ਇਹ ਕਦਮ ਚੁੱਕੇ ਗਏ ਹਨ ਕਿਉਂਕਿ ਘਟਨਾ ਤੋਂ ਬਾਅਦ ਇਸ ਪਰਿਵਾਰ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਸਨ।



13-14 ਸਾਲ ਦੀ ਰਿਮਸ਼ਾ ਮਸੀਹ ਆਪਣੇ ਮਾਪਿਆਂ, ਤਿੰਨ ਭੈਣਾਂ ਤੇ ਇਕ ਭਰਾ ਸਮੇਤ ਕੈਨੇਡਾ ਵਿਚ ਹੈ ਪਰ ਉਨ੍ਹਾਂ ਦੀ ਰਿਹਾਇਸ਼ ਗੁਪਤ ਰੱਖੀ ਗਈ ਹੈ। ਰਿਮਸ਼ਾ 'ਤੇ ਦੋਸ਼ ਲਾਉਣ ਵਾਲਾ ਮੁੱਲਾ ਖ਼ੁਦ ਝੂਠੀ ਕਹਾਣੀ ਬਣਾਉਣ ਕਾਰਨ ਫਸ ਗਿਆ ਸੀ। ਰਿਮਸ਼ਾ ਮਸੀਹ ਨੂੰ ਬੇਸ਼ਕ ਬਾਅਦ ਵਿਚ ਅਦਾਲਤ ਨੇ ਬਰੀ ਕਰ ਦਿੱਤਾ ਸੀ ਪਰ ਉਸ ਨੂੰ ਪਾਕਿਸਤਾਨ ਛੱਡਣ ਲਈ ਮਜਬੂਰ ਹੋਣਾ ਪਿਆ। ਈਸਾਈ ਮੱਤ ਦੇ ਲੋਕ ਪਾਕਿਸਤਾਨ ਦੀ ਆਬਾਦੀ ਦਾ ਚਾਰ ਫੀਸਦ ਹਨ।

ਕੈਨੇਡਾ ਆਵਾਸ ਮੰਤਰਾਲਾ ਪਹਿਲਾਂ ਤਾਂ ਇਸ ਗੱਲ ਨੂੰ ਲੁਕੋ ਰਿਹਾ ਸੀ ਪਰ ਹੁਣ ਆਵਾਸ ਮੰਤਰੀ ਜੇਸਨ ਕੈਨੀ ਨੇ ਕਿਹਾ ਕਿ ਉਹ ਇਸ ਮਾਮਲੇ 'ਤੇ ਨਿਗ੍ਹਾ ਰੱਖ ਰਿਹਾ ਸੀ ਤੇ ਉਸ ਨੇ ਨਿੱਜੀ ਦਖਲ ਨਾਲ ਪੀੜਤ ਪਰਿਵਾਰ ਨੂੰ ਇਥੇ ਸੱਦਿਆ ਹੈ।

# ਵਿਦਿਆ ਤੇ ਰਣਬੀਰ ਸਰਵੋਤਮ ਅਦਾਕਾਰ

**ਮਕਾਓ:** ਆਈਫਾ (ਇੰਟਰਨੈਸ਼ਨਲ ਇੰਡੀਆ ਫਿਲਮ ਅਕੈਡਮੀ) ਐਵਾਰਡਜ਼ ਵਿਚ ਰਣਬੀਰ ਕਪੂਰ ਨੂੰ ਫਿਲਮ 'ਬਰਫੀ' ਲਈ ਸਰਵੋਤਮ ਅਦਾਕਾਰ ਤੇ ਫਿਲਮ 'ਕਹਾਣੀ' ਲਈ ਵਿਦਿਆ ਬਾਲਨ ਨੂੰ ਸਰਵੋਤਮ ਅਦਾਕਾਰਾ ਦਾ ਪੁਰਸਕਾਰ ਪ੍ਰਦਾਨ ਕੀਤਾ ਗਿਆ। ਆਈਫਾ ਐਵਾਰਡ ਲਈ ਫਿਲਮ 'ਬਰਫੀ' ਨੂੰ ਜਿਥੇ ਸਭ ਤੋਂ ਵੱਧ 11 ਨਾਮੀਨੇਸ਼ਨ ਮਿਲੇ ਸਨ, ਉਥੇ ਅਨੁਰਾਗ ਬਸੂ ਦੀ ਇਸ ਫਿਲਮ ਨੇ ਹੀ ਸਭ ਤੋਂ ਵੱਧ ਐਵਾਰਡ ਪ੍ਰਾਪਤ ਕੀਤੇ।

ਸਵਰਗੀ ਯਸ਼ ਚੋਪੜਾ ਨੂੰ ਬਾਲੀਵੁੱਡ ਵਿਚ ਉਨ੍ਹਾਂ ਦੇ ਮਹਾਨ ਯੋਗਦਾਨ ਲਈ 'ਆਈਫਾ ਫਾਰਏਵਰ ਐਵਾਰਡ' ਦਿੱਤਾ ਗਿਆ। ਸਰਵੋਤਮ ਨਿਰਦੇਸ਼ਕ ਦਾ ਪੁਰਸਕਾਰ ਅਨੁਰਾਗ ਬਸੂ ਨੂੰ ਫਿਲਮ 'ਬਰਫੀ' ਲਈ, ਸਰਵੋਤਮ ਸਹਾਇਕ ਕਲਾਕਾਰ (ਪੁਰਸ਼) ਦਾ ਪੁਰਸਕਾਰ ਅਨੂ ਕਪੂਰ ਨੂੰ ਫਿਲਮ 'ਵਿੱਕੀ ਡੋਨਰ' ਲਈ, ਸਰਵੋਤਮ ਸਹਾਇਕ ਕਲਾਕਾਰ (ਮਹਿਲਾ) ਦਾ ਪੁਰਸਕਾਰ ਅਨੁਸ਼ਕਾ ਸ਼ਰਮਾ ਨੂੰ ਫਿਲਮ 'ਜਬ ਤਕ ਹੈ ਜਾਨ' ਲਈ, ਸਰਵੋਤਮ ਅਦਾਕਾਰ (ਹਾਸਰਸ ਭੂਮਿਕਾ) ਦਾ ਪੁਰਸਕਾਰ ਅਭਿਸ਼ੇਕ ਬੱਚਨ ਨੂੰ ਫਿਲਮ 'ਬੋਲ ਬੱਚਨ ਬੋਲ' ਲਈ, ਸਰਵੋਤਮ ਅਦਾਕਾਰ (ਨੈਗੈਟਿਵ ਰੋਲ) ਰਿਸ਼ੀ ਕਪੂਰ ਨੂੰ ਫਿਲਮ 'ਅਗਨੀਪਥ' ਲਈ, ਸਾਲ ਦੀ ਸਰਵੋਤਮ ਜੋੜੀ ਦਾ ਪੁਰਸਕਾਰ ਦੀਪਿਕਾ ਪਾਦੁਕੋਣ ਤੇ ਰਣਬੀਰ ਕਪੂਰ ਨੂੰ, ਸਰਵੋਤਮ ਸੰਗੀਤਕਾਰ ਦਾ ਪੁਰਸਕਾਰ ਪ੍ਰੀਤਮ ਨੂੰ ਫਿਲਮ 'ਬਰਫੀ' ਲਈ, ਸਰਵੋਤਮ ਗਾਇਕ ਦਾ ਪੁਰਸਕਾਰ ਸੋਨੂ ਨਿਗਮ ਨੂੰ ਫਿਲਮ 'ਅਗਨੀਪਥ' ਤੇ ਸ਼ੇਆ ਘੋਸ਼ਾਲ ਨੂੰ ਫਿਲਮ 'ਅਗਨੀਪਥ' ਦੇ ਗਾਣੇ ਚਿਕਨੀ ਚਮੇਲੀ' ਦਿੱਤਾ ਗਿਆ।

ਵਿਸ਼ੇਸ਼ ਪੁਰਸਕਾਰਾਂ ਵਿਚ 'ਆਈਫਾ ਫਾਰਏਵਰ' ਦਾ ਪੁਰਸਕਾਰ ਯਸ਼ ਚੋਪੜਾ ਨੂੰ, 'ਇੰਡੀਅਨ ਇੰਟਰਨੈਸ਼ਨਲ ਸਿਨੇਮਾ ਆਊਟਸਟੈਂਡਿੰਗ ਅਚੀਵਮੈਂਟ' ਪੁਰਸਕਾਰ ਅਨੁਪਮ ਖੇਰ ਨੂੰ, 'ਆਊਟਸਟੈਂਡਿੰਗ ਕੰਟਰੀਬਿਊਸ਼ਨ ਟੂ ਇੰਡੀਅਨ ਸਿਨੇਮਾ' ਦਾ ਪੁਰਸਕਾਰ ਜਾਵੇਦ ਅਖ਼ਤਰ ਨੂੰ, 'ਹਿਊਮੈਨਿਟੀ ਪੁਰਸਕਾਰ' ਸ਼ਬਾਨਾ ਆਜ਼ਮੀ ਨੂੰ ਤੇ 'ਡਿਜ਼ੀਟਲ ਸਟਾਰ ਆਫ਼ ਦਿ ਈਅਰ' ਪੁਰਸਕਾਰ ਸ਼ਾਹਰੁਖ ਖਾਨ ਨੂੰ ਦਿੱਤਾ ਗਿਆ।





# ਰਾਜਧਾਨੀਆਂ ਦੇ ਆਲੇ-ਦੁਆਲੇ

**ਨਿੱਕ ਸੁੱਕ**



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੇਰੀ ਪੌਣੀ ਜ਼ਿੰਦਗੀ ਰਾਜਧਾਨੀਆਂ ਵਿਚ ਲੰਘੀ ਹੈ। ਤੀਹ ਸਾਲ ਤਾਂ ਥੋੜ੍ਹੀ ਵੱਧ ਦੇਸ਼ ਦੀ ਰਾਜਧਾਨੀ ਦਿੱਲੀ ਵਿਚ ਤੇ ਇਸ ਤੋਂ ਥੋੜ੍ਹੀ ਘਟ ਦੋ ਰਾਜਾਂ ਦੀ ਰਾਜਧਾਨੀ ਚੰਡੀਗੜ੍ਹ ਵਿਚ। ਮੇਰੀ ਨੌਕਰੀ ਤੇ ਮੇਰੇ ਸ਼ੌਕਾਂ ਨੇ ਮੈਨੂੰ ਦੇਸ਼ ਦੇ ਸਾਰੇ ਰਾਜਾਂ ਤੇ ਵਿਦੇਸ਼ਾਂ ਦੇ ਬਹੁਤੇ ਰਾਜਾਂ ਦੀਆਂ ਰਾਜਧਾਨੀਆਂ ਦਿਖਾਈਆਂ ਹਨ। ਮੈਨੂੰ ਰਾਜਧਾਨੀਆਂ ਦੇ ਪਸਾਰੇ ਨੇ ਸਰਸ਼ਾਰ ਵੀ ਕੀਤਾ ਹੈ ਤੇ ਨਿਰਾਸ਼ ਵੀ। ਸਰਸ਼ਾਰ ਇਸ ਲਈ ਕਿ ਇਹ ਪਸਾਰਾ ਬਹੁਲਤਾ ਤੇ ਵਿਕਾਸ ਦਾ ਚਿੰਨ੍ਹ ਹੈ, ਤੇ ਨਿਰਾਸ਼ ਇਸ ਲਈ ਕਿ ਇਸ ਨੇ ਮਕਾਨ ਛੋਟੇ, ਸੜਕਾਂ ਸੌੜੀਆਂ ਤੇ ਪਾਰਕਾਂ ਨਾਂ-ਮਾਤਰ ਕਰ ਦਿੱਤੀਆਂ ਹਨ। ਮੋਟਰ ਗੱਡੀਆਂ ਦੀ ਪੀਂ-ਪੀਂ ਤੇ ਕਾਰਖਾਨਿਆਂ ਦਾ ਧੂੰਆਂ ਕੰਨ, ਅੱਖਾਂ ਤੇ ਸਾਹਾਂ ਉਤੇ ਅਸਰ ਪਾ ਰਿਹਾ ਹੈ। ਭਾਰਤ ਦੀ ਰਾਜਧਾਨੀ ਨੇ ਇਸ ਦਾ ਹੱਲ ਰਾਸ਼ਟਰੀ ਰਾਜਧਾਨੀ ਖੇਤਰ ਦਾ ਪਸਾਰਾ ਲੱਭਿਆ ਹੈ। ਕੱਲ ਤੱਕ ਰੋਹਤਕ, ਪਾਨੀਪਤ, ਸੋਨੀਪਤ, ਬਾਗ਼ਪਤ, ਮੇਰਠ, ਗਾਜ਼ੀਆਬਾਦ, ਨੋਇਡਾ, ਬੁਲੰਦ ਸ਼ਹਿਰ, ਫਰੀਦਾਬਾਦ, ਗੁੜਗਾਉਂ, ਮੇਵਾਤ, ਅਲਵਰ, ਰਿਵਾੜੀ ਤੇ ਝੱਜਰ ਨੂੰ ਆਪਣੀ ਬੁੱਕਲ ਵਿਚ ਲੈਣ ਤੋਂ ਪਿੱਛੋਂ ਹੁਣ ਹਰਿਆਣਾ ਦੇ ਭਿਵਾਨੀ ਤੇ ਮਹਿੰਦਰਗੜ੍ਹ ਜ਼ਿਲੇ ਅਤੇ ਰਾਜਸਥਾਨ ਦੇ ਭਰਤਪੁਰ ਨੂੰ ਆਪਣੇ ਨਾਲ ਜੋੜ ਲਿਆ ਹੈ। ਹੁਣ ਇਹ ਖੇਤਰ ਦੇਸ਼ ਦੇ ਤ੍ਰਿਪੁਰਾ, ਨਾਗਾਲੈਂਡ ਤੇ ਸਿੱਕਮ ਤਿੰਨ ਰਾਜਾਂ ਨਾਲੋਂ ਵਡੇਰਾ ਹੋ ਗਿਆ ਹੈ। ਇਸ ਅਮਲ ਦਾ ਬਾਨ੍ਹਣੂ ਮੇਰੇ ਦਿੱਲੀ ਰਹਿੰਦਿਆਂ 1980 ਵਿਚ ਬੰਨ੍ਹਿਆ ਗਿਆ ਸੀ ਤੇ ਪਸਾਰਾ ਮੇਰੇ ਚੰਡੀਗੜ੍ਹ ਆਉਣ ਤੋਂ ਪਿੱਛੋਂ ਹੋਇਆ ਹੈ।

ਦਿੱਲੀ, ਹਰਿਆਣਾ, ਉਤਰ ਪ੍ਰਦੇਸ਼ ਤੇ ਰਾਜਸਥਾਨ ਦੀ ਸਾਂਝੀ ਸਹਿਮਤੀ ਤੋਂ ਪ੍ਰਤੱਖ ਹੈ ਕਿ ਇਸ ਨਾਲ ਪੂਰੇ ਖੇਤਰ ਦੇ ਆਰਥਕ ਵਿਕਾਸ ਲਈ ਇੱਕ ਸੁਚਾਰੂ ਜਨਤਕ ਆਵਾਜਾਈ ਖੁਲ੍ਹੇਗੀ, ਯਾਤਰਾ ਸਮਾਂ ਘਟੇਗਾ, ਸੜਕਾਂ 'ਤੇ ਵਾਹਨਾਂ ਦੀ ਗਿਣਤੀ ਘਟੇਗੀ, ਭੀੜ-ਭੜੱਕੇ ਨੂੰ ਸਾਹ ਆਵੇਗਾ ਤੇ ਪ੍ਰਦੂਸ਼ਣ ਨੂੰ ਨੱਥ ਪਵੇਗੀ। ਦਿੱਲੀ-ਪਾਨੀਪਤ, ਦਿੱਲੀ-ਅਲਵਰ ਤੇ ਦਿੱਲੀ-ਮੇਰਠ ਇੱਕ ਦੂਜੇ ਦੇ ਨੇੜੇ ਆਉਣਗੇ ਤੇ ਇਹ ਨੇੜਤਾ ਜੈਪੁਰ ਤੱਕ ਖੁਲ੍ਹੇਗੀ। ਸ਼ਾਇਦ ਇਸ ਤੋਂ ਵੀ ਅੱਗੇ ਤੱਕ। ਵੱਡੀ ਗੱਲ ਇਹ ਹੈ ਕਿ ਲੰਮੇ ਰੂਟ ਦੀਆਂ ਬੱਸਾਂ ਤੇ ਜ਼ਮੀਨਦੋਜ਼ ਮੈਟਰੋ ਗੱਡੀਆਂ ਲਈ ਰਾਹ ਖੁੱਲ੍ਹੇਗਾ ਜਿਸ ਨਾਲ ਰਾਜਧਾਨੀਆਂ ਨਾਲ ਜੁੜੇ ਕਰਮਚਾਰੀਆਂ ਦੀ ਆਵਾਜਾਈ ਸੌਖੀ ਹੋ ਜਾਵੇਗੀ। ਸਿੱਟੇ ਵਜੋਂ ਆਮ ਵਸੋਂ ਸ਼ਹਿਰ ਵਿਚ ਸੁੰਗੜੇ ਰਹਿਣ ਦੀ ਥਾਂ ਬਾਹਰ ਵੱਸਣਾ ਪਸੰਦ ਕਰੇਗੀ।

ਰਾਜਧਾਨੀਆਂ ਦੇ ਵਿਕਾਸ ਦਾ ਜਾਣੂੰ ਹੋਣ ਕਾਰਨ ਮੇਰਾ ਮਨ ਚਾਹੁੰਦਾ ਹੈ ਕਿ ਅਜਿਹੀਆਂ ਵਿਕਾਸ ਕਾਰਵਾਈਆਂ ਹੋਰ ਰਾਜਾਂ ਦੀਆਂ ਰਾਜਧਾਨੀਆਂ ਵਿਚ ਵੀ ਹੋਣੀਆਂ ਚਾਹੀਦੀਆਂ ਹਨ। ਚੰਡੀਗੜ੍ਹ ਵਿਚ ਤਾਂ ਖਾਸ ਕਰਕੇ, ਜਿਸ ਦੀ ਬੁੱਕਲ ਵਿਚ ਕੇਵਲ ਪੰਜਾਬ ਤੇ ਹਰਿਆਣਾ ਦੇ ਅਜੀਤਗੜ੍ਹ ਤੇ ਪੰਚਕੂਲਾ ਜ਼ਿਲ੍ਹੇ ਹੀ ਨਹੀਂ ਪਿੰਜੌਰ, ਬੱਦੀ, ਡੇਰਾਬੱਸੀ, ਬਨੂੜ, ਘੜੂੰਆਂ ਤੇ ਕੁਰਾਲੀ ਤੱਕ ਦੇ ਸ਼ਹਿਰ ਤੇ ਕਸਬੇ ਜੁੜੇ ਹੋਏ ਹਨ। ਹੈ ਕੋਈ ਚੰਡੀਗੜ੍ਹ ਪ੍ਰਸ਼ਾਸਨ ਦਾ ਪ੍ਰਭਾਵਕਾਰੀ ਅਧਿਕਾਰੀ ਸੁਣ ਰਿਹਾ। ਜੇ ਨਹੀਂ ਸੁਣ ਰਿਹਾ ਤਾਂ ਹਰਿਆਣਾ, ਪੰਜਾਬ ਤੇ ਹਿਮਾਚਲ ਦੇ ਰਾਜਪਾਲਾਂ ਦਾ ਕੁੰਡਾ ਖੜਕਾਈਏ। ਵਿਕਾਸ ਦੇ ਰਾਹ ਖੋਲ੍ਹਿਆਂ ਹੀ ਉਨਤੀ ਦੇ ਦਰਵਾਜ਼ੇ ਖੁਲ੍ਹਦੇ ਹਨ।



ਰਾਜਧਾਨੀ ਨਵੀਂ ਦਿੱਲੀ ਦਾ ਇੰਡੀਆ ਗੇਟ

### ਖੁਆਜਾ ਖਿਜਰ ਤੋਂ ਬੇਮੁਖੀ

ਹਿਮਾਲੀਅਨ ਸੁਨਾਮੀ ਨੇ ਬੁੱਧੀਜੀਵੀਆਂ, ਸਿਆਸਤਦਾਨਾਂ ਤੇ ਧਰਮ ਦੇ ਰਾਖਿਆਂ ਨੂੰ ਪੱਬਾਂ ਭਾਰ ਕਰੀ ਰਖਿਆ ਹੈ। ਕੋਈ ਚਿਪਕੋ ਲਹਿਰ ਵਾਲੇ ਸੁੰਦਰ ਲਾਲ ਬਹੁਗੁਣਾ ਨੂੰ ਚੇਤੇ ਕਰ ਰਿਹਾ ਹੈ ਤੇ ਕੋਈ ਜਵਾਹਰ ਲਾਲ ਨਹਿਰੂ ਦੇ 1958 ਵਿਚ ਬੋਲੇ ਬੋਲਾਂ ਨੂੰ। ਪੰਡਤ ਨਹਿਰੂ ਨੇ ਅੱਧੀ ਸਦੀ ਪਹਿਲਾਂ ਵਾਤਾਵਰਨ ਵਿਗਾੜਨ ਵਾਲਿਆਂ ਨੂੰ ਸਖ਼ਤ ਤਾੜਨਾ ਕੀਤੀ ਸੀ। ਵਣ ਤ੍ਰਿਣ ਤੇ ਜੰਗਲੀ ਬੂਟੀਆਂ ਦੀ ਸਾਂਭ ਸੰਭਾਲ ਤੇ ਨਦੀਆਂ ਦੇ ਪਾਣੀਆਂ ਨੂੰ ਗੰਧਲਾ ਕਰਨ ਵਿਰੁਧ ਸਮੇਂ ਦੀਆਂ ਸਰਕਾਰਾਂ ਵੀ ਕਾਨੂੰਨ ਘੜਨੋ ਨਹੀਂ ਹਟੀਆਂ। ਪਰ ਬਾਹਰੋਂ ਆਏ ਟੂਰਿਸਟਾਂ ਦੀ ਸੁਵਿਧਾ ਲਈ ਭਵਨ ਤੇ ਰਿਜ਼ਾਰਟ ਉਸਾਰਨ ਵਾਲਿਆਂ ਦੇ ਪੈਸੇ ਅੱਗੇ ਚੋਰ ਮੋਰੀਆਂ ਖੁੱਲ੍ਹਦੀਆਂ ਰਹੀਆਂ ਨੇ। ਬਹੁਗੁਣਾ ਹਾਰ ਕੇ ਚੁੱਪ ਹੋ ਗਿਆ ਤੇ ਕੋਈ ਬਲਬੀਰ ਸਿੰਘ ਸੀਚੇਵਾਲ ਵਰਗਾ ਸਿਰੜੀ ਅੱਗੇ ਨਹੀਂ ਆਇਆ। ਅੰਤ ਉਹੀ ਹੋਇਆ ਜਿਸ ਦਾ ਡਰ ਸੀ। ਪਰਬਤਾਂ ਦੇ ਮੰਦਰ, ਮਕਾਨ ਤੇ ਸ਼ਿਵਾਲੇ ਢਹਿ ਢੇਰੀ ਹੋ ਗਏ ਅਤੇ ਲੁਟੇਰਿਆਂ ਤੇ ਪੈਸਾ ਕਮਾਉਣ ਵਾਲਿਆਂ ਦੀ ਚੜ੍ਹ ਮੱਚੀ। ਭਾਰਤੀ ਸੈਨਾ ਤੇ ਨੀਮ ਸੈਨਿਕ ਦਲਾਂ ਦਾ ਯੋਗਦਾਨ ਵੀ ਕਿਸੇ ਖਾਤੇ ਨਹੀਂ ਪਿਆ। ਉਨ੍ਹਾਂ ਦੇ ਸਿਰਤੋੜ ਯਤਨਾਂ ਦੇ ਬਾਵਜੂਦ ਨਦੀਆਂ ਨਾਲੇ ਲਾਸ਼ਾਂ ਨਾਲ ਭਰ ਗਏ। ਹਨੇਰੀ ਤੇ ਝੱਖੜ ਪੇਸ਼ ਨਹੀਂ ਸੀ ਜਾਣ ਦਿੰਦੇ।

ਇਹ ਤਬਾਹੀ ਅਣਕਿਆਸੀ ਵੀ ਹੈ ਤੇ ਬਿਨ ਮੰਗੀ ਵੀ। ਮੇਰੇ ਕੋਲ ਆਪਣੇ ਆਪ ਨੂੰ ਸਮਝਾਉਣ ਲਈ ਮਿਥਿਹਾਸ ਤੋਂ ਸਿਵਾ ਕੋਈ ਚਾਰਾ ਨਹੀਂ। ਅਸੀਂ ਖੁਆਜਾ ਖਿਜਰ ਤੋਂ ਬੇਮੁਖ ਹੋ ਗਏ ਹਾਂ। ਉਸ ਨੂੰ ਜਾਗਣਾ ਪੈ ਗਿਆ ਹੈ, ਬੋਲਣਾ ਵੀ। ਮਿਥਿਹਾਸ ਅਨੁਸਾਰ ਖੁਆਜਾ ਖਿਜ਼ਰ ਦਾ ਇਸ ਦੁਨੀਆਂ ਨੂੰ ਹਰੀ ਭਰੀ ਤੇ ਜੀਊਣ ਜੋਗੀ ਬਣਾਉਣ ਵਿਚ ਬੜਾ ਹੱਥ ਹੈ। ਉਹ ਸਮੁੰਦਰ ਤੇ ਬੀਆਬਾਨ ਦਾ ਰਹਿਬਰ ਹੈ। ਜਲ ਥਲ ਦਾ ਰਾਖਾ। ਉਹ ਭੁੱਲੇ ਭਟਕਿਆਂ ਦਾ ਮਾਰਗ ਦਰਸ਼ਨ ਵੀ ਕਰਦਾ ਹੈ। ਉਸ ਨੇ ਵਰਤਮਾਨ ਕਾਰਵਾਈ ਪਰਬਤ ਵਾਸੀਆਂ ਦੇ ਮਾਰਗ ਦਰਸ਼ਨ ਲਈ ਕੀਤੀ ਹੈ। ਇਸ ਲਈ ਕਿ ਉਹ ਅੱਗੇ ਤੋਂ ਉਹਨੂੰ ਚੇਤੇ ਰਖਣ ਤੇ ਅੰਧਾ ਧੁੰਦ ਕਹੀਆਂ ਤੇ ਕੁਹਾੜਿਆਂ ਦੀ ਵਰਤੋਂ ਨਾ ਕਰਨ। ਗੰਗਾ 'ਚ ਤਰਦੀਆਂ ਲਾਸ਼ਾਂ ਤੱਕ ਕੇ ਹੰਝੂ ਤਾਂ ਬਾਬੇ ਖਿਜ਼ਰ ਦੀਆਂ ਅੱਖਾਂ ਵਿਚ ਵੀ ਆਏ ਹੋਣਗੇ ਪਰ ਸਥਿਤੀ ਉਹਦੇ ਕਾਬੂ ਤੋਂ ਬਾਹਰ ਹੋ ਗਈ ਸੀ। ਸਬਕ ਸਿਖੀਏ ਤੇ ਹਰਿਆਲੀ ਨਾਲ ਛੇੜਛਾੜ ਨਾ ਕਰੀਏ। ਪਾਣੀਆਂ ਅੱਗੇ ਸਿਰ ਝੁਕਾਈਏ।

### ਕਾਲੇ ਪਾਣੀਆਂ ਦੇ ਗੋਰੇ ਸਮਾਚਾਰ

ਅੰਡੇਮਾਨ ਤੇ ਨਿਕੋਬਾਰ ਨੂੰ ਸੇਵਾ ਮੁਕਤ ਜਰਨੈਲ ਏ. ਕੇ. ਸਿੰਘ ਦੇ ਰੂਪ ਵਿਚ ਨਵਾਂ ਗਵਰਨਰ ਹੀ ਨਹੀਂ ਮਿਲ ਰਿਹਾ। ਹਿੰਡਨ (ਦਿੱਲੀ) ਹਵਾਈ ਅੱਡੇ ਤੋਂ ਭਾਰਤੀ ਹਵਾਈ ਸੈਨਾ ਦਾ ਗਲੋਬਮਾਸਟਰ 999 ਇਸ ਧਰਤ ਦੀ ਰਾਜਧਾਨੀ ਪੋਰਟ ਬਲੇਅਰ ਵਿਚ ਸਿੱਧਾ ਉਤਰਨ ਲੱਗ ਪਿਆ ਏ। ਮੈਂ 1973 ਦੇ ਅਪਰੈਲ ਮਹੀਨੇ ਇਸ ਧਰਤੀ ਵਿਚ ਪੂਰਾ ਇਕ ਮਹੀਨਾ ਰਹਿ ਕੇ ਇਥੋਂ ਦੀਆਂ ਮੁਸ਼ਕਲਾਂ ਵੇਖੀਆਂ ਹਨ। ਉਥੇ ਜਾਣ ਵਾਲੇ ਨਿੱਕੇ ਹਵਾਈ ਜਹਾਜ਼ ਨੂੰ ਰੰਗੂਨ ਉਤਰ ਕੇ ਉਥੋਂ ਗੈਸ ਲੈਣੀ ਪੈਂਦੀ ਸੀ। ਮੁਸਾਫਰ ਵੀਜ਼ਾ ਲਏ ਬਿਨਾਂ ਸਫਰ ਨਹੀਂ ਸੀ ਕਰ ਸਕਦੇ। ਗੈਸ ਨਾ ਮਿਲਣ ਦੀ ਸੂਰਤ ਵਿਚ ਜਾਣ ਵਾਲੇ ਸਮੁੰਦਰੀ ਜਹਾਜ਼ ਰਾਹੀਂ ਜਾਂਦੇ ਸਨ ਜਿਸ ਦੀਆਂ ਸੀਟਾਂ ਪੋਰਟ ਬਲੇਅਰ ਤੋਂ ਬੁੱਕ ਹੁੰਦੀਆਂ ਸਨ। ਮੈਂ ਵੀ ਏਦਾਂ ਹੀ ਗਿਆ ਸਾਂ। ਔਖਾ ਹੋ ਕੇ। ਮੇਰਾ ਜੀਅ ਕਰਦਾ ਹੈ ਕਿ ਮੈਂ ਸੱਜਰੇ ਸਮਾਚਾਰਾਂ ਦਾ ਸਵਾਗਤ ਵੀ ਕਰਾਂ ਤੇ ਚਾਰ ਦਹਾਕੇ ਵਿਚ ਹੋਏ ਵਿਕਾਸ ਕਾਰਜ ਵੀ ਵੇਖ ਕੇ ਆਵਾਂ।

**ਅੰਤਿਕਾ:** (ਮਿਰਜ਼ਾ ਗ਼ਾਲਿਬ)

ਯੇਹ ਨਾ ਥੀ ਹਮਾਰੀ ਕਿਸਮਤ
ਕਿ ਵਸਾਲ ਏ ਯਾਰ ਹੋਤਾ।
ਅਗਰ ਔਰ ਜੀਤੇ ਰਹਿਤੇ
ਯਹੀ ਇੰਤਜ਼ਾਰ ਹੋਤਾ।
ਹੁਏ ਮਰ ਕੇ ਹਮ ਜੋ ਰੁਸਵਾ
ਹੁਏ ਕਿਉਂ ਨਾ ਗ਼ਰਕ ਏ ਦਰਿਆ,
ਨਾ ਕਭੀ ਜਨਾਜ਼ਾ ਉਠਤਾ
ਨਾ ਕਹੀਂ ਮਜ਼ਾਰ ਹੋਤਾ।
ਯੇਹ ਮਸਾਇਲ ਏ ਤਸਵੱਫ
ਯੇਹ ਤੇਰਾ ਬਿਆਨ ਗ਼ਾਲਿਬ,
ਤੁਝੇ ਹਮ ਵਲੀ ਸਮਝਤੇ
ਜੋ ਨਾ ਬਾਦਾਖ੍ਵਾਰ ਹੋਤਾ।

# ਸੁਰ ਈਸ਼ਵਰ ਹੈ-ਪਰਗਟ ਸਿੰਘ ਪੰਜਾਬੀ

**13 ਜੁਲਾਈ ਨੂੰ ਸਨਮਾਨ ਸਮਾਰੋਹ 'ਤੇ ਵਿਸ਼ੇਸ਼**

ਪਰਗਟ ਸਿੰਘ ਪੰਜਾਬੀ ਦੀ ਬੇਸਮੈਂਟ ਸਾਜ਼ਾਂ ਨਾਲ ਸ਼ਿੰਗਾਰੀ ਹੋਈ ਹੈ। ਅੰਦਰ ਵੜਦੇ ਹੀ ਜਿਵੇਂ ਸਾਜ਼ ਆਵਾਜ਼ਾਂ ਮਾਰ ਰਹੇ ਹੋਣ-ਸਾਨੂੰ ਛੂਹ ਕੇ ਤਾਂ ਦੇਖੋ, ਦਿਲ ਵਿਚ ਠੰਢ ਪਾ ਦਿਆਂਗੇ।

ਪਰਗਟ ਸਿੰਘ ਨੂੰ ਮਿਲ ਕੇ ਉਂਵ ਵੀ ਠੰਢ ਪੈ ਜਾਂਦੀ ਹੈ। ਉਨ੍ਹਾਂ ਦੀ ਸ਼ਖ਼ਸੀਅਤ ਅੰਦਰੋਂ-ਬਾਹਰੋਂ ਸੰਗੀਤ ਦੀ ਸਮੀਰ ਵਿਚ ਲਿਪਟੀ ਹੋਈ ਹੈ। ਉਨ੍ਹਾਂ ਦੀ ਜ਼ਿੰਦਗੀ ਦੀ ਤੋਰ ਪੂਰੀ 'ਸੁਰ-ਤਾਲ' ਵਿਚ ਹੈ। ਉਨ੍ਹਾਂ ਦੇ ਹਾਸੇ ਵਿਚ ਸੰਗੀਤ ਲਰਜ਼ਦਾ ਹੈ। ਜਦੋਂ ਜੋਸ਼ ਵਿਚ ਆਉਂਦੇ ਹਨ ਤਾਂ ਵੀ

ਸੁਰਿੰਦਰ ਸੋਹਲ

ਇਕ ਖਾਸ ਲੈਅ ਵਿਚ। ਸੰਗੀਤ ਉਨ੍ਹਾਂ ਲਈ ਜਨੂੰਨ ਹੈ। ਕਵਿਤਾ ਲਈ ਉਨ੍ਹਾਂ ਨੂੰ ਸ਼ੈਦਾਅ ਹੈ। ਗਲਪ ਵਿਚ ਪਾਠਕ ਨੂੰ ਮੋਹ ਲੈਣ ਦੀ ਸਮਰੱਥਾ। ਉਨ੍ਹਾਂ ਦਾ ਨਾਵਲ 'ਗੰਧਰਵ' ਅਣਛੋਹੇ ਵਿਸ਼ੇ ਨੂੰ ਲੈ ਕੇ ਰਚੀ ਗਈ ਰਚਨਾ ਹੈ। ਦੇਸ਼ ਦੀ ਵੰਡ ਨੂੰ ਲੈ ਕੇ ਢੇਰ ਸਾਰਾ ਸਾਹਿਤ ਰਚਿਆ ਗਿਆ ਹੈ, ਪਰ 'ਗੰਧਰਵ' ਇਸ ਕਾਲ ਨਾਲ ਸਬੰਧਤ ਹੁੰਦਾ ਹੋਇਆ ਵੀ ਅਲੱਗ ਤਰ੍ਹਾਂ ਦੀ ਬਾਤ ਪਾਉਂਦਾ ਹੈ।

ਨਾਵਲ 'ਗੰਧਰਵ' ਉਨ੍ਹਾਂ ਪ੍ਰਤਿਭਾਵਾਨ ਸੰਗੀਤਕਾਰਾਂ ਦੇ ਦਰਦ ਨੂੰ ਪੇਸ਼ ਕਰਦਾ ਹੈ, ਜਿਨ੍ਹਾਂ ਦੀ ਕਲਾ, ਪ੍ਰਤਿਭਾ ਤੇ ਖੁਸ਼ਹਾਲ ਜ਼ਿੰਦਗੀ ਦਾ ਗੁਲਸ਼ਨ, ਵੰਡ ਦੀ ਮਾਰੂ ਹਨ੍ਹੇਰੀ ਵਿਚ ਤਬਾਹ-ਬਰਬਾਦ ਹੋਣ ਦੇ ਆਸਾਰ ਪੈਦਾ ਹੋ ਜਾਂਦੇ ਹਨ। ਪਰ ਜਿਵੇਂ 'ਸੁਰ' ਆਦਿ ਕਾਲ ਤੋਂ ਹੈ ਤੇ ਅਨੰਤ ਕਾਲ ਤੱਕ ਰਹੇਗਾ, ਇਸੇ ਤਰ੍ਹਾਂ ਇਸ (ਸੁਰ) ਨੂੰ ਸਮਰਪਿਤ ਲੋਕ ਮਾਰੂ ਹਨ੍ਹੇਰੀਆਂ ਦਾ ਸਾਹਮਣਾ ਕਰਦੇ ਹੋਏ ਕਲਾ ਦੇ ਦੀਪ ਨੂੰ ਬਚਾਈ ਰੱਖਣ ਦਾ ਹੌਸਲਾ ਕਰ ਲੈਂਦੇ ਹਨ। ਇਸ ਨਾਵਲ ਦਾ ਵਿਸ਼ਾ 'ਸੁਰ ਈਸ਼ਵਰ' ਹੈ। ਲੇਖਕ ਮੁਤਾਬਕ, 'ਈਸ਼ਵਰ ਸੂਖਸ਼ਮ ਹੈ। ਮਹਿਸੂਸ ਕੀਤਾ ਜਾਂਦਾ ਹੈ, ਦੇਖਿਆ ਨਹੀਂ ਜਾ ਸਕਦਾ। ਬਿਲਕੁਲ ਇਸੇ ਤਰ੍ਹਾਂ ਹੀ 'ਸੁਰ' ਦੀ ਕੋਈ ਸ਼ਕਲ ਨਹੀਂ। ਮਹਿਸੂਸ ਕੀਤਾ ਜਾ ਸਕਦਾ ਹੈ। ਦੇਖਿਆ ਨਹੀਂ ਜਾ ਸਕਦਾ।' ਸੁਰ ਨੂੰ ਮਾਣਿਆ ਜਾ ਸਕਦਾ ਹੈ। ਇਸ ਨੂੰ ਖ਼ਤਮ ਨਹੀਂ ਕੀਤਾ ਜਾ ਸਕਦਾ।

ਭਾਵੇਂ ਇਨ੍ਹਾਂ ਦੀ ਪਾਤਰਾਂ ਦੀ ਜ਼ਿੰਦਗੀ ਟੁੱਟੇ ਹੋਏ ਸਾਜ਼ ਵਾਂਗ ਬਿਖਰ ਗਈ ਸੀ। ਜ਼ਿੰਦਗੀ ਬੇਰਸ ਹੋ ਗਈ ਸੀ ਪਰ ਜਿਨ੍ਹਾਂ ਅੰਦਰ 'ਸੁਰ' ਜਨੂੰਨ ਵਾਂਗ ਰਚਿਆ ਹੋਵੇ, ਉਹ ਸਾਹਮਣੇ ਆਈਆਂ ਮੁਸ਼ਕਲਾਂ ਦੀ ਕੀ ਪਰਵਾਹ ਕਰਦੇ ਹਨ। ਜਾਤ-ਪਾਤ, ਊਚ-ਨੀਚ, ਦੀਨ-ਮਜ਼ਹਬ ਆਦਿ 'ਸੁਰ' ਦੇ ਸਾਹਮਣੇ ਤੁਛ ਚੀਜ਼ਾਂ ਜਾਪਦੀਆਂ ਹਨ। 'ਸੁਰ' ਹੀ ਅਜਿਹਾ ਧਰਮ ਹੈ, ਜਿਹੜਾ ਸਾਰੀ ਮਨੁੱਖਤਾ ਨੂੰ ਇਕ ਸੂਤਰ ਵਿਚ ਬੰਨ੍ਹਦਾ ਹੈ। ਜ਼ਿੰਦਗੀ ਜਿਊਣ ਜੋਗੀ ਬਣਾ ਸਕਦਾ ਹੈ। ਇਹ ਸੰਦੇਸ਼ ਨਾਵਲ ਵਿਚ ਥਾਂ ਪਰ ਥਾਂ ਦਰਜ ਹੈ।

ਨਾਵਲ ਦਾ ਆਸ਼ਾਵਾਦੀ ਪੱਖ ਇਹ ਹੈ ਕਿ ਵਹਿਸ਼ਿਆਨਾ ਦੌਰ ਵਿਚ ਦੀ ਲੰਘ ਕੇ ਵੀ ਕੋਮਲ ਕਲਾ ਦਾ ਕਤਲ ਨਹੀਂ ਹੁੰਦਾ। ਜਿੰਨਾ ਚਿਰ ਕੋਮਲ ਕਲਾ ਦੀ ਦੌਲਤ ਮਨੁੱਖ ਕੋਲ ਹੈ, ਇਹ ਗੱਲ ਯਕੀਨੀ ਹੈ ਕਿ ਮਨੁੱਖ ਵਿਚ ਮਨੁੱਖਤਾ ਬਚੀ ਰਹੇਗੀ। ਸੁਰਾਂ, ਤਾਨਾਂ, ਤਰਜ਼ਾਂ ਪਾਠਕ ਦੇ ਕੰਨਾਂ ਵਿਚ ਗੂੰਜਦੀਆਂ ਸੁਣਾਈ ਦਿੰਦੀਆਂ ਹਨ। ਪਾਠਕ ਨਾਵਲ ਦੀ ਰੌਚਕਤਾ ਵਿਚ ਏਨਾ ਖੁੱਭ ਜਾਂਦਾ ਹੈ ਕਿ ਉਸ ਨੂੰ ਸਾਰੀ ਕਾਇਨਾਤ ਇਕ ਸੰਗੀਤ-ਸ਼ਾਲਾ ਮਹਿਸੂਸ ਹੋਣ ਲੱਗ ਪੈਂਦੀ ਹੈ। ਰੱਬ ਨੇ ਹਰ ਚੀਜ਼ ਸੁਰਬੱਧ ਕੀਤੀ ਹੋਈ ਹੈ। ਇਸ ਸੁਰਬੱਧਤਾ ਨੂੰ ਭੰਗ ਕਰਨ ਤੋਂ ਵੱਡਾ ਕੋਈ ਗੁਨਾਹ ਨਹੀਂ। ਇਹ ਫਲਸਫਾ ਨਾਵਲ ਵਿਚ ਇੰਨੇ ਜ਼ੋਰਦਾਰ ਅੰਦਾਜ਼ ਵਿਚ ਸਿਰਫ ਇਸੇ ਕਰਕੇ ਪੇਸ਼ ਹੋ ਸਕਿਆ ਹੈ ਕਿਉਂਕਿ ਪਰਗਟ ਸਿੰਘ ਦੀ ਸ਼ਖ਼ਸੀਅਤ ਵਿਚ ਸੰਗੀਤ ਜਨੂੰਨ ਵਾਂਗ ਸਮਾਇਆ ਹੋਇਆ ਹੈ।



ਪਰਗਟ ਸਿੰਘ ਪੰਜਾਬੀ

ਪਰਗਟ ਸਿੰਘ ਪੰਜਾਬੀ ਦਸਦੇ ਹਨ, 'ਸੁਰ' ਕੁਦਰਤੀ ਹੁੰਦਾ ਹੈ। ਬੇਸੁਰੇ ਬੰਦੇ ਨੂੰ ਤੁਸੀਂ ਸੁਰ ਵਿਚ ਨਹੀਂ ਕਰ ਸਕਦੇ। ਹਾਂ, ਬੇਤਾਲਾ ਬੰਦਾ ਰਿਆਜ਼ ਕਰਕੇ ਤਾਲ ਸਿੱਖ ਸਕਦਾ ਹੈ।

ਕਦੇ ਕਦੇ ਪਰਗਟ ਸਿੰਘ ਬਹੁਤ ਦੁਖੀ ਹੁੰਦੇ ਹਨ। ਹਿੰਦੋਸਤਾਨ ਵਿਚ 'ਸੰਗੀਤ ਅਕੈਡਮੀ' ਚਲਾ ਰਹੇ ਬੇਹੱਦ ਮਸ਼ਹੂਰ ਕੀਰਤਨੀਏ ਦੀ ਵਾਰਤਾ ਸੁਣਾਉਂਦਿਆਂ ਉਹ ਰੋਣ ਦੀ ਹੱਦ ਤੱਕ ਦੁਖੀ ਹੋ ਜਾਂਦੇ ਹਨ। ਉਹ ਕੀਰਤਨੀਆ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਕਹਿੰਦਾ ਹੈ, 'ਇਸ ਖੁਸ਼ੀ ਦੇ ਸਮੇਂ ਰਾਗ ਬਸੰਤ ਸ਼ੁਰੂ ਕਰ ਰਹੇ ਹਾਂ।' ਕੀਰਤਨ ਦੌਰਾਨ ਉਸ ਨੇ 'ਬਸੰਤ ਰਾਗ' ਗਾਉਣ ਬਾਰੇ ਪੰਜ ਵਾਰ ਦੁਹਰਾਇਆ, ਪਰ ਉਹ ਗਾ ਬਹਾਰ ਰਾਗ ਰਿਹਾ ਸੀ।

ਪ੍ਰੀਤਮ ਸਿੰਘ ਕੈਂਥੋ ਨਾਲ ਹੋਈ ਇਕ ਮੁਲਾਕਾਤ ਵਿਚ ਪੰਜਾਬੀ ਹੋਰਾਂ ਨੇ ਕਿਹਾ, 'ਗੁਰਬਾਣੀ ਨੂੰ ਰਾਗਾਂ ਦੇ ਆਧਾਰ 'ਤੇ ਗਾਉਣ ਨੂੰ ਹੀ ਕੀਰਤਨ ਕਹਿ ਸਕਦੇ ਹਾਂ। ਅਸੀਂ ਕੀਰਤਨ ਇਕ ਘੰਟਾ ਹੀ ਕਰਦੇ ਹਾਂ। ਪਹਿਲੇ 30 ਮਿੰਟ ਕਿਸੇ ਰਾਗ ਵਿਚ ਅਤੇ ਕਿਸੇ ਵੱਡੇ ਤਾਲ ਵਿਚ ਜਾਂ ਤਿੰਨ ਤਾਲ ਵਿਚ ਬੰਦਸ਼ ਗਾ ਕੇ। ਅੰਤਲੇ ਪੰਜ-ਸੱਤ ਮਿੰਟ ਤੇਜ਼-ਤਰਾਰ ਤਾਨਾਂ ਵੀ ਮਾਰਦੇ ਹਾਂ। ਇਸ ਉਪਰੰਤ ਦੋ ਰੀਤਾਂ (ਕੀਰਤਨ ਵਿਚ ਤਰਜ਼ ਨੂੰ ਰੀਤ ਕਹਿੰਦੇ ਹਨ)। ਇਹ ਤਰਜ਼ਾਂ ਫ਼ਿਲਮੀ ਨਹੀਂ ਹੁੰਦੀਆਂ, ਬਲਕਿ ਕੀਰਤਨੀਏ ਉਸਤਾਦਾਂ ਨੇ ਸੁਰਬੱਧ ਕੀਤੀਆਂ ਹੁੰਦੀਆਂ ਹਨ। (ਜਿਨ੍ਹਾਂ ਦਾ ਆਧਾਰ ਰਾਗ ਹੁੰਦੇ ਹਨ) ਕੀਰਤਨ ਘੰਟਾ ਹੀ ਹੋ ਸਕਦਾ ਹੈ। ਤੁਸੀਂ ਸੁਰ ਦੇ ਕੋਨੇ ਕੱਢਣੇ ਹੁੰਦੇ ਹਨ। ਤਾਨਾਂ ਵੀ ਕੱਢਣੀਆਂ ਹੁੰਦੀਆਂ ਹਨ, ਜਿਸ ਨਾਲ ਤੁਹਾਡੀਆਂ ਆਂਦਰਾਂ ਦਾ ਕਾਫ਼ੀ ਜ਼ੋਰ ਲਗਦਾ ਹੈ। ਢਿੱਲਾ ਕੀਰਤਨ ਤੁਸੀਂ ਦੋ-ਤਿੰਨ ਘੰਟੇ ਕਰ ਸਕਦੇ ਹੋ।'

ਪਰਗਟ ਸਿੰਘ ਬੇਹੱਦ ਸਪੱਸ਼ਟ ਸੁਭਾਅ ਦੇ ਮਾਲਕ ਹਨ। ਇਕ ਵਾਰ ਉਨ੍ਹਾਂ ਨੂੰ ਅਕੈਡਮੀ ਦਾ ਪ੍ਰਧਾਨ ਬਣਾਉਣ ਲਈ ਪੁੱਛਿਆ ਤਾਂ ਬੋਲੇ-ਸਾਡਾ ਸਮਾਜ ਬੇਸੁਰਾ ਕਿਉਂ ਹੈ? ਅਸੀਂ ਸਹੀ ਬੰਦੇ ਨੂੰ ਸਹੀ ਜਗ੍ਹਾ 'ਤੇ ਨਹੀਂ ਲਾਉਂਦੇ। ਮੇਰਾ ਖੇਤਰ ਸੰਗੀਤ ਹੈ, ਸਾਹਿਤ ਨਹੀਂ। ਸਾਹਿਤ ਅਕੈਡਮੀ ਦਾ ਪ੍ਰਧਾਨ ਸਾਹਿਤਕਾਰ ਹੀ ਬਣਾਇਆ ਜਾਣਾ ਚਾਹੀਦਾ ਹੈ। ਜਿਵੇਂ ਕਿ ਕਿਸੇ ਧਾਰਮਿਕ ਸੰਸਥਾ ਦਾ ਪ੍ਰਧਾਨ ਧਾਰਮਿਕ ਬਿਰਤੀ ਵਾਲਾ ਹੋਣਾ ਚਾਹੀਦਾ ਹੈ, ਰਾਜਨੀਤਕ ਬਿਰਤੀ ਵਾਲਾ ਨਹੀਂ। ਰਾਜਨੀਤਕ ਬੰਦੇ ਬਿਰਤੀ ਵਾਲੇ ਬੰਦੇ ਜਦੋਂ ਧਾਰਮਿਕ, ਸਮਾਜਿਕ, ਸਾਹਿਤਕ ਸੰਸਥਾਵਾਂ ਦੇ ਅਹੁਦਿਆਂ 'ਤੇ ਬਿਰਾਜਮਾਨ ਹੁੰਦੇ ਹਨ ਤਾਂ ਸਾਰਾ ਕੁਝ ਬੇਸੁਰਾ ਹੋ ਜਾਂਦਾ ਹੈ।

ਮਲਾਲਾ 'ਤੇ ਹੋਏ ਹਮਲੇ ਨੇ ਉਨ੍ਹਾਂ ਦੀ ਰੂਹ ਨੂੰ ਜਿਵੇਂ ਛਿਲ ਦਿੱਤਾ ਸੀ। ਰੂਹ ਦੇ ਜ਼ਖ਼ਮਾਂ 'ਤੇ ਮਲ੍ਹਮ ਲਾਉਣ ਦਾ ਉਪਰਾਲਾ ਉਨ੍ਹਾਂ ਨੇ ਆਪਣੇ ਅੰਗ ਦਾਨ ਕਰਨ ਦਾ ਮਨ ਬਣਾ ਕੇ ਕੀਤਾ ਹੈ। ਪਰਗਟ ਸਿੰਘ ਦੇ ਬੱਚਿਆਂ ਨੂੰ ਸੰਗੀਤ ਦੀ ਗੁੜ੍ਹਤੀ ਮਿਲੀ ਹੈ। ਉਹ ਅੱਜ ਦੇ 'ਬੇਸੁਰੇ ਤੇ ਬੇਤਾਲੇ' ਮਾਹੌਲ ਨੂੰ 'ਸੁਰ-ਤਾਲ' ਵਿਚ ਦੇਖਣ ਦੇ ਖ਼ਾਹਿਸ਼ਮੰਦ ਹੀ ਨਹੀਂ, ਸਗੋਂ ਆਪਣਾ ਯੋਗਦਾਨ ਵੀ ਪਾ ਰਹੇ ਹਨ।

ਉਨ੍ਹਾਂ ਨੇ ਗੰਭੀਰ ਕਵਿਤਾ ਦੇ ਨਾਲ ਨਾਲ ਹਾਸਰਸ ਕਵਿਤਾ ਵੀ ਲਿਖੀ ਹੈ, ਪਰ ਆਪਣੇ ਆਪ ਨੂੰ ਸੰਗੀਤਕਾਰਾਂ ਦੀ ਕਤਾਰ ਵਿਚ ਖੜ੍ਹਾ ਦੇਖ ਕੇ ਉਹ ਫਖ਼ਰ ਮਹਿਸੂਸ ਕਰਦੇ ਹਨ।

ਬਲਵੰਤ ਗਾਰਗੀ ਨੇ ਉਨ੍ਹਾਂ ਬਾਰੇ 'ਆਰਸੀ' (ਅਗਸਤ 1984) ਵਿਚ ਸਹੀ ਹੀ ਲਿਖਿਆ ਸੀ-ਮੈਂ ਕੀਰਤਨ ਸੁਣਿਆ ਤਾਂ ਪਰਗਟ ਸਿੰਘ ਹੋਰਾਂ ਦੀ ਸ਼ੁਧ ਗਾਈ ਹੋਈ ਬਾਣੀ ਤੇ ਉਨ੍ਹਾਂ ਦੀ ਸੁਰੀਲੀ ਆਵਾਜ਼ ਤੇ ਗਾਇਕੀ ਦਾ ਮੱਦਾਹ ਹੋ ਗਿਆ।

## ਦੁਨੀਆ ਦੇ ਅੱਠ ਬੰਦਿਆਂ ਵਿਚੋਂ ਇਕ ਭੁੱਖਾ

**ਨਿਊ ਯਾਰਕ:** ਇਨਸਾਨ ਨੇ ਬੇਸ਼ੱਕ ਬੇਹੱਦ ਤਰੱਕੀ ਕਰ ਲਈ ਹੈ ਪਰ ਵਿਸ਼ਵ ਭਰ ਵਿਚ ਅੱਠ ਵਿਅਕਤੀਆਂ ਪਿੱਛੇ ਇਕ ਨੂੰ ਲੋੜੀਂਦਾ ਭੋਜਨ ਵੀ ਨਸੀਬ ਨਹੀਂ ਹੋ ਰਿਹਾ। ਇਹ ਖੁਲਾਸਾ ਸੰਯੁਕਤ ਰਾਸ਼ਟਰ ਵੱਲੋਂ ਕੀਤਾ ਗਿਆ ਹੈ। ਸੰਯੁਕਤ ਰਾਸ਼ਟਰ ਵੱਲੋਂ ਜਾਰੀ ਸਦੀ ਦੇ ਵਿਕਾਸ ਟੀਚਿਆਂ ਬਾਰੇ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਵਿਸ਼ਵ ਵਿਚ ਭੁੱਖਮਰੀ ਦੀ ਸਮੱਸਿਆ ਵੱਲ ਖਾਸ ਧਿਆਨ ਦੇਣ ਦੀ ਲੋੜ ਹੈ ਜਿਸ ਨੇ ਅਜੇ ਤਕ ਵੀ ਗੰਭੀਰ ਰੂਪ ਧਾਰਿਆ ਹੋਇਆ ਹੈ। ਰਿਪੋਰਟ ਅਨੁਸਾਰ ਇਸ ਵੇਲੇ ਵੀ 87 ਕਰੋੜ ਲੋਕਾਂ ਨੂੰ ਲੋੜ ਅਨੁਸਾਰ ਭੋਜਨ ਨਹੀਂ ਮਿਲ ਰਿਹਾ। ਉਂਜ ਇਸ ਅੰਕੜੇ ਵਿਚ ਗਿਰਾਵਟ ਦਰਜ ਕੀਤੀ ਗਈ ਹੈ। ਇਹ 1990-92 ਵਿਚ 23.2 ਫੀਸਦੀ ਸੀ ਜਿਹੜਾ 2010-12 ਵਿਚ ਘਟ ਕੇ 14.9 ਫੀਸਦੀ ਹੋ ਗਿਆ।

# ਕੁਲਦੀਪ ਮਾਣਕ ਨਾਲ ਦੋਸਤੀ ਦੀ ਪਹਿਲੀ ਹੱਥ ਘੁਟਣੀ

## ਪੰਜਾਬੀ ਗਾਇਕੀ ਦੇ ਅੰਦਰ-ਬਾਹਰ



**ਐਸ. ਅਸ਼ੋਕ ਭੌਰਾ**

ਕਈ ਸੱਜਣ ਸੁਨੱਖੇ ਹੋਣ ਦੇ ਬਾਵਜੂਦ ਪਹਿਲੀ ਵਾਰ ਮਨ ਨੂੰ ਨਹੀਂ ਚੜ੍ਹਦੇ ਤੇ ਜਦੋਂ ਮਨ 'ਚ ਵਸਦੇ ਹਨ ਤਾਂ ਬੰਦਾ ਅੰਗੂਰਾਂ ਦੀ ਵੇਲ ਵਾਂਗ ਕੰਧ ਟੱਪ ਕੇ ਵੀ ਅੰਦਰ ਜਾ ਵੜਦੈ। ਜਿਹੜਾ ਇਹ ਆਖੇ ਕਿ ਮੈਂ ਏਡਾ ਵੀ ਬੇਈਮਾਨ ਨਹੀਂ, ਉਹਨੂੰ ਪੂਰੇ ਦਾ ਪੂਰਾ ਇਮਾਨਦਾਰ ਸਮਝਣ ਦੀ ਗੁਸਤਾਖੀ ਵੀ ਨਹੀਂ ਕੀਤੀ ਜਾ ਸਕਦੀ।

ਜਿੰਨਾ ਕੁ ਮੈਂ ਜਾਣਦਾ ਹਾਂ, ਉਸ ਨਜ਼ਰੀਏ ਤੋਂ ਕਹਿ ਸਕਦਾ ਹਾਂ ਕਿ ਕਈ ਵਾਰ ਲੋਕਾਂ ਨੂੰ ਤਾਂ ਚੂਰੀ ਲੱਗਦੀ ਆ, ਪਰ ਵਿਚੋਂ ਲੂਣ ਦੀਆਂ ਡਲੀਆਂ ਵੀ ਨਿਕਲ ਸਕਦੀਆਂ ਹਨ। ਪੰਜਾਬੀ ਗਾਇਕਾਂ ਨਾਲੋਂ ਕਈ ਵਾਰ ਲੀਡਰ ਚੰਗੇ ਲਗਦੇ ਨੇ। ਫਰਕ ਸਿਰਫ਼ ਇੰਨਾ ਕੁ ਹੀ ਹੁੰਦਾ ਹੈ ਕਿ ਲੀਡਰ ਦਾ ਭਾਸ਼ਣ ਮਹਿਕਦਾ ਹੈ, ਦਾਅਵੇ ਤੇ ਵਾਅਦੇ ਮੁਸ਼ਕ ਮਾਰ ਰਹੇ ਹੁੰਦੇ ਹਨ ਤੇ ਗਾਇਕ...? ਇਨ੍ਹਾਂ 'ਚੋਂ ਬਹੁਤਿਆਂ ਦੇ ਸਿਰਫ਼ ਗੀਤ ਹੀ ਸੁਆਦਲੇ ਹਨ। ਕਈਆਂ ਨੇ ਕਲਾਤਮਿਕ ਜ਼ਿੰਦਗੀ ਤਾਂ ਬਹੁਤ ਲੰਬੀ ਹੰਢਾਈ, ਪਰ ਇਨਸਾਨੀਅਤ ਦੀ ਬੁਰਕੀ ਇਕ ਵੀ ਨਹੀਂ ਖਾਧੀ। ਜੇ ਗਾਇਕ ਸਟੇਜਾਂ ਜਾਂ ਅਖਾੜਿਆਂ ਤੋਂ ਬਾਹਰ ਵੀ ਸਰੋਤਿਆਂ ਨੂੰ ਰੱਬ ਵਰਗੇ ਸਮਝਦੇ ਹੁੰਦੇ, ਤਾਂ ਕਈ ਘਰਾਂ ਵਿਚ ਇਨ੍ਹਾਂ ਦੀਆਂ ਫੋਟੋਆਂ ਅੱਗੇ ਵੀ ਚੰਦਨ ਦੀ ਮਹਿਕ ਵਾਲਾ ਧੂਫ ਧੁਖਿਆ ਕਰਨਾ ਸੀ।

ਜਦੋਂ ਇਹ ਗਵੱਈਏ ਹੁੰਦੇ ਸਨ ਤਾਂ ਲੋਕ ਇਨ੍ਹਾਂ ਨੂੰ ਕੰਜਰਾਂ ਵਾਲਾ ਕੰਮ ਆਖਦੇ ਸਨ, ਪਰ ਸੱਚ ਇਹ ਹੈ ਕਿ ਉਦੋਂ ਲੋਕ ਭੁਲੇਖੇ 'ਚ ਸਨ। ਇਹ ਗਵੱਈਏ ਬਾਅਦ 'ਚ, ਪਹਿਲਾਂ ਕਾਫੀ ਹੱਦ ਤੱਕ ਇਨਸਾਨ ਸਨ। ਜਦੋਂ ਪੰਜਾਬੀ ਗਾਇਕੀ ਵਿਚ ਨੱਚਣ ਵਾਲੀਆਂ ਕੁੜੀਆਂ ਨੇ ਪ੍ਰਵੇਸ਼ ਕੀਤਾ ਤਾਂ ਬੀਬੇਪਣ ਨੂੰ ਜੰਗਾਲ ਖਾ ਗਿਆ। ਕਈ ਬਾਹਰ ਤਾਂ ਆਟੋਗ੍ਰਾਫ ਦਿੰਦੇ ਰਹੇ, ਘਰੇ ਪਤਨੀਆਂ ਨੂੰ ਆਟੇ 'ਚ ਲੂਣ ਜਿੰਨਾ ਵੀ ਸਤਿਕਾਰ ਨਹੀਂ ਦਿੱਤਾ। ਜਿਸ ਯੁੱਗ ਵਿਚ ਰੱਬ ਨੂੰ ਮਿਲਾਉਣ ਵਾਲਿਆਂ ਉਤੇ, ਅਤੇ ਸੰਗੀਤ ਦੀਆਂ ਘੋੜੀਆਂ ਗਾਉਣ ਵਾਲਿਆਂ ਉਤੇ ਬਲਾਤਕਾਰ ਦੇ ਇਲਜ਼ਾਮ ਲੱਗ ਰਹੇ ਹੋਣ, ਮਨ ਹਾਮੀ ਭਰਦੈ ਕਿ ਰਿਸ਼ਤਿਆਂ ਵਿਚ ਬਦਨਾਮੀ ਦੀ ਚੂਲ ਢਿੱਲੀ ਹੋ ਰਹੀ ਹੈ। ਸੱਚ ਪੁੱਛੋ ਤਾਂ ਪੰਜਾਬੀ ਗਾਇਕੀ ਦਾ ਨੁਕਸਾਨ ਘੱਟ ਪੜ੍ਹੇ-ਲਿਖੇ ਗਾਇਕਾਂ ਨੇ ਨਹੀਂ ਸੀ ਕੀਤਾ, ਬਹੁਤੇ ਪੜ੍ਹੇ-ਲਿਖੇ ਹੀ ਸਰੋਤਿਆਂ ਨੂੰ ਮੁੰਡ੍ਹੀਰ ਸਮਝ ਕੇ ਸਤਿਆਨਾਸ ਕਰ ਗਏ। ਕਈਆਂ ਨੇ ਵਾਲ ਤਾਂ ਫਕੀਰਾਂ ਵਰਗੇ ਰੱਖ ਕੇ ਫ਼ੱਕਰ ਹੋਣ ਦਾ ਭੁਲੇਖਾ ਪਾਇਆ, ਪਰ ਭੋਲੀਆਂ ਸੂਰਤਾਂ 'ਚੋਂ ਨਿਕਲਿਆ ਕੁਝ ਹੋਰ। ਕਈ ਸੀ ਤਾਂ ਸਿਰਫ ਗਾਉਣ ਵਾਲੇ, ਪਰ ਮੰਚ ਤੋਂ ਬਿਨਾਂ ਹੀ ਮੁਕੰਮਲ ਡਰਾਮਾ ਕਰਨ ਵਿਚ ਸਫ਼ਲ ਰਹੇ। ਜਦੋਂ ਕੁਲਦੀਪ ਮਾਣਕ ਵਰਗੇ ਗਾਇਕਾਂ ਨੇ ਪ੍ਰਵੇਸ਼ ਦੁਆਰ ਲੰਘਿਆ ਤਾਂ ਪੰਜਾਬੀ ਗਾਇਕੀ ਦੇ ਨਿੰਦਕਾਂ ਨੇ ਵੀ ਬਰੂਹਾਂ 'ਤੇ ਸ਼ਗਨਾਂ ਦਾ ਤੇਲ ਚੋਅ ਦਿੱਤਾ ਸੀ।

ਲੁਧਿਆਣੇ 'ਚ ਗੀਤਕਾਰ ਬਣਨ ਦੇ ਚੱਕਰ ਵਿਚ ਹੋਈ ਪਹਿਲੀ ਕੁਪੱਤ ਮੈਨੂੰ ਵੀ ਛੇਤੀ ਭੁੱਲ ਗਈ ਸੀ, ਕਿਉਂਕਿ ਜੁਆਨੀ 'ਚ ਤਾਂ ਕਈ ਵਾਰ ਕਈ ਸੱਥਾਂ ਪੰਚਾਇਤਾਂ ਵਿਚ ਇਸ਼ਕ-ਮੁਸ਼ਕ ਦੀਆਂ ਹਰਕਤਾਂ ਕਰਕੇ ਛਿੱਤਰ ਖਾ ਕੇ ਹਿੜ ਹਿੜ ਕਰਦੇ ਨਿਕਲਦੇ ਹਨ। ਚਲੋ, ਮੇਰੇ ਨਾਲ ਤਾਂ ਹੇਠਾਂ ਉਤੇ ਸਿਰਫ ਗੀਤਾਂ ਕਰ ਕੇ ਹੋਈ ਸੀ, ਭਾਈ ਚਤਰ ਸਿੰਘ ਐਂਡ ਕੰਪਨੀ ਦੇ ਤੇਜਿੰਦਰ ਗਰੋਵਰ ਦੀ ਚਿੱਠੀ ਦਾ ਅਸਰ ਮੇਰੇ ਉਤੇ ਸਾਧ ਦੇ ਤਵੀਤਾਂ ਵਾਂਗ ਹੋਣ ਲੱਗ ਪਿਆ ਸੀ। 'ਪੱਟੂ ਚਾਰ ਪੰਜ ਕੁੜੀਆਂ ਫਸਾਈ ਫਿਰਦਾ...' ਗੀਤ ਗਾਉਣ ਵਾਲੇ ਕਰਤਾਰ ਰਮਲੇ ਕੋਲ ਜੀਅ ਜਾਣ ਨੂੰ ਤਾਂ ਨਾ ਕੀਤਾ; ਕਿਉਂਕਿ ਜੇ ਮੇਰਾ ਇੱਦਾਂ ਦਾ ਕੋਈ ਗੀਤ ਰਿਕਾਰਡ ਹੋ ਜਾਂਦਾ ਤਾਂ ਬੇਬੇ ਨੇ ਫਿਰ ਮੇਰਾ ਪੱਕਾ ਸਿਰ ਪਾੜ ਦੇਣਾ ਸੀ! ਮੁਹੰਮਦ ਸਦੀਕ ਤੇ ਰਣਜੀਤ ਕੌਰ ਪੱਕੇ ਤੌਰ 'ਤੇ ਬਾਬੂ ਸਿੰਘ ਮਾਨ ਮਰਾੜਾਂ ਵਾਲੇ ਨਾਲ ਜੁੜ ਚੁੱਕੇ ਸਨ ਤੇ ਕੁਲਦੀਪ ਮਾਣਕ ਤੇ ਦੇਵ ਥਰੀਕਿਆਂ ਵਾਲੇ ਦੀ ਯਾਰੀ ਪੱਕ ਚੁੱਕੀ ਸੀ। ਇਸ ਕਰ ਕੇ ਗਰੋਵਰ ਦੀ ਇਹ ਚਿੱਠੀ ਵੀ ਮੈਨੂੰ ਬਹੁਤੀ ਰਾਸ ਨਹੀਂ ਸੀ ਆਉਂਦੀ ਲਗਦੀ।

ਮੇਰੇ ਫਗਵਾੜੇ ਵਾਲੇ ਇੰਜੀਨੀਅਰਿੰਗ ਕਾਲਜ ਵਿਚ ਕੁਲਵੰਤ ਨਾਰਾ ਤੇ ਸਤਨਾਮ ਸੁਰੀਲਾ ਗਾਉਂਦੇ ਸਨ। ਸੀਗੇ ਤਾਂ ਜੁਲਾਹਿਆਂ ਦੇ ਮੁੰਡੇ, ਪਰ ਗਾਉਂਦੇ ਮਰਾਸੀਆਂ ਵਾਂਗ ਸਨ। ਉਨ੍ਹਾਂ ਦਾ ਵੱਡਾ ਭਰਾ ਤਰਸੇਮ ਗੀਤ ਲਿਖਦਾ ਹੁੰਦਾ ਸੀ। ਇਤਫਾਕ ਇਹ ਸੀ ਕਿ ਇਨ੍ਹਾਂ ਤਿੰਨਾਂ ਵਿਚੋਂ ਇਕ ਇਲੈਕਟਰੀਕਲ, ਇਕ ਸਿਵਲ ਤੇ ਇਕ ਮਕੈਨੀਕਲ ਟਰੇਡ ਵਿਚ ਕੋਰਸ ਕਰਦੇ ਸਨ। ਕਾਲਜ ਦੇ ਸਾਲਾਨਾ ਸਮਾਗਮ 'ਤੇ ਇਹ ਆਪਣੇ ਇਕ ਬਜ਼ੁਰਗ, ਜਿਸ ਨੂੰ ਦਿਸਦਾ ਵੀ ਘੱਟ ਸੀ, ਨੂੰ ਢੋਲਕ ਵਜਾਉਣ ਲਈ ਸਟੇਜ 'ਤੇ ਲੈ ਕੇ ਆਏ। ਗੀਤਾਂ ਨਾਲੋਂ ਵੀ ਧਿਆਨ ਢੋਲਕ ਵੱਲ ਵਧ ਗਿਆ, ਮੁੰਡਿਆਂ ਦਾ ਵੀ ਤੇ ਪ੍ਰੋਫੈਸਰਾਂ ਦਾ ਵੀ। ਬਾਅਦ 'ਚ ਸਟੇਜ ਤੋਂ ਜਾਣ-ਪਛਾਣ ਵਿਚ ਪਤਾ ਲੱਗਾ ਕਿ ਇਹ ਬਜ਼ੁਰਗ ਸਾਧਾਰਨ ਨਹੀਂ ਹੈ। ਇਹ ਜਿਹੜਾ ਸਾਜ਼ ਵਜਾ ਕੇ ਹਟਿਆ ਹੈ, ਇਸ ਨੂੰ ਢੋਲਕ ਨਹੀਂ, ਮਰਦੰਗ ਆਖਦੇ ਹਨ। ਮਰਦੰਗ ਦਾ ਅਰਥ ਹੈ ਕਿ ਤਬਲੇ ਅਤੇ ਧਾਗੇ ਨੂੰ 'ਕੱਠਿਆਂ ਕਰ ਦਿੱਤਾ ਗਿਆ ਹੈ। ਜਦੋਂ ਇਹ ਵੀ ਦੱਸਿਆ ਗਿਆ ਕਿ ਇਹ ਬਜ਼ੁਰਗ ਮਲਕਾ-ਏ-ਤਰੰਨੁਮ ਨੂਰ ਜਹਾਂ ਨਾਲ ਸੰਗਤ ਕਰਦਾ ਰਿਹਾ ਹੈ ਤੇ ਬਾਬੇ ਮਰਦਾਨੇ ਕਿਆਂ ਦੀ ਕੁੱਲ 'ਚੋਂ ਹੈ, ਤਾਂ ਹਰ ਇਕ ਦਾ ਧਿਆਨ ਕਾਲਜ ਦੇ ਇਸ ਸਮਾਗਮ ਦੇ ਇਸ ਬਜ਼ੁਰਗ ਨੇ ਖਿੱਚ ਲਿਆ। ਇਹ ਕੁਲਵੰਤ ਤੇ ਸਤਨਾਮ ਦਾ ਉਸਤਾਦ ਸੀ ਤੇ ਤਬਲੇ ਤੇ ਧਾਮੇ ਨੂੰ 'ਕੱਠਿਆਂ ਕਰ ਕੇ ਇਸ ਸਾਜ਼ ਦਾ ਨਿਰਮਾਣ ਵੀ ਇਸੇ ਦਾ ਸੀ। ਇਸ ਬਜ਼ੁਰਗ ਦਾ ਪਿੰਡ ਤਾਂ ਬਹਿਰਾਮ ਲਾਗੇ ਸਾਡੇ ਜ਼ਿਲ੍ਹੇ ਵਿਚ ਹੀ ਫਰਾਲਾ ਸੀ, ਪਰ ਉਂਜ ਇਹ ਆਪਣੇ ਸਹੁਰੇ ਪਿੰਡ ਨੂਰਪੁਰ ਨੇੜੇ ਸਰਹਾਲ ਕਾਜੀਆਂ ਰਹਿੰਦਾ ਸੀ। ਹੋਰ ਖੁਲਾਸਾ ਹੋਇਆ ਕਿ ਇਸ ਬਜ਼ੁਰਗ ਦਾ ਨਾਂ ਸੀ ਸਰਦਾਰ ਮੁਹੰਮਦ ਜਿਸ ਦੀ ਯਾਦ ਵਿਚ ਤੇਈ ਸਾਲਾਂ ਤੋਂ ਨੂਰਪੁਰ ਮੇਲਾ ਲੱਗਦਾ ਹੈ, ਤੇ ਇਸੇ ਮੇਲੇ ਵਿਚ ਦਿਲਸ਼ਾਦ ਅਖ਼ਤਰ ਸਮੇਤ ਵੱਡੇ ਵੱਡੇ ਗਾਇਕ ਮੇਰੇ ਮਿੱਤਰ ਬਣੇ। ਕੈਲੀਫੋਰਨੀਆ ਵਸਦਾ ਢੋਲਕ ਵਾਦਕ ਦਿਲਬਰ ਮੁਹੰਮਦ ਬੱਲੀ ਤੇ ਗਾਇਕ ਬੂਟਾ ਮੁਹੰਮਦ, ਇਸ ਬਜੁਰਗ ਸਰਦਾਰ ਮੁਹੰਮਦ ਦੇ ਦੋ ਫਰਜੰਦ ਹਨ।

ਹੌਲੀ ਹੌਲੀ ਤਰਸੇਮ, ਕੁਲਵੰਤ ਤੇ ਸਤਨਾਮ ਮੇਰੇ ਗੂੜ੍ਹੇ ਮਿੱਤਰ ਬਣ ਗਏ। ਉਨ੍ਹਾਂ ਦਾ ਪਿੰਡ ਮਾਂਗਟਾਂ ਡੀਂਗਰੀਆਂ ਸੀ ਤੇ ਇਨ੍ਹਾਂ ਨਾਲ ਮੈਂ ਸਰਦਾਰ ਮੁਹੰਮਦ ਕੋਲ ਆਉਣ ਜਾਣ ਲੱਗ ਪਿਆ। 'ਅਜੀਤ' ਵਿਚ ਜਦੋਂ 'ਮੰਦਲ ਦਾ ਨਿਰਮਾਤਾ-ਸਰਦਾਰ ਮੁਹੰਮਦ' ਮੈਂ ਲੇਖ ਲਿਖਿਆ ਤਾਂ ਛੋਟੀ ਜਿਹੀ ਸਾਂਝ ਮੁਹੱਬਤ ਤੇ ਪਿਆਰ ਵਿਚ ਬਦਲ ਗਈ। ਫਿਰ ਪਤਾ ਲੱਗਿਆ ਕਿ ਇਹ ਤਾਂ ਸਾਰਾ ਟੱਬਰ ਹੀ ਸੰਗੀਤ ਦੀਆਂ ਬਰੀਕੀਆਂ ਦਾ ਮਾਹਿਰ ਹੈ। ਸਰਦਾਰ ਮੁਹੰਮਦ ਦਾ ਛੋਟਾ ਭਰਾ ਗੁਲਜ਼ਾਰ ਮੁਹੰਮਦ ਨੋਗੀ ਕੁਲਦੀਪ ਮਾਣਕ ਨਾਲ ਢੋਲਕ (ਮਰਦੰਗ) ਵਜਾਉਂਦਾ ਹੈ। ਮਾਣਕ ਦੀ ਟੀਮ ਵਿਚ ਨੋਗੀ ਦਾ ਸਤਿਕਾਰ ਬਹੁਤ ਸੀ ਤੇ ਉਸ ਨੂੰ ਗੁਰੂ ਕਰ ਕੇ ਹੀ ਬੁਲਾਇਆ ਜਾਂਦਾ ਸੀ। ਐਚ.ਐਮ.ਵੀ. ਕੰਪਨੀ ਵਿਚ ਗੁਰੂ ਨੇ ਯੂਸਫ਼ ਨਾਲ ਮਾਣਕ ਦੇ ਕਈ ਗੀਤਾਂ ਵਿਚ ਮਰਦੰਗ ਵਜਾਈ ਸੀ। (ਮਨਮੋਹਨ ਵਾਰਿਸ ਦੀ ਟੀਮ ਵਿਚ ਵੀ ਨੋਗੀ ਦੇ ਬੇਟੇ ਤੇ ਇਸ ਪਰਿਵਾਰ 'ਚੋਂ ਹੋਰ ਵੀ ਕਈ ਤਾਲ ਵਾਦਨ ਲਈ ਹਾਲੇ ਵੀ ਕੰਮ ਕਰ ਰਹੇ ਹਨ।)

ਮੈਨੂੰ ਲੱਗਿਆ ਕਿ ਰਾਹ ਹੁਣ ਮਾਣਕ ਤੱਕ ਅਪੜਨ ਲਈ ਪੱਧਰਾ ਹੁੰਦਾ ਜਾ ਰਿਹਾ ਹੈ। ਮਾੜੀ ਕਿਸਮਤ ਕਿ ਗੁਰੂ ਦੀ ਲੁਧਿਆਣੇ ਹੀ ਮੌਤ ਹੋ ਗਈ। ਸੁਪਨਾ ਮੇਰਾ ਵਿਚ ਵਿਚਾਲੇ ਟੁੱਟਣ ਲੱਗਾ। ਟੇਸ਼ਨ ਦਾ ਤਾਂ ਮੈਨੂੰ ਪਤਾ ਨਹੀਂ ਸੀ, ਪਰ ਮੈਂ ਟਰੇਨ ਸਹੀ 'ਤੇ ਚੜ੍ਹ ਗਿਆ। ਮੈਂ ਗੁਰੂ 'ਤੇ ਹੀ ਇਕ ਗੀਤ ਲਿਖਿਆ, ਸਰਦਾਰ ਮੁਹੰਮਦ ਨੂੰ ਸੁਣਾਇਆ ਤੇ ਨਾਲ ਹੀ ਇੱਛਾ ਜ਼ਾਹਿਰ ਕਰ ਦਿੱਤੀ ਕਿ ਮੈਂ ਚਾਹੁੰਦਾ ਹਾਂ, ਇਹ ਗੀਤ ਮਾਣਕ ਰਿਕਾਰਡ ਕਰਵਾ ਦੇਵੇ। ਬਚਪਨਾ ਸੀ ਤੇ ਅਕਲ ਮੋਟੀ ਸੀ। ਕਾਪੀ 'ਚ ਦੋ ਤਿੰਨ ਹੋਰ ਗੀਤ ਲਿਖੇ, ਸਰਦਾਰ ਮੁਹੰਮਦ ਤੋਂ ਹੇਠਾਂ ਦਸਤਖ਼ਤ ਉਰਦੂ 'ਚ ਕਰਵਾ ਕੇ ਬ-ਕਲਮ ਖ਼ੁਦ ਲਿਖਵਾਇਆ ਤੇ ਅਗਲੇ ਦਿਨ ਕਾਲਜੋਂ ਅੱਧੀ ਛੁੱਟੀ ਕਰ ਕੇ ਲੁਧਿਆਣੇ ਨੂੰ ਬੱਸੇ ਚੜ੍ਹ ਗਿਆ।

ਬੱਸ ਦੇ ਕੋਲ ਵ੍ਹਾਈਟ ਹਾਊਸ ਪੈਟਰੋਲ ਪੰਪ ਦੇ ਸਾਹਮਣੇ ਕੁਲਦੀਪ ਮਾਣਕ ਦਾ ਬੋਰਡ ਪੜ੍ਹਿਆ ਤੇ ਪਿੱਛੋਂ ਦੀ ਹੋ ਕੇ ਪੌੜੀਆਂ ਚੜ੍ਹ ਕੇ ਦਫ਼ਤਰ ਜਾ ਪਹੁੰਚਿਆ। ਚੰਗੀ ਕਿਸਮਤ ਮਾਣਕ ਅੱਗੇ ਕੁਰਸੀ 'ਤੇ ਬੈਠਾ ਸੀ। ਮੂਹਰੇ ਗੁਰਚਰਨ ਪੋਹਲੀ ਬੈਠਾ ਸੀ। ਲੰਬਾ ਸਮਾਂ ਮਾਣਕ ਦੇ ਦਫ਼ਤਰੀ ਰਹੇ ਸੇਵਾ ਸਿੰਘ ਨੌਰਥ ਤੇ ਮੇਵਾ ਸਿੰਘ ਨੌਰਥ ਪੁੱਛਣ ਲੱਗੇ, "ਬਾਈ ਕਿਵੇਂ ਆਇਆਂ?"

"ਗੀਤ ਰਿਕਾਰਡ ਕਰਵਾਉਣੇ ਆਂ।"

"ਤੇਰਾ ਗੁਰੂ ਕੌਣ ਆਂ?"

"ਹਾਲੇ ਬਣਾਉਣੈ।"

"ਜਦੋਂ ਬਣ ਗਿਆ ਫੇਰ ਆ ਜਾਈਂ।"

"ਮੈਨੂੰ ਗੱਲ ਤਾਂ ਕਰ ਲੈਣ ਦਿਉ?"

"ਨਾਂ ਕੀ ਐ ਤੇਰਾ?"

"ਐਸ. ਅਸ਼ੋਕ ਭੌਰਾ।"

"ਅੱਛਾ ਤੂੰ ਆਂ ਭੌਰਾ।" ਉਹਨੇ ਮੇਜ਼ 'ਤੇ ਮਾਣਕ ਅੱਗੇ ਪਈ 'ਪੰਜਾਬੀ ਟ੍ਰਿਬਿਊਨ' ਵਿਚ ਛਪੇ ਮੇਰੇ ਲੇਖ 'ਔਰਤਾਂ 'ਤੇ ਜ਼ੁਲਮ ਕਿਉਂ?' ਮੇਰੇ ਅੱਗੇ ਕਰਦਿਆਂ ਕਿਹਾ, "ਆਹ ਤੂੰ ਲਿਖਿਆ?"

'ਹਾਂ' ਵਿਚ ਸਿਰ ਹਿਲਾਉਣ 'ਤੇ ਉਹ ਦੋਵੇਂ ਕਹਿਣ ਲੱਗੇ, "ਬਲਬੀਰੋ ਭਾਬੀ ਫਿਲਮ ਦੀ ਗੱਲ ਚੱਲ ਰਹੀ ਐ। ਪੋਹਲੀ ਸਾਹਿਬ ਨੂੰ ਜਾ ਲੈਣ ਦੇ।" ਮੈਨੂੰ ਚਾਅ ਚੜ੍ਹ ਗਿਆ ਕਿ ਲੱਗੀਆਂ ਚੁਬਾਰੇ ਦੀਆਂ ਕੰਧਾਂ ਪੈਣ!

ਊਂ ਉਨ੍ਹਾਂ ਨੇ ਮੈਨੂੰ ਚਾਹ ਤਾਂ ਪਲਾਈ, ਪਰ ਮੈਂ ਜਿਵੇਂ ਰਾਂਝਾ ਗੋਰਖ ਦੇ ਟਿੱਲੇ 'ਤੇ ਜੋਗ ਲੈਣ ਲਈ ਆਇਆ ਹੋਵੇ, ਡੂਢ ਘੰਟਾ ਬੈਂਚ 'ਤੇ ਹੀ ਬੈਠਾ ਰਿਹਾ। ਉਧਰ ਪੰਜਾਬ ਦੇ ਹਾਲਾਤ ਖਰਾਬ ਤੇ ਉਪਰੋਂ ਹੋਵੇ ਹਨੇਰਾ।

ਪੋਹਲੀ ਹੇਠਾਂ ਉਤਰਿਆ ਤਾਂ ਮਾਣਕ ਨੇ ਸੇਵੇ ਨੂੰ ਪੁੱਛਿਆ, "ਇਹ ਬਲੂੰਗੜਾ ਕੌਣ ਐ?"

"ਜੀ ਗੀਤ ਲੈ ਕੇ ਅਇਐ।"

"ਬੁਲਾਓ ਉਰਾਂ ਨੂੰ।" ਤੇ ਮੈਂ ਮੇਜ਼ ਮੂਹਰੇ ਪਈ ਕੁਰਸੀ 'ਤੇ ਬੈਠ ਗਿਆ।

"ਕਿੱਦਾਂ ਆਇਆਂ?"

"ਜੀ ਗਾਣੇ ਲਿਖਦਾ ਹੁੰਦਾਂ।"

"ਹੋਰ ਕੋਈ ਕੰਮ ਨ੍ਹੀਂ ਲੱਭਾ?"

ਮਾਣਕ ਦੇ ਟਿੱਚਰੀ ਤੇ ਅੱਖੜ ਸੁਭਾਅ ਬਾਰੇ ਤਾਂ ਮੈਂ ਸਟੇਜਾਂ 'ਤੇ ਸੁਣਿਆ ਸੀ, ਪਰ ਨਿਸ਼ਾਨਾ ਸਿੱਧਾ ਸਹਿਣਾ ਔਖਾ ਸੀ। ਜੁਆਬ ਦੇਣ ਦੀ ਜੁਰਅਤ ਨਹੀਂ ਸੀ। ਛਿਥੇ ਜਿਹੇ ਪਏ ਨੇ ਮੈਂ ਬੁੱਲ੍ਹਾਂ 'ਤੇ ਜੀਭ ਫੇਰਦਿਆਂ ਮਲਕੜੇ ਜਿਹੇ ਕਿਹਾ, "ਜੀ ਮੈਂ ਕਾਲਜ ਵਿਚ ਪੜ੍ਹਦਾਂ ਹਾਲੇ।"

"ਪੁੱਠੇ ਕੰਮੇ ਕਾਹਨੂੰ ਪੈਣ ਲੱਗਾਂ? ਹਾਂ, ਦੱਸ ਕੀ ਲਿਖਦੈਂ?" ਤੇ ਨਾਲ ਹੀ ਉਹਨੇ ਮੇਵੇ ਨੂੰ ਸੌ ਦਾ ਨੋਟ ਫੜਾ ਕੇ ਕਿਹਾ, "ਅੱਧਾ ਫੜ ਲਿਆ ਹੇਠੋਂ। ਦੋ ਸੰਤਰੇ ਦੀ ਵੀ ਲੈਂਦਾ ਆਈਂ।"

ਮੈਨੂੰ ਭਰਮ ਪੈ ਗਿਆ ਕਿ ਸ਼ਾਇਦ ਮੇਰੇ ਲਈ ਮੰਗਾ ਰਿਹੈ।

"ਮੈਂ ਪੀਂਦਾ ਨ੍ਹੀਂ ਜੀ।" ਕਿਹਾ ਤਾਂ ਹੌਲੀ ਦੇਣੀ ਸੀ, ਪਰ ਅੱਗਿਉਂ ਜਵਾਬ ਬੜਾ ਕੜਾਕੇਦਾਰ ਸੀ, "ਤੂੰ ਸਾਡੇ ਪ੍ਰਾਹੁਣਾ ਆਇਐਂ...ਜਾਣ ਨਾ ਪਛਾਣ। ਇਹ ਤਾਂ ਮੈਂ ਆਪਣੇ ਲਈ ਮੰਗਾਈ ਐ।"

ਖਰਵੀਂ ਜਿਹੀ ਬੋਲੀ ਤੋਂ ਮੈਨੂੰ ਆਏਂ ਲੱਗਾ ਕਿ ਕੁੱਤਾ ਹੁਣ ਸੰਗਲ ਨਾਲ ਬੰਨ੍ਹ ਕੇ ਕੁੱਟਿਆ ਜਾਊ!

"ਤੂੰ ਕੰਮ ਨਬੇੜ ਆਪਣਾ, ਅਸੀਂ ਘੁੱਟ ਲਾਉਣੀ ਵੀ ਆ। ਦੱਸ ਕੀ ਲਿਖਦੈਂ?"

"ਜੀ ਗੁਲਜ਼ਾਰ ਮੁਹੰਮਦ ਨੋਗੀ ਸੀ ਜੀਹਨੂੰ ਤੁਸੀਂ ਗੁਰੂ ਆਖਦੇ ਸੀ।"

"ਉਹ ਤਾਂ ਕਈ ਮਹੀਨੇ ਹੋ ਗਏ ਪੂਰਾ ਹੋਏ ਨੂੰ। ਉਹਨੂੰ ਮਿਲਣਾ ਸੀ ਕਿ ਗੀਤ ਦਿਖਾਉਣੇ ਆਂ?"

"ਜੀ ਮੈਂ ਉਹਦੇ 'ਤੇ ਗੀਤ ਲਿਖਿਆ। ਹੇਠਾਂ ਉਨ੍ਹਾਂ ਦੇ ਵੱਡੇ ਭਰਾ ਦੇ ਸਾਈਨ ਨੇ।"

"ਓ ਸੇਵਿਆ, ਇਹਨੂੰ ਕਮਲੇ ਨੂੰ ਹੇਠਾਂ ਛੱਡ ਕੇ ਆਓ। ਨੋਗੀ ਮੇਰੇ ਨਾਲ ਢੋਲਕ ਵਜਾਉਂਦਾ ਸੀ, ਉਹ ਸੁੱਚਾ ਸੂਰਮਾ ਨ੍ਹੀਂ ਸੀ ਜਿਹਦੇ 'ਤੇ ਗੀਤ ਲਿਖ ਕੇ ਲਿਆਇਐਂ।"

"ਜੀ ਇਕ ਹੋਰ ਵੀ ਗੀਤ ਹੈਗਾ 'ਦਿਲ ਦੀਆਂ ਬੁੱਝ ਲੈਣੀਏਂ, ਐਵੇਂ ਲੰਘਿਆ ਨਾ ਕਰ ਸ਼ਰਮਾ ਕੇ...।" ਮੇਰੇ ਬੋਲਾਂ 'ਚ ਰੱਜ ਕੇ ਤਰਲਾ ਸੀ।

"ਇਹ ਕਰਤਾਰ ਰਮਲੇ ਕੋਲ ਲੈ ਜਾ, ਇੱਦਾਂ ਦੇ ਉਹ ਗਾਉਂਦੈ। ਬੰਦਿਆਂ ਆਲੇ ਕੰਮ ਕਰ। ਘਰ ਦੇ ਕਹਿੰਦੇ ਹੋਣੇ ਆਂ ਮੁੰਡਾ ਪੜ੍ਹਦੈ।"

ਉਦਣ ਮੈਨੂੰ ਅਹਿਸਾਸ ਹੋ ਗਿਆ ਸੀ ਕਿ ਭਰਿੰਡਾਂ ਸੱਚੀਂ ਉਦਾਸ ਚਿਹਰਿਆਂ 'ਤੇ ਹੀ ਲੜਦੀਆਂ ਹਨ।

ਬੇਰੰਗ ਚਿੱਠੀ ਜਿਵੇਂ ਡਾਕੀਏ ਨੇ ਅਲੱਗ ਕੱਢ ਕੇ ਰੱਖ ਦਿੱਤੀ ਹੋਵੇ...ਜਿਵੇਂ ਲੀਡਰ ਗਰੀਬ ਦੀ ਅਰਜ਼ੀ ਵੀ ਕਈ ਵਾਰ ਨਹੀਂ ਫੜਦੇ; ਇਵੇਂ ਮੈਂ ਸ਼ਰਮ 'ਚ ਨਿੰਬੂ ਵਾਂਗ ਨੁੱਚੜੇ ਨੇ ਆਪਣੀ ਕਾਪੀ ਚੁੱਕ ਕੇ ਤੁਰਨ ਲਈ ਪੈਰ ਹੀ ਪੁੱਟਿਆ ਸੀ ਕਿ ਜਦ ਨੂੰ ਮੇਵਾ ਸਿੰਘ ਵੀ ਆ ਗਿਆ ਅਧੀਆ ਲੈ ਕੇ।

ਸੇਵੇ ਨੇ ਉਹਦੇ ਕੰਨ 'ਚ ਪਤਾ ਨ੍ਹੀਂ ਕੀ ਕਿਹਾ, ਪਰ ਮੈਨੂੰ ਆਏਂ ਲੱਗਾ ਕਿ ਇਹ ਬੱਸ ਅੱਡੇ ਤੱਕ ਮੇਰੇ ਮਗਰ ਜਾਣਗੇ ਕਿ ਬੱਸ ਚੜ੍ਹੇਗਾ ਕਿ ਨਹੀਂ। ਹੋਇਆ ਉਂਜ ਇਸ ਦੇ ਉਲਟ। ਮੇਵੇ ਨੇ ਉਹੀ ਅਖ਼ਬਾਰ ਮਾਣਕ ਮੂਹਰੇ ਕਰਦਿਆਂ ਕਿਹਾ, "ਭਾ ਜੀ, ਆਹ ਦੇਖੋ ਪੰਜਾਬੀ ਟ੍ਰਿਬਿਊਨ, ਇਹ ਅਖ਼ਬਾਰਾਂ 'ਚ ਲਿਖਦੈ।"

"ਇਸ ਅਖ਼ਬਾਰ 'ਚ ਸ਼ਮਸ਼ੇਰ ਸੰਧੂ ਲੱਗਿਆ ਵੀ ਹੋਇਐ ਤੇ ਲਿਖਦਾ ਵੀ ਐ। ਸ਼ਰਾਰਤਾਂ ਵੀ ਕਰਦੈ ਸਾਡੇ ਨਾਲ।"

ਜਹਾਜ਼ ਜਿਵੇਂ ਐਮਰਜੈਂਸੀ ਲੈਂਡਿੰਗ ਕਰ ਗਿਆ ਹੋਵੇ। ਹਾਲਾਤ ਇੱਦਾਂ ਬਦਲ ਗਏ ਸਨ ਕਿ ਬੰਦਾ ਤਾਂ ਨਿਕੰਮਾ ਸੀ, ਡੋਲੀ 'ਚੋਂ ਬਹੂ ਸੁਨੱਖੀ ਉਤਰ ਆਈ।

ਮਾਣਕ ਕਹਿਣ ਲੱਗਾ, "ਤੂੰ ਛੱਡ ਗੀਤਾਂ-ਗੂਤਾਂ ਨੂੰ, ਉਹ ਤੇਰੇ ਬਥੇਰੇ ਰਿਕਾਰਡ ਕਰਵਾ ਦਿਆਂਗੇ। ਤੂੰ ਗਾਇਕਾਂ ਬਾਰੇ ਲਿਖ। ਸ਼ਮਸ਼ੇਰ ਸੰਧੂ 'ਕੱਲਾ ਈ ਲਿਖਦੈ, ਪਰ ਕਰਦੈ ਮਨ ਆਈਆਂ।"



*1981 'ਚ ਹੀ ਮੈਂ ਪ੍ਰੋ. ਮੋਹਨ ਸਿੰਘ ਮੇਲੇ ਦਾ ਵੀ ਸ਼ੈਦਾਈ ਹੋ ਗਿਆ ਸਾਂ। ਹਾਕਮ ਸੂਫੀ, 'ਅਜੀਤ' ਵਾਲਾ ਅਜਾਇਬ ਔਜਲਾ ਮੇਰੇ ਨਾਲ ਫਿਰ ਫੋਟੋਆਂ ਖਿਚਵਾਉਣ ਲੱਗ ਪਏ ਸਨ*

ਮੈਨੂੰ ਲੱਗਾ ਕਿ 'ਹਾ' ਚੰਗੀ ਰਹੂ, ਤੇ ਜਿਸ ਮਾਣਕ ਨਾਲ ਉਨ੍ਹਾਂ ਦਿਨਾਂ 'ਚ ਲੋਕ ਹੱਥ ਮਿਲਾਉਣ ਨੂੰ ਤਰਸਦੇ ਸਨ, ਉਹ ਮੇਰੇ ਨਾਲ ਸਾਹਮਣੇ ਦਰਪਣ ਸਟੂਡੀਓ 'ਚ ਫੋਟੋ ਕਰਵਾਉਣ ਚੱਲ ਪਿਆ ਸੀ।

ਹਨੇਰਾ ਬਹੁਤ ਹੋ ਗਿਆ ਸੀ। ਮਾਣਕ ਕਹਿਣ ਲੱਗਾ, "ਤੂੰ ਸਾਡੇ ਨਾਲ ਅੱਜ ਥਰੀਕਿਆਂ ਨੂੰ ਈ ਚੱਲ। ਗੱਲਾਂ ਕਰਾਂਗੇ ਰਾਤ ਨੂੰ।"

ਅੰਨ੍ਹੇ ਨੂੰ ਜਿਵੇਂ ਬਿੱਲੀਆਂ ਅੱਖਾਂ ਮਿਲ ਗਈਆਂ ਹੋਣ! ਦਸ-ਗਿਆਰਾਂ ਵਜੇ ਤੱਕ ਸੁਆਲ-ਜੁਆਬ ਕਰਦਾ ਰਿਹਾ। ਪੰਜਵੇਂ ਦਿਨ ਇਹ ਲੰਬੀ ਮੁਲਾਕਾਤ 'ਅਜੀਤ' ਨੇ ਸ਼ਿੰਗਾਰ ਕੇ ਛਾਪ ਦਿੱਤੀ ਤੇ ਮੈਂ ਗੀਤ ਲਿਖਦਾ ਲਿਖਦਾ ਗਾਇਕਾਂ ਤੇ ਗਾਇਕੀ ਬਾਰੇ ਸੰਗੀਤ ਦੀ ਬੁੱਕਲ ਵਿਚ ਛਾਲ ਮਾਰ ਕੇ ਵੜ ਗਿਆ।

ਇਉਂ ਤਾਰੇ ਚੰਨ ਨੂੰ ਵੀ ਅੱਖਾਂ ਮਾਰਨ ਲੱਗ ਪਏ ਸਨ।

#



*ਸਿਆਟਲ ਵਸਦੇ ਪ੍ਰੀਤਮ ਬਰਾੜ ਨਾਲ ਕੁਲਦੀਪ ਮਾਣਕ ਦੀ ਇਹ ਫੋਟੋ 1981 ਦੀ ਚੜ੍ਹਾਈ ਵਾਲੇ ਦਿਨਾਂ ਦੀ ਐ*

## ਕਾਵਿ-ਕਿਆਰੀ

### ਪਲਕਾਂ

ਪਲਕਾਂ ਖੁੱਲ੍ਹੀਆਂ
ਮੈਂ ਰੋਇਆ,
ਮਾਂ ਹੱਸੀ।
ਭਿੰਨੀਂ ਖੁਸ਼ਬੋਈ,
ਦੁਨੀਆਂ ਆਪਣੀ ਹੋਈ।
ਪਲਕਾਂ ਡਿੱਗੀਆਂ,
ਸ਼ਾਂਤ ਡੂੰਘੀ ਨੀਂਦ
ਮੈਂ ਸੋਇਆ
ਦੁਨੀਆਂ ਰੋਈ।

---

### ਸਪੈਮ

ਛੱਡ ਕੇ ਚਲੇ ਗਏ ਜੋ ਝੂਠੇ,
ਜੀਉਂਦੀ ਜਾਨੇ, ਅੱਧ ਵਿਚਾਲੇ।
ਨੀਂਦਰਾਂ ਵਿਚ ਰੜਕਦੇ
ਹਰਦਮ ਸਤਾਉਂਦੇ ਨੇ।
ਸਪੈਮ ਕਰ ਦਿੱਤੇ ਮੈਂ ਹੁਣ,
ਮਰਿਆਂ ਤੋਂ ਵੀ ਭੈੜੇ ਨੇ
ਐਵੇਂ ਯਾਦ ਆਉਂਦੇ ਨੇ।

*-ਚਰਨਜੀਤ ਸਿੰਘ ਪੰਨੂ*

# ਮਨੁੱਖੀ ਦੇਹ ਵਿਚ 'ਮੈਂ' ਦਾ ਨਿਰਮਾਣ



ਡਾ. ਗੁਰਨਾਮ ਕੌਰ, ਕੈਨੇਡਾ

ਮਨੁੱਖੀ ਦੇਹ ਆਪਣੇ ਆਪ ਵਿਚ ਅਤੇ ਸੰਕਲਪ ਦੇ ਰੂਪ ਵਿਚ ਬਹੁਤ ਹੀ ਅਹਿਮੀਅਤ ਰੱਖਦੀ ਹੈ। ਪੁਰਾਤਨ ਕਾਲ ਤੋਂ ਹੀ ਮਨੁੱਖੀ ਦੇਹ ਬਾਰੇ ਚਿੰਤਨ ਨੇ ਇੱਕ ਜਾਂ ਦੂਜੇ ਰੂਪ ਵਿਚ ਅਹਿਮ ਸਥਾਨ ਪ੍ਰਾਪਤ ਕਰੀ ਰੱਖਿਆ ਹੈ। ਪੁਰਾਤਨ ਚਿੰਤਕ ਸਿਰਫ਼ ਸੰਸਾਰ, ਬ੍ਰਹਿਮੰਡ ਅਤੇ ਕੁਦਰਤ ਦੀਆਂ ਸ਼ਕਤੀਆਂ ਬਾਰੇ ਹੀ ਨਹੀਂ ਸੀ ਸੋਚਦੇ ਬਲਕਿ ਮਨੁੱਖ ਆਪਣੇ ਬਾਰੇ ਵੀ ਸੋਚਦਾ ਸੀ। ਉਸ ਦਾ ਸਰੀਰ ਉਸ ਦਾ ਆਪਣਾ ਆਪ ਸੀ, ਜਿਹੜਾ ਵੱਖ ਵੱਖ ਗੁਣਾਂ ਦਾ ਧਾਰਨੀ ਸੀ, ਜਿਨ੍ਹਾਂ ਦਾ ਮਾਨਸਿਕ ਅਤੇ ਸਰੀਰਕ ਖੇਤਰਾਂ ਵਿਚ ਵੰਡ ਕੇ ਵਿਸ਼ਲੇਸ਼ਣ ਕੀਤਾ ਜਾਂਦਾ ਹੈ। ਪੁਰਾਤਨ ਚਿੰਤਕ ਇਸ ਨੂੰ ਇੱਕ ਵੱਖਰੇ ਹੀ ਨਜ਼ਰੀਏ ਤੋਂ ਦੇਖਦਾ ਸੀ। ਹਿਬਰੂ ਚਿੰਤਕਾਂ ਲਈ ਮਨੁੱਖ ਇੱਕ ਇਕਾਈ ਸੀ। ਮਨੁੱਖ ਦਾ ਸਰੀਰ ਮਿੱਟੀ ਦਾ ਬਣਿਆ ਹੋਇਆ ਸੀ ਜਦਕਿ ਰੱਬ ਦਾ ਸਾਹ ਉਸ ਵਿਚ ਪ੍ਰਾਣ ਦਾ ਸਿਧਾਂਤ ਸੀ, ਅਤੇ ਮਨੁੱਖ ਆਪਣੇ ਆਪ ਵਿਚ ਇਨ੍ਹਾਂ ਦੋ ਤੱਥਾਂ ਦੀ ਉਪਜ ਸੀ। ਯਹੂਦੀ ਧਰਮ ਨੇ ਦਵੈਤ ਨੂੰ ਕਦੇ ਵੀ ਗੰਭੀਰ ਰੂਪ ਵਿਚ ਪ੍ਰਵਾਨ ਨਹੀਂ ਕੀਤਾ। ਇੱਥੋਂ ਤੱਕ ਕਿ ਜਦੋਂ ਉਸ ਨੇ ਦੋ ਮਹੱਤਵਪੂਰਨ ਮਨੋਵੇਗਾਂ 'ਚੰਗਿਆਈ' ਅਤੇ 'ਬਦੀ' ਦੇ ਸਿਧਾਂਤ ਨੂੰ ਅੰਗੀਕਾਰ ਕੀਤਾ ਤਾਂ ਵੀ 'ਚੰਗਿਆਈ' ਦਾ ਆਵੇਗ ਆਤਮਾ ਅਤੇ 'ਬਦੀ' ਦਾ ਆਵੇਗ ਸਰੀਰ ਵਿਚ ਮੌਜੂਦ ਨਹੀਂ ਮੰਨਿਆ। ਸੇਂਟ ਪਾਲ ਦੇ ਆਤਮਾ ਅਤੇ ਸਰੀਰ ਦੇ ਫ਼ਰਕ ਵਿਚ ਚੰਗਿਆਈ ਅਤੇ ਬਦੀ ਦਾ ਰੈਬਨਿਕ ਫ਼ਰਕ ਉਨ੍ਹਾਂ ਲਈ ਦੂਰ ਦੀ ਅਤੇ ਗ਼ੈਰ-ਮਹੱਤਵਪੂਰਨ ਗੱਲ ਸੀ।

ਨਿਊ-ਟੈਸਟਾਮੈਂਟ (ਈਸਾਈਆਂ ਦੀ ਬਾਈਬਲ) ਵਿਚ ਸਰੀਰ ਸਬੰਧੀ ਵਿਸ਼ੇ ਦੀਆਂ ਜੜ੍ਹਾਂ ਓਲਡ-ਟੈਸਟਾਮੈਂਟ (ਯਹੂਦੀਆਂ ਦੀ ਬਾਈਬਲ) ਦੀਆਂ ਸਿੱਖਿਆਵਾਂ ਵਿਚ ਹੀ ਪੱਕੀ ਤਰ੍ਹਾਂ ਮਿਲਦੀਆਂ ਹਨ। ਕਿਸੇ ਤਰ੍ਹਾਂ ਦਾ ਵੀ ਕੋਈ ਦਵੈਤਵਾਦ ਜਿਵੇਂ ਸਰੀਰ ਅਤੇ ਆਤਮਾ, ਮਾਦਾ ਅਤੇ ਰੂਹ ਆਦਿ, ਜਿਸ ਤਰ੍ਹਾਂ ਦਾ ਯੂਨਾਨੀ ਸਾਹਿਤ ਵਿਚ ਮਿਲਦਾ ਹੈ, ਉਨ੍ਹਾਂ ਤੋਂ ਕੋਹਾਂ ਦੂਰ ਹੈ। ਜਿਸ ਤਰ੍ਹਾਂ ਪੁਰਾਣੇ ਗ੍ਰੰਥਾਂ ਵਿਚ ਹੈ, ਇਸੇ ਤਰ੍ਹਾਂ ਨਵੇਂ ਗ੍ਰੰਥਾਂ ਵਿਚ ਵੀ ਮਨੁੱਖੀ ਸ਼ਖ਼ਸੀਅਤ ਦੀ ਏਕਤਾ ਮਨੁੱਖ ਦੇ ਸੰਕਲਪ ਵਿਚ ਇੱਕ ਮੌਲਿਕ ਲੱਛਣ ਹੈ। ਇਸ ਦੇ ਨਾਲ ਹੀ ਇਸ ਏਕਤਾ ਨੂੰ ਇਸ ਅੰਦਰ ਨਿਹਿਤ ਦਵੈਤ 'ਤੇ ਆਧਾਰਤ ਕਰਦਿਆਂ ਮਨੁੱਖ ਨੂੰ ਇੱਕ ਗੁੰਝਲਦਾਰ ਹੋਂਦ ਪ੍ਰਵਾਨ ਕੀਤਾ ਗਿਆ ਹੈ, ਜਿਸ ਦੇ ਦੋਵੇਂ ਪੱਖ ਹਨ; ਇੱਕ ਨੀਵਾਂ ਅਤੇ ਦੂਜਾ ਉਚਾ। ਇਨ੍ਹਾਂ ਵਿਚੋਂ ਇੱਕ ਰਾਹੀਂ ਉਹ ਕੁਦਰਤ ਦੇ ਜੀਵਨ ਨਾਲ ਜੁੜਿਆ ਹੋਇਆ ਹੈ ਅਤੇ ਦੂਸਰੇ ਰਾਹੀਂ ਰੱਬੀ-ਰੂਹ ਨਾਲ।

ਬੁੱਧ ਧਰਮ ਨਿਰਵਾਣ ਦਾ ਧਰਮ ਹੈ। ਨਿਰਵਾਣ ਪ੍ਰਾਪਤੀ ਹੀ ਇਸ ਦਾ ਮੁੱਖ ਨਿਸ਼ਾਨਾ ਹੈ। ਇਸ ਲਈ ਬੁੱਧ ਧਰਮ ਦਾ ਯਕੀਨ ਹੈ: ਨੰਬਰ ਇੱਕ, ਸਰੀਰ ਭਾਵੇਂ ਉਹ ਮਨੁੱਖ ਦਾ ਹੋਵੇ ਅਤੇ ਭਾਵੇਂ ਕਿਸੇ ਉਚ-ਹਸਤੀ ਦਾ, ਬੁਰਾਈ ਤੋਂ ਬਿਨਾ ਕਿਸੇ ਹੋਰ ਚੀਜ਼ ਦਾ ਟਿਕਾਣਾ ਹੋ ਹੀ ਨਹੀਂ ਸਕਦਾ। ਨੰਬਰ ਦੋ, ਹਰ ਤਰ੍ਹਾਂ ਦੇ ਸਰੀਰਕ ਜੀਵਨ ਤੋਂ, ਵਰਤਮਾਨ ਅਤੇ ਭਵਿੱਖ ਤੋਂ ਅੰਤਮ ਮੁਕਤੀ ਜਾਂ ਨਿਰਵਾਣ, ਸਭ ਤੋਂ ਮਹਾਨ ਵਰਦਾਨ ਹੈ, ਸਭ ਤੋਂ ਉਚੀ ਸੁਗਾਤ ਹੈ ਅਤੇ ਸਭ ਤੋਂ ਉਚਤਮ ਨਿਸ਼ਾਨਾ ਹੈ। ਇਸ ਤਰ੍ਹਾਂ ਬੁੱਧ ਧਰਮ ਵਿਚ ਸਰੀਰ ਨੂੰ ਇੱਕ ਅਪਵਿੱਤਰ ਅਤੇ ਭ੍ਰਿਸ਼ਟੀ ਹੋਈ ਵਸਤੂ ਮੰਨਿਆ ਗਿਆ ਹੈ। ਇਸ ਨੂੰ ਵਲੂੰਧਰਿਆ ਹੋਇਆ ਇੱਕ ਜ਼ਖ਼ਮ ਵੀ ਮੰਨਿਆ ਗਿਆ ਹੈ। ਬੁੱਧ ਧਰਮ ਮੁਤਾਬਿਕ ਇਸ ਨੂੰ ਨਿਭਾਉਣਾ ਹੀ ਪੈਣਾ ਹੈ ਪਰ ਇਸ ਦੇ ਚਰਿਤਰ ਕਾਰਨ ਇਸ ਨਾਲ ਚਿਪਕੇ ਰਹਿਣ ਦੀ ਕੋਈ ਜ਼ਰੂਰਤ ਨਹੀਂ ਹੈ। ਇਸ ਨੂੰ ਨਿਆਂਕਾਰਤਾ ਖ਼ਾਤਰ ਨਿਭਾਉਣਾ ਹੀ ਪੈਣਾ ਹੈ। ਇਹ ਸੱਪ ਦੀ ਪੁਰਾਣੀ ਉਤਰ ਚੁੱਕੀ ਕੁੰਜ ਦੀ ਤਰ੍ਹਾਂ ਹੈ। ਇਹ ਇੱਕ ਸ਼ਿੰਗਾਰਿਆ ਹੋਇਆ ਪਿੰਡ ਹੈ, ਜਿਹੜਾ ਜ਼ਖ਼ਮਾਂ ਨਾਲ ਢਕਿਆ ਹੋਇਆ, ਨਿਰਾਰਥਕ, ਬਿਮਾਰੀ ਦਾ ਕੁੱਜਾ ਅਤੇ ਭ੍ਰਿਸ਼ਟਾਚਾਰ ਦਾ ਢੇਰ ਹੈ। ਸਾਰੇ ਬੁਰੇ ਮਨੋਵੇਗ ਸਰੀਰ ਵਿਚੋਂ ਨਿਕਲਦੇ ਹਨ। ਸਰੀਰ ਵਰਗਾ ਕੋਈ ਦੁੱਖ ਨਹੀਂ ਹੈ। ਭੁੱਖ ਸਭ ਤੋਂ ਬੁਰੀ ਬਿਮਾਰੀ ਹੈ, ਸਰੀਰ ਸਭ ਤੋਂ ਵੱਡਾ ਦੁੱਖ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਗੁਰਮਤਿ ਵਿਚ ਸਰੀਰ ਵਾਸਤੇ ਵੰਗਾਰ ਪਰਵਾਨ ਕਰਕੇ ਇਨ੍ਹਾਂ 'ਤੇ ਕਾਬੂ ਪਾਉਣ ਦੀ ਗੱਲ ਕੀਤੀ ਗਈ ਹੈ।

ਸੰਸਕ੍ਰਿਤ ਭਾਸ਼ਾ ਵਿਚ ਸਰੀਰ ਦੇ ਵੱਖ ਵੱਖ ਹਿੱਸਿਆਂ ਲਈ ਵਰਤੇ ਗਏ ਸ਼ਬਦ ਬਹੁਤ ਹੀ ਅਨੂਠੇ ਢੰਗ ਨਾਲ ਦੂਸਰੀਆਂ ਆਰੀਅਨ ਭਾਸ਼ਾਵਾਂ ਨਾਲ ਸਹਿਮਤ ਹਨ। ਇਹ ਉਸ ਹਾਲਾਤ ਨੂੰ ਦੱਸਦੇ ਹਨ ਜਿਸ ਵਿਚ ਇਹ ਸੰਭਾਵਨਾ ਮੰਨੀ ਹੋਈ ਹੋ ਸਕਦੀ ਹੈ ਕਿ ਮਨੁੱਖੀ ਸਰੀਰ-ਵਿਗਿਆਨ ਦਾ ਗਿਆਨ ਸ਼ਾਇਦ ਆਰੀਅਨ ਕੌਮਾਂ ਦੀ ਸਾਂਝੀ ਵਿਰਾਸਤ ਦਾ ਹਿੱਸਾ ਰਿਹਾ ਹੋਵੇ। ਮਨੁੱਖੀ ਸਰੀਰ-ਵਿਗਿਆਨ ਨਾਲ ਉਨ੍ਹਾਂ ਦੀ ਪਛਾਣ ਅੰਦਰੂਨੀ ਅੰਗਾਂ ਜਿਵੇਂ ਦਿਲ, ਜਿਗਰ, ਫੇਫੜੇ, ਗੁਰਦਿਆਂ ਆਦਿ ਤੱਕ ਪਹੁੰਚੀ ਜਾਪਦੀ ਹੈ। ਪੁਰਾਣੇ ਹਿੰਦੂ ਰਿਸ਼ੀਆਂ ਨੇ ਇਸ ਰਵਾਇਤੀ ਗਿਆਨ ਨੂੰ ਅੱਗੇ ਵਧਾਇਆ। ਰਿਗ ਵੇਦ ਵਿਚ ਮਨੁੱਖ ਦੀ ਉਤਪਤੀ ਉਸ ਵਿਰਾਟ ਪੁਰਸ਼, ਜੋ ਕਿ ਬ੍ਰਹਿਮੰਡ ਦੀ ਉਤਪਤੀ ਦਾ ਸੋਮਾ ਹੈ, ਤੋਂ ਮੰਨੀ ਗਈ ਹੈ। ਮਨੁੱਖ ਦੇ ਵੱਖ ਵੱਖ ਵਰਣਾਂ ਜਾਂ ਜਾਤਾਂ ਦੀ ਹੋਂਦ ਉਸ ਵਿਰਾਟ ਪੁਰਸ਼ ਦੇ ਵੱਖ ਵੱਖ ਅੰਗਾਂ ਜਿਵੇਂ ਮੂੰਹ, ਬਾਹਾਂ, ਪੱਟਾਂ ਅਤੇ ਪੈਰਾਂ ਤੋਂ ਮੰਨੀ ਗਈ ਹੈ। ਵੇਦਾਂ ਤੋਂ ਲੈ ਕੇ ਉਪਨਿਸ਼ਦਾਂ ਤੱਕ ਮਨੁੱਖ ਦੇ ਸਰੀਰ ਦੀ ਬਣਤਰ ਅਤੇ ਵੱਧਣ-ਫੁੱਲਣ ਦੀ ਬੜੀ ਸੁੰਦਰ ਵਿਆਖਿਆ ਮਿਲਦੀ ਹੈ। ਵੈਦਿਕ ਦਰਸ਼ਨ ਦੇ ਪਿਛਲੇ ਸ਼ਾਸਤਰਾਂ ਵਿਚ ਹਰ ਮਨੁੱਖ ਦੇ ਦੋ ਸਰੀਰ ਮੰਨੇ ਗਏ ਹਨ: ਬਾਹਰਲਾ ਜਾਂ ਭੌਤਿਕ ਸਰੀਰ, ਜਿਸ ਨੂੰ ਸਥੂਲ ਸਰੀਰ ਕਿਹਾ ਹੈ ਅਤੇ ਅੰਦਰੂਨੀ ਜਾਂ ਰਹੱਸਮਈ ਸਰੀਰ ਜਿਸ ਨੂੰ ਸੂਖਸ਼ਮ ਸਰੀਰ ਕਿਹਾ ਹੈ। ਭਾਰਤੀ ਚਿੰਤਕਾਂ ਨੂੰ ਸੂਖਮ ਸਰੀਰ ਦੀ ਹੋਂਦ ਨੂੰ ਮੰਨਣਾ ਪਿਆ, ਤਾਂ ਕਿ ਮੌਤ ਤੋਂ ਬਾਅਦ ਆਵਾਗਵਣ ਦੇ ਅਮਲ ਨੂੰ ਸਪਸ਼ਟ ਕੀਤਾ ਜਾ ਸਕੇ। ਸੂਖਮ ਸਰੀਰ ਉਹ ਹੈ ਜਿਹੜਾ ਆਤਮਾ ਪ੍ਰਤੀ ਇੱਕ ਹੋਂਦ ਤੋਂ ਦੂਜੀ ਹੋਂਦ ਦੇ ਪ੍ਰਵਾਸ ਵਿਚ ਵਫ਼ਾਦਾਰ ਰਹਿੰਦਾ ਹੈ।

ਵੇਦਾਂਤ ਸ਼ਾਸਤਰ ਅਨੁਸਾਰ ਇਹ ਸੂਖਮ ਸਰੀਰ ਉਪਾਧੀਆਂ ਤੋਂ ਪੈਦਾ ਹੁੰਦਾ ਹੈ, ਜਿਸ ਵਿਚ ਦੇਹ-ਇੰਦ੍ਰੀਆਂ ਸ਼ਾਮਲ ਹਨ। ਇਨ੍ਹਾਂ ਦੇਹ-ਇੰਦ੍ਰੀਆਂ ਵਿਚ ਬੁੱਧੀ-ਇੰਦ੍ਰੀਆਂ, ਕਰਮ-ਇੰਦ੍ਰੀਆਂ, ਮਨ, ਬੁੱਧੀ, ਵੇਦਨਾ ਵਗੈਰਾ ਸ਼ਾਮਲ ਹਨ। ਇਸ ਦੀ ਸਰੀਰਕ ਜ਼ਿੰਦਗੀ ਮੁੱਖ-ਪ੍ਰਾਣ ਅਤੇ ਖ਼ਾਸ ਪੰਜ ਪ੍ਰਾਣਾਂ 'ਤੇ ਆਧਾਰਤ ਮੰਨੀ ਜਾਂਦੀ ਹੈ। ਸਾਂਖ ਸ਼ਾਸਤਰ ਅਨੁਸਾਰ ਇਹ ਸੂਖਮ ਸਰੀਰ, ਜਿਹੜਾ ਕਿ ਅਖੰਡ ਹੈ, ਅਠਾਰਾਂ ਤੱਤਾਂ ਤੋਂ ਮਿਲ ਕੇ ਬਣਿਆ ਹੈ। ਸਥੂਲ ਅਥਵਾ ਮਾਦਾ ਸਰੀਰ ਜਾਂ ਤਾਂ ਸਿਰਫ਼ ਧਰਤੀ ਦਾ ਬਣਿਆ ਹੋਇਆ ਹੈ ਜਾਂ ਚਾਰ ਜਾਂ ਪੰਜ ਸਥੂਲ ਤੱਤਾਂ ਦਾ ਬਣਿਆ ਹੋਇਆ ਹੈ, ਜਿਸ ਦੇ ਛੇ ਕੰਜਣ ਹਨ-ਵਾਲ, ਲਹੂ, ਮਾਸ, ਨਸਾਂ, ਹੱਡੀਆਂ ਅਤੇ ਮਿੱਝ। ਕੁਝ ਸ਼ਾਸਤਰਾਂ ਅਨੁਸਾਰ ਹਰ ਅੰਗ ਜਿਵੇਂ ਨੱਕ ਦਾ ਧਰਤੀ ਅਤੇ ਜੀਭ ਦਾ ਪਾਣੀ ਆਦਿ ਆਪਣਾ ਤੱਤ ਹੈ। ਵਿਗਿਆਨ ਭਿਕਸ਼ੂ ਦਾ ਮੰਨਣਾ ਹੈ ਕਿ ਅਹੰਕਾਰ ਨਾਲ ਸਮਿਲਤ ਪੁਰਸ਼ ਜੀਵ ਹੈ ਅਤੇ ਪੁਰਸ਼ ਆਪਣੇ ਆਪ ਵਿਚ ਜੀਵ ਨਹੀਂ ਹੈ, ਜਦਕਿ ਸ਼ੁਧ ਸਵੈ ਬੁੱਧੀ ਤੋਂ ਉਤੇ ਰਹਿੰਦਾ ਹੈ। ਪੁਰਸ਼ ਦੀ ਬੁੱਧੀ ਵਿਚ ਛਾਇਆ ਅੰਹ ਜਾਪਦੀ ਹੈ, ਜਿਹੜਾ ਸਾਰੀਆਂ ਹਾਲਤਾਂ ਨੂੰ ਜਾਣਨ ਵਾਲਾ ਹੈ, ਜਿਸ ਵਿਚ ਖ਼ੁਸ਼ੀਆਂ ਅਤੇ ਦੁੱਖ ਦੋਵੇਂ ਸ਼ਾਮਲ ਹਨ। ਸਾਂਖ ਸ਼ਾਸਤਰ ਅਨੁਸਾਰ ਜਗਤ ਵਿਚ ਅਨੇਕ ਪੁਰਸ਼ ਹਨ ਅਤੇ ਪੁਰਸ਼ ਚੇਤੰਨ ਹੈ। ਉਹ ਦ੍ਰਸ਼ਟਾ ਅਤੇ ਸਾਖਸ਼ੀ ਹੈ। ਪ੍ਰਕਿਰਤੀ ਅਚੇਤ ਅਤੇ ਤ੍ਰੈਗੁਣਾਤਮਕ ਹੈ। ਕੈਵਲਯ ਅਰਥਾਤ ਮੁਕਤੀ ਪੁਰਸ਼ ਦਾ ਸੁਭਾਅ ਹੈ ਅਤੇ ਪ੍ਰਕਿਰਤੀ ਦੇ ਸੰਜੋਗ ਵਿਚ ਆਉਣ ਨਾਲ ਪ੍ਰਕਿਰਤੀ ਵਿਚ ਪਰਿਵਰਤਨ ਆਉਂਦਾ ਹੈ ਅਤੇ ਤਿੰਨਾਂ ਗੁਣਾਂ ਤੋਂ ਅੱਗੇ ਬੁੱਧੀ (ਮਹੱਤ), ਅਹੰਕਾਰ, ਮਨ, ਗਿਆਨ-ਇੰਦ੍ਰੀਆਂ, ਕਰਮ-ਇੰਦ੍ਰੀਆਂ, ਪੰਜ ਤਨ ਮਾਤਰਾ ਅਤੇ ਪੰਜ ਮਹਾਂ ਭੂਤ ਪੈਦਾ ਹੁੰਦੇ ਹਨ। ਪੁਰਸ਼ ਵਿਚ ਕੋਈ ਤਬਦੀਲੀ ਨਹੀਂ ਆਉਂਦੀ ਪਰ ਪ੍ਰਕਿਰਤੀ ਦੀ ਤਬਦੀਲੀ ਦੀ ਉਸ ਉਤੇ ਪਰਛਾਈ ਪੈਂਦੀ ਹੈ ਅਤੇ ਉਹ ਆਪਣੇ ਆਪ ਨੂੰ ਪ੍ਰਕਿਰਤੀ ਵਿਚ ਪੈਦਾ ਹੋਣ ਵਾਲੇ ਵਿਕਾਰਾਂ ਨਾਲ ਸਬੰਧਤ ਸਮਝਦਾ ਹੈ। ਜਦੋਂ ਪੁਰਸ਼ ਤੋਂ ਭਰਮ ਦਾ ਇਹ ਜਾਲ ਟੁੱਟ ਜਾਂਦਾ ਹੈ ਤਾਂ ਉਹ ਆਪਣੀ ਹੋਂਦ ਨੂੰ ਪਛਾਣ ਲੈਂਦਾ ਹੈ ਅਤੇ ਇਸ ਸੰਜੋਗ ਤੋਂ ਉਤੇ ਉਠ ਜਾਂਦਾ ਹੈ। ਇਹੀ ਕੈਵਲਯ ਜਾਂ ਮੁਕਤੀ ਹੈ।

ਸਿੱਖ ਧਰਮ ਚਿੰਤਨ, ਜੋ ਕਿ ਸੰਸਾਰ ਧਰਮਾਂ ਦੇ ਇਤਿਹਾਸ ਵਿਚ ਸਭ ਤੋਂ ਨਵੀਨ ਧਰਮ ਹੈ, ਇੱਕ ਇਲਹਾਮੀ ਧਰਮ ਹੈ। ਸਿੱਖ ਧਰਮ ਦਾ ਇਲਹਾਮ ਗੁਰੂ ਨਾਨਕ ਦੇਵ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਤੱਕ ਇੱਕ ਲਗਾਤਾਰ ਅਮਲ ਹੈ। ਦਸਾਂ ਗੁਰੂਆਂ ਵਿਚ ਇੱਕ ਹੀ ਰੱਬੀ ਜੋਤਿ ਦੇ ਪ੍ਰਕਾਸ਼ਮਾਨ ਹੋਣ ਦੇ ਸਿਧਾਂਤ ਨੂੰ ਮੰਨਿਆ ਗਿਆ ਹੈ, "ਜੋਤਿ ਓਹਾ ਜੁਗਤਿ ਸਾਇ ਸਹ ਕਾਇਆ ਫੇਰਿ ਪਲਟੀਐ॥" ਗੁਰੂ ਜੋਤਿ ਅਤੇ ਗੁਰੂ ਜੁਗਤਿ ਉਹੀ ਹੈ, ਫਰਕ ਕੇਵਲ ਸਰੀਰ ਦਾ ਹੈ। ਰੱਬੀ ਸੁਰਤਿ ਨਾਲ ਇੱਕਸੁਰਤਾ ਦੇ ਪਲਾਂ ਵਿਚ ਸਤਿ ਦਾ ਜੋ ਅਨੁਭਵ ਗੁਰੂ ਸਾਹਿਬਾਨ ਨੂੰ ਹੋਇਆ, ਉਸ ਨੂੰ ਉਨ੍ਹਾਂ ਨੇ ਬਾਣੀ ਦੇ ਰੂਪ ਵਿਚ ਪ੍ਰਕਾਸ਼ਮਾਨ ਕੀਤਾ। ਇਸੇ ਲਈ ਬਾਣੀ ਨੂੰ ਰੱਬੀ ਬਾਣੀ, ਧੁਰਿ ਕੀ ਬਾਣੀ ਆਖਿਆ ਹੈ। ਬਾਣੀ ਦੇ ਇਲਹਾਮੀ ਹੋਣ ਦੇ ਸਬੂਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਮਿਲ ਜਾਂਦੇ ਹਨ। ਸਿੱਖ ਧਰਮ ਚਿੰਤਨ ਵਿਚ ਮੁੱਖ ਜ਼ੋਰ ਇਸ ਗੱਲ 'ਤੇ ਦਿੱਤਾ ਗਿਆ ਹੈ ਕਿ ਮਨੁੱਖ ਨੇ ਅਗਿਆਨ ਤੋਂ ਬਾਹਰ ਆਉਣਾ ਹੈ ਅਤੇ ਗਿਆਨ ਪ੍ਰਾਪਤ ਕਰਨਾ ਹੈ। ਅਜਿਹੇ ਸਕ੍ਰਿਅ ਵਿਅਕਤਿਤਵ ਦੀ ਘਾੜਤ ਘੜਨੀ ਹੈ, ਜੋ ਵਾਹਿਗੁਰੂ ਦਾ ਸਮੀਪੀ ਹੋ ਸਕੇ, ਉਸ ਦੀ ਹਾਜ਼ਰੀ ਨੂੰ ਅਨੁਭਵ ਕਰ ਸਕੇ ਅਤੇ ਉਸ ਨਾਲ ਇਕਸੁਰ ਹੋ ਕੇ ਜੀਅ ਸਕੇ। ਮਨੁੱਖ ਨੇ ਅਜਿਹੇ ਹਾਲਾਤ ਦੀ ਸਿਰਜਣਾ ਕਰਨੀ ਹੈ ਜਿਸ ਵਿਚ ਉਸ ਦੀ ਸ਼ਖ਼ਸੀਅਤ ਵਿਕਾਸ ਕਰ ਸਕੇ ਅਤੇ ਉਚਤਮ ਸਤਿ ਦੀ ਅਨੁਸਾਰੀ ਹੋ ਕੇ ਜੀਅ ਸਕੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਜਪੁਜੀ ਵਿਚ ਗੁਰੂ ਨਾਨਕ ਸਾਹਿਬ ਨੇ ਜੋ ਮੂਲ ਪ੍ਰਸ਼ਨ ਰੱਖਿਆ ਹੈ ਕਿ 'ਸਚਿਆਰ' ਕਿਵੇਂ ਬਣਨਾ ਹੈ, 'ਕੂੜੈ ਪਾਲਿ' ਅਰਥਾਤ ਕੂੜ ਦੀ ਕੰਧ ਨੂੰ ਕਿਵੇਂ ਹਟਾਉਣਾ ਹੈ, ਕਿਵੇਂ ਤੋੜਨਾ ਹੈ? ਸਤਿ ਜਾਂ ਸਚਿ ਪਰਮਾਤਮਾ ਹੈ, ਉਸ ਅਕਾਲ ਪੁਰਖ ਦਾ ਗੁਣ ਹੈ ਜੋ ਉਸ ਦੀ ਹੋਂਦ ਦਾ ਸੂਚਕ ਹੈ, ਇਸੇ ਲਈ ਉਸ ਨੂੰ 'ਸਤਿਨਾਮ' ਕਿਹਾ ਹੈ। 'ਸਚਿਆਰ' ਉਹ ਹੈ ਜੋ ਇਸ ਸਤਿ ਨੂੰ ਪ੍ਰਾਪਤ ਕਰ ਲੈਂਦਾ ਹੈ। ਇਸ ਤਰ੍ਹਾਂ ਸਤਿ ਦੀ ਪ੍ਰਾਪਤੀ ਮਨੁੱਖ ਦੇ ਸਾਹਮਣੇ ਇੱਕ ਆਦਰਸ਼ ਹੈ ਜੋ ਉਸ ਨੇ ਪ੍ਰਾਪਤ ਕਰਨਾ ਹੈ। ਇਸ ਦਾ ਉਤਰ ਵੀ ਗੁਰੂ ਨਾਨਕ ਸਾਹਿਬ ਨੇ ਨਾਲ ਹੀ ਦਿੱਤਾ ਹੈ 'ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ' ਅਰਥਾਤ ਉਸ ਹੁਕਮ ਦਾ ਅਨੁਸਾਰੀ ਹੋ ਕੇ ਚੱਲਣਾ ਜੋ ਮਨੁੱਖ ਦੇ ਅੰਦਰ ਹੀ ਨਿਹਿਤ ਹੈ, ਉਸ ਦੇ ਜਨਮ ਦੇ ਨਾਲ ਹੀ ਉਸ ਦੇ ਅੰਦਰ ਹੈ। ਇਸੇ ਨੂੰ ਗੁਰੂ ਅਮਰਦਾਸ ਜੀ ਨੇ ਆਪਣੇ ਮੂਲ ਨੂੰ ਪਛਾਨਣਾ ਕਿਹਾ ਹੈ, 'ਮਨਿ ਤੂ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥' ਅਕਾਲ ਪੁਰਖ ਮਨੁੱਖ ਦਾ ਸੋਮਾ ਹੈ, ਸਰੋਤ ਹੈ, ਜਿਸ ਤੋਂ ਉਹ ਪੈਦਾ ਹੋਇਆ ਹੈ।

ਸਿੱਖ ਚਿੰਤਨ ਅਨੁਸਾਰ ਜੀਵ ਜਾਂ ਆਤਮਾ ਉਸ ਪਰਮਾਤਮਾ ਦਾ ਹੀ ਅੰਸ਼ ਹੈ, ਉਸ ਵਿਚ ਉਸੇ ਦੀ ਜੋਤਿ ਬਿਰਾਜਮਾਨ ਹੈ। ਇਸ ਲਈ ਮਨੁੱਖੀ ਆਪੇ ਵਿਚ ਵੀ ਪਰਮਾਤਮਾ ਵਾਲੇ ਗੁਣ ਹਨ ਜਿਨ੍ਹਾਂ ਨੂੰ ਉਸ ਨੇ ਆਤਮਸਾਤ ਕਰਨਾ ਹੈ, ਆਪਣੇ ਅੰਦਰ ਜਗਾਉਣਾ ਹੈ। ਸਿੱਖ ਚਿੰਤਨ ਅਨੁਸਾਰ ਮਨੁੱਖ ਜਿਹੋ ਜਿਹੇ ਇਸ਼ਟ ਨੂੰ ਧਿਆਉਂਦਾ ਹੈ, ਉਹੋ ਜਿਹਾ ਹੀ ਉਸ ਦਾ ਵਿਅਕਤਿਤਵ ਘੜਿਆ ਜਾਂਦਾ ਹੈ। ਸਿੱਖ ਚਿੰਤਨ ਵਿਚ ਪਰਮਾਤਮਾ ਉਪਨਿਸ਼ਦਾਂ ਦੀ ਤਰ੍ਹਾਂ ਸਿਰਫ਼ 'ਸਤਿ ਚਿਤ ਅਨੰਦ' ਨਹੀਂ ਹੈ। 'ਕਰਤਾ ਪੁਰਖ' ਹੋਣਾ ਉਸ ਦਾ ਵਿਸ਼ੇਸ਼ ਗੁਣ ਹੈ। ਉਸ ਦੀ ਇਸ ਵਿਸ਼ੇਸ਼ਤਾ ਕਾਰਨ ਹੀ ਆਪਣੀ ਰਚਨਾ ਵਿਚ ਉਹ ਗਤੀਆਤਮਕ ਅਤੇ ਸਕ੍ਰਿਅ ਹੈ। ਇਸ ਗੁਣ ਨੂੰ 'ਸਚਿਆਰ' ਨੇ ਆਪਣੇ ਅੰਦਰ ਜਗਾਉਣਾ ਹੈ। ਸਿੱਖ ਚਿੰਤਨ ਦਾ 'ਸਚਿਆਰ' ਨਿਰਵਾਣ ਦਾ ਉਘਲਾਉਂਦਾ ਭੂਤ ਨਹੀਂ ਹੈ, ਖ਼ਲਾਅ ਵਿਚ ਸਮਾਧੀ ਸਥਿਤ ਨਹੀਂ ਬਲਕਿ 'ਗੁਰਮੁਖਿ ਬੁਢੇ ਕਦੇ ਨਾਹੀ' ਅਨੁਸਾਰ ਸਦੀਵੀ ਸਕ੍ਰਿਅ ਅਤੇ ਕਾਰਜਸ਼ੀਲ ਹੈ। ਇਸ ਸਕ੍ਰਿਅਤਾ ਕਾਰਨ ਹੀ ਸਿੱਖ ਧਰਮ ਚਿੰਤਨ ਵਿਚ ਧਰਤੀ ਨੂੰ 'ਧਰਮਸਾਲ' ਕਿਹਾ ਹੈ ਜਿਸ ਦੀ ਸਥਾਪਨਾ ਕਰਤਾ ਪੁਰਖ ਵੱਲੋਂ ਮਨੁੱਖ ਦੇ ਧਰਮ ਕਮਾਉਣ ਲਈ ਕੀਤੀ ਗਈ ਹੈ। ਇਸ ਧਰਮਸਾਲ-ਰੂਪ ਧਰਤੀ 'ਤੇ ਮਨੁੱਖੀ ਦੇਹ ਦੀ ਸਾਜਨਾ ਸਚਿਆਰ ਹੋਣ ਬੀਣ ਲਈ ਮਨੁੱਖ ਨੂੰ ਇੱਕ ਅਵਸਰ ਦੀ ਪ੍ਰਾਪਤੀ ਹੈ, "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥" ਵਾਹਿਗੁਰੂ ਵੱਲੋਂ ਉਸ ਨੂੰ ਇੱਕ ਖ਼ਾਸ ਮੌਕਾ ਬਖ਼ਸ਼ਿਸ਼ ਕੀਤਾ ਗਿਆ ਹੈ। ਸੰਸਾਰ ਅੰਦਰ ਪਰਮਾਤਮ-ਜੋਤਿ ਵਿਆਪਕ ਹੈ, ਵਰਤ ਰਹੀ ਹੈ, ਉਹ ਆਪਣੇ ਆਪ ਤੋਂ ਸੰਸਾਰ ਦਾ ਮੂਲ ਰਚਦਾ ਹੈ। ਪਰਮਾਤਮਾ ਆਪਣੀ ਜੋਤਿ ਮਨੁੱਖ ਦੇ ਅੰਦਰ ਰੱਖਦਾ ਹੈ ਤਾਂ ਹੀ ਉਹ ਇਸ ਸੰਸਾਰ 'ਤੇ ਆਉਂਦਾ ਹੈ, "ਹਰਿ ਤੁਮ ਮਹਿ ਜੋਤਿ ਰਖੀ ਤਾ ਤੂੰ ਜਗ ਮਹਿ ਆਇਆ॥"

ਸਿੱਖ ਧਰਮ-ਚਿੰਤਨ ਅਨੁਸਾਰ ਸੰਸਾਰ ਰਚਨਾ ਤੋਂ ਪਹਿਲਾਂ ਅਕਾਲ ਪੁਰਖ ਸੁੰਨ-ਸਮਾਧ ਦੀ ਅਵਸਥਾ ਵਿਚ ਸੀ ਅਤੇ ਉਹ ਅਰਬਾਂ ਸਾਲਾਂ ਤੱਕ, ਜੁਗਾਂ ਜੁਗਾਂ ਤੱਕ, ਇਸੇ ਸੁੰਨ-ਸਮਾਧ ਦੀ ਅਵਸਥਾ ਵਿਚ ਰਿਹਾ। ਉਸ ਅਵਸਥਾ ਵਿਚ ਕਿਸੇ ਕਿਸਮ ਦੀ ਕੋਈ ਰਚਨਾ ਨਹੀਂ ਸੀ। ਨਾ ਕੋਈ ਆਕਾਸ਼ ਸੀ, ਨਾ ਧਰਤੀ ਸੀ, ਨਾ ਪੌਣ ਸੀ, ਨਾ ਪਾਣੀ ਸੀ। ਕੋਈ ਵੀ ਚੰਨ, ਸੂਰਜ, ਤਾਰੇ, ਜੀਵ-ਜੰਤੂ, ਬਨਸਪਤੀ ਆਦਿ ਨਹੀਂ ਸੀ। ਨਾ ਕੋਈ ਜਾਤਿ ਸੀ, ਨਾ ਜਨਮ ਸੀ, ਨਾ ਜਨਮ ਦਾ ਦੁੱਖ, ਨਾ ਕੋਈ ਦੇਵੀ-ਦੇਵਤੇ, ਨਾ ਕੋਈ ਕਰਮ ਜਾਂ ਧਰਮ ਸੀ, ਕੇਵਲ ਉਹ ਇੱਕ ਕਰਤਾ ਪੁਰਖ ਆਪ ਹੀ ਆਪ ਸੀ। ਫਿਰ ਉਸ ਇੱਕ ਨੇ ਆਪਣੇ ਭਾਣੇ ਵਿਚ ਹੀ ਆਪਣੇ ਆਪ ਤੋਂ ਸਾਰੀ ਰਚਨਾ ਆਰੰਭ ਕਰ ਦਿੱਤੀ ਅਤੇ ਰਚਨਾ ਨੂੰ ਬਿਨਾ ਕਿਸੇ ਸਰੀਰਕ ਕਲਾ ਦੇ ਸਹਾਰਾ ਦਿੱਤਾ। ਉਹ ਗੁਪਤ ਤੋਂ ਪਰਗਟ ਰੂਪ ਵਿਚ ਆਇਆ, ਬ੍ਰਹਮ ਅਫੁਰ ਅਵਸਥਾ ਤੋਂ ਫੁਰ ਅਵਸਥਾ ਵਿਚ ਆਇਆ। ਉਸ ਨੇ ਵੱਖ ਵੱਖ ਤੱਤਾਂ ਹਵਾ, ਪਾਣੀ ਆਦਿ ਨੂੰ ਮਿਲਾ ਕੇ ਮਨੁੱਖੀ-ਸਰੀਰ ਰੂਪੀ ਕਿਲੇ ਦੀ ਰਚਨਾ ਕੀਤੀ, ਕੰਨ, ਨੱਕ ਆਦਿ ਨੌਂ ਗੋਲਕਾਂ ਭਾਵ ਗਿਆਨ-ਇੰਦ੍ਰੀਆਂ ਦੀ ਰਚਨਾ ਕੀਤੀ ਅਤੇ ਆਪ ਦਸਵੇਂ ਦੁਆਰ ਵਿਚ ਜੋਤਿ-ਸਰੂਪ ਹੋ ਕੇ ਮਨੁੱਖ ਦੇ ਹਿਰਦੇ ਵਿਚ ਨਿਵਾਸ ਕੀਤਾ। ਮਨੁੱਖ ਦੇ ਸਰੀਰ ਰੂਪੀ ਕਿਲੇ ਵਿਚ ਜੋ ਅਮੋਲਕ ਗੁਣ ਪਰਮਾਤਮਾ ਨੇ ਰੱਖੇ ਹਨ, ਉਨ੍ਹਾਂ ਨੂੰ ਆਪਣੀ ਜੋਤਿ ਰਾਹੀਂ ਆਪ ਹੀ ਦਿਖਾਉਂਦਾ ਹੈ। ਇਸ ਸੁੰਨ ਅਵਸਥਾ ਤੋਂ ਕਰਤਾ ਪੁਰਖ ਨੇ ਪੰਜ ਤੱਤਾਂ ਪੌਣ, ਪਾਣੀ, ਅਗਨੀ, ਧਰਤੀ ਅਤੇ ਆਕਾਸ਼ ਆਦਿ ਦਾ ਪ੍ਰਕਾਸ਼ਨ ਕੀਤਾ ਅਤੇ ਇਨ੍ਹਾਂ ਤੋਂ ਹੀ ਜੀਵ ਦੇ ਸਰੀਰ ਅਰਥਾਤ ਮਨੁੱਖੀ ਦੇਹ ਦਾ ਨਿਰਮਾਣ ਕੀਤਾ। ਜੀਵ (ਆਤਮਾ) ਇਸ ਦੇਹ ਦੇ ਸੰਜੋਗ ਵਿਚ ਆ ਕੇ ਕਰਮਾਂ ਦਾ ਅਭਿਆਸ ਕਰਦਾ ਹੈ। ਮਾਂ ਦੇ ਖ਼ੂਨ ਅਤੇ ਪਿਤਾ ਦੇ ਬਿੰਦ ਨੂੰ ਮਿਲਾ ਕੇ ਵਾਹਿਗੁਰੂ ਨੇ ਮਨੁੱਖ ਦੀ ਇਸ ਸੂਰਤ ਦੀ ਘਾੜਤ ਕੀਤੀ ਅਤੇ ਆਪ ਉਹ ਕਰਤਾ ਪੁਰਖ ਜੋਤਿ-ਸਰੂਪ ਹੋ ਕੇ ਵਿਚਰ ਰਿਹਾ ਹੈ। ਉਹ ਹੀ ਮਨੁੱਖ ਦੀ ਦੇਹ ਨੂੰ ਪੈਦਾ ਕਰਦਾ ਹੈ ਅਤੇ ਉਹ ਇਸ ਦਾ ਵਿਨਾਸ਼ ਕਰਦਾ ਹੈ ਅਰਥਾਤ ਉਹ ਹੀ ਜਨਮ ਦਿੰਦਾ ਹੈ ਅਤੇ ਉਹ ਹੀ ਮੌਤ ਦਿੰਦਾ ਹੈ।

ਭਾਈ ਗੁਰਦਾਸ ਅਨੁਸਾਰ ਪੰਜ ਤੱਤਾਂ ਨਾਲ ਪੰਜੀ ਗੁਣ ਜਿਹੜੇ ਕਿ ਆਪਸ ਵਿਚ ਮਿਲਦੇ ਵੀ ਹਨ ਅਤੇ ਵਿਰੋਧੀ ਵੀ ਹਨ, ਮਿਲਾ ਕੇ ਕਰਤਾ ਪੁਰਖ ਨੇ ਇਸ ਸਰੀਰ ਰਚਿਆ ਹੈ। ਉਸ ਨੇ ਚਾਰ ਖਾਣੀਆਂ ਅਤੇ ਬਾਣੀਆਂ ਰਚ ਕੇ ਚੁਰਾਸੀ ਲੱਖ ਜੂਨ ਪੈਦਾ ਕੀਤੀ ਅਤੇ ਉਨ੍ਹਾਂ ਸਭ ਜੂਨਾਂ ਵਿਚ ਸਭ ਤੋਂ ਉਤਮ ਮਨੁੱਖੀ-ਦੇਹ ਦੀ ਰਚਨਾ ਹੈ ਕਿਉਂਕਿ ਇਸ ਨੂੰ ਵਾਹਿਗੁਰੂ ਨੇ ਅੱਖਾਂ ਨਾਲ ਵੇਖਣ, ਕੰਨਾਂ ਨਾਲ ਸੁਣਨ ਅਤੇ ਮੂੰਹ ਨਾਲ ਸ਼ੁਭ ਵਚਨ ਬੋਲਣ ਦੀ ਸ਼ਕਤੀ ਦਿੱਤੀ ਹੈ। ਹੱਥ ਕੰਮ ਕਰਨ ਲਈ ਦਿੱਤੇ ਹਨ ਅਤੇ ਪੈਰ ਦਿੱਤੇ ਹਨ ਤਾਂ ਕਿ ਉਹ ਚੱਲ ਕੇ ਸਤਿਸੰਗਤਿ 'ਚ ਜਾ ਸਕੇ। ਮਨੁੱਖ ਧਰਮ ਦੀ ਕਿਰਤ ਕਰੇ, ਖੱਟ ਕੇ ਖਾਵੇ ਅਤੇ ਹੋਰਨਾਂ ਨੂੰ ਖੁਆਏ। ਇਸ ਤਰ੍ਹਾਂ ਗੁਰੂ ਦੇ ਸਨਮੁਖ ਹੋ ਕੇ ਉਹ ਆਪ ਤਰੇ ਤੇ ਹੋਰਨਾਂ ਨੂੰ ਤਾਰੇ। 'ਮੈਂ' ਦੇ ਨਿਰਮਾਣ ਦੀ ਗੱਲ ਅਗਲੇ ਲੇਖ 'ਚ ਕੀਤੀ ਜਾਵੇਗੀ।

*(ਚਲਦਾ)*

## ਗੁਰਬਾਣੀ ਗਿਆਨ

## ਗੁਰੁ ਪੂਰਾ ਭੇਟਿਓ ਵਡਭਾਗੀ...

**ਸੋਰਠ ਮਹਲਾ ੫**

ਗੁਰੁ ਪੂਰਾ ਭੇਟਿਓ ਵਡਭਾਗੀ
ਮਨਹਿ ਭਇਆ ਪਰਗਾਸਾ॥
ਕੋਇ ਨ ਪਹੁਚਨਹਾਰਾ ਦੂਜਾ
ਅਪੁਨੇ ਸਾਹਿਬ ਕਾ ਭਰਵਾਸਾ॥੧॥
ਅਪੁਨੇ ਸਤਿਗੁਰ ਕੈ ਬਲਿਹਾਰੈ॥
ਆਗੈ ਸੁਖੁ ਪਾਛੈ ਸੁਖ ਸਹਜਾ
ਘਰਿ ਆਨੰਦੁ ਹਮਾਰੈ॥ਰਹਾਉ॥
ਅੰਤਰਜਾਮੀ ਕਰਣੈਹਾਰਾ
ਸੋਈ ਖਸਮੁ ਹਮਾਰਾ॥
ਨਿਰਭਉ ਭਏ ਗੁਰ ਚਰਣੀ ਲਾਗੇ
ਇਕ ਰਾਮ ਨਾਮ ਆਧਾਰਾ॥੨॥
ਸਫਲ ਦਰਸਨੁ ਅਕਾਲ ਮੂਰਤਿ
ਪ੍ਰਭੁ ਹੈ ਭੀ ਹੋਵਨਹਾਰਾ॥
ਕੰਠਿ ਲਗਾਇ ਅਪੁਨੇ ਜਨ ਰਾਖੇ
ਅਪੁਨੀ ਪ੍ਰੀਤਿ ਪਿਆਰਾ॥੩॥
ਵਡੀ ਵਡਿਆਈ ਅਚਰਜ ਸੋਭਾ
ਕਾਰਜੁ ਆਇਆ ਰਾਸੇ॥
ਨਾਨਕ ਕਉ ਗੁਰੁ ਪੂਰਾ ਭੇਟਿਓ
ਸਗਲੇ ਦੁਖ ਬਿਨਾਸੇ॥੪॥

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਸ਼ਬਦ ਰਾਹੀਂ ਗੁਰੂ ਦੇ ਮਿਲਾਪ ਦਾ ਜੋ ਅਨੰਦ ਹੈ, ਉਹ ਦਰਸਾਉਂਦੇ ਹਨ; ਕਿ ਹੇ ਭਾਈ! ਵਡਭਾਗਾਂ ਨਾਲ ਭੇਟਿਓ, ਭਾਵ ਮੈਨੂੰ ਪੂਰੇ ਗੁਰੂ ਦਾ ਮਿਲਾਪ ਹੋ ਗਿਆ ਹੈ। ਮਨਹਿ ਭਇਆ ਪਰਗਾਸਾ, ਭਾਵ ਗੁਰੂ ਦੀ ਮੱਤ ਸਦਕਾ ਮੇਰੇ ਅੰਦਰ ਚਾਨਣ ਹੋ ਗਿਆ ਹੈ ਤੇ ਉਚੇ ਜੀਵਨ ਦੀ ਸੋਝੀ ਵੀ ਆ ਗਈ ਹੈ। ਹੁਣ ਮੈਨੂੰ ਆਪਣੇ ਸਾਹਿਬ ਪ੍ਰਭੂ ਦਾ ਸਹਾਰਾ ਹੈ ਜਿਸ ਦੀ ਬਰਾਬਰੀ ਕੋਈ ਨਹੀਂ ਕਰ ਸਕਦਾ।

ਅਪੁਨੇ ਸਤਿਗੁਰ ਕੈ ਬਲਿਹਾਰੈ॥
ਆਗੈ ਸੁਖੁ ਪਾਛੈ ਸੁਖ ਸਹਜਾ
ਘਰਿ ਆਨੰਦੁ ਹਮਾਰੈ॥ਰਹਾਉ॥

ਗੁਰਦੇਵ ਜੀ ਆਖਦੇ ਹਨ ਕਿ ਹੇ ਭਾਈ! ਮੈਂ ਆਪਣੇ ਸਤਿਗੁਰੂ ਜੀ ਤੋਂ ਬਲਿਹਾਰੇ, ਭਾਵ ਸਦਕੇ ਜਾਂਦਾ ਹਾਂ ਕਿਉਂਕਿ ਗੁਰੂ ਦੀ ਬਖ਼ਸ਼ਿਸ਼ ਸਦਕਾ ਹੀ ਘਰਿ ਆਨੰਦ ਹਮਾਰੈ, ਭਾਵ ਮੇਰੇ ਹਿਰਦੇ ਰੂਪੀ ਘਰ ਵਿਚ ਅਨੰਦਮਈ ਅਵਸਥਾ ਬਣ ਗਈ ਹੈ। ਗੁਰੂ ਦੀ ਮਿਹਰ ਨਾਲ ਹੁਣ ਇੱਥੇ ਸੰਸਾਰ ਵਿਚ ਰਹਿੰਦਿਆਂ ਭੀ ਮੈਨੂੰ ਆਤਮਿਕ ਤੌਰ 'ਤੇ ਅਡੋਲ ਰਹਿਣ ਦਾ ਸੁੱਖ ਪ੍ਰਾਪਤ ਹੋ ਗਿਆ ਹੈ ਅਤੇ ਇਹ ਸੁੱਖ ਤੇ ਅਨੰਦਮਈ ਅਵਸਥਾ ਪ੍ਰਲੋਕ ਵਿਚ, ਭਾਵ ਅੱਗੇ ਵੀ ਬਣੀ ਰਹੇਗੀ।

ਅੰਤਰਜਾਮੀ ਕਰਣੈਹਾਰਾ
ਸੋਈ ਖਸਮੁ ਹਮਾਰਾ॥
ਨਿਰਭਉ ਭਏ ਗੁਰ ਚਰਣੀ ਲਾਗੇ
ਇਕ ਰਾਮ ਨਾਮ ਆਧਾਰਾ॥੨॥

ਹੇ ਭਾਈ! ਜਦੋਂ ਦਾ ਮੈਂ ਗੁਰੂ ਦੇ ਚਰਨਾਂ ਨਾਲ ਜੁੜ ਗਿਆ ਹਾਂ, ਮੈਨੂੰ ਉਸ ਮਿਹਰਬਾਨ ਪ੍ਰਭੂ ਦੇ ਨਾਮ ਦਾ ਆਸਰਾ ਮਿਲ ਗਿਆ ਹੈ। ਹੁਣ ਮੈਨੂੰ ਸੰਸਾਰਕ ਵਿਕਾਰਾਂ ਦਾ ਡਰ ਵੀ ਨਹੀਂ ਪੋਂਹਦਾ, ਮੈਂ ਨਿਰਭਉ ਹੋ ਗਿਆ ਹਾਂ, ਕਿਉਂਕਿ ਮੇਰਾ ਪ੍ਰਭੂ ਮੇਰਾ ਰਾਖਾ ਹੈ। ਅੰਤਰਜਾਮੀ, ਭਾਵ ਦਿਲ ਦੀਆਂ ਜਾਨਣ ਵਾਲਾ ਹੈ। ਕਰਣੈਹਾਰਾ, ਉਹ ਮਾਲਕ ਜੋ ਸੰਸਾਰ ਦੀ ਸਿਰਜਣਾ ਕਰਨ ਵਾਲਾ ਹੈ ਤੇ ਸਭ ਦੇ ਦਿਲ ਦੀਆਂ ਜਾਣਨ ਵਾਲਾ ਹੈ, ਉਹ ਪ੍ਰਭੂ ਜੀ ਤਾਂ ਮੇਰਾ ਖਸਮ, ਭਾਵ ਮੇਰਾ ਮਾਲਕ ਹੈ।

ਸਫਲ ਦਰਸਨੁ ਅਕਾਲ ਮੂਰਤਿ
ਪ੍ਰਭੁ ਹੈ ਭੀ ਹੋਵਨਹਾਰਾ॥
ਕੰਠਿ ਲਗਾਇ ਅਪੁਨੇ ਜਨ ਰਾਖੇ
ਅਪੁਨੀ ਪ੍ਰੀਤਿ ਪਿਆਰਾ॥੩॥

ਹੇ ਭਾਈ! ਗੁਰੂ ਦੀ ਮਿਹਰ ਨਾਲ ਹੁਣ ਮੈਨੂੰ ਯਕੀਨ ਹੋ ਗਿਆ ਹੈ ਕਿ ਜਿਸ ਪ੍ਰਭੂ ਦਾ ਦਰਸ਼ਨ ਜ਼ਿੰਦਗੀ ਦੇ ਮਨੋਰਥ ਪੂਰੇ ਕਰਨ ਵਾਲਾ ਹੈ; ਅਕਾਲ ਮੂਰਤਿ, ਭਾਵ ਜਿਸ ਪਰਮੇਸ਼ਰ ਦੀ ਹਸਤੀ ਮੌਤ ਤੋਂ ਰਹਿਤ ਹੈ ਅਤੇ ਸਦਾ ਹੀ ਜੀਵਤ ਰਹਿਣ ਵਾਲਾ ਹੈ, ਉਹ ਤਾਂ ਸਦਾ ਮੇਰੇ ਸਿਰ 'ਤੇ ਮੌਜੂਦ ਹੈ ਤੇ ਸਦਾ ਹੀ ਰਹੇਗਾ। ਉਹ ਮਿਹਰਬਾਨ ਪ੍ਰਭੂ ਤਾਂ ਆਪਣੇ ਪਿਆਰਿਆਂ ਨੂੰ ਪ੍ਰੀਤ ਦੇ ਕੇ, ਗਲ ਨਾਲ ਲਗਾ ਕੇ ਪਿਆਰ ਕਰਦਾ ਹੈ।

ਵਡੀ ਵਡਿਆਈ ਅਚਰਜ ਸੋਭਾ
ਕਾਰਜੁ ਆਇਆ ਰਾਸੇ॥
ਨਾਨਕ ਕਉ ਗੁਰੁ ਪੂਰਾ ਭੇਟਿਓ
ਸਗਲੇ ਦੁਖ ਬਿਨਾਸੇ॥੪॥

ਗੁਰਦੇਵ ਪਿਤਾ ਵਿਸਮਾਦ ਵਿਚ ਆਏ ਆਖਦੇ ਹਨ ਕਿ ਹੇ ਜਗਤ ਦੇ ਲੋਕੋ! ਮੈਨੂੰ ਨਾਨਕ ਨੂੰ ਪੂਰੇ ਗੁਰੂ ਦਾ ਮਿਲਾਪ ਹੋ ਗਿਆ ਹੈ ਅਤੇ ਗੁਰੂ ਦੇ ਮਿਲਾਪ ਤੇ ਮਿਹਰ ਸਦਕਾ ਮੇਰੇ ਸਗਲੇ ਦੁਖ ਬਿਨਾਸੇ, ਭਾਵ ਸਾਰੇ ਦੁੱਖ ਮੁੱਕ ਗਏ ਹਨ। ਹੇ ਭਾਈ! ਮੇਰਾ ਗੁਰੂ ਤਾਂ ਵੱਡੀ ਵਡਿਆਈ ਵਾਲਾ ਹੈ। ਹਰ ਪਾਸੇ ਹੀ ਉਹ ਦੀ ਅਸਚਰਜ ਸੋਭਾ ਫੈਲੀ ਹੋਈ ਹੈ ਅਤੇ ਜੋ ਜੀਵ ਉਹਦੀ ਸ਼ਰਨ ਆ ਪੈਂਦਾ ਹੈ, ਉਹਦੇ ਸਾਰੇ ਮਨੋਰਥ ਪੂਰੇ ਹੋ ਜਾਂਦੇ ਹਨ।

**-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ**
**ਫੋਨ: 916-687-3536**

ਇਤਿਹਾਸ ਦੇ ਝਰੋਖੇ 'ਚੋਂ

## ਸਿੱਖੀ, ਬੰਦਾ ਸਿੰਘ ਬਹਾਦਰ ਅਤੇ ਇਤਿਹਾਸ-6

# ਕੌਣ ਸੀ ਬੰਦਾ ਸਿੰਘ ਬਹਾਦਰ?

**ਹਰਪਾਲ ਸਿੰਘ**
ਫੋਨ: 916-236-8830

**ਕੀ ਬੰਦਾ ਸਿੰਘ ਬਹਾਦਰ ਬ੍ਰਾਹਮਣ ਸੀ?:** ਬਾਬਾ ਬੰਦਾ ਸਿੰਘ ਬਹਾਦਰ ਨੂੰ ਬ੍ਰਾਹਮਣ ਦਰਸਾਉਣ ਦੀਆਂ ਕੋਸ਼ਿਸ਼ਾਂ ਗਾਹੇ-ਬਗਾਹੇ ਹਿੰਦੂ ਮਹਾਂਸਭੀਆਂ ਵਲੋਂ ਕੀਤੀਆਂ ਜਾਂਦੀਆਂ ਰਹੀਆਂ ਹਨ। ਢਹਿ-ਢੇਰੀ ਹੋਈ ਹਿੰਦੂ ਮਾਨਸਿਕਤਾ ਨੂੰ ਆਸਰਾ ਦੇਣ ਲਈ ਉਨ੍ਹਾਂ ਨੂੰ ਅਜਿਹੀ ਸ਼ਖ਼ਸੀਅਤ ਦੀ ਲੋੜ ਵੀ ਸੀ। ਵਿਨਾਇਕ ਦਮੋਦਰ ਸਾਵਰਕਰ ਅਨੁਸਾਰ ਬੰਦਾ ਬਹਾਦਰ ਨੇ ਗੁਰੂ ਗੋਬਿੰਦ ਸਿੰਘ ਨਾਲ ਅਤੇ ਸਿੱਖਾਂ ਨਾਲ ਇਸ ਲਈ ਸਾਂਝ ਪਾਈ ਤਾਂ ਕਿ ਉਹ ਹਿੰਦੂਆਂ 'ਤੇ ਮੁਸਲਮਾਨਾਂ ਦੇ ਜ਼ੁਲਮਾਂ ਦਾ ਬਦਲਾ ਲੈ ਸਕੇ। ਐਮ.ਐਸ. ਚੰਦੇਲਾ ਆਪਣੀ ਪੁਸਤਕ 'ਬੰਦਾ ਬਹਾਦਰ' ਵਿਚ ਉਨ੍ਹਾਂ ਵਿਅਕਤੀਆਂ ਦਾ ਵਰਣਨ ਕਰਦੇ ਹਨ ਜਿਨ੍ਹਾਂ ਦੀਆਂ ਨਜ਼ਰਾਂ ਵਿਚ ਬੰਦਾ ਸਿੰਘ ਬਹਾਦਰ 'ਮੋਹਿਆਲ' ਬ੍ਰਾਹਮਣ ਸੀ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਧਾਰਮਿਕ ਗ੍ਰੰਥਾਂ ਦਾ ਪਾਠ ਕਰ, ਦੱਕਸ਼ਣਾ ਲੈ ਕੇ ਗੁਲਾਮ ਕਰਨ ਵਾਲੇ ਬ੍ਰਾਹਮਣਾਂ ਦੇ ਮੁਕਾਬਲੇ ਮੋਹਿਆਲ ਬ੍ਰਾਹਮਣ (ਉਨ੍ਹਾਂ 'ਚੋਂ ਕੁਝ ਆਪਣਾ ਗੋਤ ਆਮ ਤੌਰ 'ਤੇ ਭਾਰਦਵਾਜ ਦੱਸਦੇ ਹਨ) ਦਾ ਮੁੱਖ ਕਿੱਤਾ ਖੇਤੀਬਾੜੀ ਅਤੇ ਫੌਜ ਦੀ ਨੌਕਰੀ ਹੈ। ਪੀ.ਐਨ. ਬਾਲੀ ਜੋ ਖੁਦ ਮੋਹਿਆਲ ਬ੍ਰਾਹਮਣ ਹੈ, ਆਪਣੀ ਕਿਤਾਬ 'ਮੋਹਿਆਲਾਂ ਦਾ ਇਤਿਹਾਸ' ਵਿਚ ਕਹਿੰਦਾ ਹੈ ਕਿ ਬੰਦਾ ਮੋਹਿਆਲ ਬ੍ਰਾਹਮਣਾਂ ਦੇ ਪਰਿਵਾਰ ਵਿਚ ਪੈਦਾ ਹੋਇਆ ਅਤੇ ਉਹ ਭਾਈ ਮਤੀ ਦਾਸ ਦੇ ਵੰਸ਼ ਵਿਚੋਂ ਸੀ। ਆਮ ਧਾਰਨਾ ਹੈ ਕਿ ਬੰਦਾ ਅਕਤੂਬਰ 1670 ਵਿਚ ਰਾਮ ਦੇਵ ਦੇ ਘਰ ਪੈਦਾ ਹੋਇਆ, ਪਰ ਬਾਲੀ ਵੀ ਬਾਕੀ ਲਿਖਾਰੀਆਂ ਵਾਂਗ ਰਾਮ ਦੇਵ ਦੇ ਪਿਤਾ ਦਾ ਨਾਂ ਨਹੀਂ ਦੱਸਦਾ। ਕੇਸਰ ਸਿੰਘ ਛਿੱਬਰ ਨੇ ਸੰਨ 1769 ਦੇ ਨੇੜੇ ਤੇੜੇ 'ਬੰਸਾਵਲੀਨਾਮਾ ਦਸਾਂ ਗੁਰੂਆਂ ਕਾ' ਲਿਖਿਆ ਅਤੇ ਬੰਦਾ ਬਹਾਦਰ ਦੇ ਜੀਵਨ ਬਾਰੇ ਥੋੜ੍ਹੀ ਬਹੁਤ ਜਾਣਕਾਰੀ ਦੇਣ ਵਾਲਾ ਉਹ ਪਹਿਲਾ ਲੇਖਕ ਹੈ। ਜਦੋਂ ਬੰਦੇ ਦੀ ਸ਼ਹੀਦੀ ਹੋਈ, ਉਸ ਸਮੇਂ ਛਿੱਬਰ ਚੜ੍ਹਦੀ ਜਵਾਨੀ ਵਿਚ ਸੀ। ਜੇ ਬੰਦਾ ਮੋਹਿਆਲ ਬ੍ਰਾਹਮਣ ਹੁੰਦਾ ਤਾਂ ਉਹ ਇਹ ਗੱਲ ਜ਼ਰੂਰ ਦੱਸਦਾ, ਕਿਉਂਕਿ ਉਹ ਖੁਦ ਮੋਹਿਆਲ ਸੀ, ਪਰ ਉਸ ਨੇ ਇਸ ਬਾਰੇ ਕੁਝ ਨਹੀਂ ਦੱਸਿਆ।

ਬੰਦੇ ਦੇ ਮੋਹਿਆਲ ਬ੍ਰਾਹਮਣ ਹੋਣ ਦਾ ਜ਼ਿਕਰ ਅਮਰੀਕ ਸਿੰਘ ਭੀਮਵਾਲ ਵੀ ਕਰਦਾ ਹੈ ਜੋ ਅਕੈਡਮੀ ਆਫ਼ ਆਰਟਸ, ਕਲਚਰ ਐਂਡ ਲੈਂਗੁਏਜਜ਼, ਜੰਮੂ ਦਾ ਇਨਾਮ ਵਿਜੇਤਾ ਲਿਖਾਰੀ ਅਤੇ ਐਡੀਟਰ ਰਿਹਾ ਹੈ। 1982 ਵਿਚ ਛਪੀ ਕਿਤਾਬ 'ਰਿਲੀਜਨਜ਼ ਐਂਡ ਕਮਿਊਨਟੀਜ਼ ਆਫ਼ ਇੰਡੀਆ' ਦਾ ਲੇਖਕ ਪੀ.ਐਨ. ਚੋਪੜਾ ਵੀ 'ਮੋਹਿਆਲ ਕਮਿਊਨਿਟੀ' ਦੇ ਸਿਰਲੇਖ ਹੇਠਾਂ ਲਿਖਦਾ ਹੈ ਕਿ ਬੰਦਾ ਬੈਰਾਗੀ ਮੋਹਿਆਲ ਹੀਰੋ ਸੀ (ਪੰਨਾ 68)। ਰਾਜਸਥਾਨ ਦੇ ਅਲਵਰ ਜ਼ਿਲ੍ਹੇ ਦੇ ਪਿੰਡ ਬਨਾਲੀ ਵਾਸੀ ਮੋਹਿਆਲ ਕੈਪਟਨ ਮੰਗਤ ਰਾਮ ਛਿੱਬੜ ਵੀ ਤਸਦੀਕ ਕਰਦਾ ਹੈ ਕਿ ਬੰਦਾ ਛਿੱਬੜ ਗੋਤ ਦਾ ਮੋਹਿਆਲ ਸੀ।

ਇਸ ਤੋਂ ਪਹਿਲਾਂ ਕਿ ਅਸੀਂ ਬੰਦਾ ਸਿੰਘ ਬਹਾਦਰ ਨੂੰ ਬ੍ਰਾਹਮਣ ਜਾਂ ਮੋਹਿਆਲ ਬ੍ਰਾਹਮਣ ਮੰਨੀਏ, ਇਕ ਨਜ਼ਰ ਬ੍ਰਾਹਮਣੀ ਸਮਾਜ ਅਤੇ ਉਨ੍ਹਾਂ ਦੀਆਂ ਵਿਸ਼ੇਸ਼ਤਾਈਆਂ ਉਤੇ ਮਾਰ ਲੈਣੀ ਚਾਹੀਦੀ ਹੈ। ਜੇ ਬੰਦਾ ਬਹਾਦਰ ਵਿਚ ਬ੍ਰਾਹਮਣੀ ਸਮਾਜ ਦੇ ਗੁਣ ਹੁੰਦੇ ਤਾਂ ਨਿਸ਼ਚੇ ਹੀ ਉਹ ਬ੍ਰਾਹਮਣ ਹੋ ਸਕਦਾ ਹੈ; ਨਹੀਂ ਤਾਂ ਇਹ ਵਿਚਾਰ ਹਾਸੋ ਹੀਣਾ ਹੈ। ਸਨਾਤਨੀ ਧਰਮ (ਬ੍ਰਾਹਮਣੀ) ਜਾਤ-ਪਾਤ, ਵਰਣ ਆਸ਼ਰਮ ਅਤੇ ਫੋਕੇ ਕਰਮ ਕਾਂਡਾਂ ਵਿਚ ਵਿਸ਼ਵਾਸ ਰੱਖਦਾ ਸੀ। ਸ਼ਾਸਤਰਾਂ ਤੇ ਹੋਰ ਬ੍ਰਾਹਮਣੀ ਧਾਰਮਿਕ ਸਾਹਿਤ ਨੇ ਜਾਤ-ਪਾਤ ਲਈ ਵੇਦਾਂ ਦੀ ਪ੍ਰਵਾਨਗੀ ਹਾਸਲ ਕੀਤੀ ਹੋਈ ਸੀ। ਇਸ ਦੀ ਲਪੇਟ ਵਿਚ ਸਮੁੱਚਾ ਸਮਾਜ ਆਇਆ; ਸਾਧੂ ਅਤੇ ਫਕੀਰਾਂ ਨੂੰ ਛੱਡ ਕੇ ਜੋ ਆਪਣੇ ਆਪ ਨੂੰ ਸਮਾਜ ਨਾਲੋਂ ਵੱਖ ਕਰ ਲੈਂਦੇ ਸਨ। ਕੋਈ ਬ੍ਰਾਹਮਣ ਜਾਂ ਨੀਚ ਜਾਤ ਦਾ ਬੰਦਾ ਦੇਸ਼ ਦੇ ਕਿਸੇ ਵੀ ਹਿੱਸੇ ਵਿਚ ਜਾਵੇ, ਉਹ ਬ੍ਰਾਹਮਣ ਜਾਂ ਨੀਚ ਹੀ ਰਹਿੰਦਾ ਸੀ।

ਬੰਦਾ ਬਹਾਦਰ ਦੇ ਚਿਤਵੇ ਸਮਾਜਕ ਪ੍ਰਬੰਧ ਵਿਚ ਜਾਤ-ਪਾਤ ਲਈ ਕੋਈ ਥਾਂ ਨਹੀਂ ਸੀ। ਦੱਬੇ-ਕੁਚਲੇ ਅਤੇ ਨੀਵੀਆਂ ਜਾਤਾਂ ਵੱਲ ਉਸ ਦਾ ਅਥਾਹ ਪਿਆਰ ਸੀ। ਉਸ ਨੇ ਰਾਜ ਸੱਤਾ ਆਮ ਸ਼ੂਦਰਾਂ ਅਤੇ ਲਤਾੜੇ ਹੋਏ ਲੋਕਾਂ ਦੇ ਹੱਥਾਂ ਵਿਚ ਦਿੱਤੀ। ਉਸ ਨੇ ਸ਼ੂਦਰਾਂ ਨੂੰ ਤਲਵਾਰ ਫੜਾ ਕੇ ਐਸਾ ਯੋਧਾ ਬਣਾ ਦਿੱਤਾ ਸੀ ਜਿਨ੍ਹਾਂ ਨੇ ਪੇਸ਼ੇਵਰ ਜਰਨੈਲਾਂ ਅਤੇ ਹਾਕਮਾਂ ਦੇ ਤਾਜ ਮਿੱਟੀ ਵਿਚ ਰੋਲ ਦਿੱਤੇ। ਉਸ ਨੇ ਆਪਣੇ ਰਾਜ ਪ੍ਰਬੰਧ ਵਿਚ ਨੀਵੇਂ ਤੋਂ ਨੀਵੇਂ ਲੋਕਾਂ ਨੂੰ ਉਚੀਆਂ ਪਦਵੀਆਂ ਤੱਕ ਪਹੁੰਚਾਇਆ। ਫਾਰਸੀ ਸਰੋਤ ਸਵੀਕਾਰ ਕਰਦੇ ਹਨ ਕਿ ਬੰਦਾ ਬਹਾਦਰ ਨੇ ਭਾਰਤੀ ਸਮਾਜ ਵਿਚ ਸਦੀਆਂ ਤੋਂ ਲਤਾੜੇ ਅਤੇ ਅਛੂਤ ਕਹੇ ਜਾਂਦੇ ਲੋਕਾਂ ਨੂੰ ਰਾਜ ਭਾਗ ਵਿਚ ਭਾਈਵਾਲ ਬਣਾਇਆ। ਮੁਹੰਮਦ ਸਫੀ ਵਾਹਿਦ ਲਿਖਦਾ ਹੈ ਕਿ ਹਿੰਦੂਆਂ ਅਤੇ ਮੁਸਲਮਾਨਾਂ ਵਿਚ ਜਿਹੜਾ ਵੀ ਸਿੱਖਾਂ ਦੀ ਲੜੀ ਵਿਚ ਪਰੋਇਆ ਜਾਂਦਾ ਸੀ, ਉਹ ਉਨ੍ਹਾਂ ਨਾਲ ਇਕੋ ਥਾਲੀ ਵਿਚ ਖਾਣਾ ਖਾਣ ਦਾ ਭਾਈਵਾਲ ਬਣ ਜਾਂਦਾ ਸੀ। ਨੀਵੇਂ ਪੇਸ਼ੇ ਵਾਲਾ ਭੰਗੀ ਤੇ ਵੱਡੀ ਜਾਤ ਵਾਲਾ ਰਾਜਾ, ਇਕੋ ਭਾਂਡੇ ਵਿਚੋਂ ਖਾਣਾ ਖਾਂਦੇ ਸਨ।

ਮੁਹੰਮਦ ਸਫੀ ਵਾਹਿਦ ਅਨੁਸਾਰ, "ਚੂਹੜੇ ਤੇ ਚਮਾਰ ਜਿਨ੍ਹਾਂ ਨਾਲੋਂ ਹਿੰਦੁਸਤਾਨ ਵਿਚ ਕੋਈ ਹੋਰ ਕੌਮ ਵਧੇਰੇ ਨਾਪਾਕ ਨਹੀਂ ਹੈ, ਉਸ ਮਰਦੂਦ (ਬੰਦਾ ਬਹਾਦਰ) ਦੀ ਸੇਵਾ ਵਿਚ ਹਾਜ਼ਰ ਹੋ ਕੇ ਆਪਣੇ ਸ਼ਹਿਰ 'ਤੇ ਹਕੂਮਤ ਕਰਨ ਲਈ ਨਿਯੁਕਤ ਹੋ ਰਹੇ ਸਨ ਅਤੇ ਹਕੂਮਤ ਦਾ ਦਸਤੂਰ (ਕਾਨੂੰਨ/ਅਧਿਕਾਰ) ਪ੍ਰਾਪਤ ਕਰ ਕੇ ਪਰਤ ਰਹੇ ਸਨ। ਜਦੋਂ ਉਹ (ਨਵ-ਨਿਯੁਕਤ ਸਿੱਖ ਅਧਿਕਾਰੀ) ਕਿਸੇ ਸ਼ਹਿਰ ਜਾਂ ਪਿੰਡ ਵਿਚ ਪੈਰ ਪਾਉਂਦਾ ਸੀ ਤਾਂ ਸਾਰੇ ਵੱਡੇ ਲੋਕ ਤੇ ਮੁਖੀਏ ਨੱਠ ਕੇ ਉਸ ਦਾ ਸਵਾਗਤ ਕਰਦੇ ਸਨ ਅਤੇ ਉਸ ਦੇ ਪੜਾਅ ਕਰਨ 'ਤੇ ਹੱਥ ਬੰਨ੍ਹ ਕੇ ਉਸ ਅੱਗੇ ਖਲੋਤੇ ਰਹਿੰਦੇ ਸਨ।"

ਬ੍ਰਾਹਮਣਵਾਦੀ ਮਨੋਰਥਾਂ ਨੂੰ ਪੂਰਾ ਕਰਨ ਲਈ ਕਰਮ ਸਿਧਾਂਤ ਦੀ ਖੁੱਲ੍ਹੀ ਵਰਤੋਂ ਕੀਤੀ ਗਈ। ਕਰਮ ਸਿਧਾਂਤ ਵਿਚ ਬੱਝੇ ਹੋਏ ਲੋਕ ਸਮਾਜ ਵਿਚ ਹਮੇਸ਼ਾ ਉਚਾ ਨੀਵਾਂ ਦਰਜਾ ਰੱਖਦੇ ਸਨ। ਇਸ ਸਿਧਾਂਤ ਅਨੁਸਾਰ ਆਦਮੀ ਦਾ ਕਿਸੇ ਜਾਤ ਵਿਚ ਜਨਮ ਲੈਣਾ ਇਤਫਾਕ ਨਹੀਂ ਸਗੋਂ ਪੂਰਬਲੇ ਜਨਮਾਂ ਦਾ ਸਿੱਟਾ ਹੈ। ਕਰਮ ਸਿਧਾਂਤ, ਜਾਤ-ਪਾਤ ਪ੍ਰਬੰਧ ਨਾਲ ਪੂਰੀ ਤਰ੍ਹਾਂ ਇਕਸੁਰ ਸੀ।

ਕਰਮ ਕਾਂਡ ਨੂੰ ਬੰਦਾ ਸਿੰਘ ਬਹਾਦਰ ਨਹੀਂ ਮੰਨਦਾ ਸੀ। ਉਸ ਦਾ ਇਸ ਸਿਧਾਂਤ ਵਿਚ ਪੂਰਾ ਨਿਸ਼ਚਾ ਸੀ ਕਿ ਕੋਓ ਕਿਸੀ ਕੋ ਰਾਜ ਨਾ ਦੇ ਹੈ, ਜੋ ਲੇ ਹੈ ਨਿਜ ਬਲ ਸੇ ਲੇ ਹੈ। ਉਹ ਦੇਸ਼ ਭਗਤ, ਗੁਰੂ ਭਗਤ ਅਤੇ ਸੱਚਾ ਕਰਮਯੋਗੀ ਸੀ ਜਿਸ ਦਾ ਮਨੋਰਥ ਸਮਾਜ ਦੇ ਦਬੇ ਕੁਚਲੇ ਲੋਕਾਂ ਨੂੰ ਉਤਾਂਹ ਉਠਾ ਕੇ ਬਰਾਬਰੀ ਦਾ ਹੱਕ ਦੇਣਾ ਸੀ। ਮਨੁੱਖ ਦੇ ਭਲੇ ਲਈ ਸ਼ਕਤੀ ਦਾ ਹੋਣਾ ਬਹੁਤ ਜ਼ਰੂਰੀ ਹੈ। ਤਲਵਾਰ ਸ਼ਕਤੀ ਦਾ ਪ੍ਰਤੀਕ ਹੈ। ਬੰਦੇ ਅਨੁਸਾਰ ਅਤਿਆਚਾਰ ਖ਼ਿਲਾਫ਼ ਹਥਿਆਰ ਚੁਕਣਾ ਧਾਰਮਿਕ ਫਰਜ਼ ਹੈ। ਇਤਿਹਾਸ ਵਿਚ ਇਸ ਗੱਲ ਦੀ ਕੋਈ ਵੀ ਮਿਸਾਲ ਨਹੀਂ ਮਿਲਦੀ ਕਿ ਬਿਨਾਂ ਮੁਕਾਬਲਾ ਕੀਤੇ ਆਪਣੇ ਆਪ ਬੁਰਾਈ ਖਤਮ ਹੋਈ ਹੋਵੇ।

ਬੰਦੇ ਨੂੰ ਬ੍ਰਾਹਮਣ ਸਿੱਧ ਕਰਨ ਲਈ ਦਲੀਲ ਦਿੱਤੀ ਜਾਂਦੀ ਹੈ ਕਿ ਉਹ ਵੈਸ਼ਨਵ ਮੱਤ ਨੂੰ ਮੰਨਣਾ ਵਾਲਾ ਸੀ। ਵੈਸ਼ਨੋ ਧਰਮੀ ਮਾਸ ਆਂਡੇ ਤੋਂ ਸਖਤ ਪਰਹੇਜ਼ ਕਰਦੇ ਹਨ। ਬੰਦਾ ਕਿਉਂਕਿ ਤਾਮਸਿਕ ਭੋਜਨ, ਮੀਟ ਅਤੇ ਸ਼ਰਾਬ ਤੋਂ ਘਿਰਣਾ ਕਰਦਾ ਸੀ, ਇਸ ਲਈ ਉਸ ਦਾ ਸਬੰਧ ਵੈਸ਼ਨਵ ਘਰਾਣੇ ਨਾਲ ਸੀ। ਜੇ ਉਸ ਦੇ ਬਚਪਨ ਨੂੰ ਗਹੁ ਨਾਲ ਦੇਖਿਆ ਜਾਵੇ ਤਾਂ ਉਸ ਦੇ ਮੀਟ ਨਾ ਖਾਣ ਦੀ ਗੱਲ ਭਲੀ ਭਾਂਤ ਸਮਝ ਆ ਜਾਂਦੀ ਹੈ। ਉਸ ਦੇ ਮਾਂ ਬਾਪ ਛੋਟੀ ਜਾਤੀ ਵਿਚੋਂ ਸਨ ਜਿਨ੍ਹਾਂ ਲਈ ਦੋ ਵਕਤ ਦੀ ਰੋਟੀ ਹਾਸਲ ਕਰਨਾ ਵੀ ਅਤਿ ਮੁਸ਼ਕਿਲ ਸੀ; ਮੀਟ ਸ਼ਰਾਬ ਦੀ ਗੱਲ ਤਾਂ ਦੂਰ ਦੀ ਸੀ। ਬਚਪਨ ਵਿਚ ਹੀ ਬੰਦੇ ਦੇ ਮਾਂ ਬਾਪ ਮਰ ਗਏ ਸਨ, ਉਸ ਨੂੰ ਭੋਜਨ ਦੀ ਤਲਾਸ਼ ਵਿਚ ਦਰ ਦਰ ਭਟਕਣਾ ਪਿਆ। ਭੁੱਖਮਰੀ ਦੀ ਹਾਲਾਤ ਵਿਚ ਉਸ ਦਾ ਇਕੋ ਇਕ ਆਸਰਾ ਕਰਤਾਰਪੁਰ ਵਿਚ ਸਥਿਤ ਗੁਰੂ ਅਰਜਨ ਦੇਵ ਜੀ ਦਾ ਗੁਰਦੁਆਰਾ ਸੀ। ਉਸ ਨੇ ਗੁਰਦੁਆਰੇ ਵਿਚ ਸ਼ਰਨ ਲਈ ਜਿਸ ਵਿਚ ਹਰ ਰੋਜ਼ ਵੈਸ਼ਨੂੰ ਭੋਜਨ ਹੀ ਤਿਆਰ ਹੁੰਦਾ ਸੀ। ਵੈਸ਼ਨੂੰ ਭੋਜਨ ਕਰਨਾ ਉਸ ਦੀ ਆਦਤ ਬਣ ਗਈ ਸੀ ਜਿਸ ਨੂੰ ਉਸ ਨੇ ਜੀਵਨ ਦੇ ਅੰਤਲੇ ਪਲਾਂ ਤੱਕ ਨਿਭਾਇਆ। ਬਿਨਾਂ ਸ਼ੱਕ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਭਾਵੇਂ ਉਹ ਆਪ ਵੈਸ਼ਨੂੰ ਸੀ ਪਰ ਉਸ ਨੇ ਆਪਣੇ ਬਹਾਦਰ ਯੋਧਿਆਂ ਨੂੰ ਮਾਸ ਖਾਣ ਤੋਂ ਨਹੀਂ ਵਰਜਿਆ।

ਕਹਿ ਸਕਦੇ ਹਾਂ ਕਿ ਬੰਦਾ ਸਿੰਘ ਬਹਾਦਰ ਮੋਹਿਆਲ ਬ੍ਰਾਹਮਣ ਨਹੀਂ ਸੀ। ਉਸ ਨੇ ਜਿਸ ਸਮਾਜ ਦੀ ਸਥਾਪਨਾ ਕੀਤੀ, ਉਹ ਮੋਹਿਆਲ ਬ੍ਰਾਹਮਣੀ ਸਮਾਜ ਦੇ ਉਲਟ ਸੀ ਕਿਉਂਕਿ ਜਾਤਾਂ 'ਤੇ ਆਧਾਰਤ ਪੱਖਪਾਤੀ ਸਮਾਜ ਨੂੰ ਠੁਕਰਾਉਂਦਿਆਂ ਉਸ ਨੇ ਰਾਜਸੀ ਸ਼ਕਤੀ ਚੂਹੜੇ-ਚਮਾਰਾਂ ਅਤੇ ਪਛੜੇ ਵਰਗਾਂ ਦੇ ਹੱਥਾਂ ਵਿਚ ਦਿੱਤੀ ਸੀ।

**ਕੀ ਬੰਦਾ ਸਿੰਘ ਬਹਾਦਰ ਰਾਜਪੂਤ ਸੀ?:** ਬਹੁਤ ਸਾਰੇ ਸਿੱਖ ਇਤਿਹਾਸਕਾਰ ਜਿਨ੍ਹਾਂ ਵਿਚ ਡਾ. ਗੰਡਾ ਸਿਘ ਅਤੇ ਕਰਮ ਸਿੰਘ ਸ਼ਾਮਲ ਹਨ, ਇਸ ਵਿਚਾਰ ਨਾਲ ਸਹਿਮਤ ਹਨ ਕਿ ਬੰਦਾ ਬਹਾਦਰ ਦਾ ਜਨਮ ਰਾਜਪੂਤ ਘਰਾਣੇ ਵਿਚ ਰਾਜੌਰੀ ਦੇ ਸਥਾਨ 'ਤੇ ਹੋਇਆ। ਐਮ.ਏ. ਮੈਕਾਲਿਫ ਤੇ ਅੰਗਰੇਜ਼ ਇਤਿਹਾਸਕਾਰ ਰੋਜ਼ ਵੀ ਸਹਿਮਤ ਹਨ ਕਿ ਉਹ ਰਾਜਪੂਤ ਸੀ। ਮੈਕਾਲਿਫ ਆਪਣੀ ਕਿਤਾਬ 'ਦਿ ਸਿੱਖ ਰਿਲੀਜ਼ਨ' ਵਿਚ ਲਿਖਦਾ ਹੈ, "ਬੰਦਾ ਜਿਸ ਦਾ ਮੁਢਲਾ ਨਾਂ ਲਛਮਣ ਦੇਵ ਸੀ, ਨਿਚਲੇ ਹਿਮਾਲਿਆ (ਸ਼ਿਵਾਲਕ) ਦੇ ਪਹਾੜੀ ਰਾਜ ਪੁਣਛ ਦੇ ਰਾਜੌਰੀ ਪਿੰਡ ਦੇ ਰਾਮ ਦੇਵ ਰਾਜਪੂਤ ਦਾ ਪੁੱਤਰ ਸੀ। ਉਹ ਖੇਤੀਬਾੜੀ ਕਰਦਾ ਸੀ। ਬੰਦੂਕ ਚਲਾਉਣ ਤੇ ਸ਼ਿਕਾਰ ਖੇਡਣ ਦਾ ਸ਼ੌਕੀਨ ਸੀ।"

ਐਮ.ਐਸ. ਚੰਦੇਲਾ ਆਪਣੀ ਪੁਸਤਕ 'ਬੰਦਾ ਬਹਾਦਰ' ਵਿਚ ਲੇਖਕ ਐਚ.ਏ. ਰੋਜ਼ (ਜਿਸ ਨੇ ਆਪਣੀ ਪੁਸਤਕ ਵਿਚ ਪੰਜਾਬ ਅਤੇ ਨਾਰਥ ਵੈਸਟ ਫਰੰਟੀਅਰ ਪਰੋਵਿੰਸ ਦੇ ਕਬੀਲਿਆਂ ਅਤੇ ਜਾਤਾਂ ਦੇ ਕੋਸ਼ ਦਾ ਵਰਣਨ ਕੀਤਾ ਹੈ) ਦੇ ਹਵਾਲੇ ਨਾਲ ਲਿਖਦੇ ਹਨ, "ਇਸ ਆਦਮੀ (ਬੈਰਾਗੀ) ਦਾ ਇਤਿਹਾਸ ਨਿਆਰਾ ਹੈ। ਕਸ਼ਮੀਰ ਵਿਚ ਸਥਿਤ ਰਾਜੌਰੀ ਵਾਸੀ ਰਾਜਪੂਤਾਂ ਦੇ ਇਸ ਮੁੰਡੇ ਨੇ ਸੰਨ 1686 ਵਿਚ ਜ਼ਿਲ੍ਹਾ ਲਾਹੌਰ ਵਿਚ ਕਸੂਰ ਨੇੜੇ ਸਥਿਤ ਬਾਬਾ ਰਾਮ ਥੰਮਨ ਦੀ ਦਰਗਾਹ 'ਤੇ ਪਹੁੰਚ ਕੇ ਆਪਣਾ ਜਨਮ ਦਾ ਨਾਂ ਲਛਮਣ ਬਾਲਾ ਤਿਆਗ ਕੇ ਨਰੈਣ ਦਾਸ ਨਾਂ ਧਾਰਨ ਕਰ ਲਿਆ। ਫਿਰ ਸੰਨ 1691 ਵਿਚ ਉਸ ਨੇ ਜੋਗੀ ਬਣ ਤਾਂਤਰਿਕ ਮੱਤ ਅਪਨਾ ਲਿਆ ਅਤੇ ਆਪਣਾ ਨਾਂ ਬਦਲ ਕੇ ਮਾਧੋ ਦਾਸ ਰੱਖ ਲਿਆ। ਸੰਭਵ ਹੈ ਕਿ ਉਹ ਨਾਂਦੇੜ ਵਿਖੇ ਗੁਰੂ ਗੋਬਿੰਦ ਸਿੰਘ ਨੂੰ ਮਿਲਿਆ ਜਿਨ੍ਹਾਂ ਨੇ ਉਸ ਦੁਆਰਾ ਅਪਨਾਏ ਬੰਦੇ ਦੇ ਨਾਂ ਨਾਲ ਬਹਾਦਰ ਦਾ ਲਕਬ ਪੰਜ ਤੀਰਾਂ ਅਤੇ ਕੁਝ ਸ਼ਸਤਰਾਂ ਸਮੇਤ ਉਸ ਨੂੰ ਬਖ਼ਸ਼ਿਆ।"

ਡਾ. ਗੰਡਾ ਸਿੰਘ ਆਪਣੀ ਪੁਸਤਕ 'ਬੰਦਾ ਸਿੰਘ ਬਹਾਦਰ' ਵਿਚ ਮੈਕਾਲਿਫ ਦੇ ਵਿਚਾਰਾਂ ਨਾਲ ਸਹਿਮਤ ਹਨ। ਉਨ੍ਹਾਂ ਅਨੁਸਾਰ, "ਬਚਪਨ ਵਿਚ ਬੰਦਾ ਸਿੰਘ ਦਾ ਨਾਂ ਲਛਮਣ ਦੇਵ ਸੀ। ਇਸ ਦਾ ਜਨਮ ਕੱਤਕ ਸੁਦੀ 13 ਸੰਮਤ 1727 ਬਿਕਰਮੀ, ਐਤਵਾਰ, 16 ਅਕਤੂਬਰ ਸੰਨ 1676 ਈਸਵੀ ਪੂਰਵ ਕਸ਼ਮੀਰ ਦੇ ਪਿੰਡ ਰਾਜੌਰੀ ਵਿਚ ਹੋਇਆ। ਇਸ ਦਾ ਪਿਉ ਰਾਮ ਦੇਵ, ਭਾਰਦਵਾਜ ਗੋਤ ਦਾ ਰਾਜਪੂਤ ਸੀ ਤੇ ਵਾਹੀ ਦਾ ਕੰਮ ਕਰਦਾ ਸੀ।"

ਡਾ. ਐਚ.ਐਸ. ਦਿਲਗੀਰ ਆਪਣੀ ਪੁਸਤਕ 'ਮਹਾਨ ਸਿੱਖ ਜਰਨੈਲ ਬੰਦਾ ਸਿੰਘ ਬਹਾਦਰ' ਵਿਚ ਲਿਖਦੇ ਹਨ, "ਉਸ ਦਾ ਜਨਮ 16 ਅਕਤੂਬਰ 1670 ਦੇ ਦਿਨ ਕਸ਼ਮੀਰ ਦੇਸ਼ ਦੇ ਪੁਣਛ ਜ਼ਿਲ੍ਹਾ ਦੇ ਪਿੰਡ ਰਜ਼ੋੜੀ (ਪਠਾਨਕੋਟ ਤੋਂ 275 ਤੇ ਜੰਮੂ ਤੋਂ 165 ਕਿਲੋਮੀਟਰ) ਜੋ ਸਮੁੰਦਰ ਤਲ ਤੋਂ 2800 ਫੁੱਟ ਹੈ, ਵਿਚ ਬਾਬਾ ਰਾਮ ਦੇਵ ਦੇ ਘਰ ਹੋਇਆ। ਉਸ ਦਾ ਨਾਂ ਲਛਮਣ ਦਾਸ ਰੱਖਿਆ ਗਿਆ। ਆਪ ਦਾ ਪਰਿਵਾਰ ਰਾਜਪੂਤ ਬਿਰਾਦਰੀ ਨਾਲ ਸਬੰਧ ਰੱਖਦਾ ਸੀ।"

ਡੇਰਾ ਬਾਬਾ ਬੰਦਾ ਬਹਾਦਰ ਰਿਆਸੀ (ਜੰਮੂ) ਦੀ ਮਾਤਾ ਜੋਗਿੰਦਰ ਕੌਰ ਅਨੁਸਾਰ 1947 ਵਿਚ ਭਾਰਤ ਦੀ ਵੰਡ ਤੋਂ ਪਹਿਲਾਂ ਪੁਣਛ ਆਜ਼ਾਦ ਰਿਆਸਤ ਸੀ। ਪੀਰ ਪੰਜਾਲ ਲੜੀ ਤੋਂ ਹੇਠਾਂ ਦੀਆਂ ਸ਼ਿਵਾਲਿਕ ਪਹਾੜੀਆਂ ਵਿਚ ਰਮਣੀਕ ਸਥਾਨ 'ਤੇ ਛੋਟਾ ਜਿਹਾ ਪਿੰਡ ਜ਼ੋਰੇ-ਕੇ-ਗੜ੍ਹ ਹੈ ਜਿਥੇ 13 ਕੱਤਕ ਬਿਕਰਮੀ ਸੰਮਤ 1727 (27 ਅਕਤੂਬਰ 1670) ਰਾਮ ਦੇਵ ਭਾਰਦਵਾਜ ਦੇ ਘਰ ਪੁੱਤਰ ਨੇ ਜਨਮ ਲਿਆ। ਇਸ ਬੱਚੇ ਦਾ ਨਾਂ ਲਛਮਣ ਦੇਵ ਰੱਖਿਆ ਗਿਆ। ਲਛਮਣ ਦੇਵ ਦਾ ਪਿਤਾ ਕਿਸਾਨ ਸੀ। ਆਪਣੀ ਉਮਰ ਦੇ ਬਾਕੀ ਬੱਚਿਆਂ ਵਾਂਗ ਉਹ ਵੀ ਪਹਿਲਵਾਨੀ, ਤੀਰ ਅੰਦਾਜ਼ੀ, ਸ਼ਿਕਾਰ ਆਦਿ ਖੇਡਾਂ ਵਿਚ ਹਿੱਸਾ ਲੈਣ ਲੱਗ ਪਿਆ। ਉਹ ਘੋੜ ਸਵਾਰੀ ਤੇ ਨਿਸ਼ਾਨੇਬਾਜ਼ੀ ਦਾ ਸ਼ੌਕੀਨ ਸੀ।

ਰਾਜਪੂਤਾਂ ਦੇ ਇਤਿਹਾਸ ਤੋਂ ਸਪਸ਼ਟ ਜ਼ਾਹਰ ਹੁੰਦਾ ਹੈ ਕਿ ਉਨ੍ਹਾਂ ਵਿਚ ਕੁਰਬਾਨੀ ਦੀ ਸਪਿਰਟ, ਵਫਾਦਾਰੀ ਅਤੇ ਗੌਰਵ ਦੀ ਭਾਵਨਾ ਅਤੇ ਹੋਰ ਕਈ ਗੁਣ ਸਨ। ਪੇਨੇ ਇਸ ਹੱਦ ਤੱਕ ਜਾਂਦਾ ਹੈ ਕਿ ਸੰਸਾਰ ਦੇ ਇਤਿਹਾਸ ਵਿਚ ਰਾਜਪੂਤਾਂ ਦੀ ਦ੍ਰਿੜਤਾ ਅਤੇ ਹੌਸਲੇ ਦੇ ਮੁਕਾਬਲੇ ਦੀ ਕੋਈ ਮਿਸਾਲ ਮੁਸ਼ਕਿਲ ਨਾਲ ਹੀ ਲੱਭਦੀ ਹੈ। ਸਮੇਂ ਦਾ ਗੇੜ ਬਦਲਣ ਨਾਲ ਉਨ੍ਹਾਂ ਦੇ ਇਹ ਗੁਣ ਹੌਲੀ ਹੌਲੀ ਲੋਪ ਹੁੰਦੇ ਗਏ। ਰਾਜਪੂਤਾਂ ਨੇ ਮੁੱਖ ਤੌਰ 'ਤੇ ਕਿਸੇ ਸਾਂਝੇ ਮਨੋਰਥ ਦੀ ਘਾਟ ਕਾਰਨ ਆਪਣੀ ਸ਼੍ਰੇਸ਼ਟਤਾ ਗੁਆ ਲਈ। ਉਨ੍ਹਾਂ ਦੇ ਇਤਿਹਾਸ ਨੂੰ ਜੇ ਗੌਰ ਨਾਲ ਵੇਖੀਏ ਤਾਂ ਬਿਨਾਂ ਸ਼ੱਕ ਸਾਬਤ ਹੁੰਦਾ ਹੈ ਕਿ ਆਪਣੀ ਸੁਰੱਖਿਆ ਲਈ ਵੀ ਉਹ ਏਕਤਾ ਨਹੀਂ ਰੱਖ ਸਕੇ। ਕਾਰਨ ਇਹ ਸੀ ਕਿ ਉਹ ਆਪਣੇ ਜਾਗੀਰਦਾਰੀ ਹਿੱਤਾਂ ਨੂੰ ਕਾਇਮ ਰੱਖਣ ਤੋਂ ਬਿਨਾਂ ਕਦੇ ਵੀ ਕਿਸੇ ਉਚੇਰੇ ਮੰਤਵ ਤੋਂ ਪ੍ਰੇਰਨਾ ਨਹੀਂ ਲੈਂਦੇ ਸਨ। ਉਨ੍ਹਾਂ ਦੇ ਪਿਤਾ ਪੁਰਖੀ ਫੌਜੀ ਜਾਗੀਰਦਾਰੀ ਬਣਤਰ ਵਾਲੇ ਸਮਾਜੀ ਢਾਂਚੇ ਨੇ ਉਨ੍ਹਾਂ ਦੀਆਂ ਵਫਾਦਾਰੀਆਂ ਤੇ ਆਰਥਿਕ ਹਿੱਤਾਂ ਨੂੰ ਛੋਟੀਆਂ ਛੋਟੀਆਂ ਟੁਕੜੀਆਂ ਵਿਚ ਵੰਡਿਆ ਹੋਇਆ ਸੀ। ਇਸ ਕਰ ਕੇ ਉਹ ਸਾਂਝੀ ਵੱਡੀ ਰਾਜਪੂਤ ਰਿਆਸਤ ਬਣਾਉਣ ਦਾ ਨਿਸ਼ਾਨਾ ਵੀ ਪੂਰਾ ਨਾ ਕਰ ਸਕੇ। ਜਦੋਂ ਨਾਦਰ ਸ਼ਾਹ ਭਾਰਤ ਵਿਚ ਦਾਖਲ ਹੋਇਆ ਤਾਂ ਉਸ ਦਾ ਮੁਕਾਬਲਾ ਕਰਨ ਲਈ ਤਿੰਨ ਵੱਡੀਆਂ ਰਾਜਪੂਤ ਰਿਆਸਤਾਂ ਵਿਚ ਸਮਝੌਤਾ ਹੋਇਆ ਜਿਨ੍ਹਾਂ ਵਿਚ ਸਿਸੋਦੀਆਂ, ਰਾਠੌਰ ਤੇ ਕੁਸ਼ਵਾਹਿਆ ਘਰਾਣੇ ਸ਼ਾਮਲ ਸਨ, ਪਰ ਇਹ ਸਮਝੌਤਾ ਸਿਰਫ਼ ਸਮਾਜੀ ਦਰਜਾ-ਬ-ਦਰਜੀ ਦੇ ਸਵਾਲ ਉਤੇ ਟੁੱਟ ਗਿਆ। ਇਕ ਸਮੇਂ ਗਵਾਲੀਅਰ, ਕਲੰਜਰ, ਉਜੈਨ, ਕਨੌਜ, ਦਿੱਲੀ ਅਤੇ ਅਜਮੇਰ ਦੇ ਰਾਜਿਆਂ ਨੇ ਆਪਸ ਵਿਚ ਗਠਜੋੜ ਕੀਤਾ, ਕਿਉਂਕਿ ਉਹ ਹਿੰਦੁਸਤਾਨ ਵਿਚੋਂ ਮੁਗਲ ਰਾਜ ਖ਼ਤਮ ਕਰਨਾ ਚਾਹੁੰਦੇ ਸਨ, ਪਰ ਰਾਜਪੂਤਾਂ ਦਾ ਇਤਿਹਾਸ ਅਤੇ ਉਨ੍ਹਾਂ ਦੀ ਸਮਾਜਕ ਬਣਤਰ ਇਹ ਦੱਸਦੀ ਹੈ ਕਿ ਧਾਰਮਿਕ ਜਾਂ ਕੌਮੀ ਜਜ਼ਬੇ ਨਾਲੋਂ ਉਨ੍ਹਾਂ ਨੂੰ ਆਪਣੇ ਬਾਦਸ਼ਾਹੀ ਅਤੇ ਜਾਗੀਰਦਾਰੀ ਹਿੱਤਾਂ ਦੀ ਵਧੇਰੇ ਚਿੰਤਾ ਸੀ।

ਹਰ ਰਾਜਪੂਤ ਹਲ ਫੜਨ ਤੋਂ ਨਫ਼ਰਤ ਕਰਦਾ ਸੀ ਅਤੇ ਜਿਹੜਾ ਰਾਜਪੂਤ ਹਲ ਵਾਹੁੰਦਾ ਸੀ, ਉਸ ਨੂੰ ਰਾਜਪੂਤਾਂ ਦੀਆਂ ਸਮਾਜੀ ਕੀਮਤਾਂ ਅਨੁਸਾਰ ਘਟੀਆ ਗਿਣਿਆ ਜਾਂਦਾ ਸੀ। ਇਸੇ ਕਰ ਕੇ ਰਾਜਪੂਤ ਉਤਨਾ ਚਿਰ ਗੈਰ ਰਾਜਪੂਤਾਂ ਦੀ ਕਮਾਈ ਦੀ ਲੁੱਟ ਦੇ ਸਹਾਰੇ ਰਹਿੰਦੇ ਜਿਤਨਾ ਚਿਰ ਫੌਜੀ ਤਾਕਤ ਘੱਟ ਜਾਣ ਕਰ ਕੇ ਉਨ੍ਹਾਂ ਵਿਚੋਂ ਕਈਆਂ ਨੂੰ ਹੱਥੀਂ ਕੰਮ ਕਰਨ ਲਈ ਮਜਬੂਰ ਨਹੀਂ ਹੋਣਾ ਪਿਆ। ਜਾਗੀਰਦਾਰੀ ਪ੍ਰਬੰਧ ਕਾਇਮ ਰੱਖਣਾ ਰਾਜਪੂਤੀ ਸਮਾਜ ਦਾ ਮੁੱਖ ਨਿਸ਼ਾਨਾ ਬਣ ਗਿਆ ਸੀ। ਰਾਜਪੂਤਾਂ ਦੀ ਸਮਾਜੀ ਬਣਤਰ ਜੋ ਗੈਰ ਰਾਜਪੂਤਾਂ ਉਤੇ ਹਕੂਮਤ ਅਤੇ ਉਨ੍ਹਾਂ ਦੀ ਆਰਥਿਕ ਲੁੱਟ ਉਤੇ ਨਿਰਭਰ ਸੀ, ਨੇ ਇਹ ਗੁੰਜਾਇਸ਼ ਨਹੀਂ ਛੱਡੀ ਸੀ ਕਿ ਰਾਜਪੂਤ ਆਮ ਹਿੰਦੂ ਜਨਤਾ ਨੂੰ ਮੁਗਲਾਂ ਦੀ ਹਕੂਮਤ ਦਾ ਟਾਕਰਾ ਕਰਨ ਲਈ ਤਿਆਰ ਕਰ ਸਕਣ।

ਰਾਜਪੂਤੀ ਸਮਾਜ ਵਿਚ ਵਫ਼ਾਦਾਰੀ ਵਿਅਕਤੀ ਨਾਲ ਬੱਝੀ ਹੋਈ ਸੀ। ਵਫਾਦਾਰੀ ਉਨੀ ਹੀ ਜੱਦੀ ਹੈ ਜਿੰਨੀ ਜ਼ਮੀਨ ਜੱਦੀ ਹੈ। ਅੰਨ੍ਹੀ ਵਫਾਦਾਰੀ ਕਾਰਨ ਕਬੀਲੇ ਦੇ ਹਿੱਤਾਂ ਦੇ ਮੁਕਾਬਲੇ ਕੁਲ ਦੇ ਹਿੱਤਾਂ ਨੂੰ ਪਹਿਲ ਦਿੱਤੀ ਗਈ। ਇਸੇ ਕਰ ਕੇ ਰਾਜਪੂਤ ਕੌਮਪ੍ਰਸਤੀ ਦੀ ਭਾਵਨਾ ਪੈਦਾ ਨਾ ਕਰੇ। ਜੇ ਕਿਸੇ ਰਾਜਪੂਤ ਮੁਖੀ ਨੇ ਮੁਗਲਾਂ ਨਾਲ ਸਾਂਝ ਪਾ ਲੈਣ ਦਾ ਫੈਸਲਾ ਕਰ ਲਿਆ, ਉਥੇ ਉਸ ਦੇ ਇਸ ਕਦਮ ਨੂੰ ਗਲਤ ਜਾਂ ਸਹੀ ਹੋਣ ਦੀ ਪਰਖ ਕੀਤੇ ਬਗੈਰ ਉਸ ਦੇ ਪੈਰੋਕਾਰ ਮੁਖੀ ਦੇ ਮਗਰ ਲੱਗ ਤੁਰੇ।

ਰਾਜਪੂਤਾਂ ਨੇ ਆਪਣੇ ਹਿੱਤਾਂ ਖਾਤਰ ਮੁਗਲਾਂ ਨਾਲ ਸਾਂਝ ਪਾ ਲਈ। ਉਨ੍ਹਾਂ ਆਪਣੇ ਜਗੀਰੂ ਹਿੱਤਾਂ ਲਈ ਆਪਣੀਆਂ ਧੀਆਂ ਦੇ ਡੋਲੇ ਵੀ ਮੁਗਲ ਹਾਕਮਾਂ ਨੂੰ ਦੇ ਦਿੱਤੇ। ਮੁਗਲਾਂ ਦੀ ਸੱਤਾ ਉਤੇ ਲੰਬੇ ਅਰਸੇ ਲਈ ਨਿਰਭਰ ਹੋਣ ਦੇ ਆਦੀ ਹੋ ਗਏ ਜਿਸ ਕਾਰਨ ਉਨ੍ਹਾਂ ਨੇ ਆਪਣੀ ਫੌਜੀ ਤੇ ਸਿਆਸੀ ਪਹਿਲਕਦਮੀ ਗੁਆ ਲਈ। ਉਹ ਮੁਗਲ ਸੱਤਾ ਦੇ ਥੰਮ੍ਹ ਵੀ ਬਣ ਗਏ। ਰਾਜਪੂਤਾਂ ਵਿਚੋਂ ਜੋ ਰਾਣਾ ਪ੍ਰਤਾਪ ਵਰਗੀ ਉਚੇ ਇਰਾਦਿਆਂ ਵਾਲੀ ਇਕੋ ਇਕ ਸ਼ਖ਼ਸੀਅਤ ਜਿਸ ਨੇ ਮੁਗਲਾਂ ਦੀ ਈਨ ਨਾ ਮੰਨੀ, ਨੂੰ ਹਰਾਉਣ ਲਈ ਬਾਕੀ ਰਾਜਪੂਤ ਮੁਗਲਾਂ ਦੇ ਹੱਥ ਠੋਕੇ ਬਣ ਗਏ। ਕਨਿੰਘਮ ਅਨੁਸਾਰ ਮਹਾਰਾਣਾ ਪ੍ਰਤਾਪ ਵਿਰੁਧ ਹਲਦੀ ਘਾਟੀ ਦੀ ਫੈਸਲਾਕੁਨ ਲੜਾਈ ਵਿਚ ਮੁਗਲਾਂ ਦੀ ਫੌਜ ਦਾ ਕਮਾਂਡਰ ਰਾਜਾ ਮਾਨ ਸਿੰਘ ਸੀ। ਮੁਗਲਾਂ ਦੀ ਦਸ ਹਜ਼ਾਰ ਫੌਜ਼ ਵਿਚੋਂ ਚਾਰ ਹਜ਼ਾਰ ਰਾਜਪੂਤ ਉਸ ਦੇ ਆਪਣੇ ਕਬੀਲੇ ਦੇ ਸਨ ਅਤੇ ਇਕ ਹਜ਼ਾਰ ਹੋਰ ਹਿੰਦੂ ਹਮਾਇਤੀਆਂ ਵਿਚੋਂ ਸਨ।

**ਬੰਦਾ ਸਿੰਘ ਬਹਾਦਰ ਰਾਜਪੂਤ ਨਹੀਂ ਸੀ।:** ਜੇ ਬੰਦਾ ਸਿੰਘ ਬਹਾਦਰ ਦੇ ਸੁਭਾਅ ਅਤੇ ਉਸ ਦੀਆਂ ਕਾਰਵਾਈਆਂ ਦਾ ਲੇਖਾ ਜੋਖਾ ਕੀਤਾ ਜਾਵੇ ਤਾਂ ਉਸ ਵਿਚ ਰਾਜਪੂਤਾਂ ਵਾਲੀਆਂ ਗੱਲਾਂ ਨਹੀਂ ਮਿਲਦੀਆਂ। ਉਹ ਲੋਕ ਉਪਕਾਰੀ, ਦਰਿਆ ਦਿਲ, ਦਰਦਮੰਦ ਅਤੇ ਗਰੀਬਾਂ, ਨਿਮਾਣਿਆਂ ਅਤੇ ਨਿਤਾਣਿਆਂ ਦਾ ਪਾਲਕ ਸੀ। ਬੰਦੇ ਦੇ ਸੁਭਾਅ ਵਿਚ ਰਾਜਪੂਤਾਂ ਦੇ ਕੁਦਰਤੀ ਗੁਣਾਂ ਵਾਲੀ ਕੋਈ ਗੱਲ ਨਹੀਂ ਸੀ। ਜਾਤ-ਪਾਤ ਆਧਾਰਤ ਸਮਾਜ ਦਾ ਖਾਤਮਾ ਅਤੇ ਨੀਵੀਆਂ ਜਾਤਾਂ ਨੂੰ ਉਪਰ ਚੁਕਣ ਲਈ ਉਸ ਦੀ ਦ੍ਰਿੜਤਾ ਰਾਜਪੂਤਾਂ ਦੇ ਅਖੌਤੀ ਜਾਤੀ ਅਭਿਮਾਨ ਦੇ ਬਿਲਕੁਲ ਉਲਟ ਸੀ। ਉਹ ਭਲੀ ਭਾਂਤ ਜਾਣਦਾ ਸੀ ਕਿ ਮਨੁੱਖ ਤੇ ਸਮਾਜ ਦੋਹਾਂ ਵਿਚ ਪੂਰਨ ਆਜ਼ਾਦੀ ਦੀ ਤਬਦੀਲੀ ਲਿਆਉਣ ਦੇ ਨਾਲ ਨਾਲ ਅਨਿਆਂ ਭਰੇ ਸਮਾਜ ਤੇ ਸਿਆਸੀ ਪ੍ਰਬੰਧ ਨੂੰ ਖ਼ਤਮ ਕਰਨਾ ਵੀ ਲਾਜ਼ਮੀ ਹੈ। ਜਿਹੜੇ ਲੋਕਾਂ ਨੇ ਅਣਗਿਣਤ ਪੁਸ਼ਤਾਂ ਤੋਂ ਜ਼ਲਾਲਤ ਤੇ ਅਤਿਆਚਾਰ ਬਰਦਾਸ਼ਤ ਕੀਤਾ ਸੀ ਅਤੇ ਘੋਰ ਗਰੀਬੀ ਭੋਗੀ ਸੀ, ਉਨ੍ਹਾਂ ਲਈ ਬੰਦਾ ਮਸੀਹੇ ਦੇ ਰੂਪ ਵਿਚ ਪ੍ਰਗਟ ਹੋਇਆ।

ਰਾਜਪੂਤ ਹੱਥੀਂ ਕੰਮ ਕਰਨ ਤੇ ਹੱਥੀਂ ਹਲ ਵਾਹੁਣ ਨੂੰ ਘਟੀਆ ਕੰਮ ਅਤੇ ਆਪਣੀ ਹੱਤਕ ਸਮਝਦੇ ਸਨ। ਉਹ ਸ਼ਾਹ ਖਰਚ ਅੱਯਾਸ਼ ਸਨ ਜੋ ਖਾਣ ਪੀਣ ਅਤੇ ਭੋਗ ਵਿਲਾਸ ਦੇ ਸ਼ੌਕੀਨ ਸਨ। ਸ਼ਿਕਾਰ ਕਰਨਾ, ਮਾਸ ਖਾਣਾ, ਸ਼ਰਾਬ ਪੀਣਾ ਤੇ ਨਸ਼ੇ ਕਰਨੇ ਤਾਂ ਉਹ ਆਪਣਾ ਜਨਮ ਸਿੱਧ ਅਧਿਕਾਰ ਮੰਨਦੇ ਸਨ। ਇਕ ਤੋਂ ਵੱਧ ਵਿਆਹ ਕਰਵਾਉਣੇ, ਰਖੇਲਾਂ ਰੱਖਣੀਆਂ ਮਾਣ ਵਾਲੀ ਗੱਲ ਸਮਝੀ ਜਾਂਦੀ ਸੀ। ਬਲਾਤਕਾਰ ਤੇ ਵਿਆਹੋਂ ਬਾਹਰਲੇ ਸਬੰਧ ਕਿਸੇ ਰਾਜਪੂਤ ਲਈ ਕੋਈ ਨਮੋਸ਼ੀ ਨਹੀਂ ਸੀ।

ਡਾ. ਗੋਪਾਲ ਸਿੰਘ 'ਏ ਹਿਸਟਰੀ ਆਫ ਦਿ ਸਿੱਖ ਪੀਪਲ' ਵਿਚ ਲਿਖਦੇ ਹਨ ਕਿ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਤਿਹਾਸ ਵਿਚ ਪਹਿਲੀ ਵਾਰ ਰਿਸ਼ਵਤਖੋਰ ਤੇ ਜਬਰੀ ਵਸੂਲੀ ਕਰਨ ਵਾਲੀ ਜ਼ਿਮੀਂਦਾਰੀ ਪ੍ਰਥਾ ਦਾ ਖਾਤਮਾ ਬੰਦੇ ਨੇ ਕੀਤਾ। ਉਸ ਨੇ ਜ਼ਮੀਨ ਕਿਸਾਨਾਂ ਵਿਚ ਵੰਡ ਦਿੱਤੀ ਜਿਸ ਨਾਲ ਅਜਿਹੀ ਜਮਾਤ ਪੈਦਾ ਹੋ ਗਈ ਜਿਹੜੀ ਉਸ ਸਮੇਂ ਤੋਂ ਲੈ ਕੇ ਹੁਣ ਤੱਕ ਪੰਜਾਬ ਵਿਚ ਚੱਲੀਆਂ ਧਾਰਮਿਕ ਤੇ ਰਾਜਨੀਤਕ ਆਜ਼ਾਦੀ ਦੀਆਂ ਲਹਿਰਾਂ ਦੀ ਰੀੜ੍ਹ ਦੀ ਹੱਡੀ ਸਾਬਤ ਹੋਈ। ਕਿਸਾਨਾਂ ਵਿਚ ਨਵਾਂ ਆਤਮ ਸਨਮਾਨ ਅਤੇ ਆਪਣੀ ਤਕਦੀਰ ਦੇ ਖੁਦ ਮਾਲਕ ਹੋਣ ਦਾ ਆਤਮ ਵਿਸ਼ਵਾਸ ਭਰ ਦਿੱਤਾ। ਪੰਜਾਬ ਦੀ ਸਮਾਜਕ ਬਣਤਰ ਵਿਚੋਂ ਰਾਜਪੂਤਾਂ ਦਾ ਦੁਸ਼ਟ ਪ੍ਰਭਾਵ ਖ਼ਤਮ ਕਰਨ ਦਾ ਸਿਹਰਾ ਬੰਦੇ ਨੂੰ ਜਾਂਦਾ ਹੈ।"

ਬੰਦਾ ਸਿੰਘ ਬਹਾਦਰ ਦਾ ਪਹਿਲਾ ਵਿਆਹ ਚੰਬੇ ਦੇ ਰਾਜੇ ਦੀ ਲੜਕੀ ਸੁਸ਼ੀਲ ਕੌਰ ਨਾਲ ਅਤੇ ਦੂਜਾ ਵਿਆਹ ਹਰੀ ਰਾਮ ਖਤਰੀ ਦੀ ਲੜਕੀ ਸਾਹਿਬ ਕੌਰ ਨਾਲ ਪੂਰਨ ਵਿਧੀ ਅਨੁਸਾਰ ਹੋਇਆ ਸੀ। ਉਸ ਨੇ ਕਿਸੇ ਵੀ ਗੈਰ ਇਸਤਰੀ ਨਾਲ ਸੰਗ ਨਹੀਂ ਕੀਤਾ। ਸਿੱਖਾਂ ਨੂੰ ਉਸ ਦਾ ਖਾਸ ਨਿਰਦੇਸ਼ ਸੀ ਕਿ ਪਰਾਈ ਔਰਤ ਨੂੰ ਮਾਂ-ਭੈਣ ਸਮਾਨ ਸਮਝਣਾ ਹੈ। ਇਸਤਰੀ ਦੀ ਇੱਜ਼ਤ ਦੀ ਰੱਖਿਆ ਕਰਨ ਲਈ ਸਿੰਘ ਕੋਈ ਵੀ ਕੁਰਬਾਨੀ ਕਰ ਸਕਦਾ ਹੈ। ਕਿਸੇ ਵੀ ਮੁਸਲਮਾਨ ਔਰਤ ਨੂੰ ਬੇਪੱਤ ਨਹੀਂ ਕੀਤਾ ਗਿਆ।

ਐਮ.ਐਸ. ਚੰਦੇਲਾ ਆਪਣੀ ਪੁਸਤਕ 'ਬੰਦਾ ਬਹਾਦਰ' ਵਿਚ ਲਿਖਦਾ ਹੈ, "ਜਾਤ-ਪਾਤ ਆਧਾਰਤ ਸਮਾਜਕ ਵਿਵਸਥਾ ਵਿਰੁਧ ਉਸ ਦਾ ਪ੍ਰਚੰਡ ਹਮਲਾ ਤਾਂ ਇਹ ਮੰਨਣਾ ਲਗਭਗ ਅਸੰਭਵ ਹੀ ਬਣਾ ਦਿੰਦਾ ਹੈ ਕਿ ਬੰਦਾ ਰਾਜਪੂਤ ਸੀ, ਸਗੋਂ ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਉਸ ਦੀਆਂ ਜੜ੍ਹਾਂ ਕਿਰਤੀ ਜਮਾਤ ਵਿਚ ਸਨ।

**ਬੰਦਾ ਸਿੰਘ ਬਹਾਦਰ ਗੁਰੂ ਦਾ ਸਿੱਖ ਸੀ।:** "ਬੰਦਾ ਸਿੰਘ ਬਹਾਦਰ ਸਿੱਖ ਫਲਸਫੇ ਨੂੰ ਅਮਲੀ ਰੂਪ ਦੇਣ ਵਾਲਾ ਨੇਤਾ ਸੀ। ਗੁਰੂ ਨਾਨਕ ਦੇਵ ਜੀ ਨੇ ਜੋ ਫਲਸਫਾ ਕਾਇਮ ਕੀਤਾ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜ ਕੇ ਉਸੇ ਫਲਸਫੇ ਅਤੇ ਸਿਧਾਂਤ ਨੂੰ ਪ੍ਰਚਾਰਨ ਲਈ ਸਪੱਸ਼ਟ

*(ਬਾਕੀ ਸਫਾ 29 'ਤੇ)*

### ਰਿਬੇਰੋ ਦੀ ਆਪਬੀਤੀ-6

# ਵਿਢੀ ਪਈ ਪੰਜਾਬ ਪੁਲਿਸ ਲਈ ਲੜਾਈ !

***ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ, ਪੰਜਾਬ ਪੁਲਿਸ ਦੇ ਸਾਬਕਾ ਮੁਖੀ ਕੇ.ਪੀ.ਐਸ. ਗਿੱਲ ਅਤੇ ਜੂਲੀਓ ਰਿਬੇਰੋ ਨੇ ਪਿਛਲੀ ਸਦੀ ਦੇ ਅੱਸੀਵਿਆਂ ਦੇ ਦੌਰ ਉਪਰ ਕਿਤਾਬਾਂ ਲਿਖੀਆਂ ਹਨ। ਇਹ ਕਿਤਾਬਾਂ ਕਿਉਂਕਿ ਸਟੇਟ ਅਫਸਰਾਂ ਵਲੋਂ ਲਿਖੀਆਂ ਗਈਆਂ, ਇਸ ਕਰ ਕੇ ਇਹ ਸਟੇਟ ਦਾ ਏਜੰਡਾ ਹਨ ਪਰ ਰਿਬੇਰੋ ਇਨ੍ਹਾਂ ਤਿੰਨਾਂ ਵਿਚੋਂ ਭਿੰਨ ਹੈ ਕਿਉਂਕਿ ਕਦੀ ਕਦਾਈਂ ਉਹ ਸਟੇਟ ਨਾਲ ਸਹਿਮਤ ਨਹੀਂ ਹੁੰਦਾ। ਇਹੀ ਗੱਲ ਉਸ ਨੂੰ ਬਾਕੀਆਂ ਨਾਲੋਂ ਨਿਖੇੜਦੀ ਹੈ। ਰਿਬੇਰੋ ਦੀ ਧਿਰ ਨਾਲ ਭਾਵੇਂ ਕਿਸੇ ਵੀ ਸੂਰਤ ਸਹਿਮਤ ਨਹੀਂ ਹੋਇਆ ਜਾ ਸਕਦਾ, ਪਰ ਉਸ ਦੀ ਲਿਖਤ ਤੋਂ ਪਤਾ ਲੱਗਦਾ ਹੈ ਕਿ ਸਟੇਟ ਕੀ ਸੋਚਦੀ ਰਹੀ, ਕੀ ਕਰਦੀ ਰਹੀ, ਕਿਉਂ ਕਰਦੀ ਰਹੀ? ਰਿਬੇਰੋ ਵੱਲੋਂ ਲਿਖੀ ਕਿਤਾਬ 'ਬੁੱਲਟ ਫਾਰ ਬੁੱਲਟ' ਦੇ ਕੁੱਝ ਪੰਨਿਆਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਉਘੇ ਲੇਖਕ ਪ੍ਰੋ. ਹਰਪਾਲ ਸਿੰਘ ਪੰਨੂ ਨੇ ਕੀਤਾ ਹੈ ਜੋ ਅਸੀਂ ਕਿਸ਼ਤਵਾਰ ਛਾਪ ਰਹੇ ਹਾਂ। ਇਸ ਕਿਸ਼ਤ ਵਿਚ ਖਾੜਕੂਆਂ ਅੱਗੇ ਹੰਭੀ-ਹਫੀ ਪੰਜਾਬ ਪੁਲਿਸ ਵਿਚ ਨਵੀਂ ਰੂਹ ਫੂਕਣ ਬਾਰੇ ਰਿਬੇਰੋ ਦੇ ਵਿਚਾਰ ਹਨ ਅਤੇ ਸਿਆਸੀ ਆਗੂਆਂ ਦੀਆਂ 'ਮਜਬੂਰੀਆਂ' ਦਾ ਖੁਲਾਸਾ ਹੈ। -ਸੰਪਾਦਕ***



*ਰਿਬੇਰੋ ਅਨੁਸਾਰ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਖੁਦ ਦੀ ਸੁਰੱਖਿਆ ਵਾਸਤੇ ਖਾੜਕੂਆਂ ਨਾਲ ਗੰਢ-ਤੁੱਪ ਕਰ ਰਿਹਾ ਸੀ।*

ਪੰਨਾ 288: ਕੇਂਦਰੀ ਸਕੱਤਰ ਤੋਂ ਨੀਵਾਂ ਰੁਤਬਾ ਦੇ ਕੇ ਮੈਨੂੰ ਪੰਜਾਬ ਪੁਲਿਸ ਚੀਫ ਲਾਇਆ ਗਿਆ, ਪਰ ਇਸ ਵਾਅਦੇ ਨਾਲ ਕਿ ਮੇਰੀ ਤਨਖਾਹ ਤੇ ਰੁਤਬਾ ਪਹਿਲਾਂ ਵਾਲਾ ਰਹੇਗਾ। ਜਦੋਂ ਮੈਂ ਪੂਰੀ ਤਨਦੇਹੀ ਨਾਲ ਖਾੜਕੂਵਾਦ ਵਿਰੁਧ ਜੂਝ ਰਿਹਾ ਸੀ, ਕੇਂਦਰੀ ਗ੍ਰਿਹ ਸਕੱਤਰ ਪ੍ਰਧਾਨ ਦਾ ਫੋਨ ਆਇਆ ਕਿ ਮੈਂ ਪੁਲਿਸ ਚੀਫ ਦੀ ਘੱਟ ਤਨਖਾਹ ਉਤੇ ਕੰਮ ਕਰਨਾ ਮਨਜ਼ੂਰ ਕਰਾਂ। ਪੰਜਾਬ ਦੀ ਬਿਊਰੋਕਰੇਸੀ ਨੇ ਉਸ ਉਪਰ ਅਜਿਹਾ ਕਰਨ ਲਈ ਦਬਾਉ ਪਾਇਆ। ਮੈਂ ਨਾਂਹ ਕਰ ਦਿੱਤੀ। ਫਿਰ ਉਸ ਨੇ ਕਿਹਾ-ਠੀਕ ਹੈ, ਤਨਖਾਹ ਸਕੱਤਰ ਜਿੰਨੀ ਰਹੇਗੀ, ਪਰ ਇਸ ਨੂੰ ਵਿਸ਼ੇਸ਼ ਤਨਖਾਹ ਵਜੋਂ ਕਰ ਦਿਆਂਗੇ। ਇਸ ਦਾ ਮਤਲਬ ਇਹ ਕਿ ਤਨਖਾਹ ਸਕੱਤਰ ਜਿੰਨੀ, ਪਰ ਸਕੱਤਰ ਦਾ ਰੁਤਬਾ ਵਾਪਸ। (ਆਈ.ਏ.ਐਸ. ਲਾਬੀ ਨੂੰ ਚੰਗਾ ਨਾ ਲੱਗਾ, ਆਈ.ਪੀ.ਐਸ. ਅਫਸਰ ਉਨ੍ਹਾਂ ਦੇ ਬਰਾਬਰ ਮਰਾਤਬਾ ਲਵੇ)। ਮੈਂ ਇਸ ਨੂੰ ਵੀ ਮਨਜ਼ੂਰ ਨਾ ਕੀਤਾ। ਫਿਰ ਇਕ ਹੋਰ ਹੱਲ ਕੱਢਿਆ ਗਿਆ,

**ਜੂਲੀਓ ਰਿਬੇਰੋ**
**ਅਨੁਵਾਦ: ਹਰਪਾਲ ਸਿੰਘ ਪੰਨੂ**
**ਫੋਨ: 91-94642-51454**

ਪੰਜਾਬ ਪੁਲਿਸ ਚੀਫ ਦੀ ਪੋਸਟ ਲਾਂਭੇ ਕਰ ਦਿੱਤੀ, ਤੇ ਕੇਂਦਰੀ ਸਕੱਤਰ ਦੀ ਨਵੀਂ ਆਸਾਮੀ ਘੜ ਦਿੱਤੀ ਜਿਹੜੀ ਪੰਜਾਬ ਦੇ ਚੀਫ ਸੈਕਟਰੀ ਬਰਾਬਰ ਸੀ। ਮੈਂ ਹੈਰਾਨ ਸਾਂ ਕਿ ਪ੍ਰਧਾਨ ਮੰਤਰੀ ਦੇ ਇੰਨੇ ਵੱਡੇ ਆਫਿਸ ਵਿਚ ਕੀਤੇ ਗਏ ਫੈਸਲੇ ਵਿਚ ਕਿਵੇਂ ਆਰਾਮ ਨਾਲ ਮਨਮਰਜ਼ੀ ਦੀ ਅਦਲਾ-ਬਦਲੀ ਹੋ ਰਹੀ ਸੀ। ਇਸ ਸਾਰੇ ਕਾਸੇ ਦੇ ਬਾਵਜੂਦ ਮੈਂ ਪੁਲਿਸ ਚੀਫ ਹੀ ਰਿਹਾ ਜੋ ਪੰਜਾਬ ਦੇ ਗ੍ਰਿਹ ਸਕੱਤਰ ਅੱਗੇ ਜਵਾਬਦੇਹ ਸੀ; ਉਸ ਗ੍ਰਿਹ ਸਕੱਤਰ ਅੱਗੇ ਜਿਸ ਦੀ ਤਨਖਾਹ ਅਤੇ ਰੁਤਬਾ ਮੇਰੇ ਤੋਂ ਘੱਟ ਸੀ।

ਪੁਲਿਸ ਚੀਫ ਦਾ ਰੁਤਬਾ ਚੀਫ ਸੈਕਟਰੀ ਦੇ ਬਰਾਬਰ ਹੋਵੇ, ਪੰਜਾਬ ਦੀ ਅਫਸਰਸ਼ਾਹੀ ਨੂੰ ਪਚਿਆ ਨਹੀਂ। ਬੁਰੇ ਹਾਲਾਤ ਵਿਚ ਮੈਨੂੰ ਖਾਸ ਕਾਰਨਾਂ ਕਰ ਕੇ ਪੰਜਾਬ ਭੇਜਿਆ ਗਿਆ ਸੀ, ਪਰ ਉਨ੍ਹਾਂ ਨੂੰ ਕੀ ਪ੍ਰਵਾਹ। ਉਨ੍ਹਾਂ ਦਾ ਰੁਤਬਾ ਪੁਲਿਸ ਅਫਸਰ ਤੋਂ ਉਚਾ ਹੋਣਾ ਜ਼ਰੂਰੀ ਸੀ। 'ਮਾਈ ਯੀਅਰਜ਼ ਵਿਦ ਰਾਜੀਵ' ਵਿਚ ਪ੍ਰਧਾਨ ਲਿਖਦਾ ਹੈ ਕਿ ਪੰਜਾਬ ਦੀ ਅਫਸਰਸ਼ਾਹੀ ਰਿਬੇਰੋ ਤੋਂ ਖੁਸ਼ ਨਹੀਂ।

ਪੰਨਾ 289: ਲੀਡਰਾਂ, ਅਫਸਰਾਂ, ਜੱਜਾਂ ਨੂੰ ਆਪਣੀ ਤੇ ਆਪਣੇ ਬੱਚਿਆਂ ਦੀ ਜਾਨ ਦਾ ਖੌਫ ਸੀ। ਬੱਚਿਆਂ ਦੀ ਹਿਫਾਜ਼ਤ ਲਈ ਵੱਖ ਸੁਰੱਖਿਆ ਮੰਗੀ ਜਾ ਰਹੀ ਸੀ। ਜਿਉਂ-ਜਿਉਂ ਪਰਿਵਾਰਾਂ ਦੀ ਸੁਰੱਖਿਆ ਵਧਦੀ, ਇੱਧਰ ਖਾੜਕੂਆਂ ਦੇ ਮੁਕਾਬਲੇ ਤੇ ਫੋਰਸ ਘਟਦੀ ਗਈ। ਪੰਜਾਬ ਜਿਵੇਂ ਅਧਰੰਗ ਦੀ ਬਿਮਾਰੀ ਤੋਂ ਗ੍ਰਸਤ ਹੋਵੇ। ਇਹੋ ਜਿਹੇ ਹਾਲਾਤ ਵਿਚ ਜਿਸ ਦੀ ਲਾਠੀ ਉਸ ਦੀ ਭੈਂਸ। ਲਾਠੀ ਜਾਂ ਖਾੜਕੂਆਂ ਕੋਲ ਸੀ, ਜਾਂ ਪੁਲਿਸ ਕੋਲ; ਸੋ ਇਹੀ ਦੋ ਧਿਰਾਂ ਫੈਸਲਾ ਕਰਨਗੀਆਂ। ਇਹੀ ਗੱਲ ਅਫਸਰਸ਼ਾਹੀ ਨੂੰ ਰੜਕ ਰਹੀ ਸੀ।

ਅਜਿਹਾ ਇਕ ਅਫਸਰ ਵਿਦੇਸ਼ੀ ਡਿਊਟੀ ਨਿਭਾ ਕੇ ਦੇਸ਼ ਵਾਪਸ ਆਇਆ। ਉਸ ਨੂੰ ਇਕ ਅਹਿਮ ਵਿਭਾਗ ਦੇ ਦਿੱਤਾ ਗਿਆ। ਇਸ ਰੁਤਬੇ ਦਾ ਪੱਤਰਕਾਰਾਂ ਨਾਲ ਸਿੱਧਾ ਰਾਬਤਾ ਸੀ। ਪ੍ਰੈਸ ਰਾਹੀਂ ਉਹ ਮੇਰੇ ਉਤੇ ਨਜ਼ਲਾ ਝਾੜਦਾ ਤੇ ਹਮਲਾਵਰ ਰੁਖ ਅਪਨਾਉਂਦਾ। ਇਸ ਨਾਲ ਮੈਨੂੰ ਤਾਂ ਕੋਈ ਫਰਕ ਨਹੀਂ ਪਿਆ, ਗਵਰਨਰ ਰੇਅ ਫਿਕਰਮੰਦ ਹੋ ਗਿਆ। 31 ਜੁਲਾਈ 1987 ਦੇ 'ਇੰਡੀਆ ਟੂਡੇ' ਨੇ ਆਪਣੀ ਕਵਰ ਸਟੋਰੀ ਵਿਚ ਖਾੜਕੂਵਾਦ ਵਿਰੁਧ ਮੇਰੀ ਲੜਾਈ ਦੀ ਆਲੋਚਨਾ ਕੀਤੀ। ਅਜੇ ਆਰਟੀਕਲ ਛਪਿਆ ਨਹੀਂ ਸੀ ਜਦੋਂ ਮੇਰੀ ਇੰਟੈਲੀਜੈਂਸ ਨੇ ਮੈਨੂੰ ਇਸ ਦੀ ਸੂਚਨਾ ਦੇ ਦਿੱਤੀ। ਮੈਨੂੰ ਇਤਲਾਹ ਮਿਲੀ ਕਿ ਦੋ ਵੱਡੇ ਪੱਤਰਕਾਰ ਚੰਡੀਗੜ੍ਹ ਪੁੱਜ ਗਏ ਹਨ ਤੇ ਇਸ ਅਫਸਰ ਨਾਲ ਤਾਲਮੇਲ ਬਿਠਾ ਲਿਆ ਹੈ। ਇਹ ਅਫਸਰ ਜਦੋਂ ਵਿਦੇਸ਼ ਵਿਚ ਸੀ, ਦੋਹਾਂ ਵਿਚੋਂ ਇਕ ਉਦੋਂ ਵਿਦੇਸ਼ੀ ਪੱਤਰਕਾਰ ਰਿਹਾ ਸੀ।

ਪੰਨਾ 290: ਮੈਂ ਇਹ ਆਰਟੀਕਲ ਪੜ੍ਹਿਆ ਤੇ ਭੁੱਲ ਭੁਲਾ ਗਿਆ। ਪ੍ਰੈਸ ਤੁਹਾਡੀ ਆਲੋਚਨਾ ਕਰੇ, ਇਹ ਫਾਇਦੇਮੰਦ ਹੁੰਦੀ ਹੈ। ਅਫਸਰ ਨੂੰ ਆਪਣੀ ਕਦਮ-ਚਾਲ ਦਰੁਸਤ ਰੱਖਣੀ ਚਾਹੀਦੀ ਹੈ, ਪਰ ਰੇਅ ਘਬਰਾ ਗਿਆ। ਉਸ ਨੂੰ ਪਤਾ ਸੀ, ਕਿਸ ਅਫਸਰ ਦੀ ਕਰਤੂਤ ਹੈ। ਉਸ ਨੇ ਮੈਨੂੰ ਕਿਹਾ ਕਿ ਗ੍ਰਿਹ ਵਿਭਾਗ ਨੂੰ ਭੇਜਣ ਲਈ ਮੈਂ ਨੁਕਤਾ-ਦਰ-ਨੁਕਤਾ ਜਵਾਬ ਤਿਆਰ ਕਰਾਂ। ਮੈਂ ਇਸ ਵਾਸਤੇ ਜਵਾਬ ਤਿਆਰ ਕਰਨ ਲਈ ਮੰਨ ਗਿਆ, ਕਿਉਂਕਿ ਪਾਰਲੀਮੈਂਟ ਵਿਚ ਸਵਾਲ ਹੋ ਸਕਦਾ ਸੀ ਤੇ ਗ੍ਰਿਹ ਮੰਤਰਾਲੇ ਨੂੰ ਜਵਾਬ ਦੇਣਾ ਪੈਣਾ ਸੀ; ਮੈਗਜ਼ੀਨ ਵਿਚ ਛਪਵਾਉਣ ਵਾਸਤੇ ਨਹੀਂ, ਕਿਸੇ ਪ੍ਰਾਪੇਗੰਡੇ ਲਈ ਨਹੀਂ। ਵਿਅਰਥ ਚੁੰਜ-ਚਰਚਾ ਵਿਚ ਪੈ ਜਾਂਦਾ, ਤਾਂ ਮੈਂ ਦਿੱਤੀ ਗਈ ਡਿਊਟੀ ਕਿਵੇਂ ਨਿਭਾਉਂਦਾ? ਇਸ ਜਾਅਲਸਾਜ਼ੀ ਬਾਰੇ 'ਟਾਈਮਜ਼ ਆਫ ਇੰਡੀਆ' ਦੇ ਸੰਪਾਦਕ ਗਿਰੀ ਲਾਲ ਜੈਨ ਨਾਲ ਫੋਨ ਮਿਲਾਇਆ। ਸ਼ਰਾਰਤ ਲਈ ਜ਼ਿੰਮੇਵਾਰ ਇਸ ਅਫਸਰ ਦੀ ਜੈਨ ਨੇ ਸ਼ਨਾਖਤ ਕਰ ਲਈ ਤੇ ਮੈਨੂੰ ਕਿਹਾ-ਇਸ ਬਦਤਮੀਜ਼ ਦੀ ਕਰਤੂਤ ਨਜ਼ਰਅੰਦਾਜ਼ ਕਰਨੀ ਠੀਕ ਰਹੇਗੀ।

ਇਸ ਅਫਸਰ ਨੇ ਪਹਿਲਾਂ ਵੀ ਇਕ ਨਵੇਂ ਅੰਗਰੇਜ਼ੀ ਪੱਤਰਕਾਰ ਨੂੰ ਆਖ ਕੇ ਮੇਰੇ ਵਿਰੁਧ ਲਿਖਵਾਇਆ ਸੀ ਤੇ ਅੱਗਿਉਂ ਅਜਿਹਾ ਕਰਨ ਵਾਸਤੇ ਲਾਲਚ ਵੀ ਦਿੱਤਾ। ਦਰਅਸਲ ਇਸ ਪੱਤਰਕਾਰ ਨੇ ਆਪਣੀਆਂ ਲਿਖਤਾਂ ਵਿਚ ਪਹਿਲਾਂ ਪੁਲਿਸ ਦੇ ਕੰਮਕਾਜ ਦੀ ਨੁਕਤਾਚੀਨੀ ਕੀਤੀ ਸੀ, ਤੇ ਅਫਸਰ ਨੂੰ ਲੱਗਾ ਕਿ ਇਸ ਨੂੰ ਰਿਬੇਰੋ ਵਿਰੁਧ ਵਰਤਿਆ ਜਾ ਸਕਦਾ ਹੈ। ਇਤਫਾਕਨ ਇਹ ਇਮਾਨਦਾਰ ਪੱਤਰਕਾਰ ਸੀ, ਉਸ ਨੇ ਕੋਈ ਨਿੱਜੀ ਕਿੜ ਕੱਢਣ ਲਈ ਪੁਲਿਸ ਦੀ ਆਲੋਚਨਾ ਨਹੀਂ ਸੀ ਕੀਤੀ; ਜੋ ਉਸ ਨੂੰ ਗਲਤ ਲੱਗਾ, ਉਸ ਉਪਰ ਉਸ ਨੇ ਉਂਗਲ ਉਠਾਈ। ਪੁਲਿਸ ਵਿਰੁਧ ਜਾਂ ਮੇਰੇ ਵਿਰੁਧ ਨਹੀਂ ਸੀ ਉਹ।

ਮਈ 1987 ਵਿਚ ਮੇਰੀ ਰਿਟਾਇਰਮੈਂਟ ਨਜ਼ਦੀਕ ਆ ਗਈ। ਮੇਰੀ ਫਾਈਲ ਮੁੱਖ ਮੰਤਰੀ ਤੱਕ ਪੁੱਜ ਗਈ ਜਿਸ ਨੇ ਫੈਸਲਾ ਕਰਨਾ ਸੀ ਕਿ ਮੈਂ ਆਪਣੀਆਂ ਸੇਵਾਵਾਂ ਪੰਜਾਬ ਵਿਚ ਜਾਰੀ ਰੱਖਾਂਗਾ ਕਿ ਨਹੀਂ। ਇਸੇ ਅਫਸਰ ਨੇ ਮੇਰੇ ਵਿਰੁਧ ਚਾਰਜ ਸ਼ੀਟ ਤਿਆਰ ਕਰ ਕੇ ਖਜ਼ਾਨਾ ਮੰਤਰੀ ਬਲਵੰਤ ਸਿੰਘ ਦੇ ਦਸਤਖਤਾਂ ਵਾਸਤੇ ਭੇਜ ਦਿੱਤੀ। ਚਾਰਜ ਸ਼ੀਟ ਕਾਰਨ ਅਕਾਲੀ ਸਰਕਾਰ ਦਾ ਸੰਤੁਲਨ ਵਿਗੜ ਗਿਆ। ਮਈ 25 ਨੂੰ 'ਟਾਈਮ' ਵਿਚ ਲੇਖ ਛਪਿਆ ਜਿਸ ਵਿਚ ਕਿਹਾ ਗਿਆ ਕਿ ਅਕਾਲੀ ਸਰਕਾਰ ਕਿਉਂਕਿ ਰਿਬੇਰੋ ਨੂੰ ਸੇਵਾਮੁਕਤ ਕਰਨ ਤੋਂ ਹਿਚਕਚਾ ਰਹੀ ਹੈ, ਇਸ ਕਰ ਕੇ ਇਸ ਸਰਕਾਰ ਨੂੰ ਚਲਦੀ ਕਰ ਦਿੱਤਾ ਜਾਵੇ। ਜਦੋਂ ਅਕਾਲੀ ਸਰਕਾਰ ਟੁੱਟ ਗਈ, ਕਈ ਮਹੀਨਿਆਂ ਮਗਰੋਂ ਬਲਵੰਤ ਸਿੰਘ ਖਿਮਾ ਮੰਗਣ ਮੇਰੇ ਘਰ ਆਇਆ। ਉਸ ਨੇ ਦੱਸਿਆ-ਮੈਂ ਤਾਂ ਉਸ ਅਫਸਰ ਦੇ ਹੱਥ ਦਾ ਖਿਡੌਣਾ ਸਾਂ, ਮੈਂ ਉਸ ਦੀਆਂ ਸਾਜ਼ਿਸ਼ਾਂ ਵਿਚ ਆ ਗਿਆ, ਅਫਸੋਸ ਹੈ।

ਅਗਲੇ ਸਾਲ ਤਾਂ ਕਮਾਲ ਹੀ ਹੋ ਗਈ। ਮੈਨੂੰ ਸਕੱਤਰ ਪ੍ਰਫੁੱਲ ਵੈਸ਼ਨਵ ਨੇ ਬੁਲਾ ਕੇ ਉਸੇ ਅਫਸਰ ਵੱਲੋਂ ਉਸ ਨੂੰ ਲਿਖਿਆ ਖ਼ਤ ਪੜ੍ਹਨ ਲਈ ਦਿੱਤਾ। ਖ਼ਤ ਵਿਚ ਲਿਖਿਆ ਸੀ ਕਿ ਉਸ ਨੂੰ ਜਾਨ ਦਾ ਖਤਰਾ ਹੈ, ਕਿਉਂਕਿ ਰਿਬੇਰੋ ਨੇ ਉਸ ਨੂੰ ਮਾਰਨ ਲਈ ਸਕੀਮ ਘੜ ਲਈ ਹੈ। ਉਸ ਨੇ ਵੈਸ਼ਨਵ ਤੋਂ ਸੁਰੱਖਿਆ ਦੀ ਮੰਗ ਕੀਤੀ ਸੀ। ਸਕੱਤਰ ਪੱਧਰ ਦਾ ਅਫਸਰ ਇਹੋ ਜਿਹਾ ਇਲਜ਼ਾਮ ਲਾ ਸਕਦਾ ਹੈ, ਮੈਂ ਦੰਗ ਰਹਿ ਗਿਆ। ਮੈਂ ਵੈਸ਼ਨਵ ਨੂੰ ਕਿਹਾ ਕਿ ਇਹ ਬੰਦਾ ਐਵੇਂ ਘਬਰਾ ਗਿਆ ਹੈ। ਇਹੋ ਜਿਹੇ ਮਾਮੂਲੀ ਬੰਦਿਆਂ ਵੱਲ ਤਾਂ ਮੇਰਾ ਧਿਆਨ ਹੀ ਨਹੀਂ ਗਿਆ ਕਦੀ। ਇਸ ਬਾਰੇ ਚੀਫ ਸੈਕਟਰੀ ਨੂੰ ਮੈਂ ਲਿਖਤੀ ਬਿਆਨ ਦਿੱਤਾ। ਇਹ ਘਟਨਾ ਮੈਂ ਇਸ ਲਈ ਲਿਖ ਦਿੱਤੀ ਹੈ ਕਿ ਕਿਵੇਂ ਬੰਦਾ ਆਪਣੇ ਜਾਲ ਵਿਚ ਅਕਾਰਨ ਉਲਝਦਾ ਚਲਿਆ ਜਾਂਦਾ ਹੈ। ਇਸ ਅਫਸਰ ਨੂੰ ਉਦੋਂ ਪੰਜਾਬ ਤੋਂ ਸ਼ੰਟਆਊਟ ਕਰ ਕੇ ਉਤਰ-ਪੂਰਬੀ ਪ੍ਰਾਂਤ ਵਿਚ ਭੇਜ ਦਿੱਤਾ ਗਿਆ ਸੀ, ਜਦੋਂ ਆਈ.ਬੀ. ਅਫਸਰਾਂ ਨੇ ਉਸ ਨੂੰ ਰਾਸ਼ਟਰਪਤੀ ਭਵਨ ਦੇ ਲਾਅਨ ਵਿਚ ਗਿਆਨੀ ਜ਼ੈਲ ਸਿੰਘ ਨਾਲ ਵਿਚਾਰ-ਵਟਾਂਦਰਾ ਕਰਦਿਆਂ ਦੇਖ ਲਿਆ ਸੀ। ਉਨ੍ਹਾਂ ਦਿਨਾਂ ਵਿਚ ਰਾਜੀਵ ਗਾਂਧੀ ਅਤੇ ਗਿਆਨੀ ਜ਼ੈਲ ਸਿੰਘ ਦੀ ਆਪਸ ਵਿਚ ਕਸ਼ਮਕਸ਼ ਚੱਲ ਰਹੀ ਸੀ। ਅਫਸਰ ਨੂੰ ਆਪਣੀ ਬਦਲੀ ਦੇ ਕਾਰਨ ਦਾ ਪਤਾ ਸੀ, ਪਰ ਹਰ ਇਕ ਨੂੰ ਦੱਸਦਾ ਇਹੋ ਸੀ ਕਿ ਰਿਬੇਰੋ ਨੇ ਕਰਵਾਈ ਹੈ। ਬਹੁਤ ਸਾਲਾਂ ਬਾਅਦ ਉਸ ਨੂੰ ਮੁੜ ਕੇਂਦਰ ਦੇ ਇਕ ਮੰਤਰਾਲੇ ਵਿਚ ਸਕੱਤਰ ਲਿਆਂਦਾ ਗਿਆ।

ਰਾਜ ਸਰਕਾਰ ਦੇ ਇਕ ਸਕੱਤਰ ਨੇ ਮੇਰੀ ਅਸਲ ਕਹਾਣੀ ਦਾ ਰੁਖ ਹੀ ਬਦਲ ਦਿੱਤਾ। ਇਹ ਗੱਲ ਇਸ ਕਰ ਕੇ ਵਿਚਕਾਰ ਆ ਗਈ, ਤਾਂ ਕਿ ਦੱਸ ਸਕਾਂ ਕਿ ਖਾੜਕੂਆਂ ਵਿਰੁਧ ਜੰਗ ਵਿਚ ਮਿਲਵਰਤਣ ਦੇਣ ਦੀ ਥਾਂ ਕੁੱਝ ਤਾਕਤਾਂ ਇਕ ਪੁਲਸੀਏ ਵਿਰੁਧ ਲੜਨ ਵਿਚ ਮਸ਼ਰੂਫ ਸਨ। ਬੇਸ਼ਕ ਇਸ ਘਟਨਾ ਨੇ ਮੇਰੀ ਨੀਂਦ ਹਰਾਮ ਨਹੀਂ ਕੀਤੀ, ਪਰ ਇਹ ਦੁੱਖਦਾਈ ਅਨੁਭਵ ਤਾਂ ਸੀ ਹੀ ਨਾ। ਜੀਵਨ ਦੇ ਹਰ ਪਥ ਉਪਰ ਅਜਿਹੇ ਲੋਕ ਮਿਲਣਗੇ ਜਿਨ੍ਹਾਂ ਨੂੰ ਬਰਦਾਸ਼ਤ ਕਰਨਾ ਪਏਗਾ।

ਅੰਮ੍ਰਿਤਸਰ ਦੇ ਐਸ.ਐਸ.ਪੀ. ਵਿਰਕ ਨੇ ਮੈਨੂੰ ਪੱਤਰ ਲਿਖਿਆ-ਫਲਾਣਾ ਮੰਤਰੀ ਉਸ ਉਪਰ ਦਬਾਉ ਪਾ ਰਿਹਾ ਹੈ ਕਿ ਫੜਿਆ ਸਮੱਗਲਰ ਛੱਡ ਦਿਆਂ। ਮੈਂ ਜਵਾਬ ਵਿਚ ਲਿਖਿਆ-ਉਹੀ ਕਰ ਜੋ ਕਾਨੂੰਨ ਅਨੁਸਾਰ ਸਹੀ ਹੋਵੇ। ਅਜਿਹੇ ਮਾਮਲਿਆਂ ਵਿਚ ਕਿਸੇ ਸਿਆਸੀ ਪ੍ਰੈਸ਼ਰ ਦੀ ਪ੍ਰਵਾਹ ਨਾ ਕਰ। ਹਾਲਾਤ ਅਜਿਹੇ ਸਨ ਕਿ ਮਜਬੂਰੀਵਸ ਸਮੱਗਲਰਾਂ ਨੂੰ ਖਾੜਕੂਆਂ ਦੀ ਮਾਇਕ ਮਦਦ ਕਰਨੀ ਪੈਂਦੀ ਸੀ। ਜੇ ਨਾਂਹ ਕਰਦੇ, ਉਨ੍ਹਾਂ ਦਾ ਕਾਰੋਬਾਰ ਠੱਪ ਹੋ ਜਾਂਦਾ। ਬਾਰਡਰ ਏਰੀਆ ਖਾੜਕੂਆਂ ਦੇ ਕੰਟਰੋਲ ਵਿਚ ਸੀ ਤੇ ਸਮੱਗਲਿੰਗ ਭਾਰਤ-ਪਾਕਿ ਬਾਰਡਰ ਰਾਹੀਂ ਹੁੰਦੀ। ਖਾੜਕੂਵਾਦ ਖਤਮ ਕਰਨ ਦੇ ਨਾਲ ਨਾਲ ਸਮੱਗਲਿੰਗ ਰੋਕਣੀ ਜ਼ਰੂਰੀ ਸੀ।



***ਜਦੋਂ ਅਕਾਲੀ ਸਰਕਾਰ ਟੁੱਟ ਗਈ, ਕਈ ਮਹੀਨਿਆਂ ਮਗਰੋਂ ਬਲਵੰਤ ਸਿੰਘ ਖਿਮਾਂ ਮੰਗਣ ਮੇਰੇ ਘਰ ਆਇਆ। ਉਸ ਨੇ ਦੱਸਿਆ-ਮੈਂ ਤਾਂ ਉਸ ਅਫਸਰ ਦੇ ਹੱਥ ਦਾ ਖਿਡੌਣਾ ਸਾਂ, ਮੈਂ ਉਸ ਦੀਆਂ ਸਾਜ਼ਿਸ਼ਾਂ ਵਿਚ ਆ ਗਿਆ, ਅਫਸੋਸ ਹੈ।***

***

***ਇਸ ਤਸਵੀਰ ਵਿਚ ਬਲਵੰਤ ਸਿੰਘ (ਸੱਜਿਉਂ ਦੂਜੇ) ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਕਾਸ਼ ਸਿੰਘ ਬਾਦਲ ਅਤੇ ਫਾਰੂਕ ਅਬਦੁੱਲਾ ਨਾਲ ਨਜ਼ਰ ਆ ਰਹੇ ਹਨ।***

ਪੰਨਾ 292: ਐਸ.ਐਸ.ਪੀ ਨੂੰ ਲਿਖਿਆ ਮੇਰਾ ਜਵਾਬ ਜਿਵੇਂ ਕਿਵੇਂ ਅਖਬਾਰਾਂ ਤੱਕ ਅੱਪੜ ਗਿਆ। ਸਿਆਸੀ ਖੇਤਰਾਂ ਵਿਚ ਇਸ ਨੇ ਹਲਚਲ ਮਚਾ ਦਿੱਤੀ। ਜਵਾਨ ਅਕਾਲੀ ਨੇਤਾ ਪ੍ਰੇਮ ਸਿੰਘ ਚੰਦੂਮਾਜਰਾ ਜਿਸ ਉਤੇ ਸ਼ੱਕ ਸੀ, ਖੁਦ ਦੀ ਸੁਰੱਖਿਆ ਵਾਸਤੇ ਖਾੜਕੂਆਂ ਨਾਲ ਗੰਢ-ਤੁੱਪ ਕਰ ਰਿਹਾ ਸੀ, ਇਸ ਬਹਿਸ ਵਿਚ ਸ਼ਾਮਲ ਹੋ ਗਿਆ। ਅਖਬਾਰਾਂ ਨੂੰ ਮਸਾਲਾ ਚਾਹੀਦਾ ਸੀ, ਉਨ੍ਹਾਂ ਗੱਲ ਚੁੱਕ ਲਈ। ਸਪਸ਼ਟ ਕਰ ਦਿਆਂ ਕਿ ਸਿਆਸਤ ਵਿਚ ਜਾਂ ਵਜ਼ੀਰਾਂ ਨੂੰ ਬਦਨਾਮ ਕਰਨ ਵਿਚ ਮੈਂ ਕਦੀ ਰੁਚੀ ਨਹੀਂ ਲਈ, ਪਰ ਜੇ ਉਨ੍ਹਾਂ ਦੀਆਂ ਗਤੀਵਿਧੀਆਂ ਖਾੜਕੂਵਾਦ ਵਿਰੁਧ ਵਿੱਢੀ ਜੰਗ ਵਿਚ ਰੁਕਾਵਟ ਬਣਦੀਆਂ ਸਨ, ਤਾਂ ਮੇਰਾ ਫਰਜ਼ ਬਣਦਾ ਸੀ ਕਿ ਮੈਂ ਲੋਕਾਂ ਦਾ ਹਿਤ ਦੇਖਾਂ ਅਤੇ ਕਾਨੂੰਨ ਦੀ ਪਾਲਣਾ ਕਰਾਂ।

ਮੁਢਲੇ ਕੁੱਝ ਮਹੀਨਿਆਂ ਦੌਰਾਨ ਮੈਨੂੰ ਸਿਆਸਤਦਾਨਾਂ, ਵਜ਼ੀਰਾਂ ਕਾਰਨ ਕੁੱਝ ਮੁਸ਼ਕਿਲਾਂ ਆਈਆਂ। ਸਾਰੀ ਅਉਧ ਦੌਰਾਨ ਮੈਂ ਇਸ ਨਸਲ ਵਿਰੁਧ ਕਦੀ ਨਹੀਂ ਲੜਿਆ। ਮੇਰਾ ਰਵੱਈਆ ਇਹ ਹੁੰਦਾ-ਉਨ੍ਹਾਂ ਦੀ ਆਪਣੀ ਡਿਊਟੀ ਹੈ, ਮੇਰੀ ਆਪਣੀ। ਉਨ੍ਹਾਂ ਦੀ ਰੁਚੀ ਤਾਕਤ ਹਾਸਲ ਕਰਨ ਵਿਚ ਹੈ, ਮੇਰਾ ਕੰਮ ਕਾਨੂੰਨ ਲਾਗੂ ਕਰਨਾ। ਜਦੋਂ ਇਨ੍ਹਾਂ ਦੋਵਾਂ ਧਿਰਾਂ ਦੇ ਹਿਤਾਂ ਵਿਚ ਟਕਰਾਉ ਆ ਜਾਂਦਾ ਹੈ, ਤਦ ਮੁਸੀਬਤ ਬਣਦੀ ਹੈ। ਤਾਕਤ ਬਣਾਈ ਰੱਖਣ ਲਈ ਲੀਡਰ, ਪੁਲਿਸ ਪਾਸੋਂ ਆਸ ਕਰਦੇ ਹਨ ਕਿ ਲੋੜ ਪੈਣ 'ਤੇ ਕਾਨੂੰਨ ਦੀ ਪ੍ਰਵਾਹ ਨਾ ਕਰੋ। ਇਥੇ ਹੀ ਟੱਕਰ ਦੇ ਬੀਜ ਬੀਜੇ ਜਾਂਦੇ ਹਨ। ਹੈਨ ਇਹੋ ਜਿਹੇ ਪੁਲਿਸ ਅਫਸਰ ਜਿਹੜੇ ਮੰਨ ਜਾਂਦੇ ਹਨ। ਮੈਂ ਨਹੀਂ ਕਦੀ ਮੰਨਿਆ। ਬੱਸ ਅਸੂਲ ਹੈ ਮੇਰਾ। ਮਹਾਰਾਸ਼ਟਰ ਨਾਲੋਂ ਪੰਜਾਬ ਵਿਚ ਇਹ ਸਮੱਸਿਆ ਵੱਡੀ ਸੀ। ਪੰਜਾਬ ਵਿਚ ਲੋਕਾਂ ਦਾ ਜੀਵਨ ਦਾਅ 'ਤੇ ਲੱਗਾ ਹੋਇਆ ਸੀ। ਹਰ ਨਾਗਰਿਕ ਨਿਰੰਤਰ ਮੌਤ ਦੇ ਸਾਏ ਹੇਠ ਸਹਿਮਿਆ ਦਿਨ ਕਟੀ ਕਰ ਰਿਹਾ ਸੀ। ਲੀਡਰਾਂ ਅਤੇ ਮੰਤਰੀਆਂ ਦੇ ਹਿਤਾਂ ਨਾਲੋਂ ਇਨ੍ਹਾਂ ਲੋਕਾਂ ਦੇ ਹਿਤਾਂ ਦੀ, ਆਸਾਂ ਦੀ ਚਿੰਤਾ ਮੈਨੂੰ ਵਧੀਕ ਸੀ।

ਜੁਲਾਈ ਅਗਸਤ 1986 ਦੇ ਅਖਬਾਰਾਂ ਵਿਚ ਬਰਨਾਲਾ ਸਰਕਾਰ ਦੇ ਮੰਤਰੀਆਂ ਵਿਰੁਧ ਮੇਰੀ ਲੜਾਈ ਦੀਆਂ ਖਬਰਾਂ ਨਿਰੰਤਰ ਛਪਦੀਆਂ। ਨਿੱਜੀ ਤੌਰ 'ਤੇ ਮੇਰੇ ਮਨ ਵਿਚ ਇਨ੍ਹਾਂ ਵਿਰੁਧ ਕੁੱਝ ਨਹੀਂ ਸੀ, ਪਰ ਉਨ੍ਹਾਂ ਨੂੰ ਲਗਦਾ, ਮੇਰੇ ਬਿਆਨ ਅਤੇ ਮੇਰੇ ਕੰਮ ਉਨ੍ਹਾਂ ਦੇ ਅਕਸ ਅਤੇ ਸ਼ਾਨ ਨੂੰ ਧੁੰਦਲਾ ਕਰ ਰਹੇ ਹਨ। ਉਨ੍ਹਾਂ ਨੇ ਬਰਨਾਲਾ ਨੂੰ ਘੇਰ ਕੇ ਕਿਹਾ ਕਿ ਰਿਬੇਰੋ ਦਾ ਰੱਸਾ ਵੱਢ ਤੇ ਖਹਿੜਾ ਛੁਡਾ। ਬਰਨਾਲਾ ਜਾਣਦਾ ਸੀ ਕਿ ਲੋਕ ਰਿਬੇਰੋ ਨੂੰ ਪਸੰਦ ਕਰਦੇ ਹਨ ਤੇ ਮੰਤਰੀ ਨਾ-ਪਸੰਦ। ਉਹ ਭਲਾ ਮਾਣਸ ਸੀ, ਮੈਨੂੰ ਉਸ ਦੀ ਪੁਜੀਸ਼ਨ ਦਾ ਪਤਾ ਸੀ।

ਸਤੰਬਰ 1986 ਵਿਚ ਮੈਨੂੰ ਬੜੀ ਅਫਸੋਸਜਨਕ ਸ਼ਿਕਾਇਤ ਦਾ ਸਾਹਮਣਾ ਕਰਨਾ ਪਿਆ। ਸਿਵਿਲ ਲਾਈਨਜ਼ ਠਾਣੇ ਦੇ ਮੁਖੀ ਇੰਸਪੈਕਟਰ ਰਣਜੀਤ ਸਿੰਘ ਦੀ ਸ਼ਿਕਾਇਤ ਮਿਲੀ ਕਿ ਸੀਨੀਅਰ ਮੰਤਰੀ ਹਰਭਜਨ ਸਿੰਘ ਸੰਧੂ ਨੇ ਉਸ ਪਾਸੋਂ ਉਸ ਦਾ ਸਰਵਿਸ ਰਿਵਾਲਵਰ ਖੋਹ ਲਿਆ ਤੇ ਵਰਦੀ ਪਾੜ ਦਿੱਤੀ ਹੈ। ਪੁਲਿਸ ਅਫਸਰ ਦੇ ਦੱਸਣ ਮੁਤਾਬਕ, ਮੰਤਰੀ ਇਸ ਗੱਲੋਂ ਨਾਰਾਜ਼ ਸੀ ਕਿ ਉਸ ਦੇ ਮਿੱਤਰ, ਜੂਏਬਾਜ਼ ਦੇ ਟਿਕਾਣੇ 'ਤੇ ਪੁਲਿਸ ਨੇ ਰੇਡ ਕਿਉਂ ਕੀਤਾ। ਮੰਤਰੀ ਨੇ ਦੱਸਿਆ ਕਿ ਉਸ ਨੇ ਟੈਲੀਫੋਨ ਉਤੇ ਠਾਣਾ ਮੁਖੀ ਨੂੰ ਕਿਹਾ ਸੀ ਕਿ ਅਰਜ਼ੀਨਵੀਸ ਸਰਦਾਰੀ ਲਾਲ ਨੂੰ ਜ਼ਿਲ੍ਹਾ ਕਚਹਿਰੀ ਵਿਚੋਂ ਕਿਉਂ ਚੁੱਕ ਲਿਆ? ਮੰਤਰੀ ਨੇ ਕਿਹਾ-ਠਾਣਾ ਮੁਖੀ ਨਸ਼ੇ ਵਿਚ ਧੁੱਤ ਸੀ ਤੇ ਟੈਲੀਫੋਨ 'ਤੇ ਮੈਨੂੰ ਗਾਲ੍ਹਾਂ ਕੱਢੀਆਂ। ਪੁਲਿਸ ਮੈਸ ਜਲੰਧਰ ਵਿਖੇ ਜੂਨੀਅਰ ਅਤੇ ਸੀਨੀਅਰ ਪੁਲਿਸ ਅਫਸਰ ਮੇਰੇ ਨਾਲ ਗੱਲ ਕਰਨ ਆਏ ਤਾਂ ਮੈਂ ਦੇਖਿਆ, ਸਾਰੇ ਤਲਖੀ ਵਿਚ ਸਨ। ਮੰਤਰੀ ਵਿਰੁਧ ਕੇਸ ਦਰਜ ਕਰਨ ਦਾ ਮੈਂ ਹੁਕਮ ਦੇ ਦਿੱਤਾ। ਇਸ ਨੇ ਸਨਸਨੀ ਮਚਾ ਦਿੱਤੀ। ਕੁਦਰਤੀ, ਮੁੱਖ ਮੰਤਰੀ ਮੇਰੇ ਐਕਸ਼ਨ ਕਾਰਨ

**(ਬਾਕੀ ਅਗਲੇ ਸਫੇ 'ਤੇ)**

# ਮੰਜੇ ਦਾ ਜੀਅ ਤੇ ਸਾਈਨ ਥੀਟਾ

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਤੁਹਾਡੇ ਵਿਚੋਂ ਬਹੁਤ ਸਾਰੇ ਪਾਠਕਾਂ ਨੇ ਵਾਣ, ਸਣ, ਮੁੰਜ ਜਾਂ ਸੂਤ ਦਾ ਮੰਜਾ ਤਾਂ ਜ਼ਰੂਰ ਦੇਖਿਆ ਹੋਵੇਗਾ, ਕਈ ਉਸ 'ਤੇ ਲੰਮੇ ਵੀ ਪਏ ਹੋਣਗੇ ਪਰ ਸ਼ਾਇਦ ਇਹ ਗੱਲ ਘਟ ਹੀ ਜਾਣਦੇ ਹੋਣਗੇ ਕਿ ਮੰਜੇ ਦਾ ਇਕ ਜੀਅ ਵੀ ਹੁੰਦਾ ਹੈ। ਇਹ ਇਸੇ ਤਰ੍ਹਾਂ ਹੈ ਜਿਵੇਂ ਕੋਈ ਜਮੈਟਰੀ ਦੀਆਂ ਰੇਖਾਵਾਂ, ਕੋਣ, ਤਿਕੋਣ ਤਾਂ ਫੱਟ ਵਾਹ ਦੇਵੇ ਪਰ ਟ੍ਰਿਗਨੋਮੈਟਰੀ ਜਿਹੇ ਵਿਸ਼ੇ ਦਾ ਨਾਂ ਹੀ ਸੁਣ ਕੇ ਮੱਥੇ 'ਤੇ ਵੱਟ ਪਾਉਣ ਲੱਗ ਜਾਵੇ। ਕਈ ਸ਼ਾਇਦ ਹੁਣੇ ਹੀ ਘਬਰਾ ਕੇ ਹਥਲਾ ਲੇਖ ਪੜ੍ਹਨਾ ਛੱਡ ਦੇਣ ਪਰ ਜੇ ਸਿਰੜ ਕਰਕੇ ਪੜ੍ਹਦੇ ਰਹੋ ਤਾਂ ਤੁਹਾਨੂੰ ਪਤਾ ਲੱਗੇਗਾ ਕਿ ਇਹ ਤੁਲਨਾ ਕਿੰਨੀ ਢੁਕਵੀਂ ਹੈ। ਟ੍ਰਿਗਨੋਮੈਟਰੀ ਦੀ ਗੱਲ ਛਿੜੀ ਹੈ ਤਾਂ ਏਨਾ ਦੱਸ ਦੇਵਾਂ ਕਿ ਇਸ ਔਖੇ ਜਿਹੇ ਵਿਸ਼ੇ ਨੂੰ



ਦਰਸਾਉਂਦੇ ਅੰਗਰੇਜ਼ੀ ਸ਼ਬਦ ਦੇ ਸਾਰੇ ਅੰਸ਼ ਪੰਜਾਬੀ ਨਾਲ ਸਾਂਝੇ ਹਨ: trigonometry = tri (ਤ੍ਰੈ)+ gono (ਜਾਨੁ=ਗੋਡਾ, ਕੋਣ ਵਰਗਾ ਜੋੜ ਹੋਣ ਕਾਰਨ)+ metry (ਮਾਤਰਾ)=ਤ੍ਰੈਜਾਨੁਮਾਤਰਾ। ਇਸ ਵਿਸ਼ੇ ਦਾ ਪੰਜਾਬੀ ਵਿਚ ਨਾਂ ਤ੍ਰਿਕੋਨਮਿਤੀ ਰੱਖਿਆ ਗਿਆ ਹੈ। ਹਾਲ ਦੀ ਘੜੀ ਹੋਰ ਅੱਗੇ ਇਸ ਸ਼ਬਦ ਬਾਰੇ ਚੁੱਪ ਭਲੀ ਹੈ।

ਮੰਜੇ ਦਾ ਜੀਅ ਮੰਜੇ ਦੀ ਜਿੰਦ ਜਾਨ ਹੈ, ਇਸ ਦਾ ਵਾਕਈ ਜੀਅ ਹੈ, ਭਾਵੇਂ ਜੀਵ-ਜੰਤੂ ਦੇ ਅਰਥਾਂ ਵਾਲੇ ਜੀਅ ਅਤੇ ਮੰਜੇ ਦੇ ਜੀਅ ਦਾ ਕੋਈ ਮੂਲਕ ਸਬੰਧ ਨਹੀਂ। ਮੰਜਾ ਬੁਣਨ ਦਾ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਇਸ ਦੀ ਦੰਦੀ ਬੰਨ੍ਹੀ ਜਾਂਦੀ ਹੈ। ਫਿਰ ਇਸ ਨੂੰ ਵੱਟ ਚਾੜ੍ਹ ਕੇ ਦੰਦੀ ਨੂੰ ਖੁਲ੍ਹਣ ਤੋਂ ਬਚਾਉਣ ਵਾਸਤੇ ਡੰਡਾ ਅੜਾ ਦਿੱਤਾ ਜਾਂਦਾ ਹੈ। ਇਸ ਡੰਡੇ ਨੂੰ ਫਿਰ ਸੇਰਵੇ ਦੇ ਉਪਰ ਰੱਖ ਦਿੱਤਾ ਜਾਂਦਾ ਹੈ। ਫਿਰ ਹੁੰਦਾ ਹੈ ਸੰਘਿਆਂ ਵਾਲਾ ਮੰਜਾ ਬੁਣਨ ਦਾ ਸ੍ਰੀ ਗਣੇਸ਼, ਯਾਨਿ ਜੀਅ ਪਾਉਣਾ। ਇਹ ਚਾਰ ਰੱਸੀਆਂ ਦਾ ਇਕ ਅਜਿਹਾ ਗੁੰਝਲਦਾਰ ਜਿਹਾ ਗੋਰਖਧੰਦਾ ਹੈ ਜੋ ਮੈਨੂੰ ਵੀ ਸਮਝਾਉਣਾ ਨਹੀਂ ਆਉਂਦਾ। ਮੰਜਾ ਬੁਣਨ ਤੋਂ ਪਹਿਲਾਂ ਇਸ ਦੇ ਸਿਰਹਾਣੇ ਵਲੋਂ ਖੱਬੇ ਪਾਸੇ ਦੇ ਪਾਵੇ ਤੋਂ ਦੰਦੀ ਵਾਲੇ ਸੱਜੇ ਪਾਸੇ ਤੱਕ ਚਾਰ ਲੜੀਆਂ ਆਡੇ ਰੁਖ ਪਾਈਆਂ ਜਾਂਦੀਆਂ ਹਨ। ਇਹ ਲੜੀਆਂ ਪਾਉਣਾ ਬੜੀ ਟੇਢੀ ਜਿਹੀ ਖੀਰ ਹੈ ਜੋ ਹਰ ਆਮ-ਖਾਸ ਬੁੜੀ ਦੇ ਵੱਸ ਦਾ ਰੋਗ ਨਹੀਂ। ਵੈਸੇ ਇਕ ਵਹਿਮ ਅਨੁਸਾਰ ਮੰਜੇ ਦਾ ਜੀਅ ਮਰਦ ਤੋਂ ਪੁਆਇਆ ਜਾਂਦਾ ਹੈ। ਮੈਨੂੰ ਯਾਦ ਹੈ ਕਿ ਮੇਰੀ ਮਾਂ ਜੀਅ ਪਾਉਣ ਲਈ ਇਕ ਗੁਆਂਢਣ ਨੂੰ ਸੱਦਦੀ ਹੁੰਦੀ ਸੀ ਤੇ ਨਾਲ ਹੀ ਹਦਾਇਤਾਂ ਦੇਈ ਜਾਂਦੀ ਸੀ ਕਿ ਆਹ ਰੱਸੀਆਂ ਐਧਰ ਨੂੰ ਕਰ, ਔਹ ਰੱਸੀਆਂ ਔਧਰ ਨੂੰ ਕਰ, ਹੁਣ ਇਨ੍ਹਾਂ ਨੂੰ ਪਾਵੇ ਦੇ ਹੇਠੋਂ ਦੀ ਲੰਘਾ ਆਦਿ।

ਜੀਅ ਸ਼ਬਦ ਦਾ ਸੰਸਕ੍ਰਿਤ ਰੂਪ 'ਜਯਾ' ਹੈ। ਇਸ ਦਾ ਪਰਾਕ੍ਰਿਤ ਰੂਪ ਜੀਵਾ ਅਤੇ ਪਾਲੀ ਜਿਆ ਹੈ। ਜਯਾ ਸ਼ਬਦ ਦੇ ਹੋਰ ਅਰਥ ਹਨ, ਧਨੁਖ ਦੀ ਡੋਰੀ ਜਾਂ ਰੱਸੀ ਅਤੇ ਚਾਪ ਦਾ ਵ੍ਰਿਤ ਜਾਂ ਵਤਰ। ਵਿਕਸਿਤ ਹੋ ਕੇ ਇਸ ਸ਼ਬਦ ਦਾ ਸਾਧਾਰਨ ਅਰਥ ਡੋਰੀ ਜਾਂ ਰੱਸੀ ਵੀ ਹੋ ਗਿਆ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਹੀ ਅਰਥਾਂ ਵਿਚ ਮਿਲਦੇ ਇਸ ਸ਼ਬਦ ਦੇ ਕਈ ਰੂਪ ਇਸ ਪ੍ਰਕਾਰ ਹਨ: ਜੇਵਡ, ਜੇਵੜਾ, ਜੇਵਰੀ, ਜੇਵੜੀ ਆਦਿ। "ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੁਭਾਇਆ॥" (ਗੁਰੂ ਨਾਨਕ ਦੇਵ) ਅਰਥਾਤ ਤੇਰੀਆਂ ਸੁੰਦਰ ਅੱਖਾਂ ਰੱਸੀ ਦੀ ਤਰ੍ਹਾਂ ਹਨ, ਜਿਨ੍ਹਾਂ ਵਿਚ ਜੀਵ-ਇਸਤਰੀ ਫਸ ਜਾਂਦੀ ਹੈ। ਇਥੇ ਰੱਸੀ ਨੂੰ ਫਾਹੀ ਵੀ ਕਹਿ ਸਕਦੇ ਹਾਂ। ਪਾਠਕਾਂ ਨੂੰ ਜੇ ਇਹ ਰੱਸੀ ਧਨੁਖ ਦੀ ਰੱਸੀ ਵਜੋਂ ਢੁਕਵੀਂ ਲਗਦੀ ਹੈ ਤਾਂ ਇਸ ਤਰ੍ਹਾਂ ਵੀ ਸਮਝ ਲੈਣ। ਆਖਰ ਨੈਣਾਂ ਦੇ ਤੀਰਾਂ ਦਾ ਧਨੁਖ ਨਾਲ ਹੀ ਸਬੰਧ ਹੈ। ਤੀਸਰੇ ਗੁਰੂ ਅਮਰ ਦਾਸ ਨੇ ਵੀ ਇਹ ਸ਼ਬਦ ਵਰਤਿਆ ਹੈ, "ਜਮ ਕਾ ਜੇਵੜਾ ਕਦੇ ਨ ਕਾਟੇ॥" ਅਰਥਾਤ ਮੌਤ ਰੂਪੀ ਰੱਸੀ ਤੋਂ ਕਦੇ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਗੁਰੂ ਨਾਨਕ ਦੇਵ, ਗੁਰੂ ਅਮਰ ਦਾਸ, ਗੁਰੂ ਅਰਜਨ ਦੇਵ, ਭਗਤ ਕਬੀਰ ਅਤੇ ਭਗਤ ਰਵਿਦਾਸ ਨੇ ਇਨ੍ਹਾਂ ਹੀ ਅਰਥਾਂ ਵਿਚ ਜੇਵਰੀ ਸ਼ਬਦ ਦੀ ਵਰਤੋਂ ਕੀਤੀ ਹੈ। ਅਸੀਂ ਭਗਤ ਰਵਿਦਾਸ ਦੀ ਇੱਕ ਪੰਕਤੀ ਲੈਂਦੇ ਹਾਂ, "ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ॥" ਕਬੀਰ ਨੇ 'ਜਮ ਜੇਵਰਾ' ਸਮਾਸ ਬਣਾ ਕੇ ਇਸ ਸ਼ਬਦ ਦੀ ਵਰਤੋਂ ਕੀਤੀ ਹੈ, "ਚਹੁ ਦਿਸ ਪਸਰਿਓ ਹੈ ਜਮ ਜੇਵਰਾ॥"

ਦਿਲਚਸਪ ਗੱਲ ਹੈ ਕਿ ਅੰਗਰੇਜ਼ੀ arch ਦਾ ਅਰਥ ਧਨੁਖ ਵੀ ਹੁੰਦਾ ਹੈ ਅਤੇ chord ਦਾ ਇਸ ਦੀ ਡੋਰੀ। Chord ਦਾ ਅਰਥ ਤਾਰ ਵਾਲੇ ਵਾਜੇ ਦੀ ਤਾਰ ਵੀ ਹੁੰਦਾ ਹੈ। Cord ਵੀ ਇਸੇ ਸ਼ਬਦ ਦਾ ਰੁਪਾਂਤਰ ਹੈ। ਮੰਜੇ ਦੇ ਜੀਅ, ਧਨੁਖ ਦੀ ਡੋਰੀ ਅਤੇ ਚਾਪ ਦੇ ਵਤਰ ਵਿਚ ਇਸ ਗੱਲ ਦੀ ਸਾਂਝ ਹੈ ਕਿ ਸਭ ਟੇਢੇ-ਟੇਢੇ ਹੀ ਹੁੰਦੇ ਹਨ। ਅੱਗੇ ਚੱਲਣ ਤੋਂ ਪਹਿਲਾਂ 'ਸੋਨੇ ਦੀ ਚਿੜੀਆ' ਰਹੇ ਭਾਰਤਵਰਸ਼ ਦੀ ਥੋੜ੍ਹੀ ਸਿਫਤ ਕਰ ਲਈਏ। ਇਸ ਗੱਲ ਵਿਚ ਕੋਈ ਅਤਿਕਥਨੀ ਨਹੀਂ ਕਿ ਪੁਰਾਣੇ ਸਮਿਆਂ ਵਿਚ ਭਾਰਤ ਗਣਿਤ, ਜੋਤਿਸ਼ ਅਤੇ ਖਗੋਲ ਵਿਦਿਆ ਵਿਚ ਯੂਰਪ ਅਤੇ ਅਰਬ ਤੋਂ ਅੱਗੇ ਸੀ। ਸਿਫਰ ਭਾਰਤੀ ਗਣਿਤਕਾਰਾਂ ਦੀ ਹੀ ਕਾਢ ਹੈ ਜਿਸ ਨਾਲ ਨੌਂ ਤੋਂ ਅੱਗੇ ਲਿਖਣਾ ਆਸਾਨ ਹੋ ਗਿਆ ਤੇ ਢੇਰ ਚਿਰ ਪਿਛੋਂ ਕੰਪਿਊਟਰ ਦੀ ਕਾਢ ਸੰਭਵ ਹੋਈ। ਭਾਰਤੀ ਗਣਿਤ ਗੁਆਂਢੀ ਅਰਬਾਂ ਕੋਲ ਪੁੱਜਦਾ ਰਹਿੰਦਾ ਸੀ ਤੇ ਉਹ ਇਸ ਦਾ ਤਰਜਮਾ ਕਰਕੇ ਆਪਣੇ ਗਿਆਨ ਵਿਚ ਆਤਮਸਾਤ ਕਰ ਲੈਂਦੇ ਸਨ। ਗਿਆਨ ਦੀਆਂ ਬਹੁਤ ਸਾਰੀਆਂ ਕਾਢਾਂ ਬਾਰੇ ਰੱਫੜ ਪਿਆ ਰਹਿੰਦਾ ਹੈ ਕਿ ਇਹ ਭਾਰਤ ਤੋਂ ਸ਼ੁਰੂ ਹੋਈਆਂ ਜਾਂ ਅਰਬ ਦੇਸ਼ਾਂ ਤੋਂ। ਖੈਰ ਭਾਰਤੀ/ਅਰਬੀ ਗਿਆਨ ਅੱਗੇ ਫਿਰ ਯੂਰਪ ਦੇ ਦੇਸ਼ਾਂ ਵਿਚ ਅੱਪੜਦਾ ਸੀ। ਇਕ ਤਰ੍ਹਾਂ ਨਾਲ ਭਾਰਤੀ ਗਣਿਤਕਾਰਾਂ ਨੇ ਹੀ ਆਧੁਨਿਕ ਟ੍ਰਿਗਨੋਮੈਟਰੀ ਦੀ ਨੀਂਹ ਰੱਖੀ। 5ਵੀਂ-6ਵੀਂ ਸਦੀ ਦੀ ਰਚਨਾ 'ਸੂਰਯਸਿਧਾਂਤ' ਵਿਚ ਹੀ ਟ੍ਰਿਗਨੋਮੈਟਰੀ ਦੀਆਂ ਬੁਨਿਆਦੀ ਧਾਰਨਾਵਾਂ ਦੇ ਅੰਸ਼ ਸਾਹਮਣੇ ਆ ਗਏ ਸਨ। ਟ੍ਰਿਗਨੋਮੈਟਰੀ ਵਿਚ ਮੁਢਲੇ ਤੌਰ 'ਤੇ ਇੱਕ ਸਮਕੋਣੀ ਤਿਕੋਣ ਦੇ ਕਿਸੇ ਕੋਣ ਦੇ ਮਾਪ ਨੂੰ ਦੋ ਭੁਜਾਵਾਂ ਦੇ ਅਨੁਪਾਤ ਵਜੋਂ ਦਰਸਾਇਆ ਜਾਂਦਾ ਹੈ। ਮਿਸਾਲ ਵਜੋਂ ਸਮਕੋਣੀ ਤਿਕੋਣ ਦੇ ਕਿਸੇ ਕੋਣ ਦਾ ਸਾਈਨ (sine) ਉਸ ਕੋਣ ਦੇ ਵਿਪਰੀਤ ਭੁਜਾ ਅਤੇ ਕਰਣ ਵਿਚਲੇ ਅਨੁਪਾਤ ਨੂੰ ਕਹਿੰਦੇ ਹਨ। ਭਾਰਤੀ ਗਣਿਤਕਾਰਾਂ ਨੇ ਦੇਖਿਆ ਕਿ ਜੇ ਕਿਸੇ ਚਾਪ ਦੇ ਅੱਧੇ ਭਾਗ ਦਾ ਅੱਧੀ ਵਤਰ chord ਨਾਲ ਸਬੰਧ ਦਰਸਾ ਕੇ ਪੇਸ਼ ਕੀਤਾ ਜਾਵੇ ਤਾਂ ਗਿਣਤੀਆਂ-ਮਿਣਤੀਆਂ ਆਸਾਨ ਹੋ ਜਾਂਦੀਆਂ ਹਨ। ਇਨ੍ਹਾਂ ਅੱਧੀਆਂ ਵਤਰਾਂ ਨੂੰ ਅਰਧ-ਜਯਾ ਜਾਂ ਜਯਾ-ਅਰਧ ਕਿਹਾ ਗਿਆ ਹੈ। ਬਾਅਦ ਵਿਚ ਮੁਖ-ਸੁੱਖ ਕਾਰਨ 'ਅਰਧ' ਉਡ ਗਿਆ ਤੇ ਸ਼ਬਦ ਰਹਿ ਗਿਆ 'ਜਿਆ'।

ਗੱਲ ਕੀ, ਗਣਿਤ ਦਾ ਇਹ 'ਜਿਆ' ਹੀ ਮੰਜੇ 'ਤੇ ਚੜ੍ਹ ਕੇ ਜੀਅ ਬਣ ਗਿਆ। ਫਾਰਸੀ ਹਿੰਦ-ਆਰਿਆਈ ਭਾਸ਼ਾਵਾਂ ਦੀ ਸਕੀ ਹੈ। ਇਸ ਵਿਚ 'ਜ਼ਹ' ਸ਼ਬਦ ਮਿਲਦਾ ਹੈ ਜਿਸ ਦਾ ਅਰਥ ਕਮਾਨ ਦੀ ਡੋਰੀ, ਝੰਬਲ, ਲੇਸ, ਗੋਟਾ-ਕਿਨਾਰੀ ਹੈ। ਇਥੇ ਵੀ ਰੱਸੀ ਜਿਹੇ ਭਾਵ ਹੀ ਸਾਹਮਣੇ ਆਉਂਦੇ ਹਨ। 'ਜ਼ਿਹਬੰਦ' ਔਰਤਾਂ ਦੇ ਗਲੇ ਦਾ ਇਕ ਗਹਿਣਾ ਹੈ। ਇਹ ਸ਼ਬਦ 'ਜ਼ੀਜ' ਦੇ ਰੂਪ ਵਿਚ ਅਰਬੀ ਵਿਚ ਦਖਲ ਹੋਇਆ ਤਾਂ ਰਾਜ-ਮਿਸਤਰੀ ਦੀ 'ਸਾਹਲ' ਲਈ ਵਰਤਿਆ ਜਾਣ ਲੱਗਾ। ਅਰਬੀ ਵਿਚ ਇਸ ਤੋਂ ਬਣੇ 'ਜ਼ੋਰਨਾਹ' ਦਾ ਅਰਥ ਬੇੜੀਆਂ (ਪੈਰਾਂ ਦੀਆਂ ਕੜੀਆਂ) ਵੀ ਹੋ ਗਿਆ।

ਪੁਰਾਣੇ ਜ਼ਮਾਨੇ ਵਿਚ ਵੀ ਇਕ ਦੂਜੇ ਦੇਸ਼ ਅਤੇ ਇਕ ਦੂਜੀ ਭਾਸ਼ਾ ਵਿਚਕਾਰ ਨਵੇਂ ਵਿਚਾਰਾਂ ਦਾ ਆਦਾਨ-ਪ੍ਰਦਾਨ ਹੁੰਦਾ ਰਹਿੰਦਾ ਸੀ। ਅਰਬ




ਸਾਈਨ ਥੀਟਾ

ਦੇਸ਼ ਦੇ ਵਿਦਵਾਨਾਂ ਨੇ ਭਾਰਤੀ ਗਣਿਤ ਦਾ ਤਰਜਮਾ ਅਰਬੀ ਵਿਚ ਕੀਤਾ। ਉਨ੍ਹਾਂ ਸੰਸਕ੍ਰਿਤ ਦੇ ਇਸ ਸ਼ਬਦ 'ਜਯਾ' ਨੂੰ ਆਪਣੀ ਜ਼ਬਾਨ ਦੇ ਧੁਨੀ ਅਤੇ ਲਿਪੀ ਪ੍ਰਬੰਧ ਅਨੁਸਾਰ ਢਾਲਦਿਆਂ 'ਜਬ' ਬਣਾ ਦਿੱਤਾ। 'ਜਬ' ਇਸ ਲਈ ਕਿ ਅਰਬੀ ਲਿਪੀ ਵਿਚ ਲਿਖਣ ਲੱਗਿਆਂ ਆਮ ਤੌਰ 'ਤੇ ਸਵਰ-ਚਿੰਨ੍ਹ ਛੱਡ ਦਿੱਤੇ ਜਾਂਦੇ ਹਨ। ਉਹ ਲੋਕ ਤਾਂ ਪ੍ਰਸੰਗ ਅਨੁਸਾਰ ਸਮਝ ਜਾਂਦੇ ਹਨ ਪਰ ਗੈਰ-ਅਰਬੀਆਂ ਨੂੰ ਟਪਲਾ ਲੱਗ ਜਾਂਦਾ ਹੈ। ਹੁਣ ਵਾਰੀ ਆਈ ਅਰਬੀ ਗਿਆਨ ਨੂੰ ਯੂਰਪ ਵਿਚ ਲਿਜਾਣ ਦੀ। ਤਰਜਮਾ ਕਰਦੇ ਸਮੇਂ ਅਕਸਰ ਹੀ ਗਲਤੀਆਂ ਹੋ ਜਾਂਦੀਆਂ ਹਨ ਤੇ ਇਹ ਗਲਤੀਆਂ ਫੌਰੀ ਤੌਰ 'ਤੇ ਨਾ ਪ੍ਰਤੀਤ ਕੀਤੀਆਂ ਜਾਣ ਕਾਰਨ ਭਾਸ਼ਾ ਦਾ ਬਾਕਾਇਦਾ ਹਿੱਸਾ ਬਣ ਜਾਂਦੀਆਂ ਹਨ ਜਿਨ੍ਹਾਂ ਨੂੰ ਫਿਰ ਭਾਸ਼ਾ-ਵਿਸ਼ੇਸ਼ 'ਚੋਂ ਕੱਢਿਆ ਹੀ ਨਹੀਂ ਜਾ ਸਕਦਾ।

ਬਾਰ੍ਹਵੀਂ ਸਦੀ ਦੇ ਇਤਾਲਵੀ ਅਨੁਵਾਦਕ ਜੈਰਾਦਸ ਕਰੈਮੋਨੈਸਿਸ ਨੇ ਅਰਬੀ ਦੇ ਇਸ 'ਜਬ' ਨੂੰ ਗਰੀਕ (ਲਾਤੀਨੀ) ਵਿਚ ਅਨੁਵਾਦ ਕਰਦਿਆਂ 'ਜੇਬ' ਸਮਝ ਲਿਆ ਤੇ ਇਸੇ ਹਿਸਾਬ ਨਾਲ ਇਸ ਦਾ ਅਨੁਵਾਦ ਕਰ ਦਿੱਤਾ sinus ਤੋਂ ਵਿਗਾੜ ਕੇ sine. ਸਾਈਨ ਤੋਂ ਹੀ ਅੱਗੇ ਕੋਸਾਈਨ ਬਣ ਗਿਆ ਅਰਥਾਤ ਸਾਈਨ ਦਾ ਸਾਥੀ, ਅੰਗਰੇਜ਼ੀ co = ਪੰਜਾਬੀ ਸਮ ਜਾਂ ਸ। ਇਥੇ ਅਰਬੀ 'ਜੇਬ' ਅਤੇ ਲਾਤੀਨੀ 'ਸਾਇਨਸ' ਬਾਰੇ ਕੁਝ ਚਰਚਾ ਲੋੜੀਂਦੀ ਹੈ। ਅਸੀਂ ਪੰਜਾਬੀ 'ਜੇਬ' ਦਾ ਅਰਥ ਪਾਕਿਟ, ਗੀਝਾ, ਖੀਸਾ ਜਾਣਦੇ ਹੀ ਹਾਂ, ਇਹ ਇਹੀ ਅਰਬੀ ਲਫਜ਼ ਹੈ। ਪਰ ਅਰਬੀ ਵਿਚ ਇਸ ਦੇ ਮੁਢਲੇ ਅਰਥ ਗਲਮਾਂ, ਛਾਤੀ, ਦਿਲ; ਡੂੰਘ, ਟੋਆ, ਸੁਰਾਖ, ਤਹਿ ਆਦਿ ਹਨ। ਤੁਸੀਂ ਔਰਤਾਂ ਨੂੰ ਆਪਣੇ ਛਾਤੀ ਦੇ ਕੱਜਣ ਅਤੇ ਡੂੰਘ ਵਿਚਕਾਰ ਕੋਈ ਕੀਮਤੀ ਚੀਜ਼ ਜਿਵੇਂ ਨੋਟ, ਬਟੂਆ ਆਦਿ ਪਾਉਂਦੇ ਅਕਸਰ ਦੇਖਿਆ ਵੀ ਹੋਵੇਗਾ। ਬੱਸ ਇਥੋਂ ਹੀ ਇਸ ਸ਼ਬਦ ਦੇ ਕੱਪੜੇ ਵਿਚ ਚੀਜ਼ ਰੱਖਣ ਵਾਲੀ ਸੁਵਿਧਾ ਅਰਥਾਤ ਜੇਬ ਦੇ ਅਰਥ ਵਿਕਸਿਤ ਹੋਏ। ਪਰ ਸੰਸਕ੍ਰਿਤ ਵਲੋਂ ਜਯਾ ਤੋਂ ਵਿਗੜ ਕੇ ਬਣੇ ਜੇਬ ਦਾ ਇਸ ਖੀਸੇ ਵਾਲੀ ਜੇਬ ਨਾਲ ਕੋਈ ਮੂਲਕ ਸਬੰਧ ਨਹੀਂ। ਦੋਨੋਂ ਅਰਬੀ ਜੇਬਾਂ ਆਪਸ ਵਿਚ ਸਮਧੁਨੀ ਹਨ, ਸਮਾਨਅਰਥਕ ਨਹੀਂ।

ਲਾਤੀਨੀ ਸ਼ਬਦ sinus ਦਾ ਅਰਥ ਹੁੰਦਾ ਹੈ ਡੂੰਘ, ਟੋਆ, ਸੁਰਾਖ, ਖੱਡਾ, ਖੋੜ, ਆਲਾ, ਮੋੜ। ਡਾਕਟਰੀ ਵਿਦਿਆ ਜਾਣਦੇ ਬਹੁਤੇ ਲੋਕ ਇਸ ਸ਼ਬਦ ਨੂੰ ਹੱਡੀ ਦੇ ਖੋਲ ਅਤੇ ਨਾਸਾਂ ਨੂੰ ਖੋਪੜੀ ਨਾਲ ਜੋੜਨ ਵਾਲੀ ਇੱਕ ਖੋੜ ਵਜੋਂ ਜਾਣਦੇ ਹੋਣਗੇ। ਇਸ ਹਿੱਸੇ ਦੀ ਸੋਜ਼ਿਸ਼ ਤੇ ਜਲਣ ਨੂੰ sinusitis ਕਹਿੰਦੇ ਹਨ। ਇਸ ਦੇ ਲੱਛਣ ਹਨ-ਮੂੰਹ ਸਿਰ ਦਾ ਦਰਦ ਤੇ ਹਰੇ ਰੰਗ ਦੀ ਵਗਦੀ ਨਲੀ। ਖੈਰ! ਸਾਇੰਸ ਦੇ ਵੱਕਰੀ ਮੋੜ ਤੋਂ ਹੀ ਸਾਇਨ ਬਣਾ ਲਿਆ ਗਿਆ। ਹੁਣ ਦੇਖੋ ਸ਼ਬਦ ਦਾ ਤੀਰ ਧਨੁਖੀ ਦੀ ਡੋਰੀ ਤੋਂ ਚੱਲਿਆ, ਫਿਰ ਜੇਬ ਵਿਚੋਂ ਵੜ ਕੇ ਨਾਸਾਂ ਵਿਚੀਂ ਬਾਹਰ ਆਇਆ ਤੇ ਹਿਸਾਬ ਦੀ ਕਿਤਾਬ ਵਿਚ ਜਾ ਵੱਜਾ।

## ਜੂਲੀਓ ਰਿਬੇਰੋ

ਬੌਂਦਲ ਗਿਆ। ਮੇਰੀ ਸਮੱਸਿਆ ਸੀ ਕਿ ਸਾਹ-ਸਤਹੀਣ ਹੋਈ ਪੁਲਿਸ ਦਾ ਹੌਸਲਾ ਬੁਲੰਦ ਰੱਖ ਕੇ ਖਾੜਕੂਆਂ ਵਿਰੁਧ ਛਿੜੀ ਜੰਗ ਜਿੱਤ ਸਕਦਾ ਸਾਂ। ਮੈਂ ਮੁੱਖ ਮੰਤਰੀ ਨੂੰ ਸਾਰੀ ਗੱਲ ਦੱਸੀ, ਉਸ ਨੂੰ ਮੇਰੀ ਗੱਲ ਬੁਰੀ ਲੱਗੀ ਕਿਉਂਕਿ ਉਸ ਦੀ ਪਾਰਟੀ ਦੀਆਂ ਆਪਣੀਆਂ ਸਮੱਸਿਆਵਾਂ ਸਨ।

ਪੰਨਾ 293: ਮੰਤਰੀ ਖਿਲਾਫ ਕੇਸ ਦਰਜ ਹੋ ਗਿਆ ਤਾਂ ਸਾਰੇ ਰਾਜਨੀਤੀਵਾਨ ਚੌਕਸ ਹੋ ਗਏ। ਪੁਲਿਸ ਫੋਰਸ ਦਾ ਮਨੋਬਲ ਉਚਾ ਹੋਇਆ। ਹਰਭਜਨ ਸਿੰਘ ਸੰਧੂ ਖਾਸ ਹਰਮਨ ਪਿਆਰਾ ਲੀਡਰ ਨਹੀਂ ਸੀ। ਇਹ ਉਹੀ ਮੰਤਰੀ ਸੀ ਜਿਸ ਨੇ ਅੰਮ੍ਰਿਤਸਰ ਦੇ ਐਸ.ਐਸ.ਪੀ. ਨੂੰ ਕਿਹਾ ਸੀ ਕਿ ਗ੍ਰਿਫਤਾਰ ਕੀਤੇ ਸਮੱਗਲਰ ਨੂੰ ਛੱਡ ਦੇਹ।

ਖਾੜਕੂਆਂ ਦੀ ਨੀਤੀ ਹਿੰਦੂ ਸਿੱਖਾਂ ਵਿਚ ਪਾੜਾ ਪਾਉਣ ਦੀ ਸੀ। ਉਨ੍ਹਾਂ ਦਾ ਹਿਸਾਬ ਇਹ ਸੀ ਕਿ ਨਿਰੰਤਰ ਹਿੰਦੂਆਂ ਨੂੰ ਮਾਰਦੇ ਰਹੋ ਤਾਂ ਉਹ ਹੌਲੀ-ਹੌਲੀ ਪੰਜਾਬੋਂ ਬਾਹਰ ਚਲੇ ਜਾਣਗੇ। ਇਸ ਦੇ ਫਲਸਰੂਪ ਪੰਜਾਬੋਂ ਬਾਹਰਲੇ ਸਿੱਖ ਡਰਦੇ ਮਾਰੇ ਪੰਜਾਬ ਆ ਜਾਣਗੇ, ਪਰ ਇਹ ਅੰਦਾਜ਼ੇ ਸਹੀ ਸਾਬਤ ਨਾ ਹੋਏ। ਕਾਫੀ ਹਿੰਦੂ ਪੰਜਾਬ ਵਿਚੋਂ ਚਲੇ ਗਏ ਪਰ ਸਿੱਖ ਪੰਜਾਬ ਵਿਚ ਨਾ ਆਏ; ਕਿਉਂਕਿ ਹਿੰਦੂਆਂ ਨੂੰ ਹਮੇਸ਼ਾਂ ਇਉਂ ਲਗਦਾ ਹੁੰਦਾ ਸੀ ਕਿ ਸਿੱਖ ਸਾਡੇ ਵਿਚੋਂ ਹੀ ਹਨ, ਸਾਡਾ ਵਿਰਸਾ ਸਾਂਝਾ ਹੈ, ਇਸ ਕਰ ਕੇ ਸਿੱਖਾਂ ਵਿਚ ਬੇਗਾਨਗੀ ਦੀ ਭਾਵਨਾ ਨਹੀਂ ਪਨਪੀ। ਜਦੋਂ ਪਿੰਡਾਂ ਵਿਚ ਕਤਲ ਹੋਣੇ ਸ਼ੁਰੂ ਹੋਏ, ਉਦੋਂ ਡਰ ਕੇ ਹਿੰਦੂ ਪੰਜਾਬ ਤੋਂ ਬਾਹਰ ਗਏ।

ਮੈਂ ਇਥੇ ਇਕ ਕਤਲੇਆਮ ਦਾ ਜ਼ਿਕਰ ਕਰਨਾ ਹੈ। ਜਿਸ ਪਿੰਡ ਵਿਚ ਕਤਲੇਆਮ ਹੋਇਆ, ਗਿਆ ਤਾਂ ਦੇਖਿਆ, ਕੇਵਲ ਹਿੰਦੂ ਨਹੀਂ, ਸਿੱਖ ਵੀ ਰੋ ਰਹੇ ਸਨ। ਹਿੰਦੂਆਂ ਨੇ ਦੱਸਿਆ ਕਿ ਸਿੱਖਾਂ ਨੇ ਲਾਸ਼ਾਂ ਚੁੱਕੀਆਂ ਤੇ ਪੋਸਟਮਾਰਟਮ ਕਰਵਾਏ। ਸਿੱਖਾਂ ਨੇ ਹਿੰਦੂਆਂ ਨੂੰ ਪਿੰਡੋਂ ਨਾ ਜਾਣ ਲਈ ਮਿੰਨਤਾਂ ਕੀਤੀਆਂ, ਪਰ ਉਹ ਚਲੇ ਗਏ। ਕੁਝ ਸ਼ਹਿਰਾਂ ਵਿਚ ਜਾ ਵਸੇ। ਪੰਜਾਬ ਛੱਡ ਕੇ ਬਹੁਤੇ ਦਿੱਲੀ ਵੱਸ ਗਏ। ਇਨ੍ਹਾਂ ਸ਼ਰਨਾਰਥੀਆਂ ਵਾਸਤੇ ਕੈਂਪ ਲਾ ਕੇ ਸਰਕਾਰ ਨੂੰ ਖਾਣ-ਪੀਣ ਦਾ ਪ੍ਰਬੰਧ ਕਰਨਾ ਪਿਆ। ਇਹ 1947 ਦੀ ਦੇਸ਼ ਵੰਡ ਵਰਗਾ ਦੁਹਰਾਇਆ ਗਿਆ ਸੀਨ ਸੀ ਪਰ ਛੋਟੇ ਦਰਜੇ ਦਾ। ਇਨ੍ਹਾਂ ਸ਼ਰਨਾਰਥੀਆਂ ਦੇ ਮੁੜ ਵਸੇਬੇ ਵਾਸਤੇ ਪੰਜਾਬ ਸਰਕਾਰ ਨੇ ਵੀ ਵਿਭਾਗ ਖੋਲ੍ਹਿਆ।

ਹਿੰਦੂਆਂ ਦੇ ਉਜਾੜੇ ਕਾਰਨ ਪੁਲਿਸ ਦੀ ਬਦਨਾਮੀ ਹੋਣੀ ਹੀ ਸੀ, ਹੋਈ। ਸਰਕਾਰ ਨੇ ਉਵੇਂ ਕੀਤਾ ਜਿਵੇਂ ਸਰਕਾਰ ਕਰਿਆ ਕਰਦੀ ਹੈ-ਕੇਂਦਰ ਹੋਰ ਫੋਰਸ ਭੇਜੇ। ਇਸ ਸਾਰੇ ਕੁਝ ਦਾ ਕੋਈ ਅੰਤ ਨਹੀਂ ਸੀ ਤੇ ਇੱਧਰ ਹਿੰਦੂਆਂ ਦੀ ਮੰਗ ਸੀ-ਫੌਜ ਭੇਜੋ।

ਜਿਥੇ ਜਿਥੇ ਕਤਲਾਂ ਦੀਆਂ ਵਾਰਦਾਤਾਂ ਵਾਲੀ ਥਾਂ 'ਤੇ ਪੁੱਜਦਾ, ਮਕਤੂਲਾਂ ਦੇ ਰਿਸ਼ਤੇਦਾਰ ਇਹੋ ਆਖਦੇ-ਸਰਕਾਰ ਫੌਜ ਕਿਉਂ ਤਾਇਨਾਤ ਨਹੀਂ ਕਰਦੀ? ਮੈਂ ਦੱਸਦਾ ਕਿ ਫੌਜ ਵੀ ਕੁਝ ਨਹੀਂ ਕਰ ਪਾਏਗੀ, ਕਿਉਂਕਿ ਖਾੜਕੂ ਹਮਲਾ ਕਰਦੇ ਹੀ ਉਸ ਥਾਂ ਹਨ, ਜਿਥੇ ਫੋਰਸ ਮੌਜੂਦ ਨਹੀਂ। ਕਦਮ ਕਦਮ 'ਤੇ ਤਾਂ ਫੌਜ ਵੀ ਪਹਿਰਾ ਨਹੀਂ ਦੇ ਸਕਦੀ। ਇਨ੍ਹਾਂ ਦੁਖਿਆਰਿਆਂ ਦੇ ਘਰਾਂ ਵਿਚ ਜਾਂਦਾ ਤਾਂ ਦੇਖਦਾ, ਮੇਰੇ ਉਪਰ ਉਨ੍ਹਾਂ ਨੂੰ ਇਤਬਾਰ ਹੈ। ਮੈਨੂੰ ਇਸ ਕਰ ਕੇ ਮਨਜ਼ੂਰ ਕੀਤਾ ਗਿਆ, ਕਿਉਂਕਿ ਮੈਂ ਆਪਣੀ ਤਾਂ ਕੋਈ ਕਿੜ ਕੱਢਣੀ ਨਹੀਂ ਸੀ, ਜਾਨ ਦਾ ਖਤਰਾ ਸਹੇੜ ਕੇ ਮੈਂ ਉਨ੍ਹਾਂ ਦੇ ਘਰੀਂ ਧਰਵਾਸ ਦੇਣ ਜਾਂਦਾ। ਬੇਅੰਤ ਦੁੱਖ ਅਤੇ ਗੁੱਸੇ ਵਿਚ ਗ੍ਰਸਤ ਹੋਣ ਦੇ ਬਾਵਜੂਦ ਉਹ ਮੇਰੇ ਨਾਲ ਸਦਭਾਵਨਾ ਵਾਲਾ ਵਿਹਾਰ ਕਰਦੇ। ਗਵਰਨਰ ਰੇਅ ਪ੍ਰਤੀ ਲੋਕਾਂ ਦਾ ਵਿਹਾਰ ਕੁਰੱਖਤ ਹੁੰਦਾ। ਰੇਅ ਸਿਆਸੀ ਲੀਡਰ ਸੀ, ਕਾਂਗਰਸੀਆ ਸੀ। ਪੰਜਾਬ ਵਿਚ ਜੋ ਵਾਪਰ ਰਿਹਾ ਸੀ, ਇਹ ਕੇਂਦਰੀ ਸਰਕਾਰ ਦੀਆਂ ਕਰਤੂਤਾਂ ਦਾ ਨਤੀਜਾ ਸੀ। ਰੇਅ ਨੂੰ ਇਸ ਦਾ ਅਹਿਸਾਸ ਸੀ। ਸੋ, ਜਿਥੇ ਵਡੇਰਾ ਕਤਲੇਆਮ ਕਾਂਡ ਵਾਪਰਿਆ ਹੁੰਦਾ, ਉਹ ਮੈਨੂੰ ਨਾਲ ਜਾਣ ਲਈ ਆਖਦਾ। ਉਹਨੂੰ ਪਤਾ ਸੀ, ਮੇਰੀ ਹਾਜ਼ਰੀ ਸਦਕਾ ਲੋਕਾਂ ਦਾ ਕ੍ਰੋਧ ਘਟੇਗਾ।

ਇਕ ਮੌਕੇ ਮੋਗੇ ਵਿਚ ਆਰ.ਐਸ.ਐਸ. ਦੇ 20 ਹਿੰਦੂ ਮੈਂਬਰ ਸ਼ਾਖਾ ਦੀ ਪ੍ਰੇਡ ਦੌਰਾਨ ਕਤਲ ਕਰ ਦਿੱਤੇ। ਰੇਅ ਤੇ ਮੈਂ ਮੋਗੇ ਗਏ, ਇਕੱਠੇ। ਸਮੇਂ ਦੀ ਘਾਟ ਕਾਰਨ ਰੇਅ ਨੇ ਕਿਹਾ-ਦਸ ਪਰਿਵਾਰਾਂ ਦੇ ਘਰੀਂ ਮੈਂ ਤੇ ਦਸ ਘਰੀਂ ਤੁਸੀਂ ਜਾ ਆਉ। ਕੁੱਝ ਘੰਟਿਆਂ ਬਾਅਦ ਅਸੀਂ ਮਿਲੇ ਤਾਂ ਵਿਚਾਰ-ਵਟਾਂਦਰਾ ਕੀਤਾ। ਜੋ ਬਦਸਲੂਕੀ ਉਸ ਨਾਲ ਹੋਈ, ਉਹ ਹਿੱਲ ਗਿਆ। ਮੇਰਾ ਅਨੁਭਵ ਉਲਟ ਸੀ। ਰੁਦਨ ਕਰਦੀਆਂ ਵਿਧਵਾਵਾਂ ਮੇਰੇ ਪੈਰਾਂ ਨੂੰ ਚੰਬੜ ਜਾਂਦੀਆਂ ਤੇ ਪੁੱਛਦੀਆਂ-ਇਹ ਕਤਲੋਗਾਰਤ ਕਦ ਬੰਦ ਹੋਏਗੀ? ਕਿਸੇ ਥਾਂ ਮੇਰਾ ਨਿਰਾਦਰ ਨਹੀਂ ਹੋਇਆ। ਕਿਸੇ ਮੈਨੂੰ ਮੰਦਾ ਨਹੀਂ ਬੋਲਿਆ, ਦੋਸ਼ੀ ਨਹੀਂ ਕਿਹਾ, ਜਿਵੇਂ ਰੇਅ ਨੂੰ ਕਿਹਾ ਸੀ।

6 ਮਹੀਨਿਆਂ ਵਿਚ ਮੈਂ ਪੂਰਾ ਪੰਜਾਬ ਦੇਖ ਲਿਆ ਸੀ। ਜ਼ਿਲ੍ਹਾ ਮੁਖੀਆਂ ਤੋਂ ਲੈ ਕੇ ਠਾਣੇ ਦੇ ਸਿਪਾਹੀਆਂ ਨੂੰ ਮਿਲ ਕੇ ਉਨ੍ਹਾਂ ਦੀ ਸਲਾਹ ਲੈਂਦਾ। ਮੈਂ ਉਨ੍ਹਾਂ ਨੂੰ ਦੱਸਣਾ ਸੀ, ਮੈਂ ਉਨ੍ਹਾਂ ਵਿਚੋਂ ਇਕ ਹਾਂ ਤੇ ਉਨ੍ਹਾਂ ਦੀ ਕਦਰ ਕਰਦਾ ਹਾਂ। ਉਨ੍ਹਾਂ ਦੀ ਸਲਾਹ ਲੈਣ ਦਾ ਮਕਸਦ ਸੀ, ਉਨ੍ਹਾਂ ਨੂੰ ਇਸ ਮਸਲੇ ਵਿਚ ਸ਼ਾਮਲ ਕਰਨਾ। ਫਲਸਰੂਪ ਰੇਅ ਨੇ 'ਸੰਡੇ ਆਬਜ਼ਰਵਰ' ਦੇ ਹਰਿੰਦਰ ਬਵੇਜਾ ਨੂੰ 21 ਸਤੰਬਰ 1986 ਨੂੰ ਦਿੱਤੀ ਇੰਟਰਵਿਊ ਵਿਚ ਕਿਹਾ-ਉਹੋ ਪੁਲਿਸ ਅਫਸਰ ਹੁਣ ਹਨ, ਇਨ੍ਹਾਂ ਵਿਚ ਇਕਦਮ ਤਬਦੀਲੀ ਆ ਗਈ ਹੈ। ਹੌਸਲਾ, ਵਿਸ਼ਵਾਸ। ਕੰਮ ਕਰਨ ਦਾ ਤਰੀਕਾ ਉਹ ਨਹੀਂ ਰਿਹਾ ਜਿਹੜਾ ਇਸ ਸਾਲ ਅਪਰੈਲ ਵਿਚ ਸੀ ਜਦੋਂ ਮੈਂ ਇਥੇ ਆਇਆ। ਇਸ ਵੱਡੇ ਪਰਿਵਰਤਨ ਵਾਸਤੇ ਮਿਸਟਰ ਰਿਬੇਰੋ ਨੂੰ ਵਧਾਈ।

ਇਹੋ ਪੱਤਰਕਾਰ ਬਰਨਾਲਾ ਸਾਹਿਬ ਨੂੰ ਮਿਲਿਆ, ਪੁੱਛਿਆ-ਰਿਬੇਰੋ ਦੇ ਕੰਮ ਸਦਕਾ ਕੋਈ ਫਰਕ ਪਿਆ? ਮੁੱਖ ਮੰਤਰੀ ਦਾ ਉਤਰ-ਜੋ ਮਹੱਤਵਪੂਰਨ ਅਤੇ ਲਾਭਦਾਇਕ ਭੂਮਿਕਾ ਉਸ ਨੇ ਨਿਭਾਈ, ਮੁਨਕਿਰ ਨਹੀਂ ਹੋ ਸਕਦਾ। ਪੰਜਾਬ ਪੁਲਿਸ ਨੂੰ ਉਸ ਨੇ ਸ਼ਾਨਦਾਰ ਲੀਡਰਸ਼ਿਪ ਦਿੱਤੀ ਹੈ। ਦੋਵਾਂ ਦੀਆਂ ਰਾਵਾਂ ਛਪੀਆਂ ਹੋਈਆਂ ਹਨ।

ਲੰਡਨ ਤੋਂ 'ਦੀ ਇਕਾਨੋਮਿਸਟ' ਨੇ 30-8-1986 ਨੂੰ ਲਿਖਿਆ-ਭਾਰਤ ਵਿਚ ਅਪਰਾਧ ਅਤੇ ਸਿਆਸਤ ਮਿਲ-ਜੁਲ ਕੇ ਚਲਦੇ ਹਨ। ਜਿਸ ਮਕਸਦ ਲਈ ਬੁਲਾਇਆ ਗਿਆ ਸੀ, ਰਿਬੇਰੋ ਪੁਲਿਸ ਚੀਫ, ਸਫਲਤਾ ਵੱਲ ਵਧ ਰਿਹਾ ਹੈ; ਪਰ ਜਿਹੜੇ ਕਾਨੂੰਨ ਬਣਾਉਂਦੇ ਹਨ ਤੇ ਜਿਨ੍ਹਾਂ ਨੇ ਕਾਨੂੰਨ ਲਾਗੂ ਕਰਨਾ ਹੁੰਦਾ ਹੈ, ਇਕ ਉਹ; ਦੂਜੇ ਉਹ ਜਿਨ੍ਹਾਂ ਨੇ ਕਾਨੂੰਨ ਤੋੜਨਾ ਹੁੰਦਾ ਹੈ, ਦੋਵਾਂ ਨੇ ਪੁਲਿਸ ਨੂੰ ਵਖਤ ਪਾ ਰੱਖਿਐ। ਮਿਸਟਰ ਰਿਬੇਰੋ, ਗੋਆ ਦਾ ਕੈਥੋਲਿਕ ਈਸਾਈ ਮਾਰਚ ਵਿਚ ਆਇਆ ਤੇ 386 ਖਾੜਕੂਆਂ ਦੀ ਲਿਸਟ ਤਿਆਰ ਕੀਤੀ। ਪੁਲਿਸ ਅਨੁਸਾਰ ਇਨ੍ਹਾਂ ਵਿਚੋਂ 204 ਫੜੇ ਜਾਂ ਮਾਰੇ ਜਾ ਚੁੱਕੇ ਹਨ। ਵਾਰਦਾਤਾਂ (ਬੈਂਕ ਡਕੈਤੀਆਂ, ਹਥਿਆਰ ਖੋਹਣੇ, ਕਤਲੇਆਮ) ਮਈ ਵਿਚ 200, ਜੂਨ ਵਿਚ 175, ਜੁਲਾਈ ਵਿਚ 147, ਅਗਸਤ ਦੇ ਸਾਢੇ ਤਿੰਨ ਹਫਤਿਆਂ ਵਿਚ 74 ਰਹਿ ਗਈਆਂ। ਸਾਰੇ ਜਣੇ ਇਨ੍ਹਾਂ ਅੰਕੜਿਆਂ ਨੂੰ ਸਹੀ ਨਹੀਂ ਮੰਨਦੇ, ਪਰ ਮੰਨਦੇ ਹਨ ਕਿ ਪੁਲਿਸ ਦਾ ਰੋਲ ਸਹੀ ਹੈ। ਸੁਰੱਖਿਆ ਸੇਵਾਵਾਂ ਬੇਕਾਰ ਹੋ ਗਈਆਂ ਸਨ। ਇਸ ਵਾਸਤੇ ਕੁੱਝ ਜ਼ਿੰਮੇਵਾਰੀ ਸਿੱਖ ਸਿਆਸੀ ਪਾਰਟੀ ਅਕਾਲੀ ਦਲ ਦੇ ਸਿਰ ਵੀ ਹੈ। ਸਤੰਬਰ 1985 ਵਿਚ ਇਲੈਕਸ਼ਨ ਜਿੱਤਣ ਮਗਰੋਂ ਇਸ ਸਰਕਾਰ ਨੇ ਸਾਰੇ ਗੈਰ-ਪੰਜਾਬੀ, ਸਣੇ ਪੁਲਿਸ ਚੀਫ ਅਤੇ ਉਸ ਦੇ ਡਿਪਟੀਆਂ ਦੇ ਜਿਹੜੇ ਚੰਗੀ ਡਿਊਟੀ ਕਰ ਰਹੇ ਸਨ, ਬਦਲ ਕੇ ਲੋਕਲ ਅਫਸਰ ਲਾ ਦਿੱਤੇ ਜਿਹੜੇ ਆਪਣੇ ਮੰਜੇ ਉਹਲੇ ਲੁਕ ਕੇ ਬੈਠ ਗਏ। ਅਕਾਲੀ ਸਰਕਾਰ ਨੇ ਪਹਿਲੇ 6 ਮਹੀਨੇ ਕਦੀ ਖਾੜਕੂਆਂ ਨੂੰ ਖੁਸ਼ ਕਰਨ, ਕਦੀ ਖਤਮ ਕਰਨ ਦੀ ਪਾਲਿਸੀ ਵਿਚ ਲੰਘਾ ਦਿੱਤੇ। ਮੇਰੀ ਨਿਯੁਕਤੀ, ਸਖਤ ਸਟੈਂਡ ਲੈ ਕੇ ਉਸ 'ਤੇ ਕਾਇਮ ਰਹਿਣ ਦਾ ਨਤੀਜਾ ਹੈ।

(ਚਲਦਾ)

ਦਿਸਦਾ-ਅਣਦਿਸਦਾ



ਗੁਰਬਚਨ ਸਿੰਘ ਭੁੱਲਰ
ਫੋਨ:91-11-65736868
E-mail: bhullargs@gmail.com

ਗਾਰਗੀ-4

# ਆਖਰ ਉਮਰ ਦੀ ਡੋਰ ਨੇ ਟੁੱਟ ਜਾਣਾ!

1998 ਤੇ 1999 ਦੇ ਦੋ ਵਰ੍ਹੇ ਜਦੋਂ ਮੈਂ ਚੰਡੀਗੜ੍ਹ ਸੀ, ਗਾਰਗੀ ਵੀ ਡਿਗਦੀ ਸਿਹਤ ਕਾਰਨ ਉਸੇ ਸ਼ਹਿਰ ਆਪਣੇ ਭਤੀਜੇ ਦੇ ਘਰ ਆ ਗਿਆ ਸੀ। ਇਕ ਦਿਨ ਅਚਾਨਕ 'ਪੰਜਾਬੀ ਟ੍ਰਿਬਿਊਨ' ਦਾ ਸੰਪਾਦਕ ਲੱਗਣ ਦੀ ਵਧਾਈ ਦਾ ਉਹਦਾ ਫੋਨ ਆਇਆ। ਆਵਾਜ਼ ਵਿਚ ਪਹਿਲਾਂ ਵਾਲਾ ਕਣ ਨਹੀਂ ਸੀ। ਪਹਿਲਾਂ ਤਾਂ ਮੈਂ ਫੋਨ ਬਾਰੇ ਹੈਰਾਨ ਹੋਇਆ, ਪਰ ਫੇਰ ਇਹ ਸੋਚ ਕੇ ਹੈਰਾਨੀ ਆਪੇ ਮੁੱਕ ਗਈ ਕਿ ਕਿਸੇ ਵੇਲੇ ਕੰਮ ਆ ਸਕਣ ਵਾਲੇ ਬੰਦੇ ਨਾਲ ਸਬੰਧ ਬਣਾ ਲੈਣ ਜਾਂ ਨਵਿਆ ਲੈਣ ਦਾ ਉਹ ਉਸਤਾਦ ਸੀ। ਗੁਲਜ਼ਾਰ ਸਿੰਘ ਸੰਧੂ ਦਿੱਲੀ ਵੇਲੇ ਦਾ ਪਿਆਰਾ ਦੋਸਤ ਹੈ, ਸੁਭਾਅ ਦਾ ਖੁੱਲ੍ਹਾ ਤੇ ਖੁੱਲ੍ਹੇ ਦਿਲ ਵਾਲਾ। ਇਕ ਦਿਨ ਕਹਿੰਦਾ, ਤੇਰੇ ਚੰਡੀਗੜ੍ਹ ਆਉਣ ਦੀ ਖੁਸ਼ੀ ਵਿਚ ਘਰੇ ਛੋਟੀ ਜਿਹੀ ਪਾਰਟੀ ਰੱਖੀ ਹੈ। ਮੈਂ ਗਿਆ ਤਾਂ ਉਹਦਾ ਘਰ ਦੋਸਤਾਂ ਨਾਲ ਭਰਿਆ ਪਿਆ ਸੀ ਤੇ ਮੋਢੇ ਨਾਲ ਮੋਢਾ ਖਹਿ ਰਿਹਾ ਸੀ। ਗਾਰਗੀ ਵੀ ਆ ਗਿਆ ਤੇ ਬੜੇ ਤਪਾਕ ਨਾਲ ਮਿਲਿਆ, ਪਰ ਕੁਛ ਹੀ ਲੋਕਾਂ ਨੂੰ ਮਿਲ ਕੇ ਥੱਕਿਆਂ ਵਾਂਗ ਵਿਹੜੇ ਵਿਚ ਮੂੜ੍ਹੇ ਉਤੇ ਬੈਠ ਗਿਆ। ਅੱਧ-ਵਿਚਾਲੇ ਉਹ ਇਕਦਮ ਖੜ੍ਹਾ ਹੋਇਆ ਤੇ ਘਬਰਾਇਆ ਜਿਹਾ ਜੇਬਾਂ ਵਿਚ ਹੱਥ ਮਾਰਦਾ ਬੋਲਿਆ, "ਗੁਲਜ਼ਾਰ, ਮੈਂ ਚਲਦਾ ਹਾਂ। ਮੇਰੀ ਦਵਾਈ ਘਰ ਰਹਿ ਗਈ। ਦਵਾਈ ਹੈ ਨਹੀਂ...ਮੈਂ ਦਵਾਈ...ਜੇ ਇਥੇ ਤਕਲੀਫ ਹੋ ਗਈ...ਦਵਾਈ ਬਿਨਾਂ...ਮੈਂ ਦਵਾਈ...ਦਵਾਈ ਘਰੇ...ਮੈਂ... ਮੈਂ...।" ਉਹ ਦਵਾਈ ਦੀ ਅਣਹੋਂਦ ਵਿਚ ਬੀਮਾਰੀ ਦਾ ਦੌਰਾ ਪੈ ਜਾਣ ਦੇ ਭੈ ਨਾਲ ਬਹੁਤ ਪ੍ਰੇਸ਼ਾਨ ਸੀ।

ਗੁਲਜ਼ਾਰ ਨੇ ਉਹਨੂੰ ਸ਼ਾਂਤ ਕਰਨ ਲਈ ਕਿਹਾ, "ਗਾਰਗੀ, ਚਿੰਤਾ ਨਾ ਕਰ। ਤੂੰ ਸ਼ਾਂਤੀ ਨਾਲ ਬੈਠ, ਦਵਾਈ ਹੁਣੇ ਆ ਜਾਂਦੀ ਐ। ਦਵਾਈ ਦਾ ਨਾਂ ਦੱਸ, ਹੁਣੇ ਬੰਦਾ ਭੇਜ ਕੇ ਕੈਮਿਸਟ ਤੋਂ ਮੰਗਵਾ ਲੈਂਦੇ ਹਾਂ।" ਪਰ ਉਹਨੂੰ ਦਵਾਈ ਦਾ ਨਾਂ ਪਤਾ ਨਹੀਂ ਸੀ। ਪਰਚੀ ਵੀ ਘਰ ਹੀ ਪਈ ਸੀ। ਗੁਲਜ਼ਾਰ ਕਹਿੰਦਾ, "ਤੂੰ ਬੇਫਿਕਰ ਬੈਠ। ਦਵਾਈ ਪੰਜ ਮਿੰਟਾਂ ਵਿਚ ਘਰੋਂ ਆਈ ਸਮਝ।" ਪਰ ਉਹ ਦਵਾਈ ਜੇਬ ਵਿਚ ਹੋਣ ਤੋਂ ਬਿਨਾਂ ਬਹੁਤ ਡਰਿਆ ਹੋਇਆ ਸੀ ਤੇ ਪੰਜ ਮਿੰਟ ਵੀ ਬੈਠਣ ਲਈ ਤਿਆਰ ਨਹੀਂ ਸੀ। ਆਖਰ ਉਹ ਸਭ ਦੇ ਰੋਕਦਿਆਂ ਰੋਕਦਿਆਂ ਕਾਹਲੀ ਨਾਲ ਚਲਿਆ ਗਿਆ।

ਇਕ ਮੰਗਲਵਾਰ ਧੀਰ ਜੀ ਦਾ ਫੋਨ ਆਇਆ। ਬੋਲੇ, "ਆਉਂਦੇ ਐਤਵਾਰ ਹੋਰ ਕੋਈ ਪ੍ਰੋਗਰਾਮ ਨਾ ਬਣਾਈਂ, ਸਿੱਧਾ ਘਰੇ ਆਈਂ। ਸਵੇਰੇ ਹੀ ਆ ਜਾਈਂ। ਦੁਪਹਿਰ ਦੀ ਰੋਟੀ ਗਾਰਗੀ ਨਾਲ ਮਿਲ ਕੇ ਖਾਵਾਂਗੇ। ਗਾਰਗੀ ਨੇ ਮੱਕੀ ਦੀਆਂ ਰੋਟੀਆਂ ਤੇ ਸਰ੍ਹੋਂ ਦਾ ਸਾਗ ਬਣਾਉਣ ਲਈ ਕਿਹਾ ਹੈ, ਡਡਹੇੜੀ ਵਰਗਾ। ਨਾਲੇ ਉਹਨੇ ਉਚੇਚਾ ਜ਼ੋਰ ਦੇ ਕੇ ਕਿਹਾ ਹੈ, ਭੁੱਲਰ ਨੂੰ ਕਹੀਂ, ਜ਼ਰੂਰ ਆਵੇ।" ਧੀਰ ਜੀ ਦੀ ਮਹਿਮਾਨਨਿਵਾਜ਼ੀ ਦਾ ਕੀ ਕਹਿਣਾ! ਇਹਨੂੰ ਸ਼ਬਦਾਂ ਵਿਚ ਬੰਨ੍ਹਣਾ ਅਸੰਭਵ ਹੈ, ਸਿਰਫ ਉਹ ਜਾਣ ਸਕੇ ਹਨ ਜਿਨ੍ਹਾਂ ਦਾ ਘਰ ਆਉਣਾ ਉਨ੍ਹਾਂ ਨੇ ਦਿਲੋਂ ਚਾਹਿਆ ਹੋਵੇ। ਫੇਰ ਪੈਰ ਤੁਹਾਡੇ ਹੁੰਦੇ ਤੇ ਪਲਕਾਂ ਧੀਰ ਜੀ ਦੀਆਂ। ਉਨ੍ਹਾਂ ਦੀ ਹਾਲਤ ਬਾਬੇ ਦੀ ਇਸ ਸਤਰ ਵਾਲੀ ਹੋ ਜਾਂਦੀ: ਸੀਸੁ ਵਢੇ ਕਰਿ ਬੈਸਣੁ ਦੀਜੈ ਵਿਣੁ ਸਿਰ ਸੇਵ ਕਰੀਜੈ!

ਪਿੰਡੋਂ ਆਉਂਦਾ ਦੁੱਧ ਪਾਉਣ ਵਾਲਾ ਆਪੇ ਹੀ ਕਈ ਵਾਰ ਮੂਲੀਆਂ, ਮੇਥੀ, ਸ਼ਲਗਮ, ਸਾਗ ਲੈ ਆਉਂਦਾ। ਸਬੱਬ ਨਾਲ ਉਹ ਸਾਗ ਦੇ ਗਿਆ। ਧੀਰ ਜੀ ਨੇ ਕੱਚੀਆਂ ਗੰਦਲਾਂ ਦੇਖੀਆਂ ਤਾਂ ਬਾਗੋਬਾਗ ਹੋ ਕੇ ਬੋਲੇ, "ਬਈ ਇਹੋ ਜਿਹਾ ਸਾਗ ਨਹੀਂ ਫੇਰ ਛੇਤੀ ਕੀਤਿਆਂ ਮਿਲਣਾ, ਗਾਰਗੀ ਵਾਸਤੇ ਰੱਖ ਲਓ।" ਬੀਬੀ ਉਨ੍ਹਾਂ ਨਾਲ ਕਦੇ ਬਹਿਸ ਵਿਚ ਨਹੀਂ ਸੀ ਪੈਂਦੀ, ਕਹਿਣ ਲੱਗੀ, "ਚੰਗਾ, ਗਾਰਗੀ ਵਾਸਤੇ ਰੱਖ ਲਵਾਂਗੇ, ਸਾਂਭ ਕੇ, ਸੰਦੂਖ ਵਿਚ।" ਅਗਲੇ ਦਿਨ ਬੀਬੀ ਦਾਤ ਲੈ ਕੇ ਸਾਗ ਚੀਰਨ ਬੈਠ ਗਈ ਤਾਂ ਧੀਰ ਜੀ ਬੋਲੇ, "ਇਹ ਤਾਂ ਆਪਾਂ ਗਾਰਗੀ ਵਾਸਤੇ ਰੱਖਣਾ ਸੀ?" ਬੀਬੀ ਕਹਿੰਦੀ, "ਐਤਵਾਰ ਤਾਂਈਂ ਇਹਦੇ ਵਿਚ ਗਾਰਗੀ ਵਾਸਤੇ ਕੀ ਰਹਿ ਜਾਂਦਾ? ਸੁੱਕ ਕੇ ਬੇਰਸਾ ਹੋ ਜਾਂਦਾ!" ਧੀਰ ਜੀ ਨੂੰ ਚਿੰਤਾ ਲੱਗ ਗਈ, "ਚੰਗਾ, ਉਹਨੂੰ ਕੱਲ੍ਹ ਹੀ ਪੱਕਾ ਕਰ ਦਿਉ, ਸਨਿਚਰ ਨੂੰ ਸਾਗ ਲਿਆਵੇ ਤੇ ਸਾਗ ਹੋਵੇ ਵੀ ਐਨ ਇਸੇ ਵਰਗਾ, ਕੱਚੀਆਂ ਗੰਦਲਾਂ ਦਾ।" ਪਹਿਲਾਂ ਉਹ ਉਥੋਂ ਤੁਰਨ ਲੱਗੇ, ਫੇਰ ਸੋਚਿਆ, ਅਜੇ ਕਿਤੇ ਸਮਝਾਉਣ 'ਚ ਕਸਰ ਨਾ ਰਹਿ ਗਈ ਹੋਵੇ। ਪਿਛੇ ਝਾਕ ਕੇ ਕਹਿੰਦੇ, "ਕਿਤੇ ਗਾਰਗੀ ਇਹ ਨਾ ਕਹੇ, ਧੀਰ, ਡਡਹੇੜੀ ਵਾਲੀ ਗੱਲ ਨਹੀਂ ਬਣੀ। ਬੱਸ ਉਹਨੂੰ ਜਾਣੀਂਦਾ ਸਮਝਾ ਦਿਉ, ਸਾਗ ਇਸੇ ਖੇਤ ਦਾ ਹੋਵੇ। ਗਾਰਗੀ ਨੇ ਮੂੰਹੋਂ ਮੰਗ ਕੀਤੀ ਐ, ਸਰ੍ਹੋਂ ਦੇ ਸਾਗ ਤੇ ਮੱਕੀ ਦੀ ਰੋਟੀ ਦੀ।" ਬੀਬੀ ਮੁਸਕਰਾਈ, "ਬੰਦਾ ਭੇਜ ਕੇ ਡਡਹੇੜੀ ਤੋਂ ਹੀ ਨਾ ਮੰਗਵਾ ਲਈਏ ਗਾਰਗੀ ਵਾਸਤੇ ਸਾਗ?" ਧੀਰ ਜੀ ਨੇ ਅਧ-ਗੁੱਸੇ ਵਿਚ ਬੁੜਬੁੜ ਕੀਤੀ, "ਹੈ ਪੁੱਠੀ ਮੱਤ!" ਖਹਿੜਾ ਛੁਡਾਉਣ ਦੀ ਮਾਰੀ ਬੀਬੀ ਕਹਿੰਦੀ, "ਚੰਗਾ, ਕਹਿ ਦਿਆਂਗੇ, ਜ਼ਰੂਰ ਕਹਿ ਦਿਆਂਗੇ, ਐਨ ਇਹਦੇ ਨਾਲ ਦਾ ਹੋਵੇ ਗਾਰਗੀ ਵਾਸਤੇ ਸਾਗ।"



*ਮੰਨੂ ਤੇ ਜੰਨਤ, ਪਿਤਾ ਦੀ ਅਰਥੀ ਉਤੇ ਸ਼ਰਧਾ ਦੇ ਫੁੱਲ!*

ਐਤਵਾਰ ਦੁਪਹਿਰੇ ਵਿਹੜੇ ਵਿਚ ਧੁੱਪੇ ਬੈਠ ਕੇ ਰੋਟੀ ਖਾਧੀ। ਮੱਕੀ ਦੀਆਂ ਰੋਟੀਆਂ ਨਾਲ ਸਰ੍ਹੋਂ ਦਾ ਸਾਗ ਤੇ ਗਾਰਗੀ ਦੀ ਇਕ ਹੋਰ ਫਰਮਾਇਸ਼, ਡਡਹੇੜੀ ਵਾਲਾ ਅੰਬ ਦਾ ਅਚਾਰ। ਮਗਰੋਂ ਗੱਲਾਂ ਕਰਦਿਆਂ ਗਾਰਗੀ ਕਹਿੰਦਾ, "ਮੈਂ ਨਵਾਂ ਨਾਵਲ ਲਿਖਿਆ ਹੈ, ਕੁਛ ਕਾਂਡ ਟ੍ਰਿਬਿਊਨ 'ਚ ਛਾਪੀਏ।" ਮੈਂ ਕਿਹਾ, "ਸਾਰਾ ਹੀ ਦੇ ਦਿਉ, ਕਿਸ਼ਤਾਂ ਸ਼ੁਰੂ ਕਰ ਦਿੰਨੇ ਆਂ।" ਉਹ ਬੋਲਿਆ, "ਨਹੀਂ, ਸਾਰਾ ਨਹੀਂ। ਮੈਂ ਛੇਤੀ ਹੀ ਚਾਰ ਕਾਂਡ ਛਾਂਟ ਕੇ ਭੇਜੂੰਗਾ।" ਪਰ ਉਹ ਕਾਂਡ ਕਦੇ ਨਾ ਆਏ। ਪਹਿਲਾਂ ਰੋਟੀ ਖਾਣ ਵੇਲੇ ਥਾਲੀ ਵਿਚ ਬੇਅਨੁਪਾਤਾ ਸਾਗ, ਘਰ ਦਾ ਮੱਖਣ ਤੇ ਅਚਾਰ ਪਾਉਂਦਿਆਂ-ਰਲਾਉਂਦਿਆਂ-ਮਧਦਿਆਂ ਖਾਣੇ ਦੀ ਮੇਜ਼ ਦੇ ਸ਼ਹੂਰ-ਸਲੀਕੇ ਲਈ ਜਾਣੇ ਜਾਂਦੇ ਗਾਰਗੀ ਦੀ ਬੇਧਿਆਨੀ ਜਿਹੀ ਤੋਂ ਤੇ ਹੁਣ ਉਹਦੀਆਂ ਬੇਤਰਤੀਬੀਆਂ ਜਿਹੀਆਂ ਗੱਲਾਂ ਤੋਂ ਸਾਫ ਦਿਸਦਾ ਸੀ ਕਿ ਤਨ ਦੇ ਨਾਲ ਨਾਲ ਮਨ ਵੀ ਬੁੱਢਾ ਹੋਣ ਲੱਗ ਪਿਆ ਸੀ! ਉਹਦੀ ਸੁਰਤ ਦੇ ਪੈਰ ਪਗਡੰਡੀ ਤੋਂ ਥੋੜ੍ਹਾ-ਥੋੜ੍ਹਾ ਸੱਜੇ-ਖੱਬੇ ਪੈਣੇ ਸ਼ੁਰੂ ਹੋ ਗਏ ਸਨ।

ਉਮਰ ਤਾਂ ਵੱਡੀ ਹੋ ਹੀ ਗਈ ਸੀ, ਪਰ ਦਿੱਲੀ ਵਾਲਾ ਘਰ ਛੱਡਣ ਦੀ ਪ੍ਰੇਸ਼ਾਨੀ ਵੀ ਕੋਈ ਘੱਟ ਨਹੀਂ ਸੀ। ਉਥੋਂ ਨਿਕਲ ਕੇ ਉਹ ਕਿੱਲੇ ਤੋਂ ਵਿਰਵੀ ਹੋਈ ਗਾਂ ਵਾਂਗ ਗੁਆਚਿਆ ਪਿਆ ਸੀ ਤੇ ਦਿੱਲੀ ਵਾਲੀ ਆਪਣੀ ਮਿੱਤਰ-ਮੰਡਲੀ ਦੀ ਮਨਚਾਹੀ ਸੰਗਤ ਦੀ ਥਾਂ ਓਪਰੀ ਭੀੜ ਵਿਚ ਇਕੱਲ ਭੋਗ ਰਿਹਾ ਸੀ। ਕਈ ਸ਼ਹਿਰਾਂ ਤੇ ਦੇਸ਼ਾਂ ਵਿਚ ਘੁੰਮੇ ਗਾਰਗੀ ਨੇ ਸਹੀ ਅਰਥਾਂ ਵਿਚ ਲੇਖਕਾਂ, ਐਕਟਰਾਂ, ਨਾਟ-ਨਿਰਦੇਸ਼ਕਾਂ, ਚਿੱਤਰਕਾਰਾਂ, ਨ੍ਰਿਤਕਾਰਾਂ, ਗਾਇਕਾਂ ਅਤੇ ਸਾਹਿਤ-ਸਭਿਆਚਾਰ ਦਾ ਮੱਸ ਰੱਖਣ ਵਾਲੇ ਸਿਆਸਤਦਾਨਾਂ ਨਾਲ ਡੂੰਘੀਆਂ ਸਾਂਝਾਂ ਦਿੱਲੀ ਵਿਚ ਹੀ ਪਾਈਆਂ ਤੇ ਪਾਲੀਆਂ। ਜੀਨੀ ਤਾਂ ਤਲਾਕ ਮਗਰੋਂ ਬੇਟੀ ਜੰਨਤ ਨੂੰ ਲੈ ਕੇ ਬਹੁਤ ਪਹਿਲਾਂ ਹੀ ਅਮਰੀਕਾ ਚਲੀ ਗਈ ਸੀ। ਫੇਰ ਮੰਨੂ ਵੀ ਕਈ ਸਾਲ ਪਹਿਲਾਂ ਫਿਲਮੀ ਦੁਨੀਆਂ ਵਿਚ ਕਿਸਮਤ ਅਜ਼ਮਾਉਣ ਮੁੰਬਈ ਚਲਿਆ ਗਿਆ ਸੀ। ਗਾਰਗੀ ਉਹਦਾ ਰਾਹ ਸਵਾਹਰਾ ਕਰਨ ਲਈ ਜੋ ਕੁਛ ਕਰ ਸਕਦਾ ਸੀ, ਆਪਣੀਆਂ ਦਿੱਲੀ ਤੇ ਮੁੰਬਈ ਦੀਆਂ ਦੋਸਤੀਆਂ ਦੀਆਂ ਤਾਰਾਂ ਹਿਲਾ ਕੇ ਉਹਨੇ ਕਰ ਦਿੱਤਾ, ਜਿਵੇਂ ਕਿਹਾ ਹੋਵੇ, ਲੜ ਬਖਤਾਵਰਾਂ ਦੇ ਲਾਈ, ਅੱਗੇ ਤੇਰੇ ਭਾਗ ਲੱਛੀਏ!

ਮੰਨੂ ਨੇ ਮਾਡਲ ਵਜੋਂ ਤੇ ਐਕਟਰ ਵਜੋਂ ਸਫਲ ਹੋਣ ਵਾਸਤੇ ਉਥੇ ਜਤਨ ਤਾਂ ਬਹੁਤ ਕੀਤੇ, ਪਰ ਲੋਕਾਂ ਦੇ ਕਹਿਣ ਅਨੁਸਾਰ, ਸੁੰਦਰ ਅੱਖਾਂ, ਸੁਹਣੇ ਸਰੀਰ ਤੇ 'ਸੈਕਸੀ' ਦਿੱਖ ਦੇ ਬਾਵਜੂਦ ਕੋਈ ਖਾਸ ਗੱਲ ਬਣੀ ਨਾ। ਬਹੁਤਿਆਂ ਨੂੰ ਤਾਂ ਇਹ ਵੀ ਪਤਾ ਨਹੀਂ ਕਿ ਉਹਦੀ ਸ਼ੁਰੂਆਤ ਬਹੁਤ ਵਧੀਆ ਹੋ ਗਈ ਸੀ। ਦੇਵਾਨੰਦ ਨੇ ਨਿਰਦੇਸ਼ਕ-ਲੇਖਕ ਵਜੋਂ 1993 ਵਿਚ ਬਣਾਈ ਫਿਲਮ 'ਪਿਆਰ ਕਾ ਤਰਾਨਾ' ਦਾ ਅਤੇ ਫੇਰ 1994 ਵਿਚ ਬਣਾਈ ਫਿਲਮ 'ਗੈਂਗਸਟਰ' ਦਾ ਨਾਇਕ ਮੰਨੂ ਗਾਰਗੀ ਨੂੰ ਬਣਾਇਆ ਸੀ। ਆਪਣੀਆਂ ਫਿਲਮਾਂ ਦਾ ਆਪ ਨਾਇਕ ਹੋਣ ਦੀ ਰੀਤ ਤੋੜਦਿਆਂ ਆਪ ਉਹਨੇ ਸਹਾਇਕ ਭੂਮਿਕਾ ਨਾਲ ਸਾਰ ਲਿਆ ਸੀ। 'ਪਿਆਰ ਕਾ ਤਰਾਨਾ' ਦੀ ਨਾਇਕਾ ਉਸ ਸਮੇਂ ਦੀ ਚਰਚਿਤ ਸੁੰਦਰੀ ਅਨੀਤਾ ਅਯੂਬ ਤੇ 'ਗੈਂਗਸਟਰ' ਦੀ ਨਾਇਕਾ ਉਸ ਸਮੇਂ ਲਾਜਵਾਬ ਖੂਬਸੂਰਤੀ ਤੇ 'ਬੋਲਡ' ਐਕਟਿੰਗ ਲਈ ਮਸ਼ਹੂਰ ਮਮਤਾ ਕੁਲਕਰਨੀ ਸੀ; ਅਨੀਤਾ ਅਯੂਬ ਨੇ ਇਸ ਫਿਲਮ ਵਿਚ ਸਹਾਇਕ ਨਾਇਕਾ ਦੀ ਭੂਮਿਕਾ ਨਿਭਾਈ ਸੀ। ਪਿਛਲੇ ਲੰਮੇ ਸਮੇਂ ਤੋਂ ਫਲਾਪ ਹੁੰਦੀਆਂ ਆਈਆਂ ਦੇਵਾਨੰਦ ਦੀਆਂ ਫਿਲਮਾਂ ਦੀ ਲੜੀ ਵਿਚ ਇਹ ਦੋਵੇਂ ਫਿਲਮਾਂ ਵੀ ਫਲਾਪ ਰਹੀਆਂ ਤੇ ਨਾਲ ਹੀ ਮੰਨੂ ਦੇ ਸੁਫਨਿਆਂ ਨੂੰ ਤੋੜ ਗਈਆਂ!

ਆਖਰ ਗਾਰਗੀ ਦਾ ਪੁੱਤਰ ਸੀ, ਸਿਆਣਾ ਰਿਹਾ। ਗਾਰਗੀ ਦੇ ਪੂਰਾ ਹੋਣ ਤੋਂ ਛੇਤੀ ਹੀ ਮਗਰੋਂ ਤੜੀ-ਤਮਾਣੀ ਚੁੱਕ ਕੇ ਉਹ ਅਮਰੀਕਾ ਜਾ ਪਹੁੰਚਿਆ। ਸੁਣਿਆ ਹੈ, ਉਹਨੇ ਕੁਛ ਹੋਰ ਲੋਕਾਂ ਨਾਲ ਮਿਲ ਕੇ ਹਾਲੀਵੁੱਡ ਵਿਚ ਫਿਲਮ ਕੰਪਨੀ ਬਣਾਈ ਹੋਈ ਹੈ ਅਤੇ ਨਿਰਮਾਤਾ ਜਾਂ ਸਹਿ-ਨਿਰਮਾਤਾ ਵਜੋਂ ਫਿਲਮਾਂ ਤੇ ਵੀਡੀਓ ਬਣਾਉਂਦਾ ਹੈ। ਲੱਖਣ ਤਾਂ ਇਹੋ ਲਗਦਾ ਹੈ ਕਿ ਇਹ ਸਭ ਕੁਛ ਸਾਡੀਆਂ ਬੀ ਤੇ ਸੀ ਦਰਜੇ ਦੀਆਂ ਫਿਲਮਾਂ ਵਾਂਗ ਸਾਧਾਰਨ ਪੱਧਰ ਦਾ ਹੀ ਹੁੰਦਾ ਹੋਵੇਗਾ ਕਿਉਂਕਿ ਉਹਦਾ ਕੰਮ ਅਜੇ ਤੱਕ ਤਾਂ ਕਿਸੇ ਚਰਚਾ ਵਿਚ ਆ ਨਹੀਂ ਸਕਿਆ। ਦਿਲਚਸਪ ਗੱਲ ਇਹ ਹੈ ਕਿ ਗਾਰਗੀ ਦੀ ਬੇਟੀ ਜੰਨਤ ਨੇ ਵੀ ਹਾਲੀਵੁੱਡ ਵਿਚ ਇਕ ਫਿਲਮ ਦਾ ਨਿਰਮਾਣ ਕੀਤਾ ਹੈ। ਜੀਨੀ ਦਾ ਤਾਂ ਕੋਈ ਥਹੁ-ਪਤਾ ਮਿਲਿਆ ਨਹੀਂ।

ਗਾਰਗੀ ਲਈ ਹਾਲਾਤ ਹੀ ਅਜਿਹੇ ਬਣ ਗਏ ਕਿ ਆਖਰ ਦਿੱਲੀ ਵਾਲਾ ਉਹ ਕੁਆਰਟਰ ਛੱਡਣਾ ਪੈ ਗਿਆ, ਜੋ ਉਹਦੇ ਲਈ ਜਿਉਂਦਾ-ਜਾਗਦਾ ਸਾਥੀ ਸੀ, ਉਹਦੀਆਂ ਲਿਖਤਾਂ ਵਿਚ ਅਕਸਰ ਹੀ ਪਾਤਰ ਬਣ ਕੇ ਆਇਆ ਸੀ, ਜਿਥੇ ਪੰਜਾਬੀ ਤੋਂ ਇਲਾਵਾ ਅਨੇਕ ਪ੍ਰਸਿੱਧ ਦੇਸੀ-ਪਰਦੇਸੀ ਸਾਹਿਤਕ-ਸਭਿਆਚਾਰਕ ਹਸਤੀਆਂ ਦੇ ਚਰਨ ਪਏ ਸਨ, ਜਿਥੇ ਅਣਗਿਣਤ ਸਾਹਿਤਕ ਮਹਿਫਲਾਂ ਸਜੀਆਂ ਸਨ ਤੇ ਅਨੇਕ ਨਾਟਕਾਂ ਦੀਆਂ ਰੀਹਰਸਲਾਂ ਹੋਈਆਂ ਸਨ ਅਤੇ ਜਿਸ ਦਾ ਜ਼ਿਕਰ ਗਾਰਗੀ ਦੀਆਂ ਲਿਖਤਾਂ ਤੇ ਗੱਲਾਂ ਵਿਚ ਇਉਂ ਹੁੰਦਾ ਸੀ ਜਿਵੇਂ ਦਿੱਲੀ ਵਿਚ ਸਿਰਫ ਦੋ ਇਮਾਰਤਾਂ ਹੀ ਮਹੱਤਵਪੂਰਨ ਹੋਣ, ਇਕ ਰਾਸ਼ਟਰਪਤੀ ਭਵਨ ਤੇ ਦੂਜਾ ਉਹਦਾ ਕੁਆਰਟਰ!

ਅਸਲ ਵਿਚ ਇਹ ਕੁਆਰਟਰ ਗਾਰਗੀ ਨੇ ਖਰੀਦਿਆ ਤਾਂ ਹੈ ਨਹੀਂ ਸੀ, ਬੱਸ ਇਸ ਉਤੇ ਏਨੇਂ ਚਿਰ ਤੋਂ ਉਹਦਾ ਰਿਹਾਇਸ਼ੀ ਕਬਜ਼ਾ ਸੀ ਕਿ ਮੁੱਦਤਾਂ ਤੋਂ ਉਹ ਕਿਰਾਇਆ ਦੇਣਾ ਵੀ ਵਾਜਬ ਨਹੀਂ ਸੀ ਸਮਝਦਾ। ਇਹ ਕਨਾਟ ਪਲੇਸ ਦੇ ਕਸਤੂਰਬਾ ਗਾਂਧੀ ਮਾਰਗ ਉਤੇ ਬਿੱਘਿਆਂ ਵਿਚ ਬਣੀਆਂ ਹੋਈਆਂ ਕੋਠੀਆਂ ਵਿਚੋਂ ਇਕ ਦੇ ਲੰਮੇ-ਚੌੜੇ ਪਿਛਲੇ ਵਿਹੜੇ ਦੇ ਪਿਛਵਾੜੇ ਨੌਕਰਾਂ ਲਈ ਬਣਾਇਆ ਗਿਆ ਰਸੋਈ, ਗੁਸਲਖਾਨੇ, ਕੰਮ-ਚਲਾਊ ਬਰਾਂਡੇ ਤੇ ਛੋਟੇ ਜਿਹੇ ਵਿਹੜੇ ਨਾਲ ਇਕ ਕਮਰਾ ਸੀ। ਚਾਰ-ਦੀਵਾਰੀ ਨੇ ਇਹਨੂੰ ਕੋਠੀ ਤੋਂ ਸੁਤੰਤਰ ਬਣਾਇਆ ਹੋਇਆ ਸੀ। ਕਿਸੇ ਜ਼ਮਾਨੇ ਵਿਚ ਇਹਨੂੰ ਕੋਠੀ ਨਾਲ ਜੋੜਨ ਵਾਲਾ ਜੋ ਬੂਹਾ ਹੁੰਦਾ ਹੋਵੇਗਾ, ਉਹ, ਜ਼ਾਹਿਰ ਹੈ, ਗਾਰਗੀ ਨੇ ਪਹਿਲਾਂ ਹੀ ਬੰਦ ਕਰ ਦਿੱਤਾ ਹੋਵੇਗਾ। ਇਹਦਾ ਬੂਹਾ ਪਿਛਲੇ ਪਾਸੇ ਛੋਟੀਆਂ ਛੋਟੀਆਂ ਦੁਕਾਨਾਂ, ਵਰਕਸ਼ਾਪਾਂ ਤੇ ਇਕ ਵੱਡੇ ਕੂੜੇਦਾਨ ਵੱਲ ਖੁਲ੍ਹਦਾ ਸੀ। ਗਾਰਗੀ ਨੇ ਉਸ ਉਤੇ ਸਭ ਬੂਹਿਆਂ ਨਾਲੋਂ ਵੱਖਰਾ, ਲੈਟਰ-ਬਾਕਸੀ ਲਾਲ ਰੰਗ ਕੀਤਾ ਹੋਇਆ ਸੀ। ਜਦੋਂ ਸ਼ਹਿਰੀ ਵਿਕਾਸ ਤੇ ਵਾਧੇ ਕਾਰਨ ਉਸ ਇਲਾਕੇ ਵਿਚ ਜ਼ਮੀਨ ਗਜ਼ ਤੇ ਫੇਰ ਫੁੱਟ ਦੀ ਥਾਂ ਇੰਚ ਦੇ ਲੱਖਾਂ ਦੇ ਭਾਅ ਹੋ ਗਈ ਅਤੇ ਕੋਠੀਆਂ ਢਾਹ ਕੇ ਵੀਹ-ਵੀਹ ਮੰਜ਼ਲੀਆਂ ਇਮਾਰਤਾਂ ਉਸਾਰੀਆਂ ਜਾਣ ਲੱਗੀਆਂ, ਗਾਰਗੀ ਵਾਲਾ ਕੁਆਰਟਰ ਰਾਹ ਦਾ ਰੋੜਾ ਬਣ ਗਿਆ। ਉਹਨੂੰ ਢਾਹਿਆਂ ਹੀ ਮਾਲਕ ਦੀ ਬਹੁਮੰਜ਼ਲੀ ਵਿਉਂਤ ਸੂਤ ਬੈਠਦੀ ਸੀ।

ਕੁਆਰਟਰ ਖਾਲੀ ਕਰਨ ਬਦਲੇ ਮੋਟੀ ਮਾਇਆ ਤੋਂ ਇਲਾਵਾ ਉਸਰਨ ਵਾਲੀ ਇਮਾਰਤ ਵਿਚ ਫਲੈਟ ਦੀ ਗਾਰਗੀ ਦੀ ਮੰਗ ਵਿਚੋਂ ਮਾਲਕ ਮਾਇਆ ਦੇਣੀ ਹੀ ਮੰਨਦਾ ਸੀ। ਸਾਲਾਂ ਦੇ ਲੰਮੇ ਰੇੜਕੇ ਮਗਰੋਂ ਮਾਲਕ ਨੇ ਜੁਗਤ ਚਲਾਈ ਅਤੇ ਆਪਣਾ ਇਕ ਆਦਮੀ ਗਾਹਕ ਬਣਾ ਕੇ ਭੇਜ ਦਿੱਤਾ। ਉਹ ਇਕ ਪਾਸੇ ਗਾਰਗੀ ਦੀ ਉਮਰ ਤੇ ਇਕੱਲ ਚਿਤਾਰਦਾ ਰਹਿੰਦਾ ਅਤੇ ਦੂਜੇ ਪਾਸੇ ਕੋਈ ਕਾਗ਼ਜ਼-ਪੱਤਰ, ਕੋਈ ਰਸੀਦ-ਪਰਚੀ ਨਾ ਹੋਣ ਦਾ ਉਹਦਾ ਕਮਜ਼ੋਰ ਕਾਨੂੰਨੀ ਪੱਖ ਦੁਹਰਾਉਂਦਾ ਰਹਿੰਦਾ। ਉਹ ਆਖਦਾ, "ਮਾਲਕ ਏਨੇਂ ਚਿਰ ਤੋਂ ਕਾਬੂ ਨਹੀਂ ਆਇਆ, ਅੱਗੇ ਨੂੰ ਵੀ ਨਹੀਂ ਆਉਣਾ। ਜਦੋਂ ਉਹਨੇ ਕੰਮ ਸ਼ੁਰੂ ਕਰਨਾ ਹੀ ਹੋਇਆ, ਪੈਸੇ ਦੇ ਜ਼ੋਰ ਚਾਰ ਬੰਦੇ ਭੇਜ ਕੇ ਜਾਂ ਕੋਈ ਹੋਰ ਢੰਗ-ਤਰੀਕਾ ਅਪਨਾ ਕੇ ਕੋਈ ਨਵੀਂ ਮੁਸੀਬਤ ਖੜ੍ਹੀ ਕਰੂ। ਬਜ਼ੁਰਗ ਹੋ, ਇਕੱਲੇ ਹੋ, ਕੀ ਪਤਾ ਕਿਹੜੇ ਵੇਲੇ ਕੀ ਲੋੜ ਪੈ ਜਾਵੇ, ਕੀ ਸੰਕਟ ਬਣ ਜਾਵੇ! ਇਨ੍ਹਾਂ ਝੰਜਟਾਂ ਨਾਲ ਨਿਬੜਨਾ ਕਿਤਾਬਾਂ ਲਿਖਣ ਜਿੰਨਾ ਸੌਖਾ ਨਹੀਂ। ਕਾਗਜ਼ ਨਾ ਪੱਤਰ, ਕਿਸੇ ਹੋਰ ਨੇ ਤਾਂ ਕੌਡੀਆਂ ਦੇ ਭਾਅ ਵੀ ਨਹੀਂ ਲੈਣਾ। ਝਗੜੇ ਵਾਲੇ ਮਕਾਨ ਖਰੀਦਣੇ-ਵੇਚਣੇ ਮੇਰਾ ਤਾਂ ਧੰਦਾ ਹੈ। ਕੋਈ ਕਾਗਜ਼-ਪੱਤਰ ਮੰਗੇ-ਲਏ ਤੋਂ ਬਿਨਾਂ ਮੂੰਹ-ਮੰਗੀ ਮਾਇਆ ਦੇ ਰਿਹਾ ਹਾਂ। ਲਉ ਤੇ ਪਾਰ ਬੋਲੋ। ਮਾਲਕ ਨਾਲ ਸੌਦੇਬਾਜ਼ੀ ਵਿਚ ਮੈਂ ਕਿੰਨੇ ਖਟਦਾ ਜਾਂ ਗੁਆਉਂਦਾ ਹਾਂ, ਇਹ ਮੇਰਾ ਨਸੀਬ!"

ਸਾਰੀ ਹਾਲਤ ਘੋਖਦਿਆਂ-ਪਰਖਦਿਆਂ ਗਾਹਕ ਦੀ ਗੱਲ ਗਾਰਗੀ ਨੂੰ ਜਚ ਗਈ। ਕੁਛ ਸਿਆਣੇ ਦੋਸਤਾਂ ਨੇ ਜਚਾ ਦਿੱਤੀ। ਆਖਰ ਸਾਡੇ ਪਿੰਡਾਂ ਦਾ ਮਹਾਜਨ-ਪੁੱਤ ਸੀ। ਉਹ ਦਸਦਾ ਸੀ ਕਿ ਮਾਂ ਨੇ ਚਾਰਾਂ ਪੁੱਤਾਂ ਨੂੰ ਡੇਰੇ ਵਾਲੇ ਸਾਧ ਆਤਮਾ ਨੰਦ ਸਾਹਮਣੇ ਖੜ੍ਹੇ ਕਰ ਕੇ ਪੁੱਛਿਆ ਸੀ, "ਮਹਾਰਾਜ, ਇਨ੍ਹਾਂ ਵਿਚੋਂ ਕਿਸ ਦੇ ਢਿੱਡ ਵਿਚ ਅੱਖਰ ਪੈਣਗੇ?" ਜਟਾਧਾਰੀ ਸਾਧ ਨੇ ਚਾਰਾਂ ਮੁੰਡਿਆਂ ਨੂੰ ਘੋਖਿਆ ਤੇ ਗਾਰਗੀ ਵੱਲ ਉਂਗਲ ਕਰ ਦਿੱਤੀ। ਉਹ ਲਿਖਦਾ ਹੈ, "ਜੇ ਸਾਧ ਦੀ ਉਂਗਲ ਕਿਸੇ ਦੂਜੇ ਉਤੇ ਟਿਕ ਜਾਂਦੀ ਤਾਂ ਬਲਵੰਤ ਗਾਰਗੀ ਹੁਣ ਲਾਲਾ ਬਲਵੰਤ ਰਾਏ ਐਂਡ ਸਨਜ਼ ਬਣ ਕੇ ਬਠਿੰਡੇ ਦੀ ਸੱਟਾ ਮੰਡੀ ਵਿਚ ਬੈਠਾ ਹੁੰਦਾ।" ਇਕ ਵਾਰ ਮੇਰੇ ਨਾਲ ਗੱਲਾਂ ਕਰਦਿਆਂ ਭਾਪਾ ਜੀ ਨੇ ਕਿਹਾ ਸੀ, "ਰਚਨਾ ਛਪਣ ਮਗਰੋਂ ਤਾਂ ਕਈ ਲੇਖਕ ਇੱਛਾ ਜਾਂ ਜਤਨ ਕਰਦੇ ਹਨ ਕਿ ਕੁਛ ਮਿਲ ਜਾਵੇ, ਪਰ ਬਲਵੰਤ ਇਕੋ ਪੰਜਾਬੀ ਲੇਖਕ ਹੈ ਜੋ ਰਚਨਾ ਕਰਨ ਤੋਂ ਪਹਿਲਾਂ ਜਾਣਦਾ ਹੁੰਦਾ ਹੈ ਕਿ ਉਹਨੂੰ ਕਿਥੇ ਛਪਵਾਉਣਾ ਹੈ ਤੇ ਉਥੋਂ ਕਿੰਨੇ ਪੈਸੇ ਲੈਣੇ ਹਨ ਤੇ ਕਿਵੇਂ ਲੈਣੇ ਹਨ!" ਗਾਹਕ ਦੀ ਗੱਲ ਸੁਣ-ਸਮਝ ਕੇ ਗਾਰਗੀ ਦੇ ਅੰਦਰਲਾ ਸਾਡੇ ਬਠਿੰਡੇ ਵਾਲਾ 'ਲਾਲਾ ਬਲਵੰਤ ਰਾਏ' ਜਾਗਿਆ ਤੇ ਮੋਟੀ ਮਾਇਆ ਬੋਝੇ ਪਾ ਕੇ ਉਹ ਉਥੋਂ ਤੁਰਦਾ ਬਣਿਆ।

ਕੁਛ ਚਿਰ ਕਿਰਾਏ ਦੀ ਕੋਠੀ ਲਈ, ਪਰ ਕਿਥੇ ਦਿੱਲੀ ਦੇ ਦਿਲ ਕਨਾਟ ਪਲੇਸ ਵਿਚ ਮੁਫ਼ਤ ਦੀ ਬਾਦਸ਼ਾਹੀ ਤੇ ਕਿਥੇ ਦੁਰੇਡੇ ਗਰੇਟਰ ਕੈਲਾਸ਼ ਵਿਚ ਹਰ ਮਹੀਨੇ ਨੋਟ ਗਿਣ ਕੇ ਦੇਣੇ! ਉਹ ਮਹਿਸੂਸ ਕਰਦਾ, ਜਿਵੇਂ ਉਹਨੂੰ ਉਹਦੀ ਆਪਣੀ ਜਨਮਜਾਤ ਮਿੱਟੀ ਵਿਚੋਂ ਪੁੱਟ ਕੇ ਓਪਰੀ ਧਰਤੀ ਵਿਚ ਗੱਡ ਦਿੱਤਾ ਗਿਆ ਹੋਵੇ ਜੋ ਉਹਦੀਆਂ ਜੜ੍ਹਾਂ ਨੂੰ ਰਾਸ ਨਾ ਆ ਰਹੀ ਹੋਵੇ, ਅਪਨਾ ਨਾ ਰਹੀ ਹੋਵੇ। ਆਦਿ-ਜੁਗਾਦੀ ਸੇਵਾਦਾਰ ਕਿਸ਼ੋਰੀ ਲਾਲ ਨੂੰ ਗੱਫਾ ਦੇ ਕੇ ਖੁਸ਼ ਖੁਸ਼ ਵਿਦਾ ਕੀਤਾ ਤੇ ਆਪ ਬੇਟੇ ਮੰਨੂ ਕੋਲ ਮੁੰਬਈ ਜਾਣ ਦੀ ਥਾਂ ਭਤੀਜੇ ਕੋਲ ਚੰਡੀਗੜ੍ਹ ਡੇਰੇ ਲਾ ਲਏ। ਮੇਰਾ ਲੱਖਣ ਹੈ ਕਿ ਇਹਦਾ ਇਕੋ-ਇਕ ਕਾਰਨ ਪੰਜਾਬ ਦੀ ਕਿਸੇ ਯੂਨੀਵਰਸਿਟੀ ਵਿਚ ਟਿਕਾਣਾ ਲੱਭਣਾ ਸੀ ਤੇ ਆਖਰ ਅਜਿਹਾ ਟਿਕਾਣਾ ਮਿਲ ਹੀ ਗਿਆ। ਪੰਜਾਬੀ ਯੂਨੀਵਰਸਿਟੀ ਨੇ ਉਹਨੂੰ ਪ੍ਰੋਫੈਸਰ ਆਫ ਐਮੀਨੈਂਸ ਲਾ ਕੇ ਮੋਟੀ ਤਨਖਾਹ ਵੀ ਬੰਨ੍ਹ ਦਿੱਤੀ ਤੇ ਨਿਵਾਸ ਦੀਆਂ ਕੁੰਜੀਆਂ ਵੀ ਸੌਂਪ ਦਿੱਤੀਆਂ। ਇਹ ਮਿਆਦ ਮੁੱਕਣ ਮਗਰੋਂ ਹੀ ਉਹ ਮੰਨੂ ਕੋਲ ਮੁੰਬਈ ਪਹੁੰਚਿਆ।



*ਜਿਸ ਨਹਿਰ ਕਿਨਾਰੇ ਜੰਮਿਆ-ਪਲਿਆ, ਉਸੇ ਵਿਚ ਵਿਲੀਨ!*

ਉਮਰ ਦੀ ਪੌਣੀ ਸਦੀ ਭੋਗ ਚੁੱਕਣ ਤੱਕ

*(ਬਾਕੀ ਅਗਲੇ ਸਫੇ 'ਤੇ)*

# ਟੈਟੂ ਅਤੇ ਸਿੱਖੀ ਨਾਲ ਖਿਲਵਾੜ ਦੀਆਂ ਗੱਲਾਂ

## ਕੀ ਮੈਂ ਝੂਠ ਬੋਲਿਐ...



ਸਵਰਨ ਸਿੰਘ ਟਹਿਣਾ
ਫੋਨ:91-98141-78883

ਜਦੋਂ ਵੀ ਖਬਰ ਪੜ੍ਹਦਾ, ਸੁਣਦਾ ਹਾਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿੱਖੀ ਦੇ ਪ੍ਰਤੀਕ ਚਿੰਨ੍ਹਾਂ ਦੀ ਦੁਰਵਰਤੋਂ ਕਰਨ ਵਾਲਿਆਂ ਨੂੰ ਬਾਜ਼ ਆਉਣ ਦੀ ਘੁਰਕੀ ਮਾਰੀ ਗਈ ਹੈ ਤਾਂ ਜ਼ਿਹਨ ਵਿਚ ਕਈ ਤਰ੍ਹਾਂ ਦੇ ਸਵਾਲ ਉਠਣ ਲੱਗਦੇ ਨੇ। ਬੇਹੱਦ ਆਸਥਾਵਾਨਾਂ ਨੂੰ ਹੋ ਸਕਦੈ ਇਹ ਸਵਾਲ ਚੰਗੇ ਨਾ ਵੀ ਲੱਗਣ, ਪਰ ਤਰਕ ਵਾਲੇ ਜ਼ਰੂਰ ਸੋਚਦੇ ਨੇ ਕਿ ਆਖਰ ਗੁੱਟ, ਪੱਟ, ਡੌਲੇ ਜਾਂ ਪਿੱਠ 'ਤੇ ਇਹ ਨਿਸ਼ਾਨ ਬਣਾਉਣ ਨਾਲ ਸਿੱਖੀ ਦੀ ਬੇਅਦਬੀ ਕਿਵੇਂ ਹੋ ਜਾਂਦੀ ਏ? ਕੋਈ ਸ਼ਰਾਰਤੀ ਅਨਸਰ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨਾਲ ਛੇੜਛਾੜ ਕਰ ਜਾਂਦਾ ਏ, ਕੋਈ ਸ਼੍ਰੋਮਣੀ ਕਮੇਟੀ ਮੈਂਬਰ ਦਾਰੂ ਦੀ ਲੋਰ ਵਿਚ ਫੜਿਆ ਜਾਂਦਾ ਏ, ਕੋਈ ਗੁਰੂ ਦੀ ਗੋਲਕ ਨਾਲ ਘਰ ਦਾ ਖਰਚਾ ਤੋਰੀ ਜਾਂਦਾ ਏ ਤੇ ਕੋਈ ਸਿੱਖੀ ਦੇ ਨਾਂ 'ਤੇ ਪਰਦੇ ਨਾਲ ਹੋਰ ਬੜਾ ਕੁਝ ਕਰੀ ਜਾਂਦਾ ਏ। ਸਵਾਲ ਹੈ, ਸਿੱਖੀ ਨੂੰ ਢਾਹ ਇਨ੍ਹਾਂ ਸਭ ਗੱਲਾਂ ਨਾਲ ਲੱਗਦੀ ਹੈ ਜਾਂ ਸਿਰਫ ਸਿੱਖੀ ਦੇ ਚਿੰਨ੍ਹਾਂ ਦੇ ਟੈਟੂ ਬਣਵਾਉਣ ਨਾਲ?

ਪਿਛੇ ਜਿਹੇ ਖਬਰ ਮਿਲੀ ਸੀ ਕਿ ਸ਼੍ਰੋਮਣੀ ਕਮੇਟੀ ਵਲੋਂ ਆਪਣੇ ਉਡਣ ਦਸਤੇ ਦੇ ਸਕੱਤਰ ਸਿੰਘ ਦੀ ਡਿਊਟੀ ਇਸ ਗੱਲ ਲਈ ਲਾਈ ਗਈ ਹੈ ਕਿਉਂਕਿ ਗੁਰੂ ਘਰ ਵਿਚ ਪੱਤਲਾਂ ਤੇ ਡੂੰਨਿਆਂ 'ਚ ਘਪਲੇਬਾਜ਼ੀ ਹੋਈ ਏ। ਖਬਰਾਂ ਵਿਚ ਇਹ ਵੀ ਆਇਆ ਕਿ ਨਵੇਂ ਟੈਂਡਰ ਨੂੰ ਨਜ਼ਰਅੰਦਾਜ਼ ਕਰਕੇ ਪੁਰਾਣੀ ਤਰੀਕ ਵਿਚ ਪਹਿਲੀ ਕੰਪਨੀ ਕੋਲੋਂ ਮਹਿੰਗੇ ਭਾਅ ਦੇ ਡੂੰਨੇ ਤੇ ਪੱਤਲਾਂ ਖਰੀਦੇ ਗਏ ਤੇ ਜਦੋਂ ਪਤਾ ਲੱਗਾ ਕਿ ਪੌਣੇ ਕੁ ਦੋ ਲੱਖ ਦਾ ਰਗੜਾ ਗੁਰੂ ਦੀ ਗੋਲਕ ਨੂੰ ਲੱਗ ਚੁੱਕੈ ਤਾਂ ਸ਼੍ਰੋਮਣੀ ਕਮੇਟੀ ਵਲੋਂ ਗੱਲ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ ਤੇ ਨਾਲ ਦੀ ਨਾਲ 'ਆਪਣੇ' ਨੂੰ ਇਸ ਗੱਲ ਦੀ ਪੜਚੋਲ ਕਰਨ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਗਈ।

ਸਿੱਖੀ ਦੇ ਨਾਂ 'ਤੇ ਅਸੀਂ ਇੰਨੇ ਜ਼ਿਆਦਾ ਭਾਵੁਕ ਤੇ ਉਲਾਰਵਾਦੀ ਹੋ ਜਾਂਦੇ ਹਾਂ ਕਿ ਕਈ ਵਾਰ ਤਹਿ ਤੱਕ ਪਹੁੰਚਣ ਦੀ ਥਾਂ ਸਿਰਫ ਪੇਤਲੀਆਂ ਗੱਲਾਂ ਕਰਦੇ ਰਹਿੰਦੇ ਹਾਂ। ਕਿਸੇ ਨੇ ਸਿੱਖੀ ਨੂੰ ਆਪਣੇ ਬਾਣੇ ਨਾਲ ਜੋੜ ਲਿਆ ਤੇ ਕਿਸੇ ਨੇ ਆਪਣੇ ਕਾਰੋਬਾਰ ਨਾਲ। ਮੀਟ ਦੀ ਵਰਤੋਂ ਕਰਨ ਵਾਲਾ ਕਹਿੰਦਾ ਹੈ ਕਿ ਗੁਰੂ ਸਾਹਿਬ ਨੇ ਆਖਿਆ ਹੀ ਨਹੀਂ ਕਿ ਇਹਦੀ ਵਰਤੋਂ ਦੀ ਮਨਾਹੀ ਏ ਤੇ ਨਾ ਖਾਣ ਵਾਲੇ ਆਖਦੇ ਨੇ ਕਿ ਗੁਰੂ ਸਾਹਿਬ ਨੇ ਕਿਹਾ ਕਿ ਜੀਵ ਦੀ ਜਾਨ ਲੈਣੀ ਮਹਾਂਪਾਪ ਹੈ। ਸਿੱਖੀ ਸਬੰਧੀ ਸਭ ਦੇ ਆਪੋ ਆਪਣੇ ਤਰਕ ਨੇ, ਪਰ ਇਸ ਗੱਲ ਬਾਬਤ ਕੋਈ ਨਹੀਂ ਸੋਚ ਰਿਹਾ ਕਿ ਗੁਰੂ ਗ੍ਰੰਥ ਸਾਹਿਬ ਵਿਚ ਜੋ ਦਰਜ ਏ, ਉਸ ਮੁਤਾਬਕ ਵੀ ਚੱਲ ਕੇ ਦੇਖ ਲਿਆ ਜਾਏ।



ਮੰਦਿਰਾ ਬੇਦੀ



ਨੀਰੂ ਬਾਜਵਾ

ਖੈਰ, ਤਾਜ਼ਾ ਮਾਮਲਾ ਮਸ਼ਹੂਰ ਅਦਾਕਾਰਾ ਮੰਦਿਰਾ ਬੇਦੀ ਨਾਲ ਜੁੜਿਆ ਹੋਇਆ ਹੈ। ਵੱਖ-ਵੱਖ ਥਾਂਵਾਂ 'ਤੇ ਮੰਦਿਰਾ ਖਿਲਾਫ ਮੀਟਿੰਗਾਂ ਹੋਈਆ ਨੇ ਕਿ ਉਸ ਨੇ ਆਪਣੀ ਪਿੱਠ ਦੇ ਉਪਰ ਗਰਦਨ ਦੇ ਪਿਛਲੇ ਹਿੱਸੇ ਕੋਲ 'ਇਕਓਂਕਾਰ' ਲਿਖਵਾ ਕੇ ਸਿੱਖਾਂ ਦੀਆਂ ਭਾਵਨਾਵਾਂ ਨਾਲ ਛੇੜਛਾੜ ਕੀਤੀ ਏ। ਉਸ ਖਿਲਾਫ਼ ਸਖ਼ਤ ਕਾਰਵਾਈ ਕਰਨ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਨੇ ਤੇ ਨਾਲ ਹੀ ਕਿਹਾ ਜਾ ਰਿਹੈ ਕਿ ਇਸ ਤੋਂ ਪਹਿਲਾਂ ਵੀ ਇਸ ਬੀਬੀ ਨੇ ਸਿੱਖੀ ਦੇ ਚਿੰਨ੍ਹ ਵਾਲਾ ਇਕ ਟੈਟੂ ਬਣਵਾਇਆ ਸੀ, ਪਰ ਜਦੋਂ ਅਕਾਲ ਤਖ਼ਤ ਸਾਹਿਬ ਵਲੋਂ ਇਤਰਾਜ਼ ਪ੍ਰਗਟਾਇਆ ਗਿਆ ਤਾਂ ਉਹਨੇ ਇਹ ਮਿਟਵਾ ਦਿੱਤਾ ਸੀ। ਹੁਣ ਉਹਨੇ ਫੇਰ ਉਹੀ ਕੰਮ ਕਰਕੇ ਸਿੱਖਾਂ ਦੀ ਗੈਰਤ ਨੂੰ ਲਲਕਾਰ ਛੱਡਿਐ।

ਹਾਲੇ ਬਹੁਤੇ ਹਫ਼ਤੇ ਨਹੀਂ ਗੁਜ਼ਰੇ, ਜਦੋਂ ਇਹੀ ਮਾਮਲਾ ਪੰਜਾਬੀ ਅਦਾਕਾਰਾ ਨੀਰੂ ਬਾਜਵਾ ਨਾਲ ਜੁੜਿਆ ਸੀ। ਉਸ ਨੇ ਆਪਣੀ ਇੱਕ ਬਾਂਹ 'ਤੇ 'ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰ ਧਰ ਤਲੀ ਗਲੀ ਮੋਰੀ ਆਉ' ਲਿਖਵਾ ਲਿਆ ਤੇ ਦੋਹਾਂ ਸਤਰਾਂ ਵਿਚਾਲੇ ਇਕ ਛੋਟੀ ਕ੍ਰਿਪਾਨ ਬਣਵਾ ਲਈ। ਜਥੇਦਾਰ ਗੁਰਬਚਨ ਸਿੰਘ ਸਮੇਤ ਕਈ ਸਿੱਖ ਸੰਸਥਾਵਾਂ ਨੂੰ ਇਸ ਗੱਲ 'ਤੇ ਇਤਰਾਜ਼ ਹੋਇਆ ਤੇ ਉਨ੍ਹਾਂ ਨੀਰੂ ਬਾਜਵਾ ਨੂੰ ਅਕਾਲ ਤਖਤ 'ਤੇ ਤਲਬ ਕਰਨ ਦੀ ਗੱਲ ਕੀਤੀ, ਪਰ ਬਾਅਦ ਵਿਚ ਇਕ ਖ਼ਤ ਜ਼ਰੀਏ ਨੀਰੂ ਨੇ ਮੁਆਫ਼ੀ ਮੰਗ ਲਈ ਤੇ ਮਾਮਲਾ ਠੰਢੇ ਬਸਤੇ ਵਿਚ ਪੈ ਗਿਆ।

ਇਸ ਤੋਂ ਪਹਿਲਾਂ 'ਸਨ ਆਫ਼ ਸਰਦਾਰ' ਫ਼ਿਲਮ ਨੂੰ ਸਿੱਖਾਂ ਦੇ ਹਰਖ ਕਾਰਨ ਹੀ ਆਰਥਿਕ ਲਾਭ ਮਿਲਿਆ ਸੀ। ਦਰਅਸਲ ਅਜੈ ਦੇਵਗਣ ਦੇ ਦਸਤਾਰ ਬੰਨ੍ਹੀ ਹੋਈ ਸੀ ਤੇ ਉਹਦੀ ਛਾਤੀ 'ਤੇ ਸ਼ਿਵਜੀ ਦਾ ਟੈਟੂ ਸੀ। ਸਿੱਖਾਂ ਨੇ ਇਤਰਾਜ਼ ਪ੍ਰਗਟਾਇਆ ਕਿ ਪੱਗ ਬੰਨ੍ਹ ਕੇ ਸ਼ਿਵਜੀ ਨਾਲ ਸਬੰਧ ਕਿਉਂ ਰੱਖਿਆ ਗਿਐ। ਉਦੋਂ ਕਈਆਂ ਆਖਿਆ ਸੀ ਕਿ ਸ਼ਿਵਜੀ ਦੀ ਥਾਂ 'ਇਕਓਂਕਾਰ' ਵੀ ਤਾਂ ਬਣਵਾਇਆ ਜਾ ਸਕਦਾ ਸੀ?

ਇਹ ਗੱਲ ਸੱਭੇ ਜਾਣਦੇ ਨੇ ਕਿ ਪੰਜਾਬ ਦੇ ਹਜ਼ਾਰਾਂ ਮੁੰਡੇ-ਕੁੜੀਆਂ ਨੇ ਆਪਣੇ ਸਰੀਰ ਦੇ ਵੱਖ-ਵੱਖ ਹਿੱਸਿਆਂ 'ਤੇ 'ਇਕਓਂਕਾਰ' ਖੁਣਵਾਇਆ ਹੋਇਐ। ਇਨ੍ਹਾਂ ਵਿਚ ਕਲਾਕਾਰ ਵੀ ਸ਼ਾਮਲ ਨੇ, ਕਬੱਡੀ ਖਿਡਾਰੀ ਵੀ, ਅਦਾਕਾਰ ਤੇ ਆਮ-ਖਾਸ ਲੋਕ ਵੀ। ਕਬੱਡੀ ਖਿਡਾਰੀਆਂ ਨੇ ਤਾਂ ਡੌਲਿਆਂ 'ਤੇ ਵੱਡੇ-ਵੱਡੇ ਖੰਡੇ ਬਣਵਾਏ ਹੋਏ ਨੇ ਤੇ ਉਨ੍ਹਾਂ ਦੇ ਦਰਸ਼ਨੀ ਸਰੀਰ ਦੇਖ ਕੇ ਮਾਣ ਹੁੰਦੈ। ਜ਼ਾਹਰ ਹੈ ਜਦੋਂ ਉਹ ਹੋਰਨਾਂ ਮੁਲਕਾਂ ਦੇ ਖਿਡਾਰੀਆਂ ਨਾਲ ਖੇਡਦੇ ਹੋਣਗੇ ਤਾਂ ਡੌਲੇ 'ਤੇ ਖੁਣਵਾਏ ਨਿਸ਼ਾਨ ਬਾਰੇ ਪੁੱਛੇ ਜਾਣ 'ਤੇ ਸਿੱਖ ਧਰਮ ਬਾਬਤ ਗੱਲਾਂ ਸਾਂਝੀਆਂ ਕਰਦੇ ਹੋਣਗੇ। ਜਦੋਂ ਇਹ ਚਰਚਾ ਤੁਰੇਗੀ ਤਾਂ ਆਪ ਦੱਸੋ ਕਿ ਸਿੱਖੀ ਦਾ ਨੁਕਸਾਨ ਹੋਏਗਾ ਕਿ ਲਾਭ?

ਮੰਦਿਰਾ ਬੇਦੀ ਜਾਂ ਨੀਰੂ ਬਾਜਵਾ ਵੀ ਪਹਿਲੀਆਂ ਹੀਰੋਇਨਾਂ ਨਹੀਂ, ਜਿਨ੍ਹਾਂ ਨੇ ਸਿੱਖੀ ਦੇ ਚਿੰਨ੍ਹਾਂ ਜਾਂ ਗੁਰਬਾਣੀ ਦੀਆਂ ਸਤਰਾਂ ਨੂੰ ਸਰੀਰ 'ਤੇ ਲਿਖਵਾਇਆ ਹੋਵੇ। ਦੋ ਕੁ ਹਫ਼ਤੇ ਪਹਿਲਾਂ ਮਨਪ੍ਰੀਤ ਨਾਂ ਦੀ ਇਕ ਹੋਰ ਉਭਰ ਰਹੀ ਅਦਾਕਾਰਾ ਬਾਰੇ ਇਹੀ ਰੌਲਾ ਪੈਣ ਲੱਗਾ ਸੀ। ਸੋਚਣ ਵਾਲੀ ਗੱਲ ਹੈ ਕਿ ਜਿਹੜੀ ਗੁਰਬਾਣੀ ਨੂੰ ਅਸੀਂ ਦਿਲ ਵਿਚ ਵਸਾ ਕੇ ਰੱਖਣ ਦੀ ਗੱਲ ਕਰਦੇ ਹਾਂ, ਜਿਸ ਬਾਰੇ ਕਹਿੰਦੇ ਹਾਂ ਕਿ ਇਸ ਦਾ ਇਕ-ਇਕ ਸਲੋਕ ਸਾਡੇ ਮਨ ਮੰਦਰ 'ਚ ਵਸਿਆ ਰਹਿਣਾ ਚਾਹੀਦਾ, ਉਸ ਦੀਆਂ ਸਤਰਾਂ ਜੇ ਸਰੀਰ 'ਤੇ ਉਕਰ ਗਈਆਂ ਤਾਂ ਇਹ ਕੋਈ ਬਹੁਤ ਵੱਡਾ ਗੁਨਾਹ ਨਹੀਂ ਸਮਝਿਆ ਜਾਣਾ ਚਾਹੀਦਾ। ਹਾਂ, ਇਹ ਜ਼ਰੂਰ ਹੈ ਕਿ ਸਬੰਧਤ ਚਿੰਨ੍ਹ ਜਾਂ ਸਤਰਾਂ ਸਰੀਰ ਦੇ ਕਿਹੜੇ ਹਿੱਸੇ 'ਤੇ ਲਿਖਵਾਈਆਂ ਗਈਆਂ ਹਨ? ਇਹ ਇਤਰਾਜ਼ ਤਾਂ ਵਾਜ਼ਬ ਹੈ ਕਿ ਇਨ੍ਹਾਂ ਹੀਰੋਇਨਾਂ ਵੱਲੋਂ ਗੁਰਬਾਣੀ ਦੇ ਚਿੰਨ੍ਹ ਪਿੱਠਾਂ ਜਾਂ ਬਾਹਾਂ 'ਤੇ ਲਿਖਵਾ ਕੇ ਫ਼ਿਲਮਾਂ, ਸੀਰੀਅਲਾਂ ਵਿਚ ਭੱਦੇ ਦ੍ਰਿਸ਼ ਕਿਉਂ ਕੀਤੇ ਜਾ ਰਹੇ ਨੇ, ਇਸ ਨਾਲ ਸਿੱਖੀ ਦੇ ਇਨ੍ਹਾਂ ਚਿੰਨ੍ਹਾਂ ਦੀ ਬੇਪੱਤੀ ਹੁੰਦੀ ਏ।

ਬਹੁਤ ਸਾਰੇ ਕਲਾਕਾਰ ਪਿਛਲੇ ਲੰਮੇ ਸਮੇਂ ਤੋਂ ਸਿੱਖੀ ਦੇ ਨਿਸ਼ਾਨ ਗ਼ਲ ਵਿਚ ਪਾ ਕੇ ਗਾਉਂਦੇ ਨੇ, ਬਹੁਤ ਸਾਰੇ ਕਲਾਕਾਰ ਸਿੱਖੀ ਦੀ ਸ਼ਾਨ ਦਸਤਾਰ ਸਜਾ ਕੇ ਬੀਚ 'ਤੇ ਅੱਧੋਂ ਵੱਧ ਨੰਗੀਆਂ ਕੁੜੀਆਂ ਦੇ ਜਿਸਮਾਂ 'ਤੇ ਹੱਥ ਫੇਰਦਿਆਂ ਗੰਦੇ ਗੀਤਾਂ 'ਤੇ ਮੂੰਹ ਹਿਲਾਉਂਦੇ ਦਿਸਦੇ ਨੇ, ਤੇ ਇਹ ਸਭ ਉਸ ਚੈਨਲ 'ਤੇ ਜ਼ਿਆਦਾ ਦਿਸਦੈ, ਜਿਸ 'ਤੇ ਸਵੇਰੇ ਸ਼ਾਮ ਕਈ-ਕਈ ਘੰਟੇ ਗੁਰਬਾਣੀ ਦਾ ਸਿੱਧਾ ਪ੍ਰਸਾਰਨ ਕੀਤਾ ਜਾਂਦੈ। ਆਖਰ ਸ਼੍ਰੋਮਣੀ ਕਮੇਟੀ ਇਨ੍ਹਾਂ ਸਾਰੀਆਂ ਗੱਲਾਂ ਨੂੰ ਅੱਖੋਂ ਪਰੋਖੇ ਕਿਉਂ ਕਰ ਜਾਂਦੀ ਏ?

ਅਸੀਂ ਉਨ੍ਹਾਂ ਲੋਕਾਂ ਦੀ ਵਕਾਲਤ ਨਹੀਂ ਕਰਦੇ, ਜਿਹੜੇ ਸਰੀਰ ਦੇ ਅੰਗਾਂ 'ਤੇ ਗੁਰਬਾਣੀ ਦੀਆਂ ਤੁਕਾਂ ਲਿਖਵਾਉਂਦੇ ਨੇ, ਸਗੋਂ ਇਹ ਲਿਖਣ ਦਾ ਸਾਡਾ ਮਕਸਦ ਸਿਰਫ਼ ਏਨਾ ਕੁ ਏ ਕਿ ਸਿੱਖੀ ਨਾਲ ਖਿਲਵਾੜ ਦੇ ਇਕ ਨਹੀਂ, ਸੈਂਕੜੇ ਮਾਮਲੇ ਨੇ। ਦਰਅਸਲ ਅੱਜ ਲੋੜ ਇਸ ਗੱਲ ਦੀ ਹੈ ਕਿ ਸਿੱਖੀ ਨੂੰ ਆਪਣੀ ਪਰਿਭਾਸ਼ਾ 'ਚ ਕੈਦ ਕਰਕੇ ਨਾ ਰੱਖੀਏ। ਕੋਈ ਇਨਸਾਨ ਬਿਨਾਂ ਬਾਣੇ ਤੋਂ ਸੱਚਾ ਸਿੱਖ ਵੀ ਹੋ ਸਕਦੈ ਤੇ ਬਥੇਰੇ ਸਿੱਖ ਅਜਿਹੇ ਵੀ ਹੋਣਗੇ ਜੋ ਬਾਣੇ ਵਿਚ ਵੀ ਸਧਾਰਨ ਲੋਕਾਂ ਵਾਂਗ ਸਭ ਕੁਝ ਕਰਦੇ ਨੇ। ਸਾਨੂੰ ਸਿੱਖ ਧਰਮ ਵਿਚ ਡੇਰਾਵਾਦ ਦੇ ਪ੍ਰਵੇਸ਼ ਦੇ ਕਾਰਨਾਂ ਬਾਬਤ ਵੀ ਜਾਣਕਾਰੀ ਹੈ ਤੇ ਸਿੱਖੀ ਦੀ ਸਰਵੋਤਮ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਸੱਤਾਧਾਰੀ ਧਿਰ ਦੇ ਥਾਪੜੇ ਦੀ ਵੀ। ਫਿਰ ਸਿਰਫ ਰੌਲਾ ਪਾਉਣ ਨਾਲ ਜਾਂ ਤਖਤਾਂ ਦੇ ਜਥੇਦਾਰਾਂ ਵੱਲੋਂ ਮੀਟਿੰਗਾਂ ਕਰਕੇ ਅਖਬਾਰਾਂ ਵਿਚ ਬਿਆਨ ਜਾਰੀ ਕਰਨ ਨਾਲ ਕਿਸੇ ਚੁਣੌਤੀ ਨੂੰ ਹੱਲ ਕਰਨ ਦੀ ਉਮੀਦ ਭਲਾ ਕਿਵੇਂ ਕੀਤੀ ਜਾ ਸਕਦੀ ਏ?

ਸਿੱਖਾਂ ਦੀ ਸ਼ਰਧਾ ਸਿਰਫ ਗੁਰੂ ਗ੍ਰੰਥ ਸਾਹਿਬ ਨੂੰ ਮੱਥਾ ਟੇਕਣ ਤੱਕ ਸੀਮਤ ਹੋ ਕੇ ਰਹਿ ਗਈ ਹੈ, ਜਦਕਿ ਚਾਹੀਦਾ ਇਹ ਹੈ ਕਿ ਮੱਥਾ ਭਾਵੇਂ ਘੱਟ ਟੇਕਿਆ ਜਾਵੇ ਪਰ ਉਸ ਵਿਚ ਦੱਸੀ ਜੀਵਨ ਜਾਚ ਨੂੰ ਅਮਲ ਵਿਚ ਲਿਆਂਦਾ ਜਾਵੇ। ਕਦੇ ਕੈਲੰਡਰਾਂ, ਕਦੇ ਟਕਸਾਲਾਂ ਤੇ ਵੰਨ-ਸੁਵੰਨੇ ਬਿਆਨਾਂ ਕਰਕੇ ਧੜਿਆਂ ਵਿਚ ਵੰਡੀ ਜਾ ਰਹੀ ਸਿੱਖ ਸੰਗਤ ਨੂੰ ਸਹੀ ਰਾਹ ਦਿਖਾਉਣਾ ਸਮੇਂ ਦੀ ਲੋੜ ਹੈ। ਜਿਹੜੇ ਲੋਕਾਂ ਨੂੰ ਟੈਟੂਆਂ 'ਤੇ ਇਤਰਾਜ਼ ਹੈ, ਉਹ ਇਹ ਕਿਉਂ ਭੁੱਲਦੇ ਨੇ ਕਿ ਬਹੁਤ ਸਾਰੀਆਂ ਅਖਬਾਰਾਂ ਵਲੋਂ ਹਰ ਰੋਜ਼ ਧਰਮ-ਕਰਮ ਨਾਲ ਸਬੰਧਤ ਲੇਖ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਸਮੇਤ ਪ੍ਰਕਾਸ਼ਤ ਕੀਤੇ ਜਾਂਦੇ ਨੇ, ਪਰ ਇਨ੍ਹਾਂ ਫੋਟੋਆਂ ਦੀ ਕਦਰ ਅਸੀਂ ਸਬੰਧਤ ਦਿਨ ਸ਼ਾਮ ਤੱਕ ਹੀ ਕਰਦੇ ਹਾਂ ਤੇ ਅਗਲੇ ਦਿਨ ਇਨ੍ਹਾਂ ਅਖਬਾਰਾਂ ਨੂੰ ਰੱਦੀ ਵਿਚ ਸੁੱਟ ਦਿੰਦੇ ਹਾਂ। ਕੀ ਇਸ ਤਰ੍ਹਾਂ ਸਿੱਖੀ ਨਾਲ ਖਿਲਵਾੜ ਨਹੀਂ ਹੁੰਦਾ? ਇਸ ਗੱਲ ਨੂੰ ਖੁੱਲ੍ਹੇ ਦਿਮਾਗ ਨਾਲ ਸੋਚਣ ਦੀ ਲੋੜ ਹੈ।

### ਸਲਾਮ ਤੇਰੇ ਸਿਦਕ ਨੂੰ

ਹੱਥ, ਪੈਰ ਸਭ ਕੁਝ ਤੰਦਰੁਸਤ ਹੋਣ ਦੇ ਬਾਵਜੂਦ ਵਿਹਲੀਆਂ ਖਾਣ ਦੇ ਚਾਹਵਾਨ ਗਿਣਤੀ ਤੋਂ ਬਾਹਰੇ ਹਨ। ਕਈ ਲੋਕ ਕੰਮ ਨੂੰ ਹੱਥ ਲਾ ਕੇ ਰਾਜ਼ੀ ਨਹੀਂ ਤੇ ਉਤੋਂ 'ਰੱਬ' ਨੂੰ ਦੋਸ਼ ਦੇਈ ਜਾਣਗੇ ਕਿ ਉਹਨੇ ਇਸ ਤਰ੍ਹਾਂ ਨਹੀਂ ਕੀਤਾ, ਉਸ ਤਰ੍ਹਾਂ ਨਹੀਂ ਕੀਤਾ। ਇਸ ਤਸਵੀਰ 'ਫੇਸਬੁਕ' 'ਤੇ ਦੇਖੀ ਤਾਂ ਇਸ ਸੱਜਣ ਦੇ ਸਿਦਕ ਨੂੰ ਸਲਾਮ ਕਰਨ ਨੂੰ ਮਨ ਕਰ ਆਇਆ। ਇਰਾਦੇ ਦਾ ਕਿੰਨਾ ਪੱਕਾ ਇਨਸਾਨ ਹੈ ਇਹ। ਬਾਹਾਂ ਨਾ ਹੁੰਦਿਆਂ ਕਿਸ ਤਰ੍ਹਾਂ ਕੰਮ ਵਿਚ ਮਗਨ ਹੈ ਤੇ ਉਹ ਕੰਮ ਕਰ ਰਿਹਾ ਏ, ਜੋ ਸਿਰਫ ਬਾਹਾਂ ਸਹਾਰੇ ਹੀ ਹੋ ਰਿਹੈ।



ਸਿਦਕ ਨੂੰ ਸਲਾਮ...

ਅਪੰਗਪੁਣੇ ਨੂੰ ਸਰਾਪ ਨਹੀਂ ਸਮਝਣਾ ਚਾਹੀਦਾ। ਜਾਣ-ਪਛਾਣ ਦੇ ਦਾਇਰੇ ਵਿਚ ਅਨੇਕਾਂ ਇਨਸਾਨ ਅਜਿਹੇ ਵੀ ਹਨ, ਜਿਨ੍ਹਾਂ ਦੇ ਹੌਸਲੇ ਦੀ ਉਡਾਣ ਉਨ੍ਹਾਂ ਨੂੰ ਅਪਾਹਜਪੁਣੇ ਦਾ ਅਹਿਸਾਸ ਨਹੀਂ ਕਰਾਉਂਦੀ ਤੇ ਬੜੇ ਅਜਿਹੇ ਹਨ, ਜਿਹੜੇ ਰਿਸ਼ਟ-ਪੁਸ਼ਟ ਹੁੰਦਿਆਂ ਸੋਚ ਪੱਖੋਂ ਅਪਾਹਜ ਹਨ। ਸਿਰਫ ਦ੍ਰਿੜਤਾ ਦੀ ਲੋੜ ਹੈ, ਕੰਮ ਕੋਈ ਵੀ ਔਖਾ ਨਹੀਂ।

# ਆਖਰ ਉਮਰ ਦੀ ਡੋਰ ਨੇ ਟੁੱਟ ਜਾਣਾ!

ਤੰਦਰੁਸਤ ਤੇ ਫੁਰਤੀਲਾ ਰਿਹਾ ਗਾਰਗੀ ਆਖਰ ਢਲਣ ਲੱਗ ਪਿਆ ਤੇ ਢਲਿਆ ਵੀ ਕੁਛ ਵਧੇਰੇ ਹੀ ਤੇਜ਼ੀ ਨਾਲ। ਉਹਦਾ ਭੁੱਲਣ-ਰੋਗ ਵਧਣ ਲੱਗਿਆ ਤੇ ਸਕੇ-ਸਨੇਹੀਆਂ ਨੂੰ ਪਛਾਣਨ ਵਿਚ ਉਹਨੂੰ ਮੁਸ਼ਕਿਲ ਹੋਣ ਲੱਗੀ। ਉਹਦੇ ਮੁੰਬਈ ਪੁੱਜਣ ਤੋਂ ਛੇਤੀ ਹੀ ਮਗਰੋਂ ਭਾਪਾ ਪ੍ਰੀਤਮ ਸਿੰਘ ਤੇ ਗੁਲਜ਼ਾਰ ਸਿੰਘ ਸੰਧੂ ਪੰਜਾਬੀ ਸਾਹਿਤ ਸਭਾ ਦਿੱਲੀ ਵੱਲੋਂ ਤਿੰਨ-ਸਾਲਾ ਫੈਲੋਸ਼ਿਪ ਭੇਟ ਕਰਨ ਗਏ। ਉਥੋਂ ਇਨ੍ਹਾਂ ਨੇ ਗੁਲਜ਼ਾਰ, ਸੁਖਬੀਰ, ਬੂਟਾ ਸਿੰਘ ਸ਼ਾਦ ਤੇ ਅਮਰੀਕ ਗਿੱਲ ਨੂੰ ਨਾਲ ਲੈ ਲਿਆ। ਗਾਰਗੀ ਬਿਖਰੀ ਹੋਈ ਸੁਰਤ ਨੂੰ ਕੁਛ ਕੁਛ ਇਕਾਗਰ ਕਰਨ ਵਿਚ ਸਫਲ ਹੋਇਆ ਤੇ ਇਨ੍ਹਾਂ ਸਭਨਾਂ ਨੂੰ ਪਛਾਣ ਕੇ ਜਜ਼ਬਾਤੀ ਹੋ ਗਿਆ। ਉਹਨੇ ਧੰਨਵਾਦੀ ਬੋਲ ਬੋਲਣ ਦਾ ਜਤਨ ਕੀਤਾ ਤੇ ਉਹ ਬੋਲਿਆ ਵੀ, ਜੋ ਕਾਫੀ ਹੱਦ ਤੱਕ ਸਭ ਦੇ ਸਮਝ ਵੀ ਆ ਗਏ।

ਦਸਦੇ ਹਨ ਕਿ ਉਹਦੀ ਇਸ ਅਵਸਥਾ ਦੇ ਦੋ ਸਾਲਾਂ ਵਿਚ ਮੰਨੂ ਨੇ, ਪਰਵਰਿਸ਼ ਉਤੇ ਅਮਰੀਕੀ ਪ੍ਰਭਾਵ ਦੇ ਬਾਵਜੂਦ, ਦਿਨ-ਰਾਤ ਇਕ ਕਰ ਕੇ ਉਹਦੀ ਜੋ ਸਾਂਭ-ਸੰਭਾਲ ਕੀਤੀ, ਉਹ ਯਕੀਨਨ ਪ੍ਰਸ਼ੰਸਾਯੋਗ ਸੀ। ਜਦੋਂ ਹਾਲਤ ਬਹੁਤੀ ਹੀ ਵਿਗੜ ਗਈ, ਉਹਨੇ ਡਾਕਟਰਾਂ ਤੋਂ ਪਿਤਾ ਨੂੰ ਜੀਵਨ-ਸਹਾਇਕ ਮਸ਼ੀਨੀ ਪ੍ਰਬੰਧ ਨਾਲ ਜੋੜਨ ਦੀ ਸਲਾਹ ਲਈ, ਪਰ ਉਨ੍ਹਾਂ ਦੀ ਰਾਇ ਸੀ ਕਿ ਉਮਰ ਨਾਲ ਸਰੀਰ ਜਿਸ ਅਵਸਥਾ ਨੂੰ ਪੁੱਜ ਚੁੱਕਿਆ ਹੈ, ਮਸ਼ੀਨਾਂ ਦਾ ਕਸ਼ਟਦਾਇਕ ਸਹਾਰਾ ਵੀ ਬੇਅਰਥ ਜੀਵਨ ਨੂੰ ਕੁਛ ਦਿਨ ਵਧਾ ਦੇਣ ਤੋਂ ਵੱਧ ਕੁਛ ਨਹੀਂ ਕਰ ਸਕੇਗਾ। ਉਨ੍ਹਾਂ ਨੇ ਸਲਾਹ ਦਿੱਤੀ ਕਿ ਹਸਪਤਾਲ ਦੇ ਓਪਰੇ ਮਾਹੌਲ ਦੀ ਥਾਂ ਘਰ ਦੇ ਸ਼ਾਂਤ ਮਾਹੌਲ ਵਿਚ ਸੇਵਾ ਕਰ ਕੇ ਇਨ੍ਹਾਂ ਨੂੰ ਚੈਨ ਨਾਲ ਸੁਆਸ ਪੂਰੇ ਕਰਨ ਦਿੱਤੇ ਜਾਣ। ਇਕ ਮਹੀਨਾ ਇਸ ਅਵਸਥਾ ਵਿਚ ਪਿਆ ਰਹਿ ਕੇ 87 ਸਾਲ ਦੀ ਉਮਰ ਭੋਗਣ ਪਿਛੋਂ ਉਹ ਮੰਨੂ ਦੇ ਹੱਥਾਂ ਵਿਚ ਪੂਰਾ ਹੋ ਗਿਆ।

ਉਹਦੀ ਇੱਛਾ ਸੀ ਕਿ ਸਸਕਾਰ ਉਹਦੀ ਕਰਮਭੂਮੀ ਤੇ ਕਲਮਭੂਮੀ ਦਿੱਲੀ ਵਿਚ ਹੋਵੇ ਅਤੇ ਫੁੱਲ ਬਠਿੰਡੇ ਵਾਲੀ ਨਹਿਰ 'ਚ ਪਾਏ ਜਾਣ। ਉਹਦੇ ਪ੍ਰਸਿੱਧ ਸ਼ਾਗਿਰਦ ਅਨੂਪਮ ਖੇਰ ਤੇ ਅਮਰੀਕ ਗਿੱਲ ਅਰਥੀ ਸਿੱਧੀ ਦਿੱਲੀ ਦੇ ਲੋਧੀ ਰੋਡ ਵਾਲੇ ਸ਼ਮਸ਼ਾਨਘਾਟ ਵਿਚ ਲੈ ਆਏ। ਮਗਰੋਂ ਪਿਤਾ ਦੇ ਅੰਤ ਦੀ ਖਬਰ ਸੁਣ ਕੇ ਆਈ ਜੰਨਤ ਅਤੇ ਮੰਨੂ ਬਠਿੰਡੇ ਦੇ ਮੁਹਤਬਰ ਬੰਦਿਆਂ ਦੀ ਹਾਜ਼ਰੀ ਵਿਚ ਉਹਦੀ ਇੱਛਾ ਅਨੁਸਾਰ ਫੁੱਲ ਉਸ ਨਹਿਰ ਵਿਚ ਤਾਰ ਆਏ ਜਿਸ ਦੇ ਕਿਨਾਰੇ ਦੇ ਪਿੰਡ ਸ਼ਹਿਣਾ ਵਿਚ ਉਹ ਜਨਮਿਆ ਸੀ ਤੇ ਕਿਨਾਰੇ ਦੇ ਸ਼ਹਿਰ ਬਠਿੰਡਾ ਵਿਚ ਉਹਦੀ ਚੜ੍ਹਦੀ ਉਮਰ ਲੰਘੀ ਸੀ।

ਛੋਟੇ-ਮੋਟੇ ਦਿਖਾਵਿਆਂ ਤੇ ਸਵੈ-ਪੇਸ਼ਕਾਰੀ ਦੇ ਜਤਨਾਂ ਦੇ ਬਾਵਜੂਦ ਉਹ ਪੁਰਖਲੂਸ ਤੇ ਨਿੱਘਾ ਮਨੁੱਖ ਸੀ। ਬੋਲੀ ਦਾ ਉਸਤਾਦ ਤੇ ਕਲਮ ਦਾ ਧਨੀ। ਇਸੇ ਕਰਕੇ ਅਜਿਹੇ ਛੋਟੇ ਦਿਖਾਵੇ ਤੇ ਜਤਨ ਉਹਦੀ ਵੱਡੀ ਸਾਹਿਤਕ-ਸਭਿਆਚਾਰਕ ਪ੍ਰਤਿਭਾ ਤੇ ਦੇਣ ਸਾਹਮਣੇ ਤੁੱਛ ਬਣ ਕੇ ਰਹਿ ਜਾਂਦੇ ਹਨ। ਜਾਣ ਵਾਲਾ ਕੋਈ ਲੇਖਕ ਸਾਹਿਤ-ਸਭਿਆਚਾਰ ਦੇ ਇਤਿਹਾਸ ਦੀ ਪੁਸਤਕ ਵਿਚ ਬਿੰਦੀ ਹੁੰਦਾ ਹੈ, ਕੋਈ ਕੌਮਾ, ਕੋਈ ਵਾਕ ਹੁੰਦਾ ਹੈ, ਕੋਈ ਪੈਰਾ, ਪਰ ਗਾਰਗੀ ਉਨ੍ਹਾਂ ਵਿਰਲੇ-ਟਾਂਵਿਆਂ ਵਿਚੋਂ ਸੀ ਜੋ ਪੂਰਾ ਕਾਂਡ ਰਚ ਕੇ ਜਾਂਦੇ ਹਨ। ਉਸ ਦਾ ਇਹ ਕਾਂਡ 22 ਅਪਰੈਲ 2003 ਨੂੰ ਪੂਰਨ ਵਿਸਰਾਮ-ਚਿੰਨ੍ਹ ਲੱਗਣ ਨਾਲ ਸੰਪੂਰਨ ਹੋ ਗਿਆ!

ਗਾਰਗੀ ਦੇ ਰਚਨਾਤਮਕ ਜੀਵਨ ਦੇ ਦਿੱਲੀ ਵਾਲੇ ਅਸਲ ਟਿਕਾਣੇ ਦਾ ਤਾਂ ਖੁਰਾਖੋਜ ਹੀ ਮਿਟ ਗਿਆ ਤੇ ਮੁੰਬਈ ਦਾ ਨਿਵਾਸ ਐਵੇਂ ਜੋਗੀ ਵਾਲਾ ਗੈਰਜਜ਼ਬਾਤੀ ਫੇਰਾ ਸੀ। ਹਾਂ, ਸ਼ਹਿਣੇ ਦਾ ਉਹ ਨਹਿਰੀ ਨਿਵਾਸ, ਜਿਸ ਵਿਚ ਉਹਦਾ ਜਨਮ ਹੋਇਆ ਸੀ, ਅਜੇ ਵੀ ਖੜ੍ਹਾ ਹੈ, ਭਾਵੇਂ ਕਿ ਸੜਕਾਂ ਤੇ ਆਵਾਜਾਈ ਦੇ ਸਾਧਨਾਂ ਕਾਰਨ ਹੁਣ ਬੇਲੋੜੀਆਂ ਹੋ ਗਈਆਂ ਤੇ ਅਣਵਰਤੀਆਂ ਪਈਆਂ ਪੰਜਾਬ ਦੀਆਂ ਹੋਰ ਸਭ ਨਹਿਰੀ ਇਮਾਰਤਾਂ ਵਾਂਗ ਇਹਦੀ ਹਾਲਤ ਵੀ ਪੂਰੀ ਤਰ੍ਹਾਂ ਖਸਤਾ ਹੋ ਚੁੱਕੀ ਹੈ। ਪਿੰਡ ਦੀ 'ਬਲਵੰਤ ਗਾਰਗੀ ਯਾਦਗਾਰੀ ਕਮੇਟੀ' ਨੇ ਪੰਜਾਬ ਸਰਕਾਰ ਤੋਂ ਵਾਰ ਵਾਰ ਮੰਗ ਕੀਤੀ ਹੈ ਕਿ ਜੇ ਉਹਨੇ ਆਪ ਕੁਛ ਨਹੀਂ ਕਰਨਾ, ਇਹਨੂੰ ਕਮੇਟੀ ਦੇ ਹਵਾਲੇ ਕਰ ਦੇਵੇ। ਪਰ ਕੋਈ ਸਿੱਟਾ ਨਹੀਂ ਨਿਕਲਿਆ। ਡਰ ਹੈ, ਕਿਤੇ ਪਹੁੰਚ ਵਾਲਿਆਂ ਨੂੰ ਵਿਕ ਰਹੀਆਂ ਹੋਰ ਨਹਿਰੀ ਇਮਾਰਤਾਂ ਵਾਂਗ ਇਹਦਾ ਵੀ ਕਿਸੇ ਦਿਨ ਇਹੋ ਹਸ਼ਰ ਨਾ ਹੋਵੇ! ਸਰਕਾਰ ਨੂੰ ਚਾਹੀਦਾ ਹੈ, ਇਹ ਸਿਰਫ ਨਹਿਰੀ ਨਿਵਾਸ ਹੀ ਕਮੇਟੀ ਦੇ ਹਵਾਲੇ ਨਾ ਕਰੇ, ਸਗੋਂ ਬਠਿੰਡੇ ਵਿਚ ਵੀ ਕਿਸੇ ਢੁਕਵੀਂ ਥਾਂ ਉਹਦੀ ਅਜਿਹੀ ਯਾਦਗਾਰ ਬਣਾਵੇ ਜੋ ਸਾਹਿਤਕ-ਸਭਿਆਚਾਰਕ ਸਰਗਰਮੀਆਂ ਦਾ ਕੇਂਦਰ ਬਣ ਸਕੇ।

(ਸਮਾਪਤ)

## ਕਵਿਤਾ

### ਨਵੀਂ ਕਤਾਰ

ਧਰਮ ਦੇ ਨਾਂ 'ਤੇ ਲੋਟੂ ਟੋਲੇ,
ਭਾਵਨਾਵਾਂ ਦਾ ਕਰਨ ਵਪਾਰ।
ਕੁਦਰਤ ਨੂੰ ਜੋ ਜਾਣ ਸਕੇ ਨਾ,
ਰੱਬ ਦੇ ਬਣਦੇ ਠੇਕੇਦਾਰ।
ਪੂਜਾ, ਮੰਤਰ, ਜੋਤਿਸ਼, ਤੰਤਰ,
ਸੱਚ ਨਾਲ ਨੇ ਖਾਂਦੇ ਖਾਰ।
ਕੁਦਰਤ ਨੂੰ ਇਹ ਜਿੱਤਣਾ ਦੱਸਣ,
ਕਰਮ-ਕਾਂਡ ਦਾ ਲੈ ਹਥਿਆਰ।
ਭੂਤ-ਭਵਿੱਖ ਨੂੰ ਜਾਨਣ ਦੇ ਜੋ,
ਕਰਦੇ ਦਾਅਵੇ ਬੇ-ਸ਼ੁਮਾਰ।
ਦੁਨੀਆਂ ਨੂੰ ਦੱਸ ਸਕੇ ਨਾ ਕੁਝ ਵੀ,
ਜਦ ਜਦ ਕੁਦਰਤ ਮਾਰੀ ਮਾਰ।
ਗਿਆਨ-ਵਿਹੂਣੀ ਅੰਨੀ ਸ਼ਰਧਾ,
ਸਭ ਕੁਝ ਜਲਦੀ ਦਵੇ ਵਿਸਾਰ।
ਅੰਧ-ਵਿਸ਼ਵਾਸੀ ਡੇਰਿਆਂ ਅੱਗੇ,
ਫਿਰ ਬਣ ਜਾਂਦੀ ਨਵੀਂ ਕਤਾਰ।

-ਡਾ. ਗੁਰਮੀਤ ਸਿੰਘ ਬਰਸਾਲ

## ਕਹਾਣੀ

# ਭੂਆ

*ਪੰਜਾਬੀ ਨਾਵਲ ਦੇ ਪਿਤਾਮਾ ਨਾਨਕ ਸਿੰਘ ਦੇ 116ਵੇਂ ਜਨਮ ਦਿਨ ਮੌਕੇ ਅਸੀਂ ਪਿਛਲੇ ਅੰਕ ਵਿਚ ਮਾਸਟਰ ਜਸਵੰਤ ਸਿੰਘ ਸੰਧੂ ਦਾ ਲੇਖ ਪਾਠਕਾਂ ਨਾਲ ਸਾਂਝ ਕੀਤਾ ਸੀ। ਇਸ ਵਾਰ ਨਾਨਕ ਸਿੰਘ ਹੁਰਾਂ ਦੀ ਸ਼ਾਹਕਾਰ ਕਹਾਣੀ 'ਭੂਆ' ਛਾਪ ਰਹੇ ਹਾਂ। ਇਹ ਕਹਾਣੀ ਪੰਜਾਬ ਵਿਚ ਜੰਮਪਲ ਕੇ ਵੱਡੀ ਹੋਈ ਪੀੜ੍ਹੀ ਵਿਚੋਂ ਬਹੁਤਿਆਂ ਨੇ ਪੜ੍ਹੀ ਹੋਵੇਗੀ। ਇਸ ਕਹਾਣੀ ਵਿਚ ਉਸ ਪੁਰਾਣੇ ਪੰਜਾਬ ਅਤੇ ਉਸ ਪੰਜਾਬ ਵਿਚ ਵੱਸਦੇ ਬਾਸ਼ਿੰਦਿਆਂ ਦੇ ਦੀਦਾਰ ਹੁੰਦੇ ਹਨ, ਜੋ ਹੁਣ ਸ਼ਾਇਦ ਬਹੁਤ ਪਿਛਾਂਹ ਛੁੱਟ ਗਿਆ ਹੈ। ਕਹਾਣੀ ਵਿਚੋਂ ਲੰਘਦਿਆਂ ਮਹਿਸੂਸ ਹੁੰਦਾ ਹੈ ਕਿ ਰਿਸ਼ਤਿਆਂ ਦੀਆਂ ਉਹ ਪੀਡੀਆਂ ਗੰਢਾਂ ਕਿਵੇਂ ਹੌਲੀ ਹੌਲੀ ਖੁੱਲ੍ਹਦੀਆਂ ਖੁੱਲ੍ਹਦੀਆਂ ਆਖਰਕਾਰ ਖੁੱਲ੍ਹ ਹੀ ਗਈਆਂ ਹਨ। ਕਹਾਣੀ ਦਾ ਪੁਰਾਣਾ ਰੰਗ ਕਾਇਮ ਰੱਖਣ ਖਾਤਰ ਸ਼ਬਦ ਜਿਉਂ ਦੇ ਤਿਉਂ ਰਹਿਣ ਦਿੱਤੇ ਗਏ ਹਨ। -ਸੰਪਾਦਕ*

ਭੂਆ ਨੂੰ ਮਿਲਿਆਂ ਦਸਾਂ ਤੋਂ ਵਧੀਕ ਵਰ੍ਹੇ ਬੀਤ ਸਨ। ਮੇਰੇ ਵੱਡੇ ਵਡੇਰਿਆਂ 'ਚੋਂ ਇਹੋ ਇਕ ਨਾਉਂ ਲੈਣ ਜੋਗੀ ਪੁਰਾਣੀ ਮੁੱਢੀ ਬਾਕੀ ਸੀ। ਅੱਜ ਵੀ ਉਨ੍ਹਾਂ ਦੀ ਸੁਪਨੇ ਵਾਂਗ ਮਾੜੀ ਜਿਹੀ ਯਾਦ ਬਾਕੀ ਹੈ, ਜਦ ਨਿੱਕੇ ਹੁੰਦਿਆਂ ਭੂਆ ਮੈਨੂੰ ਉਂਗਲੀ ਲਾ ਕੇ, ਪਿਆਰ ਪੁਚਕਾਰ ਕੇ ਸਕੂਲ ਛੱਡਣ ਜਾਂਦੀ ਹੁੰਦੀ ਸੀ, ਤੇ ਅੱਧੀ ਛੁੱਟੀ ਵੇਲੇ ਮੇਰੇ ਲਈ ਮਲਾਈ ਵਾਲੇ ਦੁੱਧ ਦਾ ਕੌਲ ਲਿਆਇਆ ਕਰਦੀ ਸੀ।

ਏਸ ਗੱਲ ਨੂੰ ਤੀਹ ਪੈਂਤੀ ਵਰ੍ਹੇ ਹੋ ਗਏ ਹੋਣੇ ਨੇ। ਇਕ ਇਕ ਕਰ ਕੇ ਸਾਰੇ ਉਹ, ਜਿਹੜੇ

### ਨਾਨਕ ਸਿੰਘ

ਮੈਨੂੰ ਕਾਕਾ, ਪੁੱਤਰ ਆਖਣ ਦਾ ਅਧਿਕਾਰ ਰੱਖਦੇ ਸਨ, ਮੌਤ ਦਾ ਖਾਜਾ ਬਣ ਚੁਕੇ ਸਨ, ਪਰ ਮੇਰੀ ਭੂਆ ਅਜੇ ਕੰਧੀ ਉਤੇ ਰੁਖੜਾ ਬਣੀ ਰਹੀ।

ਹਾਂ, ਤੇ ਮੈਂ ਐਤਕੀਂ ਜਦ ਆਪਣੇ ਇਕ ਰਿਸ਼ਤੇਦਾਰ ਦੇ ਮੁੰਡੇ ਦੀ ਸ਼ਾਦੀ 'ਤੇ ਗਿਆ ਤਾਂ ਭੂਆ ਨੂੰ ਮਿਲਣ ਦੀ ਖਾਹਿਸ਼ ਨੂੰ ਮੈਂ ਰੋਕ ਨਾ ਸਕਿਆ, ਭਾਵੇਂ ਕੱਚੀ ਸੜਕੇ ਪੂਰੇ ਪੰਜ ਮੀਲ ਜਾਂਦਿਆਂ ਤੇ ਏਨੇ ਹੀ ਆਉਂਦਿਆਂ ਮੈਨੂੰ ਕੱਢਣੇ ਪੈਂਦੇ ਸਨ।

ਗਰਮੀ ਦੀ ਰੁੱਤ ਤੇ ਪੇਂਡੂ ਵਿਆਹ। ਸ਼ਹਿਰ ਵਿਚ ਰਹਿਣ ਵਾਲੇ ਬੰਦੇ ਨੂੰ ਜੇ ਦੋ ਚਾਰ ਡੰਗ ਅਜਿਹੇ ਵਿਆਹਾਂ ਦੀ ਰੋਟੀ ਖਾਣੀ ਪੈ ਜਾਵੇ, ਤਾਂ ਚਾਰ ਚੌਂਕੇ ਸੋਲ੍ਹਾਂ ਡੰਗ ਹਾਜ਼ਮੇ ਦੇ ਚੂਰਨ ਤੇ ਫੱਕੀਆਂ ਵਰਤੇ ਬਿਨਾਂ ਖਲਾਸੀ ਨਹੀਂ ਹੁੰਦੀ।

ਚਹੁੰ ਡੰਗਾਂ ਵਿਚ ਹੀ ਕਚਘਰੜ ਪੂਰੀਆਂ ਤੇ ਹੋਰ ਇਹੋ ਜਿਹੇ ਨਿਕ ਸੁਕ ਤੋਂ ਦਿਲ ਭਰ ਗਿਆ। ਜਾਪਣ ਲੱਗਾ ਜਿਵੇਂ ਤਵੇ ਦੇ ਫੁਲਕੇ ਖਾਧਿਆਂ ਜੁਗ ਹੀ ਬੀਤ ਗਿਆ ਹੈ। ਬਥੇਰੀ ਕੋਸ਼ਿਸ਼ ਕੀਤੀ ਕਿ ਹੋਰ ਨਹੀਂ ਤਾਂ ਹਿਕ ਅੱਧ ਡੰਗ ਹੀ ਪੂਰੀਆਂ ਤੋਂ ਛੁਟਕਾਰਾ ਮਿਲੇ, ਕਿਤੋਂ ਦੋ ਫੁਲਕੇ ਤੇ ਦਾਲ ਮਿਲ ਸਕਣ, ਪਰ ਅਜਿਹਾ ਹੋਣਾ ਤਾਂ ਧੇਤਿਆਂ ਦੀ ਨੱਕ-ਵੱਢੀ ਹੋਣ ਦੇ ਬਰਾਬਰ ਸੀ।

ਸ਼ੁਕਰ ਸ਼ੁਕਰ ਕਰ ਕੇ ਦੋ ਰਾਤਾਂ ਕੱਟੀਆਂ ਤੇ ਤੀਜੇ ਦਿਨ ਮੈਂ ਜਾਂਵੀਆਂ ਪਾਸੋਂ ਮਸੇ ਮਸੇ ਖਹਿੜਾ ਛੁਡਾ ਕੇ ਭੂਆ ਦੇ ਪਿੰਡ ਤੁਰ ਪਿਆ। ਮੈਨੂੰ ਯਾਦ ਸੀ, ਨਿੱਕੇ ਹੁੰਦਿਆਂ ਮੇਰੀ ਭੂਆ ਪਤਲੇ ਫੁਲਕੇ ਚੁੱਲ੍ਹੇ ਵਿਚ ਫੁਲਾ ਕੇ ਕਿੱਡੇ ਪਿਆਰ ਨਾਲ ਖੁਆਇਆ ਕਰਦੀ ਸੀ।

ਸਵਾਰੀ ਦਾ ਕੋਈ ਪ੍ਰਬੰਧ ਨਾ ਹੋ ਸਕਿਆ। ਦੁਪਹਿਰਾਂ ਦਾ ਤੁਰਿਆ ਮੈਂ ਸਾਰੇ ਰਾਹ ਘੱਟਾ ਫੱਕਦਾ ਕਿਤੇ ਪੈਲੀਆਂ ਵਿਚੋਂ, ਤੇ ਕਿਤੇ ਸੜਕੇ ਸੜਕ, ਸੋਤੇ ਪਏ ਭੂਆ ਦੇ ਪਿੰਡ ਪੁੱਜਾ। ਜਾਨ ਵਿਚ ਜਾਨ ਆਈ।

ਜਾਂਦਿਆਂ ਹੀ ਬੜੀ ਗਰਮਜੋਸ਼ੀ ਨਾਲ ਮੈਂ ਭੂਆ ਨੂੰ ਪੈਰੀਂ ਪੈਣਾ ਕੀਤਾ। ਉਸ ਨੇ ਜੀਊਂ ਆਇਆਂ ਸਦਕੇ ਆਇਆਂ, ਆਖਦਿਆਂ ਹੋਇਆਂ ਮੇਰੀ ਪਿੱਠ ਪਲੋਸੀ, ਪਰ ਇਸ ਵਿਚੋਂ ਮੈਨੂੰ ਭੂਆ ਦੇ ਪਿਆਰ ਦਾ ਨਿੱਘ ਨਾ ਲੱਭਿਆ। ਅਸਲ ਗੱਲ ਇਹ ਸੀ ਕਿ ਭੂਆ ਨੇ ਮੈਨੂੰ ਪਛਾਤਾ ਹੀ ਨਹੀਂ ਸੀ, ਉਸ ਨੂੰ ਅੰਧਰਾਤੇ ਦੀ ਕਸਰ ਸੀ।

ਜਦ ਉਸ ਦੇ "ਕਾਕਾ ਕਿਥੋਂ ਏਂ ਤੂੰ?" ਦੇ ਉਤਰ ਵਿਚ ਮੈਂ ਆਪਣਾ ਨਾਂ ਦੱਸਿਆ ਤਾਂ ਸਾਰੀ ਦੀ ਸਾਰੀ ਭੂਆ ਮੇਰੇ ਦੁਆਲੇ ਲਿਪਟ ਗਈ। ਚੁੰਮ ਚੁੰਮ ਕੇ ਉਸ ਨੇ ਮੇਰਾ ਮੂੰਹ ਗਿੱਲਾ ਕਰ ਛੱਡਿਆ ਤੇ ਉਚੀ ਦੇ ਕੇ ਪੁਕਾਰ ਉਠੀ, "ਨੀ ਚੰਨਣ ਕੌਰੇ! ਕੁੜੇ ਆਈਂ ਨੀ ਭੱਜ ਕੇ। ਨੀ ਮੇਰਾ...ਸਿੰਘ ਆਇਆ ਈ ਸੁੱਖ ਨਾਲ। ਵੇ ਮੁੰਡਿਓ ਕੁੜੀਓ! ਤੁਹਾਡਾ ਤਾਇਆ ਆਇਆ ਜੇ।"

ਉਸ ਦੀ ਨੂੰਹ ਭੱਜੀ ਆਈ। ਭੂਆ ਦੇ ਪੋਤ੍ਰਿਆਂ ਪੋਤ੍ਰੀਆਂ ਨੇ ਆਉਂਦਿਆਂ ਹੀ ਮੇਰੇ ਦੁਆਲੇ ਘੇਰਾ ਘੱਤ ਲਿਆ। ਬਾਲਾਂ ਵਿਚੋਂ ਭਾਵੇਂ ਕਿਸੇ ਨੇ ਵੀ ਇਸ ਤੋਂ ਪਹਿਲਾਂ ਮੇਰੀ ਸ਼ਕਲ ਨਹੀਂ ਸੀ ਵੇਖੀ, ਪਰ ਦਾਦੀ ਦੀ ਗਵਾਹੀ "ਤੁਹਾਡਾ ਤਾਇਆ..." ਹੀ ਉਨ੍ਹਾਂ ਲਈ ਕਾਫ਼ੀ ਸੀ।

ਭੂਆ ਦੀ ਨੂੰਹ ਮੈਥੋਂ ਛੋਟੇ ਥਾਂ ਸੀ, ਘੁੰਡ ਚੁੱਕਣ ਤੇ ਬੋਲਣ ਚਾਲਣ ਦੀ ਦਲੇਰੀ ਉਹ ਨਾ ਕਰ ਸਕੀ।

ਮੈਂ ਪੀਹੜੀ 'ਤੇ ਬੈਠਾ ਸਾਂ, ਭੂਆ ਭੁੰਜੇ ਬੈਠੀ ਦੁਹਾਂ ਹੱਥਾਂ ਨਾਲ ਮੇਰੀ ਪਿੱਠ, ਮੇਰਾ ਸਿਰ, ਮੇਰਾ ਮੂੰਹ ਮੱਥਾ ਪਿਆਰਦੀ ਹੋਈ ਮੇਰੇ ਘਰ ਬਾਰ ਦੀ, ਮੇਰੇ ਬਾਲਾਂ, ਮੇਰੀ ਘਰ ਵਾਲੀ ਦੀ ਸੁਖ ਸਾਂਦ ਪੁੱਛ ਰਹੀ ਸੀ ਤੇ ਮੇਰੀ ਵੱਲੋਂ ਸਿਰਫ ਇਕੋ ਉਤਰ ਘੜੀ ਮੁੜੀ ਦੁਹਰਾਇਆ ਜਾ ਰਿਹਾ ਸੀ, "ਹਾਂ ਜੀ, ਆਹੋ ਜੀ, ਜੀ।" ਮੈਂ ਉਸ ਵੇਲੇ ਸੱਚ ਮੁੱਚ ਆਪਣੇ ਆਪ ਨੂੰ ਦਾਹੜੀ ਵਾਲਾ ਕਾਕਾ ਅਨੁਭਵ ਕਰ ਰਿਹਾ ਸਾਂ।

"ਤੇ ਕੁੜੇ ਉਠ ਕੇ ਰੋਟੀ ਟੁਕ ਦਾ ਆਹਰ ਕਰ। ਮੁੰਡਾ ਵੱਡੇ ਵੇਲੇ ਦਾ ਭੁੱਖਾ ਭਾਣਾ ਹੋਵੇਗਾ।" ਕਹਿ ਕੇ ਭੂਆ ਨੇ ਨੂੰਹ ਨੂੰ ਰਸੋਈ ਵੱਲ ਨਸਾਇਆ। ਮੈਂ ਬਥੇਰੀ ਉਜ਼ਰਦਾਰੀ ਕੀਤੀ, ਪਰ ਉਥੇ ਸੁਣਾਈ ਕਾਹਨੂੰ ਹੋਣੀ ਸੀ।

ਭੁੱਖ ਮੈਨੂੰ ਉੱਕਾ ਨਹੀਂ ਸੀ, ਸਗੋਂ ਦੁਪਹਿਰੇ ਜਿਹੜੀ ਜੰਞ ਵਿਦੈਗੀ ਵੇਲੇ ਰੋਟੀ ਤੇ ਉਸ ਤੋਂ ਬਾਅਦ ਕੁਝ ਮਠਿਆਈ ਖਾਣੀ ਪਈ ਸੀ, ਉਸ ਨਾਲ ਤਬੀਅਤ ਦਿਕ ਹੋ ਗਈ ਸੀ। ਮੈਂ ਦਿਲ ਨਾਲ ਫੈਸਲਾ ਕੀਤਾ ਸੀ ਕਿ ਰਾਤੀਂ ਕੁਝ ਨਹੀਂ ਖਾਵਾਂਗਾ। ਅਜੇ ਤੱਕ ਡਕਾਰ ਆ ਰਹੇ ਸਨ।

"ਓ ਮੇਰਿਆ ਰੱਬਾ" ਮੇਰੇ ਅੰਦਰੋਂ ਡਰ ਭਰੀ ਆਵਾਜ਼ ਨਿਕਲੀ, ਜਦ ਕੁਝ ਚਿਰ ਬਾਅਦ ਮੈਂ ਆਪਣੇ ਅੱਗੇ ਇਕ ਨੱਕੋ ਨੱਕ ਪਰੋਸਿਆ ਥਾਲ ਵੇਖਿਆ, ਚੱਕੀ ਦੇ ਪੁੜ ਜਿੱਡੇ ਦੋ ਪਰੌਂਠੇ ਜਿਨ੍ਹਾਂ ਵਿਚੋਂ ਘਿਉ ਵਗ ਵਗ ਕੇ ਥਾਲ ਦੇ ਉਸ ਹਿੱਸੇ ਵਿਚ ਰਲ ਰਿਹਾ ਸੀ ਜਿਥੇ ਮੋਟੀਆਂ ਮੋਟੀਆਂ ਸੇਵੀਆਂ ਦਾ ਇਕ ਤਕੜਾ ਅੰਬਾਰ ਉਸਰਿਆ ਸੀ, ਤੇ ਜਿਸ ਉਤੇ ਬੁੱਕ ਸਾਰੀ ਸ਼ੱਕਰ ਦੀ ਤਹਿ ਵਿਛੀ ਹੋਈ ਸੀ।

ਮੈਂ ਸਹਿਮੀ ਨਜ਼ਰ ਨਾਲ ਕਦੇ ਥਾਲ ਵੱਲ ਵੇਖਾਂ ਤੇ ਕਦੇ ਆਪਣੇ ਢਿੱਡ ਵੱਲ। "ਮੂਸਾ ਮੌਤੋਂ ਭੱਜਿਆ, ਅੱਗੋਂ ਮੌਤ ਖੜੀ" ਵਾਲੀ ਗੱਲ ਬਣੀ।

ਭਰਜਾਈ ਨੂੰ ਤੇ ਮੈਂ ਸੰਗ ਦੇ ਮਾਰੇ ਕੁਝ ਆਖ ਨਹੀਂ ਸਾਂ ਸਕਦਾ, ਤੇ ਭੂਆ ਨੂੰ ਏਸ ਬਾਬਤ ਕੁਝ ਕਹਿਣਾ, ਨਾ ਕਹਿਣਾ ਇਕੋ ਜਿਹਾ ਸੀ।

ਭੂਆ ਅੱਗੇ ਮੈਂ ਬਥੇਰੇ ਵਾਸਤੇ ਪਾਵਾਂ, "ਭੂਆ ਜੀ, ਮੈਨੂੰ ਇਕ ਗਰਾਹੀ ਦੀ ਵੀ ਭੁੱਖ ਨਹੀਂ, ਮੈਂ ਅੱਗੇ ਹੀ ਜੰਞ ਦੀ ਰੋਟੀ ਖਾਣ ਕਰ ਕੇ ਔਖਾ ਹਾਂ...", ਪਰ ਬਿਨਾਂ ਮੇਰੀ ਕਿਸੇ ਗੱਲ ਵੱਲ ਧਿਆਨ ਦਿੱਤਿਆਂ ਭੂਆ ਆਪਣੀਆਂ ਹੀ ਵਾਹੀ ਜਾਵੇ, "ਭਲਾ ਕਾਕਾ, ਇਹ ਹੈ ਕੀ ਏ, ਹੌਲੇ ਹੌਲੇ ਤੇ ਫੁਲਕੇ ਨੇ। ਖਾ ਲੈ, ਖਾ ਲੈ ਮਾਂ ਸਦਕੇ।"

"ਤੇ ਭੂਆ ਜੀ, ਇਹ ਏਨੀਆਂ ਸੇਵੀਆਂ ਕੌਣ ਖਾਏਗਾ?" ਮੈਂ ਇਕ ਵਾਰੀ ਫੇਰ ਕਿਹਾ। ਉਹ ਬੋਲੀ, "ਖਾ ਲੈ, ਖਾ ਲੈ, ਬੀਬਾ ਪੁੱਤ। ਸੇਵੀਆਂ ਦਾ ਕੀ ਏ, ਇਹ ਤੇ ਐਵੇਂ ਮੂੰਹ ਮਿੱਠਾ ਕਰਨ ਲਈ ਨੇ। ਵੇਖੇਂ ਨਾ ਪੁੱਤ, ਏਥੇ ਬਾਹਰ ਥਾਵੇਂ ਕੀ ਪਿਆ ਲੱਭਦਾ ਏ। ਸ਼ਹਿਰਾਂ ਨਗਰਾਂ ਦੀ ਕੀ ਗੱਲ ਕਰਨਾ ਏ, ਉਥੇ ਤੇ ਜੋ ਬੱਤੀਆਂ ਦੰਦਾਂ 'ਚੋਂ ਮੰਗੋ, ਮਿਲ ਜਾਂਦਾ ਏ। ਸੱਚ ਕਿਸੇ ਆਖਿਆ ਏ, ਅਖੇ 'ਸ਼ਹਿਰ ਵਸੰਦੇ ਦੇਵਤੇ ਬਾਹਰ ਵਸੰਦੇ ਪ੍ਰੇਤ'। ਏਥੇ ਤੇ ਵੀਰਾ ਇਹੋ ਦਾਲ ਸਾਗ ਈ ਜੁੜਦਾ ਏ। ਤੇਰਾ ਫੁਫੜ ਜਿਊਂਦਾ ਸੀ, ਅਸੀਂ ਇਕ ਵਾਰੀ ਅੰਬਰਸਰ ਗਏ। ਸਦਕੇ ਜਾਈਏ ਗੁਰੂ ਦੀ ਨਗਰੀ ਤੋਂ। ਸਬੱਬ ਨਾਲ ਮਹਾਰਾਜ ਦੇ ਦਰਸ਼ਨ ਹੋ ਗਏ, ਘਰਾਂ ਦੇ ਪੁਆੜਿਆਂ 'ਚੋਂ ਕਿਥੇ ਕਿਸੇ ਦਾ ਨਿਕਲ ਹੁੰਦਾ ਏ। ਉਹ ਵੀ ਮੇਰੀ ਜਠਾਣੀ ਦੇ ਫੁੱਲ ਗੰਗਾ ਜੀ ਲਿਜਾਣੇ ਸਾ ਸੂ, ਤੇ ਮੈਨੂੰ ਆਖਣ ਲੱਗਾ, 'ਸ਼ੈਂਕਰ ਦੀ ਮਾਂ, ਕਿਹੜਾ ਰੋਜ਼ ਰੋਜ਼ ਜਾਇਆ ਜਾਂਦਾ ਏ, ਖਸਮ ਨੂੰ ਖਾਣੀਆਂ ਲੋੜਾਂ ਤੇ ਪੂਰੀਆਂ ਹੁੰਦੀਆਂ ਨਹੀਂ, ਉਹ ਜਾਣੇ ਤੂੰ ਵੀ ਚਲੀ ਚੱਲ', ਤੇ ਮੈਂ ਵੀ ਇਸੇ ਸਬੱਬ ਚਲੀ ਗਈ। ਦਿਲ ਤੇ ਬਥੇਰਾ ਕਰਦਾ ਏ ਪਈ ਇਕ ਵਾਰੀ ਫੇਰ ਗੰਗਾ ਮਾਈ ਦਾ ਇਸ਼ਨਾਨ ਕਰ ਆਵਾਂ, ਸ਼ੈਂਕਰ ਨੂੰ ਕਿੰਨੀ ਵੇਰਾਂ ਵਾਸਤੇ ਪਾ ਚੁੱਕੀ ਆਂ, ਪਈ ਮੁੰਡਿਆ ਜਿਥੇ ਹੋਰ ਸੈਂਕੜੇ ਖਰਚਦਾ ਖਾਨਾ ਏਂ, ਉਥੇ ਇਹ ਵੀ ਜੱਸ ਖੱਟ ਛੱਡ, ਪਰ ਉਹ ਤੇ ਸੁਣਦਾ ਈ ਨਹੀਂ ਮੇਰੀ ਗੱਲ...।"

ਭੂਆ ਬਿਨਾਂ ਰੁਕਿਆ ਆਪਣੀ ਵਿਆਖਿਆ ਕਰੀ ਜਾ ਰਹੀ ਸੀ, ਤੇ ਏਧਰ ਮੈਂ ਸੋਚ ਰਿਹਾ ਸਾਂ, "ਅੱਗੇ ਜਿਠਾਣੀ ਦੇ ਫੁੱਲ ਲੈ ਕੇ ਗਈ ਸੈਂ, ਹੁਣ ਭਾਵੇਂ ਭਤੀਜੇ ਦੇ ਫੁੱਲਾਂ ਦੀ ਵਾਰੀ ਹੈ।"

ਅਖੀਰ ਇਹੋ ਸੋਚ ਕੇ ਕਿ ਹੱਛਾ, ਉਖਲੀ ਵਿਚ ਸਿਰ ਦਿੱਤਾ ਤਾਂ ਹੁਣ ਚਾਰ ਸੱਟਾਂ ਵੱਧ ਕੀ, ਤੇ ਚਾਰ ਘੱਟ ਕੀ, ਖਾਣਾ ਸ਼ੁਰੂ ਕੀਤਾ।

ਅਜੇ ਦੋ ਚਾਰ ਬੁਰਕੀਆਂ ਹੀ ਲਈਆਂ ਸਨ ਕਿ ਭਰਜਾਈ ਨੇ ਪੰਘਰੇ ਹੋਏ ਘਿਉ ਦਾ ਭਰਿਆ ਹੋਇਆ ਕੌਲ ਲਿਆ ਕੇ ਸੇਵੀਆਂ ਉਤੇ ਉਲਦ ਦਿੱਤਾ। ਘਿਉ ਸੇਵੀਆਂ ਵਿਚੋਂ ਫਿਰਦਾ ਫਿਰਾਂਦਾ ਸਾਰੇ ਥਾਲ ਵਿਚ ਫੈਲ ਗਿਆ ਤੇ ਸੇਵੀਆਂ ਦਾ ਢੇਰ, ਸਮੁੰਦਰ ਵਿਚ ਖੜੇ ਇਕ ਛੋਟੇ ਜਜ਼ੀਰੇ ਵਾਂਗ ਬਣ ਗਿਆ। ਮੈਂ ਬਥੇਰਾ 'ਨਾ ਨਾ ਨਾ' ਕਰਦਾ ਰਿਹਾ, ਪਰ ਮੇਰੀ ਕੌਣ ਸੁਣਦਾ ਸੀ।

"ਇਸ ਆਪ ਸਹੇੜੀ ਮੌਤ ਤੋਂ ਕੀਕਣ ਛੁਟਕਾਰਾ ਮਿਲੇ", ਬਥੇਰਾ ਸੋਚਿਆ ਪਰ ਕੋਈ ਰਾਹ ਨਾ ਲੱਭਾ। ਪਰੌਂਠੇ ਤਾਂ ਖ਼ੈਰ ਦੋ ਨਹੀਂ, ਤਾਂ ਡੇਢ ਕੁ ਮੈਂ ਕਿਸੇ ਤਰ੍ਹਾਂ ਤੁੰਨ ਤੁੰਨ ਕੇ ਲੰਘਾ ਲਏ, ਪਰ ਸੇਵੀਆਂ ਦਾ ਕੀ ਬਣੇ? ਸਲਾਹ ਹੋਈ ਕਿ ਭੂਆ ਨੂੰ ਦਿਸਦਾ ਤੇ ਹੈ ਨਹੀਂ, ਹੋਵੇ ਨਾ ਤਾਂ ਇਕ ਦੋ ਰੁਗ ਭਰ ਕੇ ਕਿਸੇ ਬੰਨੇ ਸੁੱਟ ਹੀ ਛੱਡਾਂ, ਕੁਝ ਤਾਂ ਭਾਰ ਹੌਲਾ ਹੋਵੇ, ਪਰ ਉਸ ਅੱਖਾਂ ਵਾਲੀ ਕਮਬਖ਼ਤ ਭਰਜਾਈ ਦਾ ਕੀ ਕਰਦਾ, ਜਿਹੜੀ ਘਿਉ ਦਾ ਕੌਲ ਖਾਲੀ ਕਰਨ ਤੋਂ ਬਾਅਦ ਟੋਕਰੇ ਵਰਗਾ ਮੂੰਹ ਲੁਕਾਈ ਮੇਰੇ ਲਾਗੇ ਪਥੱਲਾ ਮਾਰੀ ਬੈਠੀ ਸੀ।

ਚਿੜੀ-ਚੋਗੇ ਵਾਂਗ ਮੈਂ ਇਕ ਇਕ ਸੇਵੀਂ ਮੂੰਹ ਵਿਚ ਪਾ ਕੇ, ਚਿੱਥ ਚਿੱਥ ਕੇ ਲੰਘਾਉਣ ਦੀ ਕੋਸ਼ਿਸ਼ ਕਰ ਰਿਹਾ ਸਾਂ ਕਿ ਭਰਜਾਈ ਦੇ ਦਿਲ ਵਿਚ ਖਬਰੇ ਤਰਸ ਆ ਗਿਆ, ਉਹ ਉਠ ਕੇ



ਅੰਦਰ ਚਲੀ ਗਈ। ਮੈਂ ਕਾਹਲੀ ਨਾਲ ਸੱਜੇ ਖੱਬੇ ਤੱਕਿਆ ਕਿ ਕਿਹੜੇ ਪਾਸੇ ਰੁਗ ਸੁੱਟਾਂ।

ਪਿਛਲੀ ਕੰਧ ਦੀ ਨੁਕਰੇ ਇਕ ਤੰਦੂਰ ਲੱਗਾ ਹੋਇਆ ਸੀ, ਮੈਂ ਸੋਚਿਆ ਇਹੋ ਠੀਕ ਹੈ। ਰਾਤ ਨੂੰ ਕਿਤੇ ਮੌਕਾ ਮਿਲਿਆ ਤਾਂ ਸੁਆਹ ਨੂੰ ਹੇਠਾਂ ਉਤਾਂਹ ਕਰ ਕੇ ਢਕ ਛੱਡਾਂਗਾ, ਬਸ।

ਤੇ ਮੈਂ ਦਿਲ ਪੀਡਾ ਕਰ ਕੇ ਜਿੰਨੀਆਂ ਕੁ ਸੇਵੀਆਂ ਮੇਰੀ ਲੱਪ ਵਿਚ ਆ ਸਕਦੀਆ ਸਨ, ਰੁਗ ਭਰ ਲਿਆ। ਹੱਥ ਪਿਛਾਂਹ ਲੈ ਜਾਣ ਲਈ ਥਾਲੀ ਤੋਂ ਚੁੱਕਿਆ ਹੀ ਸੀ ਕਿ ਫਿਰ ਓਹੀ ਭਾਬੀ ਸਿਰ 'ਤੇ ਆ ਧਮਕੀ ਤੇ ਬਿਨਾਂ ਪੁੱਛਿਆਂ ਇਕ ਹੋਰ ਪਰੌਂਠਾ ਥਾਲੀ ਵਿਚ ਦੇਹ ਮਾਰਿਆ।

ਸੇਵੀਆਂ ਮੁੜ ਥਾਲੀ ਦੇ ਹਵਾਲੇ ਕਰ ਕੇ ਮੈਂ ਹੱਥ ਪੈਰ ਛੱਡ ਬੈਠਾ, "ਹੁਣ ਖ਼ੈਰ ਨਹੀਂ।"

ਅੱਧਾ-ਪਚੱਧਾ ਮੁਕਾ ਕੇ ਕਿਸੇ ਤਰ੍ਹਾਂ ਇਸ ਕਾਲ ਰੂਪੀ ਥਾਲ ਤੋਂ ਮੇਰੀ ਖਲਾਸੀ ਹੋਈ, ਪਰ ਹੁਣ ਏਥੋਂ ਉਠ ਕੇ ਮੰਜੇ ਤੀਕ ਜਾਣ ਦੀ ਹਿੰਮਤ ਬਾਕੀ ਨਹੀਂ ਸੀ। ਪੇਟ ਪਾਟਣ ਵਾਲਾ ਹੋ ਰਿਹਾ ਸੀ ਸਾਹ ਨਾਲ ਸਾਹ ਨਹੀਂ ਸੀ ਰਲਦਾ।

ਅਖੀਰ ਕਿਸੇ ਤਰ੍ਹਾਂ ਇਹ ਮੁਹਿੰਮ ਵੀ ਪੂਰੀ ਹੋਈ ਤੇ ਮੈਂ ਵੇਹੜੇ ਵਿਚ ਵਿਛੇ ਹੋਏ ਬਿਸਤਰੇ ਤੇ ਜਾ ਢੱਠਾ। ਘੜੀ ਮੁੜੀ ਆਪਣੇ ਆਪ ਨੂੰ ਫਿਟਕਾਰਦਾ ਸਾਂ ਕਿ ਮੈਂ ਜੇ ਮਰਨਾ ਹੀ ਸੀ ਤਾਂ ਘਰ ਜਾ ਕੇ ਕਿਉਂ ਨਾ ਮਰਨ ਦਾ ਇੰਤਜ਼ਾਮ ਕੀਤਾ।

ਜਾਨ ਅੱਕਲਕਾਂਦ ਆ ਗਈ। ਸੱਜਿਓਂ ਖੱਬੇ ਤੇ ਖੱਬਿਓਂ ਸੱਜੇ ਉਸਲਵੱਟੇ ਲੈਂਦਾ ਸਾਂ, ਪਰ ਕਿਸੇ ਪਾਸੇ ਵੀ ਚੈਨ ਨਹੀਂ ਸੀ ਆਉਂਦਾ। ਅਫਰੇਵਾਂ ਵਧਦਾ ਜਾ ਰਿਹਾ ਸੀ ਤੇ ਉਤੋਂ ਆਖਰਾਂ ਦਾ ਵੱਟ। ਮੁੜ੍ਹਕਾ ਵਗ ਵਗ ਕੇ ਵਿਛਾਈ ਭਿਉਂ ਰਿਹਾ ਸੀ। ਪੱਖੀ ਮੇਰੇ ਕੋਲ ਪਈ ਸੀ ਪਰ ਫੜ ਕੇ ਝੱਲਣ ਦੀ ਹਿੰਮਤ ਨਹੀਂ ਸੀ।

ਅੱਧਾ-ਪੌਣਾ ਘੰਟਾ ਮੱਛੀ ਵਾਂਗ ਤੜਫਿਆ, ਪਰ ਹੋਰ ਬਰਦਾਸ਼ਤ ਨਾ ਰਹੀ। ਉਠ ਕੇ ਬੈਠ ਗਿਆ, ਤੇ ਸੋਚਣ ਲੱਗਾ, ਜੇ ਕੋਈ ਮੁੰਡਾ ਕੁੜੀ ਜਾਗਦਾ ਹੋਵੇ ਤਾਂ ਉਸ ਨੂੰ ਆਖ ਕੇ ਥੋੜੀ ਜਿਹੀ ਜਵੈਣ ਹੀ ਮੰਗ ਵੇਖਾਂ, ਤਾਂਹੀ ਖਬਰ ਕਿ ਫੇਰ ਲੰਮਾ ਘੁੰਡ ਕੱਢੀ ਭਰਜਾਈ ਆ ਮੌਜੂਦ ਹੋਈ। ਮੇਰੀ ਮੌਤ ਵਿਚ ਜਿਹੜੀ ਰਤੀ ਮਾਸਾ ਕਸਰ ਬਾਕੀ ਸੀ, ਸ਼ਾਇਦ ਇਹ ਉਸ ਨੂੰ ਪੂਰਾ ਕਰਨ ਆਈ ਸੀ। ਉਸ ਦੇ ਹੱਥ ਵਿਚ ਕੰਢਿਆਂ ਤੀਕ ਭਰਿਆ ਹੋਇਆ ਦੁੱਧ ਦਾ ਛੰਨਾ ਸੀ।

ਭਰਜਾਈ ਦੀ ਥਾਂ ਜੇ ਕਦੇ ਇਸ ਵੇਲੇ ਮੇਰੀ ਵਹੁਟੀ ਹੁੰਦੀ ਤਾਂ ਇਹੋ ਸੜਦੇ ਸੜਦੇ ਦੁੱਧ ਦਾ ਛੰਨਾ ਖੋਹ ਕੇ ਮੂੰਹ ਤੇ ਚੁੱਕ ਮਾਰਦਾ, ਪਰ ਕਰਦਾ ਕੀ, ਇਹ ਸੀ ਭਰਜਾਈ ਤੇ ਫਿਰ ਭੂਆ ਦੀ ਨੂੰਹ ਜਿਸ ਨਾਲ ਨਾ ਬੋਲ ਨਾ ਚਾਲ।

ਇਕ ਵੇਰੀ ਇਨਕਾਰ, ਦੂਜੀ ਵੇਰੀ, ਤੀਜੀ ਵੇਰੀ ਪਰ ਭਰਜਾਈ ਨੇ ਬੋਲਣਾ ਥੋੜਾ ਸੀ, ਹੱਥ ਵਿਚ ਕਟੋਰਾ ਲਈ ਜਿਉਂ ਦੀ ਤਿਉਂ ਖੜੀ ਰਹੀ, ਬੜੀ ਮੁਸੀਬਤ ਬਣੀ।

ਜਦ ਕੋਈ ਪੇਸ਼ ਨਾ ਗਈ ਤਾਂ ਮੈਨੂੰ ਇਕ ਵਿਉਂਤ ਸੁੱਝੀ। ਮੈਂ ਕਟੋਰਾ ਲੈ ਕੇ ਪੈਂਦ ਵੱਲੋਂ ਖੇਸ ਚੁੱਕ ਕੇ ਓਥੇ ਟਿਕਾਉਂਦਿਆਂ ਹੋਇਆਂ ਕਿਹਾ, "ਮੈਨੂੰ ਠੰਢਾ ਪੀਣ ਦੀ ਆਦਤ ਹੈ।"

ਉਹ ਸ਼ਾਇਦ ਆਪਣੇ ਜੇਠ ਨੂੰ ਏਨੀ ਖੇਚਲ ਨਹੀਂ ਸੀ ਦੇਣੀ ਚਾਹੁੰਦੀ, ਜਾਂ ਖਬਰੇ ਇਹ ਖਿਆਲ ਕਰ ਕੇ ਕਿ ਜੇਠ ਜੀ ਦੁੱਧ ਪੀਣ ਲਈ ਬਹੁਤ ਉਤਾਵਲੇ ਹੋਣਗੇ, ਭੱਜ ਕੇ ਗੜਵੀ ਚੁੱਕ ਲਿਆਈ ਤੇ ਫੈਂਟ ਕੇ ਠੰਢਾ ਕਰਨ ਲੱਗੀ।

ਛੰਨਾ ਫੇਰ ਮੇਰੇ ਹੱਥ ਵਿਚ। ਖਿਆਲ ਸੀ ਸ਼ਾਇਦ ਫੜਾ ਕੇ ਤੁਰਦੀ ਬਣੇਗੀ ਪਰ ਸੱਸ ਨੇ ਸ਼ਾਇਦ ਉਹਨੂੰ ਚਿਤਾਵਨੀ ਕਰ ਕੇ ਭੇਜਿਆ ਸੀ ਕਿ ਖਾਲੀ ਛੰਨਾ ਲੈ ਕੇ ਮੁੜੇ।

ਇਸ ਵੇਲੇ ਜੇ ਕਦੇ ਉਸ ਛੰਨੇ ਦੀ ਥਾਂ ਮੈਨੂੰ ਕੋਈ ਸੰਖੀਏ ਦੀ ਗੋਲੀ ਦੇ ਦੇਂਦਾ ਤਾਂ ਨਿਸ਼ਚੇ ਹੀ ਮੈਂ ਉਸੇ ਨੂੰ ਇਸ ਉਤੇ ਤਰਜੀਹ ਦੇਂਦਾ।

ਇਕ ਘੁੱਟ, ਦੋ ਘੁੱਟ, ਚਾਰ ਘੁੱਟ, ਪਰ ਕੀ ਏਸ ਤਰ੍ਹਾਂ ਇਹ ਛੱਪੜ ਜਿੱਡਾ ਛੰਨਾ ਮੁੱਕਣ ਵਾਲਾ ਸੀ?

'ਖਸਮ ਨੂੰ ਖਾ ਗਿਆ ਇਹੋ ਜਿਹਾ ਸੰਕੋਚ, ਮੇਰੀ ਨਹੀਂ ਸਲਾਹ ਹਾਲੇ ਮਰਨ ਦੀ।' ਦਿਲ ਵਿਚ ਇਹ ਸੋਚ ਕੇ ਮੈਂ 'ਬੱਸ' ਕਹਿੰਦਿਆਂ ਹੋਇਆਂ ਛੰਨਾ ਉਸ ਵੱਲ ਵਧਾਇਆ, ਪਰ ਉਹ ਫੜਨ ਦੀ ਬਜਾਇ ਇਕ ਦੋ ਕਦਮ ਪਿਛਾਂਹ ਹਟ ਗਈ, ਮਾਨੋਂ ਇਸ ਦੀ ਛੂਹ ਨਾਲ ਭਿਟੀ ਜਾਏਗੀ। ਢੀਠਪੁਣੇ ਦੇ ਤਾਣ ਮੈਂ ਹੱਥ ਪਿਛਾਂਹ ਖਿਚਿਆ। ਗੁੱਸੇ ਤੇ ਤਕਲੀਫ ਨਾਲ ਮੈਂ ਪਾਗਲ ਹੋ ਰਿਹਾ ਸਾਂ। 'ਹੱਛਾ ਜ਼ਰਾ ਠਹਿਰ ਕੇ ਪੀਆਂਗਾ' ਕਹਿ ਕੇ ਮੈਂ ਛੰਨੇ ਨੂੰ ਜਾਣ ਬੁਝ ਕੇ ਮੰਜੇ ਦੀ ਪੈਂਦ ਵੱਲ ਮੰਜੀ ਦੀ ਹੀਂਹ 'ਤੇ ਰੱਖ ਦਿੱਤਾ। ਹੀਂਹ ਇਤਨੀ ਚੌੜੀ ਨਹੀਂ ਸੀ ਕਿ ਇਸ ਪਰਾਤ ਜਿਡੇ ਛੰਨੇ ਨੂੰ ਝੱਲ ਸਕਦੀ। 'ਠੰਨ' ਕਰਦਾ ਛੰਨਾ ਭੁੰਜੇ ਜਾ ਪਿਆ- ਦੁੱਧ ਡੁੱਲ੍ਹ ਗਿਆ।

"ਉਹੋ!" ਕਹਿ ਕੇ ਮੈਂ ਛੰਨਾ ਭੁੰਜਿਓਂ ਚੁਕਿਆ ਤੇ ਭਰਜਾਈ ਨੇ ਝਟ ਮੇਰੇ ਹੱਥੋਂ ਫੜ ਲਿਆ।

"ਕੀ ਹੋਇਆ ਕੁੜੇ?" ਕਹਿੰਦੀ ਹੋਈ ਭੂਆ ਆਪਣੀ ਡੰਗੋਰੀ ਖੜਕਾਂਦੀ ਮੇਰੇ ਪਾਸ ਆ ਪੁਜੀ।

"ਕੁਝ ਨਹੀਂ, ਦੁੱਧ ਡੁੱਲ੍ਹ ਗਿਆ ਏ।" ਨੂੰਹ ਨੇ ਸ਼ਰਮਿੰਦਗੀ ਭਰੀ ਨੀਵੀਂ ਆਵਾਜ਼ ਵਿਚ ਕਿਹਾ।

"ਤੇ ਫਿਰ ਕੀ ਹੋਇਆ, ਦੁੱਧ ਦਾ ਕਾਲ ਏ? ਜਾਹ ਹੋਰ ਲੈ ਆ ਜਾ ਕੇ।" ਕਹਿੰਦੀ ਹੋਈ ਭੂਆ ਮੇਰੇ ਕੋਲ ਆ ਬੈਠੀ, "ਮੈਂ ਆਖਿਆ ਦੋ ਘੜੀਆਂ ਬਹਿ ਕੇ ਦੁੱਖ ਸੁੱਖ ਦੀਆਂ ਗੱਲਾਂ ਕਰਾਂਗੀ, ਫਿਰ ਸੋਚਿਆ ਥੱਕਿਆ ਹੋਵੇਗਾ, ਕਾਹਨੂੰ ਔਖਿਆਂ ਕਰਾਂ ਸੁ ਰਮਾਣ ਕਰ ਲਵੇ ਦੋ ਘੜੀਆਂ।"

ਮੈਂ ਦਿਲ ਵਿਚ ਆਖਿਆ, 'ਭੂਆ, ਹੁਣ ਤੂੰ ਜ਼ਰੂਰ ਹਰਦੁਆਰ ਦਾ ਇਸ਼ਨਾਨ ਕਰੇਂਗੀ।' ਏਸੇ ਵੇਲੇ ਨੂੰਹ ਨੇ ਆ ਕੇ ਸੱਸ ਦੇ ਕੰਨ ਵਿਚ ਕੁਝ ਕਿਹਾ, ਤੇ ਭੂਆ ਨੇ ਗੁੱਸੇ ਨਾਲ ਉਤਰ ਦਿੱਤਾ, "ਕੀ ਆਖਿਆ ਈ ਜਾਗ ਲਾ ਛੱਡੀ ਏ? ਸਾਰੇ ਨੂੰ ਈ? ਹਾਏ ਹਾਏ ਰੱਬਾ, ਮੈਂ ਕਿਹੀ ਸੜ ਗਈ ਆਂ ਏਸ ਹੱਥੋਂ। ਸਾਰੇ ਦੁੱਧ ਨੂੰ ਕਾਹਨੂੰ ਜਾਗ ਫੂਕਣੀ ਸੀ। ਮੁੰਡਾ ਵਿਚਾਰਾ ਹੁਣ ਝਾਟਾ ਮੇਰਾ ਪੀਵੇਗਾ। ਸਵੇਰ ਦਾ ਭੁੱਖਾ ਭਾਣਾ। ਸੰਧਿਆ ਵੇਲੇ ਦੇ ਦੋ ਫੁਲਕੇ ਖਾਧੇ ਸੂ, ਉਤੋਂ ਸੋਤਾ ਪਿਆ ਏ। ਇਹਨੇ ਵਿਚਾਰੇ ਨੇ ਕੋਈ ਰੋਜ਼ ਰੋਜ਼ ਆਉਣਾ ਸੀ ਸਾਡੇ ਘਰ? ਜਾਹ ਜਾ ਕੇ ਰਾਮੇ ਕਿਆਂ ਦੇ ਘਰੋਂ ਦੁੱਧ ਦਾ ਛੰਨਾ ਲੈ ਆ।"

"ਨਾ ਭੂਆ ਜੀ, ਤੁਹਾਨੂੰ ਮੇਰੇ ਸਿਰ ਦੀ ਸਹੁੰ, ਜੇ ਦੁੱਧ ਨੂੰ ਭੇਜੋ।" ਮੈਂ ਤਰਲੇ ਨਾਲ ਕਿਹਾ।

"ਲੈ ਹੋਰ ਸੁਣ", ਭੂਆ ਪਿਆਰ ਭਰੀ ਘੁਰਕੀ ਨਾਲ ਬੋਲੀ, "ਏਹ ਵੀ ਕੋਈ ਰਾਹ ਪਿਆ ਏ। ਸਵੇਰ ਦਾ ਭੁੱਖਣ ਭਾਣਾ। ਮਾਂ ਸਦਕੇ, ਸ਼ਰਮ ਕਿਹੜੀ ਗੱਲ ਦੀ ਕਰਨੀ ਹੋਈ, ਇਹ ਕੋਈ ਬਗਾਨਾ ਘਰ ਏ। ਜੀਓ ਜਾਗੋ ਮੈਂ ਤੇ ਸਹਿਕ ਸਹਿਕ ਕੇ ਲਿਆ ਸੀ ਤੈਨੂੰ। ਤਿੰਨਾਂ ਘਰਾਂ ਵਿਚੋਂ ਤੂੰਹੀਓਂ ਤੇ ਵੱਡਿਆਂ ਦੀ ਨਿਸ਼ਾਨੀ ਏਂ। ਪੁੱਤਰ, ਕਿਹੜੇ ਕਿਹੜੇ ਜਫਰ ਨੇ ਜਿਹੜੇ ਤੈਨੂੰ ਲੈਣ ਲਈ ਅਸਾਂ ਨਹੀਂ ਜਾਲੇ ਹੋਣੇ। ਤਿੰਨ ਭਰਾ ਸਨ ਸੁੱਖ ਨਾਲ ਤੇਰੇ ਭਾਈਏ ਹੋਣੀ। ਪਹਿਲਾਂ ਮੰਨਤਾਂ ਮੰਨ ਮੰਨ ਕੇ ਵੱਡਾ ਵਿਆਹਿਆ, ਵਿਚਾਰਾ ਖਾਰਿਓਂ ਵੀ ਨਹੀਂ ਸੀ ਲੱਥਾ, ਰੰਡਾ ਹੋ ਬੈਠਾ। ਮੁੜ ਮਰਦਾ ਮਰ ਗਿਆ, ਬੂਹਾ ਨਾ ਖੁਲ੍ਹਿਆ। ਓਦੂੰ ਨਿੱਕਾ ਸੀ ਦੌਲਤ ਸੁੰਹ ਤੇਰਾ ਤਾਇਆ। ਸੁਰਗਾਂ 'ਚ ਵਾਸਾ ਹੋਵੇ ਸੁ, ਧਰਤੀ ਤੇ ਲੱਤ ਦਿਤਿਆਂ ਪਾਣੀ ਆਉਂਦਾ ਸੀ, ਕੜੀ ਵਰਗਾ ਜੁਆਨ ਤੇ ਡਾਢਾ ਈ ਸੁਨੱਖਾ। ਭੈੜੀ ਮੌਤ ਨੇ ਮਹਿਕਦਾ ਫੁਲ ਤੋੜ ਲਿਆ।" ਤੇ ਭੂਆ ਦੇ ਅਥਰੂ ਵਗ ਵਗ ਕੇ ਉਸ ਦੀਆਂ ਗੱਲ੍ਹਾਂ ਦੇ ਟੋਇਆਂ ਵਿਚ ਭਰਨ ਲੱਗੇ।

(ਬਾਕੀ ਅਗਲੇ ਸਫੇ 'ਤੇ)

# ਜ਼ਰਾ ਬਚ ਕੇ ਰੱਬ ਦੇ ਵਿਚੋਲਿਆਂ ਤੋਂ

ਮੂੰਹ ਆਈ ਬਾਤ



ਮੇਜਰ ਕੁਲਾਰ ਬੋਪਾਰਾਏਕਲਾਂ
ਫੋਨ:916-273-2856
www.boparaisudhar.com

ਮੇਰਾ ਸਾਰਾ ਸਰੀਰ ਪ੍ਰਾਇਮਰੀ ਸਕੂਲ ਦੀ ਛੱਤ ਵਾਂਗ ਥਾਂ ਥਾਂ ਤੋਂ ਟੁੱਟ-ਭੱਜ ਰਿਹਾ ਸੀ। ਸਰੀਰ ਦੇ ਅੰਗਾਂ ਦੀ ਕੜੀ ਨਾਲ ਕੜੀ ਜੁੜ ਨਹੀਂ ਸੀ ਰਹੀ। ਪੂਰੀ ਨੀਂਦ ਦਾ ਅਨੰਦ ਵੀ ਸਰੀਰ ਨੂੰ ਬੁਲੰਦ ਨਹੀਂ ਸੀ ਕਰ ਸਕਿਆ। ਚੰਗੇ ਪਰਿਵਾਰ ਦੇ ਮਾੜੇ ਇਤਫਾਕ ਵਾਂਗ ਮਨ ਟੁੱਟਦਾ ਜਾ ਰਿਹਾ ਸੀ। ਨਿੱਘੇ ਹੋਏ ਬਿਸਤਰੇ ਵਿਚ ਲੇਟੇ ਹੋਏ ਨੇ ਹੀ ਚੌਪਈ ਸਾਹਿਬ ਦੇ ਪਾਠ ਅਰੰਭ ਕਰ ਦਿੱਤੇ। ਬਾਣੀ ਦੇ ਚੁੰਬਕ ਨੇ ਟੁੱਟਿਆ ਮਨ ਜੋੜਦਿਆਂ ਸਰੀਰ ਵਿਚ ਵੀ ਤਾਕਤ ਦਾ ਬੁੱਲਾ ਲਿਆਉਂਦਿਆਂ ਮੈਨੂੰ ਚੁੱਲ੍ਹੇ ਅੱਗੇ ਖੜ੍ਹਾ ਕਰ ਦਿੱਤਾ। ਚਾਹ ਧਰਨ ਲੱਗਿਆ ਹੀ ਸੀ, ਫੋਨ ਖੜਕ ਪਿਆ। ਮੈਂ ਸਕਰੀਨ 'ਤੇ ਨੰਬਰ ਅਤੇ ਨਾਂ ਪੜ੍ਹਦਿਆਂ ਹੈਲੋ ਦੀ ਥਾਂ ਸਿੱਧੀ ਫਤਿਹ ਬੁਲਾ ਦਿੱਤੀ।

"ਬਾਈ ਜੀ, ਕੰਮ 'ਤੇ ਜਾਣ ਤੋਂ ਪਹਿਲਾਂ ਬਾਬਾ ਜੀ ਨੂੰ ਸ਼ਾਪਿੰਗ ਕਰਵਾ ਲਿਆਇਓ। ਜੋ ਕੁਝ ਵੀ ਲੈਣਾ ਹੋਵੇਗਾ, ਲੈਣ ਦਿਉ। ਤੁਸੀਂ ਪੇ ਕਰ ਦਿਉ। ਮੈਂ ਤੁਹਾਨੂੰ ਆ ਕੇ ਪੈਸੇ ਦੇ ਦੇਵਾਂਗਾ।" ਮੇਰੇ ਸੱਜਣ ਮਿੱਤਰ ਨੇ ਨਿਮਰਤਾ ਸਹਿਤ ਕਿਹਾ।

"ਸੱਤ ਬਚਨ ਜੀ", ਮੈਂ ਚਾਹ ਵਾਲੇ ਪਾਣੀ ਵਿਚ ਖੰਡ ਪੱਤੀ ਪਾਉਂਦਿਆਂ ਕਿਹਾ।

ਬਾਬਾ ਜੀ ਨੂੰ ਗੁਰਦੁਆਰਿਉਂ ਚੁੱਕ, ਮੈਂ ਸ਼ਾਪਿੰਗ ਮਾਲ ਵੱਲ ਕਾਰ ਭਜਾ ਲਈ। ਬਾਬਾ ਜੀ ਪ੍ਰਤੀ ਮੇਰੀ ਕੋਈ ਸ਼ਰਧਾ ਨਹੀਂ ਸੀ, ਪਰ ਮੇਰਾ ਮਿੱਤਰ ਬਾਬਾ ਜੀ ਨੂੰ ਰੱਬ ਸਮਝੀ ਬੈਠਾ ਸੀ। ਉਹ ਚੌਵੀ ਘੰਟੇ ਟਰੱਕ 'ਤੇ ਬਾਬਾ ਜੀ ਦੀ ਕਥਾ ਵਾਲੀਆਂ ਸੀਡੀਆਂ ਲਾਈ ਰੱਖਦਾ। ਹਰ ਗੱਲ ਬਾਬਾ ਜੀ ਤੋਂ ਪੁੱਛ ਕੇ ਕਰਦਾ ਸੀ। ਮੈਨੂੰ ਵੀ ਇਸ ਗੱਲ ਦਾ ਕੋਈ ਇਤਰਾਜ਼ ਨਹੀਂ ਸੀ। ਜਿਥੇ ਜਿਸ ਦਾ ਮਨ ਮੰਨਦਾ ਹੈ, ਉਥੇ ਅਗਲੇ ਦੀ ਸ਼ਰਧਾ ਟਿਕ ਜਾਂਦੀ ਹੈ, ਪਰ ਅੰਮ੍ਰਿਤਧਾਰੀ ਸਿੱਖ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲੋਂ ਹੋਰ ਕੋਈ ਵੱਡਾ ਦਿਖਾਈ ਦੇਣ ਲੱਗ ਜਾਵੇ ਤਾਂ ਉਸ ਸਿੱਖ ਨੂੰ ਸਮਝੋ ਅੰਮ੍ਰਿਤਪਾਨ ਦੀ ਸਮਝ ਨਹੀਂ ਆਈ। ਇਹੀ ਕੁਝ ਮੇਰੇ ਇਸ ਸੱਜਣ ਨਾਲ ਹੋ ਰਿਹਾ ਸੀ। ਖ਼ੈਰ! ਅਸੀਂ ਜਾ ਰਹੇ ਸੀ, ਅਚਾਨਕ ਹੋਏ ਐਕਸੀਡੈਂਟ ਨੇ ਹਾਈਵੇ ਉਪਰ ਟਰੈਫਿਕ ਰੋਕ ਦਿੱਤਾ। ਮੈਂ ਅਤੇ ਬਾਬਾ ਜੀ ਨੇ ਅਜੇ ਤੱਕ ਕੋਈ ਵੀ ਗੱਲ ਸਾਂਝੀ ਨਹੀਂ ਸੀ ਕੀਤੀ। ਕਾਰ ਵਿਚ ਚੱਲ ਰਹੇ ਸੁਖਮਨੀ ਸਾਹਿਬ ਦੇ ਪਾਠ ਦਾ ਅਨੰਦ ਕੋਈ ਵੀ ਗੱਲ ਕਰਨ ਤੋਂ ਰੋਕ ਰਿਹਾ ਸੀ।

ਬਾਬਾ ਜੀ ਨੇ ਚੁੱਪ ਤੋੜਦਿਆਂ ਪੁੱਛਿਆ, "ਸੁਖਮਨੀ ਸਾਹਿਬ ਦਾ ਪਾਠ ਸੁਣਦੇ ਹੀ ਹੋ ਕਿ ਆਪ ਪਾਠ ਕਰਦੇ ਵੀ ਹੋ।"

"ਬਾਬਾ ਜੀ, ਪਾਠ ਸੁਣੀਦਾ ਵੀ ਹੈ ਤੇ ਕਰੀਦਾ ਵੀ ਹੈ।" ਮੈਂ ਉਤਰ ਦਿੱਤਾ।

"ਮੈਂ ਦੇਖਿਆ ਵੀ ਹੈ, ਤੇ ਸੁਣਿਆ ਵੀ ਹੈ; ਇਥੇ ਦੇ ਲੋਕ ਪੰਜਾਬ ਨਾਲੋਂ ਵੱਧ ਬਾਣੀ ਪੜ੍ਹਦੇ ਆ।" ਬਾਬਾ ਜੀ ਨੇ ਆਪਣੇ ਦਿਲ ਦੀ ਕਹੀ।

"ਹਾਂ ਜੀ, ਬਾਬਾ ਜੀ।" ਮੈਂ ਸਹਿਜ ਸੁਭਾਅ ਕਹਿ ਗਿਆ। ਬਾਬਾ ਜੀ ਨੇ ਮੇਰੇ ਅਤੇ ਮੇਰੇ ਪਰਿਵਾਰ ਬਾਰੇ ਪੁੱਛਿਆ।

"ਬਾਣੀ ਤੋਂ ਸਵਾਏ ਕੋਈ ਹੋਰ ਵੀ ਸੁਣਦੇ ਹੋ, ਯਾਨਿ ਗੁਰਦਾਸ ਮਾਨ, ਨੁਸਰਤ ਫਤਿਹ ਅਲੀ ਜਾਂ ਕੋਈ ਹੋਰ?" ਬਾਬਾ ਜੀ ਨੇ ਫਿਰ ਪੁੱਛਿਆ।

"ਨਹੀਂ ਬਾਬਾ ਜੀ। ਗੁਰਬਾਣੀ ਤੇ ਕੀਰਤਨ ਦੀਆਂ ਹੀ ਸੀਡੀਆਂ ਨੇ। ਹੋਰ ਕੋਈ ਗਾਉਣ ਵਜਾਉਣ ਨਹੀਂ।" ਮੈਂ ਉਤਰ ਦਿੱਤਾ।

ਬਾਬਾ ਜੀ ਨੇ ਮੇਰਾ ਚਿਹਰਾ ਇਕ ਵਾਰ ਗਹੁ ਨਾਲ ਤੱਕਿਆ ਤੇ ਬੋਲੇ, "ਫਿਰ ਅੰਮ੍ਰਿਤਪਾਨ ਕਿਉਂ ਨਹੀਂ ਕਰਦੇ?"

"ਬਾਬਾ ਜੀ, ਇਹ ਵੀ ਵਾਹਿਗੁਰੂ ਦੀ ਦਾਤ ਹੈ। ਜਦੋਂ ਕਰਮਾਂ ਵਿਚ ਹੋਊ, ਉਸ ਵਕਤ ਹੀ ਮਿਲਦੀ ਹੈ।" ਮੈਂ ਉਤਰ ਦਿੱਤਾ।

"ਤੁਹਾਨੂੰ ਪਤਾ ਹੈ ਫਲਾਣੇ ਬਾਬਾ ਜੀ ਨੇ ਐਨੇ ਪ੍ਰਾਣੀਆਂ ਨੂੰ ਅੰਮ੍ਰਿਤ ਛਕਾਇਆ, ਤੇ ਫਲਾਣੇ ਸਿਉਂ ਨੇ ਐਨਿਆਂ ਨੂੰ।" ਬਾਬਾ ਜੀ ਨੇ ਪੰਜ ਚਾਰ ਮਸ਼ਹੂਰ ਬਾਬਿਆਂ ਦੇ ਨਾਂ ਗਿਣਾਉਂਦਿਆਂ ਕਿਹਾ।

"ਬਾਬਾ ਜੀ, ਉਨ੍ਹਾਂ ਬਾਬਿਆਂ ਨੂੰ ਪੁੱਛਿਓ, ਕਿ ਜਿਹੜੇ ਨਗਰ ਵਿਚ ਅੰਮ੍ਰਿਤ ਛਕਾ ਕੇ ਆਏ ਨੇ, ਉਸ ਨਗਰ ਦਾ ਦੁਬਾਰਾ ਗੇੜਾ ਕੱਢਿਓ, ਫਿਰ ਦੇਖਿਓ ਕਿੰਨੇ ਬੰਦੇ ਚੜ੍ਹਦੀ ਕਲਾ ਵਿਚ ਰਹੇ ਨੇ ਤੇ ਕਿੰਨਿਆਂ ਨੇ ਸ੍ਰੀ ਸਾਹਿਬ ਕਿੱਲੀ ਉਪਰ ਟੰਗ ਦਿੱਤੀ ਹੈ। ਦੂਜੀ ਗੱਲ, ਜਿੰਨੀ ਗਿਣਤੀ ਬਾਬਿਆਂ ਦਾ ਕੰਪਿਊਟਰ ਦਿਮਾਗ ਕਰਦਾ ਹੈ, ਉਸ ਮੁਤਾਬਕ ਤਾਂ ਪੰਜਾਬ ਵਿਚ ਹਰ ਪ੍ਰਾਣੀ ਦਾ ਅੰਮ੍ਰਿਤਪਾਨ ਕੀਤਾ ਹੋਣਾ ਚਾਹੀਦਾ ਹੈ।" ਮੇਰੇ ਖੂਨ ਦੀ ਗਤੀ ਹੁਣ ਤੇਜ਼ ਹੋਣ ਲੱਗ ਪਈ ਸੀ। ਮੈਂ ਬਾਬਾ ਜੀ ਵੱਲ ਸਿੱਧਾ ਹੋ ਗਿਆ ਸਾਂ।

"ਸਿੰਘ ਜੀ, ਤੁਹਾਡੀ ਗੱਲ ਵੀ ਸਹੀ ਹੈ ਪਰ ਧਰਮ ਪ੍ਰਚਾਰ ਨਾਲ ਲੋਕਾਂ ਵਿਚ ਫਰਕ ਤਾਂ ਪੈਂਦਾ ਹੀ ਹੈ।" ਬਾਬੇ ਨੇ ਚਿੱਟੀ ਐਨਕ 'ਤੇ ਫੂਕ ਮਾਰ ਕੇ ਉਸ ਦਾ ਸ਼ੀਸ਼ਾ ਸਾਫ ਕਰਦਿਆਂ ਕਿਹਾ।

"ਸੰਤ ਸੁੰਦਰ ਸਿੰਘ ਭਿੰਡਰਾਂਵਾਲੇ ਤੇ ਸੰਤ ਗੁਰਬਚਨ ਸਿੰਘ ਭਿੰਡਰਾਂਵਾਲੇ ਤੇ ਬਾਬਾ ਨੰਦ ਸਿੰਘ ਕਲੇਰਾਂਵਾਲਿਆਂ ਦੇ ਧਰਮ ਪ੍ਰਚਾਰ ਨਾਲ ਫਰਕ ਪੈਂਦਾ ਸੀ ਜਿਨ੍ਹਾਂ ਦਾ ਪ੍ਰਚਾਰ ਕਿਸੇ ਦੇ ਦਬਾਅ ਹੇਠ ਨਹੀਂ ਹੁੰਦਾ ਸੀ; ਜਿਨ੍ਹਾਂ ਨੇ ਮਾਇਆ ਨੂੰ ਖੀਸੇ ਵਿਚ ਨਹੀਂ ਸੀ ਪਾਇਆ, ਸਗੋਂ ਗੁਰੂ ਦਾ ਸਿੰਘ ਬਣਾ ਕੇ ਆਪਣੇ ਦਿਲ ਵਿਚ ਵਸਾਇਆ ਸੀ। ਉਨ੍ਹਾਂ ਦੇ ਦੀਵਾਨਾਂ ਦਾ ਇਕੱਠ ਛੱਤੀ ਪ੍ਰਕਾਰ ਦੇ ਲੰਗਰ ਕਰ ਕੇ ਨਹੀਂ, ਸਗੋਂ ਉਨ੍ਹਾਂ ਦੀ ਰਸਨਾ ਤੋਂ ਨਿਕਲਦੇ ਮਿਸਰੀ ਵਰਗੇ ਗੁਰਬਾਣੀ ਦੇ ਕਥਾ ਰੂਪੀ ਸ਼ਬਦ ਕਰ ਕੇ ਹੁੰਦਾ ਸੀ। ਉਨ੍ਹਾਂ ਤੋਂ ਅੰਮ੍ਰਿਤ ਛਕ ਕੇ ਪ੍ਰਾਣੀ ਮਰਦੇ ਦਮ ਤੱਕ ਸਿੱਖੀ ਦੇ ਗਾਡੀ ਰਾਹ 'ਤੇ ਪਹਿਰਾ ਦਿੰਦਾ ਹੋਇਆ ਇਹੀ ਅਰਜ਼ ਕਰਦਾ ਸੀ ਕਿ ਮੇਰੀ ਸਿੱਖੀ ਆਖਰੀ ਸੁਆਸਾਂ ਤੱਕ ਨਿਭ ਜਾਵੇ। ਧੰਨ ਨੇ ਸਾਡੇ ਉਹ ਵਡੇਰੇ ਜਿਨ੍ਹਾਂ ਨੂੰ ਇਨ੍ਹਾਂ ਮਹਾਂ ਪੁਰਸ਼ਾਂ ਦੇ ਦਰਸ਼ਨ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਸੀ। ਸੰਤ ਸੁੰਦਰ ਸਿੰਘ ਭਿੰਡਰਾਂਵਾਲਿਆਂ ਨੇ ਡਾਕਟਰ ਅਤੇ ਸੰਗਤਾਂ ਨੂੰ ਦੱਸ ਦਿੱਤਾ ਸੀ ਕਿ ਫਲਾਣੀ ਘੜੀ ਅਸੀਂ ਚੋਲਾ ਤਿਆਗ ਦੇਣਾ ਹੈ। ਉਸੇ ਸਮੇਂ ਮੁਤਾਬਕ ਉਹ ਸੱਚਖੰਡ ਜਾ ਬਿਰਾਜੇ ਸਨ ਤੇ ਅੱਜ ਦੇ ਮਹਾਂ ਪੁਰਸ਼ ਆਪਣੇ ਨਾਲ ਬਾਡੀਗਾਰਡ ਲਈ ਫਿਰਦੇ ਨੇ, ਕਿਉਂ? ਇਨ੍ਹਾਂ ਨੂੰ ਮੌਤ ਤੋਂ ਐਨਾ ਡਰ ਕਿਉਂ ਲੱਗਦੈ? ਜਿਊਣ ਦੀ ਲਾਲਸਾ ਕਿਉਂ ਵਧ ਰਹੀ ਹੈ। ਇਨ੍ਹਾਂ ਨੂੰ ਅੰਤ ਸਮੇਂ ਦਾ ਕਿਉਂ ਨਹੀਂ ਪਤਾ? ਕਿਉਂ ਕਿਤਾਬੀ ਗਿਆਨ ਨਾਲ ਸੰਗਤ ਦੀ ਸ਼ਰਧਾ ਨਾਲ ਖਿਲਵਾੜ ਕਰਦੇ ਹਨ? ਬਾਬਾ ਜੀ, ਧਰਮ ਪ੍ਰਚਾਰ ਬਹੁਤ ਜ਼ਰੂਰੀ ਹੈ; ਇਹ ਪ੍ਰਚਾਰ ਪੈਸੇ ਜਾਂ ਡਾਲਰਾਂ ਲਈ ਨਹੀਂ, ਆਪਣੇ ਪੰਥ ਲਈ ਕਰੋ। ਪੰਜਾਬ ਵਿਚ ਗਰੀਬ ਲੋਕਾਂ ਨੂੰ ਮਕਾਨ ਬਣਾ ਕੇ ਦੇਵੋ। ਗਰੀਬਾਂ ਦੀ ਬਿਮਾਰੀ ਵਾਸਤੇ ਡਾਲਰ ਇਕੱਠੇ ਕਰੋ। ਸ਼ੁੱਧ ਪਾਣੀ ਦਾ ਪ੍ਰਬੰਧ ਕਰੋ। ਭੁੱਖਾ ਪੇਟ ਭਰ ਕੇ ਖਾਵੇਗਾ। ਤੰਦਰੁਸਤ ਸਰੀਰ ਹੋਵੇਗਾ। ਫਿਰ ਉਸ ਦਾ ਮਨ ਬਾਣੀ ਅਤੇ ਬਾਣੇ ਨਾਲ ਜੁੜ ਜਾਵੇਗਾ। ਤੁਹਾਨੂੰ ਆਪ ਜਾ ਕੇ ਕਹਿਣ ਦੀ ਲੋੜ ਨਹੀਂ ਪਵੇਗੀ ਅੰਮ੍ਰਿਤ ਛੱਕਣ ਲਈ। ਉਹ ਤੁਹਾਨੂੰ ਆਪ ਆ ਕੇ ਕਹਿਣਗੇ ਕਿ ਸਾਡਾ ਮਨ ਅੰਮ੍ਰਿਤ ਛਕਣ ਲਈ ਤਿਆਰ ਹੈ।" ਮੇਰੀਆਂ ਗੱਲਾਂ ਨੇ ਦੋ ਅਸ਼ਟਪਦੀਆਂ ਲੰਘਾ ਦਿੱਤੀਆਂ ਸਨ, ਪਰ ਬਾਬਾ ਜੀ ਨੂੰ ਕੋਈ ਸਮਝ ਆਈ ਜਾਂ ਨਹੀਂ, ਇਸ ਦਾ ਮੈਨੂੰ ਪਤਾ ਨਾ ਲੱਗਿਆ।

"ਸਿੰਘ ਜੀ, ਜੇ ਇਸ ਤਰ੍ਹਾਂ ਹੈ ਤਾਂ ਅਮੀਰ ਲੋਕ ਫਿਰ ਅੰਮ੍ਰਿਤ ਕਿਉਂ ਨਹੀਂ ਛਕਦੇ?" ਬਾਬਾ ਜੀ ਨੇ ਫਿਰ ਪੁੱਛਿਆ।

"ਬਾਬਾ ਜੀ, ਗਰੀਬ ਬੰਦੇ ਦੀਆਂ ਲੋੜਾਂ ਪੂਰੀਆਂ ਕਰ ਕੇ ਉਸ ਨੂੰ ਇਸ ਕਾਬਲ ਬਣਾਇਆ ਜਾ ਸਕਦਾ ਹੈ ਕਿ ਉਹ ਵਾਹਿਗੁਰੂ ਦਾ ਸ਼ੁਕਰਾਨਾ ਕਰਨ ਲਈ ਤਿਆਰ ਹੋ ਜਾਵੇ। ਅਮੀਰ ਬੰਦਾ ਪੈਸੇ ਨਾਲ ਤੰਦਰੁਸਤ ਨਹੀਂ ਹੁੰਦਾ। ਉਸ ਅੰਦਰ ਹੋਰ ਅਮੀਰ ਹੋਣ ਦੀ ਲਾਲਸਾ ਵਾਲੀ ਬਿਮਾਰੀ ਉਸ ਨੂੰ ਭਟਕਣ ਲਈ ਮਜਬੂਰ ਕਰੀ ਰੱਖਦੀ ਹੈ। ਦੁੱਖਾਂ ਵਾਲੀ ਸੇਜ ਉਤੇ ਲੇਟਿਆਂ ਹੀ ਦੋਵੇਂ ਹੱਥ ਜੁੜਦੇ ਨੇ, ਅਮੀਰੀ ਦੀ ਦੌੜ ਵਿਚ ਨਹੀਂ।" ਮੈਂ ਆਪਣੀ ਅਕਲ ਮੁਤਾਬਕ ਕਹਿ ਗਿਆ।

"ਸਿੰਘ ਜੀ! ਸਾਡੀ ਵਾਹਿਗੁਰੂ ਨੇ ਡਿਊਟੀ ਲਾਈ ਹੈ ਕਿ ਸੰਗਤ ਨੂੰ ਅੰਮ੍ਰਿਤ ਛਕਣ ਲਈ ਪ੍ਰੇਰਨਾ ਹੈ।" ਬਾਬਾ ਜੀ ਬੋਲੇ।

ਮੈਂ ਕੋਈ ਜਵਾਬ ਦਿੰਦਾ, ਉਸ ਤੋਂ ਪਹਿਲਾਂ ਟਰੈਫਿਕ ਚੱਲ ਪਿਆ। ਸ਼ਾਪਿੰਗ ਮਾਲ ਪਹੁੰਚ ਕੇ ਕਾਰ ਪਾਰਕਿੰਗ ਕਰ ਕੇ ਮੈਂ ਅਤੇ ਬਾਬਾ ਜੀ ਅੰਦਰ ਚਲੇ ਗਏ। ਮੈਂ ਬਾਬਾ ਜੀ ਨੂੰ ਕਿਹਾ, "ਬਾਬਾ ਜੀ, ਜੋ ਕੁਝ ਲੈਣਾ ਹੈ ਲੈ ਲਵੋ, ਬਿੱਲ ਮੈਂ ਉਤਾਰ ਦੇਵਾਂਗਾ।" ਬਾਬਾ ਜੀ ਮੇਰੇ ਵੱਲ ਦੇਖ ਕੇ ਥੋੜ੍ਹਾ ਜਿਹਾ ਮੁਸਕਰਾਏ, ਜਿਵੇਂ ਬਾਬਾ ਜੀ ਦੀ ਸ਼ਾਪਿੰਗ ਮੈਂ ਹੀ ਕਰਵਾਉਣੀ ਹੋਵੇ।

ਬਾਬਾ ਜੀ ਟੰਗੇ ਹੋਏ ਕੱਪੜਿਆਂ ਵਿਚ ਵੜ ਗਏ ਤੇ ਮੈਨੂੰ ਮੇਰੇ ਮਿੱਤਰ ਦਾ ਫੋਨ ਆ ਗਿਆ ਤੇ ਬੋਲਿਆ, "ਬਾਈ ਜੀ! ਬਾਬਾ ਜੀ ਸ਼ਾਪਿੰਗ ਕਰ ਰਹੇ ਨੇ?"

"ਹਾਂ ਜੀ! ਬਾਈ ਜੀ!! ਬਾਬਾ ਜੀ ਲੇਡੀ ਸੈਕਸ਼ਨ ਵਿਚ ਵੜੇ ਹੋਏ ਨੇ।" ਮੈਂ ਜਵਾਬ ਦਿੱਤਾ।

"ਚਲੋ ਤੁਸੀਂ ਉਡੀਕ ਕਰ ਲਵੋ।" ਮਿੱਤਰ ਇਹ ਕਹਿ ਕੇ ਫੋਨ ਕੱਟ ਗਿਆ।

ਬਾਬਾ ਜੀ ਨੇ ਜੇਬ ਵਿਚੋਂ ਵੱਖ ਵੱਖ ਸਾਈਜ਼ਾਂ ਦੀ ਲਿਸਟ ਕੱਢ ਲਈ। ਲੇਡੀਜ਼ ਜੀਨ, ਲੇਡੀਜ਼ ਟਾਪ ਚੁੱਕ ਕੇ ਕਾਰਟ ਵਿਚ ਰੱਖ ਲਏ। ਫਿਰ ਬਾਬਾ ਜੀ ਦੀਆਂ ਅੱਖਾਂ ਕੁਝ ਲੱਭਣ ਲੱਗੀਆਂ। ਮੈਂ ਬਾਬਾ ਜੀ ਦੀ ਮਦਦ ਲਈ ਅਗਾਂਹ ਹੋ ਕੇ ਪੁੱਛਿਆ, "ਬਾਬਾ ਜੀ, ਕੀ ਲੱਭ ਰਹੇ ਹੋ?"

"ਸਿੰਘ ਜੀ, ਉਹ ਜ਼ਨਾਨੀਆਂ ਵਾਲਾ ਸਾਮਾਨ ਕਿੱਥੇ ਹੈ?"

ਮੈਂ ਬਾਬਾ ਜੀ ਨੂੰ ਜ਼ਨਾਨੀਆਂ ਵਾਲੇ ਅੰਡਰ-ਗਾਰਮੈਂਟਸ ਵੱਲ ਲੈ ਗਿਆ ਜਿਸ ਦੇ ਲਾਗੇ ਹੀ ਮੇਕਅੱਪ ਦਾ ਸਾਮਾਨ ਵੀ ਸਜਾਇਆ ਹੋਇਆ ਸੀ। ਬਾਬਾ ਜੀ ਨੇ ਲਿਸਟ ਤੋਂ ਸਾਈਜ਼ ਪੜ੍ਹਿਆ, ਪਰ ਰੇਟ ਲਿਸਟ ਤੋਂ ਰੇਟ ਨਹੀਂ ਪੜ੍ਹਿਆ। ਜੋ ਕੁਝ ਲਿਸਟ 'ਤੇ ਲਿਖਿਆ ਸੀ, ਉਹ ਬਾਬਾ ਜੀ ਨੇ ਚੁੱਕਣਾ ਸ਼ੁਰੂ ਕਰ ਦਿੱਤਾ। ਬਾਬਾ ਜੀ ਦੀ ਜ਼ਨਾਨੀਆਂ ਵਾਲੀ ਸ਼ਾਪਿੰਗ ਹੁੰਦੀ ਦੇਖ ਕੇ ਮੈਂ ਹੈਰਾਨ ਵੀ ਹੋ ਰਿਹਾ ਸੀ ਤੇ ਮੈਨੂੰ ਹਾਸਾ ਵੀ ਆ ਰਿਹਾ ਸੀ। ਮੈਂ ਸੋਚ ਰਿਹਾ ਸੀ ਕਿ ਮੇਰੇ ਬਾਜ਼ਾਂ ਵਾਲੇ ਪਾਤਿਸ਼ਾਹ ਦੇ ਪੰਥ ਵਿਚੋਂ ਸ਼ਹੀਦ ਵੀ ਪੈਦਾ ਹੋਏ ਤੇ ਉਸੇ ਪੰਥ ਵਿਚ ਆਹ ਢੌਂਗੀ ਵੀ ਘੁਸਪੈਠ ਕਰੀ ਫਿਰਦੇ ਨੇ। ਸਟੇਜ ਤੋਂ ਬੀਬੀਆਂ ਦੇ ਫੈਸ਼ਨ ਵਿਰੁਧ ਬੋਲਣ ਵਾਲਾ ਬਾਬਾ ਹੁਣ ਖੁਦ ਆਪਣੇ ਹੱਥਾਂ ਨਾਲ ਫੈਸ਼ਨ ਦਾ ਸਾਮਾਨ ਟਰਾਲੀ ਵਿਚ ਰੱਖ ਨਹੀਂ, ਲੱਦ ਰਿਹਾ ਸੀ। ਬਾਬਾ ਜੀ ਜਦੋਂ ਸੈਂਟ ਵਗੈਰਾ ਦੇਖਣ ਲੱਗੇ ਤਾਂ ਉਨ੍ਹਾਂ ਨੇ ਮੈਨੂੰ ਸੱਦਿਆ ਤੇ ਵਧੀਆ ਸੈਂਟ ਬਾਰੇ ਪੁੱਛਿਆ। ਮੈਂ ਅਗਾਂਹ ਕੈਸ਼ੀਅਰ ਦੀ ਮਦਦ ਲੈ ਕੇ ਬਾਬਾ ਜੀ ਨੂੰ ਟਾਪ ਦਾ ਸੈਂਟ ਦਿਖਾ ਦਿੱਤਾ। ਬਾਬਾ ਜੀ ਨੇ ਸੈਂਟ ਦੀ ਖੁਸ਼ਬੋ ਲੈਂਦਿਆਂ ਝੱਟ ਆਖ ਦਿੱਤਾ, "ਸਿੰਘ ਜੀ, ਬੱਸ ਆਹੀ ਐ।" ਬਾਬਾ ਜੀ ਨੇ ਸ਼ਾਇਦ ਸੈਂਟ ਦੀ ਉਚੀ ਕੀਮਤ ਕਰ ਕੇ ਹੀ 'ਹਾਂ' ਕਰ ਦਿੱਤੀ ਹੋਵੇਗੀ।

ਬਾਬਾ ਜੀ ਜਦੋਂ ਥੋੜ੍ਹਾ ਜਿਹਾ ਵਿਹਲੇ ਹੋਏ ਤਾਂ ਮੈਂ ਪੁੱਛਿਆ, "ਬਾਬਾ ਜੀ, ਆਪ ਜੀ ਦੇ ਪਰਿਵਾਰ ਵਿਚ ਹੋਰ ਕੌਣ ਕੌਣ ਐ?"

"ਸਿੰਘ ਜੀ! ਦੋ ਬੇਟੀਆਂ, ਇਕ ਬੇਟਾ ਤੇ ਇਕ ਮੇਰੀ ਮਿਸਿਜ਼ ਹੈ।" ਬਾਬੇ ਨੇ ਆਪਣੀ ਗੋਲ ਬੰਨ੍ਹੀ ਹੋਈ ਦਸਤਾਰ 'ਤੇ ਹੱਥ ਫੇਰਦਿਆਂ ਕਿਹਾ।

"ਬਾਬਾ ਜੀ, ਉਨ੍ਹਾਂ ਵੀ ਅੰਮ੍ਰਿਤ ਛਕਿਆ ਹੋਇਆ ਜਾਂ ਨਹੀਂ?" ਮੇਰੇ ਅੰਦਰਲੀ ਕੁੜੱਤਣ ਬੁੱਲ੍ਹਾਂ 'ਤੇ ਆ ਰਹੀ ਸੀ।

"ਸਿੰਘ ਜੀ! ਮੈਂ ਹੀ ਅੰਮ੍ਰਿਤ ਛਕਿਆ ਹੋਇਆ ਹੈ, ਬੱਚਿਆਂ ਨੇ ਨਹੀਂ।" ਬਾਬਾ ਜੀ ਥੋੜ੍ਹਾ ਸਹਿਜ ਨਾਲ ਬੋਲੇ।

ਫਿਰ ਬਾਬਾ ਜੀ ਬੰਦਿਆਂ ਵਾਲੇ ਸੈਕਸ਼ਨ ਵਿਚ ਵੜ ਗਏ ਤੇ ਮੈਂ ਆਪਣੀ ਕੁੜੱਤਣ ਉਗਲਣ ਲੱਗਿਆ। ਮਨ ਵਿਚ ਸੋਚਦਾ-ਬਾਬਾ ਜੀ ਐਨੀ ਦੂਰ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਦੀ ਪ੍ਰੇਰਨਾ ਦੇਣ ਆਏ ਨੇ, ਪਰ ਘਰੇ ਦੀਵੇ ਥੱਲੇ ਹਨੇਰਾ ਹੈ। ਗਿਆਨ ਦੇ ਸਾਗਰ ਵਿਚ ਰਹਿੰਦਾ ਪਰਿਵਾਰ ਜੀਨਾਂ ਤੇ ਟੌਪਾਂ ਵਿਚ ਫਸਿਆ ਪਿਆ ਹੈ। ਬੀਬੀਆਂ ਦੇ ਫੈਸ਼ਨ ਵਿਰੁਧ ਬੋਲਣ ਵਾਲੇ ਨੇ ਖੁਦ ਫੈਸ਼ਨ ਵਾਲੀਆਂ ਲੀਰਾਂ ਇਕੱਠੀਆਂ ਕੀਤੀਆਂ। ਅਸੀਂ ਆਪਣੀ ਹੱਡ ਭੰਨਵੀਂ ਕਮਾਈ ਵਿਚੋਂ ਇਨ੍ਹਾਂ ਨੂੰ ਦਸਵੰਧ ਦੇ ਨਾਂ 'ਤੇ ਮਾਇਆ ਚੜ੍ਹਾਉਂਦੇ ਹਾਂ। ਗਰਮੀ ਦੇ ਦਿਨਾਂ ਵਿਚ ਇਹ ਇੱਥੇ ਆ ਜਾਂਦੇ ਹਨ, ਸਰਦੀਆਂ ਵਿਚ ਉਥੇ ਮਾਇਆ ਦਾ ਨਿੱਘ ਲਈ ਜਾਂਦੇ ਹਨ। ਉਲਟਾ ਸਾਨੂੰ ਕਹਿਣਗੇ, ਤੁਸੀਂ ਤਾਂ ਡਾਲਰਾਂ ਦੇ ਢੇਰ 'ਤੇ ਬੈਠੇ ਹੋ। ਇਨ੍ਹਾਂ ਨੂੰ ਕੋਈ ਪੁੱਛੇ, ਕਿਸੇ ਦਿਨ ਦਸ ਘੰਟੇ ਲਾ ਕੇ ਤਾਂ ਦੇਖੋ, ਜਾਂ ਇਨ੍ਹਾਂ ਨੂੰ ਟਰੱਕ 'ਤੇ ਚਾੜ੍ਹ ਲਏ! ਫਿਰ ਪਤਾ ਲੱਗੂ ਐਨ ਵਾਈ ਦਾ ਮਤਲਬ ਕੀ ਹੈ। ਖ਼ੈਰ! ਮੈਂ ਸਮਾਂ ਦੇਖ ਕੇ ਬਾਬਾ ਜੀ ਨੂੰ ਚੱਲਣ ਲਈ ਕਿਹਾ। ਬਾਬਾ ਜੀ ਨੇ ਕਾਊਂਟਰ 'ਤੇ ਪੰਡ ਕੱਪੜਿਆਂ ਦੀ ਸਿੱਟ ਦਿੱਤੀ। ਦੋ ਫੁੱਟ ਲੰਮਾ ਬਿੱਲ ਬਣ ਗਿਆ 1129.30 ਡਾਲਰ ਦਾ। ਮੈਂ ਕਰੈਡਿਟ ਕਾਰਡ ਨਾਲ ਰਕਮ ਉਤਾਰ ਕੇ ਦੋ ਲਿਫਾਫੇ ਫੜ ਲਏ ਤੇ ਦੋ ਲਿਫਾਫੇ ਬਾਬਾ ਜੀ ਨੇ ਫੜਦਿਆਂ ਖੱਚਰਾ ਜਿਹਾ ਹੱਸਦਿਆਂ ਕਿਹਾ, "ਸਿੰਘ ਜੀ! ਬਿੱਲ ਵੱਡਾ ਹੀ ਬਣ ਗਿਆ।"

"ਕੋਈ ਨਾ ਬਾਬਾ ਜੀ, ਤੁਹਾਡੀ ਤਾਂ ਸ਼ਾਪਿੰਗ ਪੂਰੀ ਹੋ ਗਈ ਨਾ! ਹੋਰ ਤਾਂ ਨਹੀਂ ਕੁਝ ਚਾਹੀਦਾ?" ਮੈਂ ਕਾਰ ਦੀ ਡਿੱਕੀ 'ਚ ਲਿਫਾਫੇ ਰੱਖਦਿਆਂ ਕਿਹਾ।

"ਸਿੰਘ ਜੀ, ਜੇ ਤੁਹਾਨੂੰ ਇਤਰਾਜ਼ ਨਾ ਹੋਵੇ ਤਾਂ ਇਕ ਗੱਲ ਕਰਨੀ ਐ। ਪਲੀਜ਼ ਬੁਰਾ ਨਾ ਮਨਾਇਓ।" ਬਾਬਾ ਜੀ ਨੇ ਸਾਰੀ ਨਿਮਰਤਾ ਇਕੱਠੀ ਕਰਦਿਆਂ ਕਿਹਾ।

"ਬਾਬਾ ਜੀ, ਜੋ ਕੁਝ ਮਰਜ਼ੀ ਕਹੋ ਤੇ ਪੁੱਛੋ।" ਮੈਂ ਸਾਵਧਾਨ ਹੁੰਦਿਆਂ ਕਿਹਾ।

"ਮੇਰਾ ਵੱਡਾ ਸਾਲਾ ਪੁਲਿਸ ਵਿਚ ਠਾਣੇਦਾਰ ਹੈ। ਉਨ੍ਹਾਂ ਵਾਸਤੇ ਇਕ ਗਿਫਟ ਖਰੀਦਣਾ ਸੀ।" ਬਾਬਾ ਜੀ ਨੇ ਸੱਜੇ ਹੱਥ ਦਾ ਅੰਗੂਠਾ ਨਾਲ ਵਾਲੀ ਉਂਗਲ ਦੇ ਅੱਧ ਵਿਚ ਰੱਖਦਿਆਂ ਕਿਹਾ।

"ਬਾਬਾ ਜੀ, ਤੁਸੀਂ ਗਿਫ਼ਟ ਉਥੋਂ ਹੀ ਖਰੀਦ ਲੈਂਦੇ।" ਮੈਂ ਅਣਭੋਲ ਬਣਦਿਆਂ ਕਿਹਾ।

"ਸਿੰਘ ਜੀ, ਮੈਂ ਉਥੇ ਧਿਆਨ ਮਾਰਿਆ ਸੀ, ਮੈਨੂੰ ਉਹ ਦਿਖਾਈ ਨਹੀਂ ਦਿੱਤਾ। ਸ਼ਾਇਦ ਆਪਾਂ ਨੂੰ ਦੂਜੇ ਸਟੋਰ 'ਤੇ ਮਿਲੇ, ਜਿਹਨੂੰ ਲੀਕਰ ਕਹਿੰਦੇ ਨੇ!" ਬਾਬਾ ਜੀ ਨੇ ਮੈਨੂੰ ਸਮਝਾਉਣ ਦੀ ਕੋਸ਼ਿਸ਼ ਕਰਦਿਆਂ ਕਿਹਾ।

"ਬਾਬਾ ਜੀ, ਤੁਹਾਡਾ ਮਤਲਬ ਕਿਤੇ ਦਾਰੂ ਦੇ ਘੜੇ ਤੋਂ ਤਾਂ ਨਹੀਂ?" ਮੈਂ ਠਾਣੇਦਾਰ ਅਤੇ ਅੰਗੂਠੇ ਤੇ ਉਂਗਲ ਦੇ ਇਸ਼ਾਰਾ ਤੋਂ ਲੀਕਰ ਸਟੋਰ ਦਾ ਅੰਦਾਜ਼ਾ ਲਾਉਂਦਿਆਂ ਕਿਹਾ।

"ਹਾਂ ਜੀ, ਸਿੰਘ ਜੀ!" ਬਾਬੇ ਪੂਰੇ ਖਿੜ ਗਏ। ਮੈਂ ਗੱਡੀ ਬਾਹਰ ਕੱਢ ਕੇ ਪਾਰਕ ਕੀਤੀ ਤੇ ਆਪਣੇ ਸੱਜਣ ਨੂੰ ਫੋਨ ਲਾ ਲਿਆ ਤੇ ਬਾਬੇ ਦੇ ਗਿਫ਼ਟ ਵਾਲੀ ਗੱਲ ਸੁਣਾ ਦਿੱਤੀ।

"ਬਾਬਾ ਜੀ, ਦਾਰੂ ਦਾ ਘੜਾ ਗਿਫ਼ਟ ਵਿਚ ਲਿਜਾਣਾ ਚਾਹੁੰਦੇ ਨੇ।"

"ਤੇਰਾ ਦਿਮਾਗ ਸਹੀ ਹੈ?" ਬਾਈ ਦਾ ਪਾਰਾ ਇਕ ਦਮ ਚੜ੍ਹ ਗਿਆ। ਉਹ ਫਿਰ ਬੋਲਿਆ, "ਮੇਰੀ ਬਾਬਾ ਜੀ ਨਾਲ ਗੱਲ ਕਰਵਾ।" ਮੈਂ ਬਾਬਾ ਜੀ ਨੂੰ ਫੋਨ ਫੜਾ ਦਿੱਤਾ। ਬਾਬਾ ਜੀ ਦੀ 'ਹਾਂ' 'ਹੂੰ' ਹੀ ਸੁਣੀ। ਫੋਨ ਕੱਟਦਿਆਂ ਬਾਬਾ ਜੀ ਨੇ ਕਿਹਾ, "ਸਿੰਘ ਜੀ, ਉਨ੍ਹਾਂ ਨੂੰ ਪੁੱਛਣ ਦੱਸਣ ਦੀ ਕੀ ਲੋੜ ਸੀ, ਪੈਸੇ ਮੈਂ ਦੇ ਦੇਣੇ ਸਨ।" ਬਾਬਾ ਜਿਵੇਂ ਪਾੜ 'ਚ ਫਸ ਗਿਆ ਹੋਵੇ। ਮੈਂ ਕੋਈ ਜਵਾਬ ਨਾ ਦਿੱਤਾ।

ਬਾਬਾ ਜੀ ਨੂੰ ਮੈਂ ਕਿਸੇ ਦੇ ਘਰ ਅੱਗੇ ਉਤਾਰ ਕੇ ਆ ਗਿਆ ਜਿਥੋਂ ਉਨ੍ਹਾਂ ਦੀ ਦੋ ਦਿਨਾਂ ਬਾਅਦ ਇੰਡੀਆ ਦੀ ਫਲੈਟ ਸੀ। ਬਾਬਾ ਜੀ ਮੇਰੇ ਸੱਜਣ ਮਿੱਤਰ ਕੋਲ ਸਾਫ਼ ਮੁੱਕਰ ਗਏ ਕਿ ਮੈਂ ਦਾਰੂ ਦੇ ਘੜੇ ਦੇ ਗਿਫ਼ਟ ਦੀ ਕੋਈ ਗੱਲ ਵੀ ਕੀਤੀ ਸੀ। ਮੇਰੇ ਸੱਜਣ ਨੇ ਬਾਬਾ ਜੀ ਦਾ ਸੱਚ ਮੰਨਦਿਆਂ ਮੇਰੇ ਸ਼ਾਪਿੰਗ ਵਾਲੇ ਡਾਲਰ ਤਾਂ ਦੇ ਦਿੱਤੇ, ਪਰ ਬੋਲ-ਚਾਲ ਬੰਦ ਕਰ ਗਿਆ।

ਮੈਂ ਕੰਮ 'ਤੇ ਆ ਕੇ ਸੋਚਣ ਲੱਗਿਆ ਕਿ ਜਿੰਨੀ ਬਾਬਾ ਜੀ ਨੇ ਇਕੱਲਿਆਂ (ਤਕਰੀਬਨ ਉਨ੍ਹਾਂ ਸਮਿਆਂ ਮੁਤਾਬਕ) 55 ਹਜ਼ਾਰ ਦੀ ਸ਼ਾਪਿੰਗ ਕੀਤੀ ਹੈ, ਇੰਨੇ ਪੈਸਿਆਂ ਨਾਲ ਕਈ ਗਰੀਬੜਿਆਂ ਦਾ ਤਨ ਢਕ ਹੋ ਜਾਣਾ ਸੀ। ਕਈਆਂ ਦੇ ਮੂੰਹ ਵਿਚ ਅੰਨ ਪੈ ਜਾਣਾ ਸੀ। ਕੀ ਮੇਰੇ ਸੱਜਣ ਦੇ ਭੁੱਖੇ ਰਹਿ ਕੇ ਜੋੜੇ ਡਾਲਰ ਬਾਬਾ ਜੀ ਨੇ ਆਪਣੇ ਬੱਚਿਆਂ ਨੂੰ ਫੈਸ਼ਨ ਰਾਹੀਂ ਉਜਾੜ ਦੇਣੇ ਹਨ? ਮੇਰੇ ਮਨ ਨੂੰ ਕੋਈ ਜਵਾਬ ਨਹੀਂ ਸੀ ਮਿਲ ਰਿਹਾ। ਤਕਰੀਬਨ ਚਾਰ ਸਾਲ ਬਾਅਦ ਉਸ ਸੱਜਣ ਦਾ ਫੋਨ ਆਇਆ, "ਬਾਈ ਜੀ, ਮੈਨੂੰ ਮੁਆਫ਼ ਕਰ ਦੇਵੋ। ਤੁਸੀਂ ਸੱਚੇ ਸੀ। ਬਾਬਾ ਝੂਠਾ ਸੀ।" ਮੇਰਾ ਸੱਜਣ ਬਾਬੇ ਦੀਆਂ ਊਣਤਾਈਆਂ ਦੇਖ ਆਇਆ ਸੀ। ਖ਼ੈਰ! ਮੈਨੂੰ ਮੇਰਾ ਸੱਜਣ ਹੀ ਨਹੀਂ ਮਿਲ ਗਿਆ, ਸਗੋਂ ਮੇਰਾ ਸੱਜਣ ਉਸ ਬਾਬੇ ਦੇ ਚੱਕਰਵਿਊ ਵਿਚੋਂ ਵੀ ਆਜ਼ਾਦ ਹੋ ਗਿਆ। ਸੱਜਣ ਦੇ ਆਪਣੇ ਕਹਿਣ ਮੁਤਾਬਕ, 'ਉਹ ਹੁਣ ਤੱਕ ਬਾਬੇ ਨੂੰ ਚਾਰ ਲੱਖ ਰੁਪਏ ਦੇ ਚੁੱਕਿਆ ਸੀ।'

ਅਕਲ ਦੀ ਸੂਈ ਘਰ ਗੁਆ ਕੇ ਬਾਬਿਆਂ ਦੀ ਨਿਗ੍ਹਾ ਨਾਲ ਲੱਭਣ ਦੀ ਕੋਸ਼ਿਸ਼ ਨਾ ਕਰੋ।

## ਬੰਦਾ ਸਿੰਘ ਬਹਾਦਰ

*(ਸਫਾ 23 ਦੀ ਬਾਕੀ)*

ਅਤੇ ਸਿੱਧਾ ਮਾਰਗ ਉਲੀਕ ਦਿੱਤਾ ਸੀ। ਬੰਦਾ ਸਿੰਘ ਬਹਾਦਰ ਨੇ ਇਸ ਮਾਰਗ 'ਤੇ ਚੱਲਦਿਆਂ ਉਨ੍ਹਾਂ ਟੀਚਿਆਂ ਨੂੰ ਛੂਹ ਲਿਆ ਸੀ ਜਿਨ੍ਹਾਂ 'ਤੇ ਪਹੁੰਚਣ ਲਈ ਗੁਰੂ ਨਾਨਕ ਸਾਹਿਬ ਨੇ ਆਪਣਾ ਮਿਸ਼ਨ ਸ਼ੁਰੂ ਕੀਤਾ ਸੀ। ਗੁਰੂ ਗੋਬਿੰਦ ਸਿੰਘ ਜੀ ਇਕ ਸਪਿਰਟ ਸਨ, ਬੰਦਾ ਸਿੰਘ ਬਹਾਦਰ ਇਕ ਸਰੀਰ। ਜਦੋਂ ਗੁਰੂ ਜੀ ਦੀ ਸਪਿਰਟ ਉਸ ਦੇ ਸਰੀਰ ਵਿਚ ਦਾਖ਼ਲ ਹੋ ਗਈ ਤਾਂ ਇਹ ਤੂਫਾਨ ਦਾ ਰੂਪ ਧਾਰਨ ਕਰ ਗਈ।" (ਬੰਦਾ ਸਿੰਘ ਬਹਾਦਰ-ਡਾ. ਸੁਖਦਿਆਲ ਸਿੰਘ)

"ਜੇ ਕੋਈ ਅਜਿਹਾ ਸਿੱਖ ਹੋਇਆ ਹੈ ਜਿਸ ਨੇ ਸੱਚੇ ਦਿਲੋਂ ਗੁਰੂ ਗੋਬਿੰਦ ਸਿੰਘ ਜੀ ਦੇ ਇਨ੍ਹਾਂ ਜਾਦੂਮਈ ਸ਼ਬਦਾਂ-ਕਿਰਤ ਨਾਸ, ਕੁਲ ਨਾਸ, ਧਰਮ ਨਾਸ, ਕਰਮ ਨਾਸ ਨੂੰ ਆਪਣੇ ਜੀਵਨ ਵਿਚ ਅਪਨਾ ਲਿਆ ਸੀ, ਤਾਂ ਉਹ ਬੰਦਾ ਬਹਾਦਰ ਹੀ ਹੈ। ਕੇਵਲ ਉਹੀ ਇਕੱਲਾ ਅਜਿਹਾ ਇਨਸਾਨ ਸੀ ਜੋ ਕਿਸੇ ਵਿਅਕਤੀ ਦੀ ਕੁਲ, ਕਿਰਤ, ਕਰਮ ਅਤੇ ਧਰਮ ਬਾਰੇ ਜਾਨਣ ਤੋਂ ਬਿਨਾਂ ਹੀ ਉਸ ਨੂੰ ਜੱਫੀ ਵਿਚ ਲੈ ਕੇ ਸਿੰਘ ਆਖ ਬੁਲਾਉਂਦਾ ਸੀ ਅਤੇ ਫਿਰ ਉਸ ਨੂੰ ਕਸਬੇ ਜਾਂ ਪਿੰਡ ਦਾ ਮੋਹਰੀ ਨਿਯੁਕਤ ਕਰ ਦਿੰਦਾ ਸੀ। ਉਹ ਸੱਚੇ ਮਨੋਂ ਲੋਕਰਾਜੀ ਤੇ ਸਮਾਜਵਾਦੀ ਸੀ ਅਤੇ ਕਿਸੇ ਕਿਸਮ ਦੇ ਪੱਖਪਾਤ ਤੇ ਜਾਤੀ ਵੰਡ ਨੂੰ ਉਹ ਨਫ਼ਰਤ ਕਰਦਾ ਸੀ। ਭੂਤ ਕਾਲ ਜਾਂ ਵਰਤਮਾਨ ਵਿਚ ਕੋਈ ਇਕ ਵੀ ਸਿੱਖ ਅਜਿਹਾ ਨਹੀਂ ਹੋਇਆ ਜਿਸ ਨੇ ਗੁਰੂ ਜੀ ਦੇ ਕਥਨਾਂ ਦੀ ਰੂਹ ਨੂੰ ਬੰਦਾ ਬਹਾਦਰ ਵਾਂਗ ਸਮਝਿਆ ਹੋਵੇ ਅਤੇ ਅਮਲੀ ਰੂਪ ਵਿਚ ਅਪਨਾਇਆ ਹੋਵੇ। ਨਾ ਹੀ ਉਸ ਜਿੰਨੀ ਸਹਿਣ ਸ਼ਕਤੀ ਕਿਸੇ ਹੋਰ ਨੇ ਦਰਸਾਈ ਹੈ। ਉਹ ਪਹਿਲਾ ਸਿੱਖ ਸੀ ਜਿਸ ਨੇ ਰਾਜ ਦੇ ਸੁਪਨੇ ਨੂੰ ਅਮਲੀ ਰੂਪ ਪਹਿਨਾਇਆ।" (ਐਮ.ਐਸ. ਚੰਦੇਲਾ-ਬੰਦਾ ਬਹਾਦਰ)

*(ਚਲਦਾ)*

## ਭੂਆ

ਭਰਜਾਈ ਚਲੀ ਜਾ ਚੁਕੀ ਸੀ, ਤੇ ਭੂਆ ਦੀ ਜੀਵਨ ਕਥਾ ਬਰਾਬਰ ਸ਼ੁਰੂ ਸੀ। ਭਾਵੇਂ ਉਸ ਦੀ ਇਹ ਕਥਾ ਬੜੀ ਦਿਲਚਸਪ ਤੇ ਕਰੁਣਾ ਭਰਪੂਰ ਸੀ, ਪਰ ਮੇਰਾ ਬਹੁਤਾ ਖਿਆਲ ਆਪਣੀ ਮੌਤ ਦੇ ਸੁਨੇਹੇ ਉਸ ਛੰਨੇ ਵੱਲ ਸੀ।

ਭੂਆ ਬੋਲਦੀ ਗਈ... "ਵਿਆਹ ਨੂੰ ਵਰ੍ਹਾ ਵੀ ਨਹੀਂ ਸੀ ਬੀਤਿਆ - ਬੂਹੇ ਨਾਲ ਬੰਨ੍ਹੇ ਹੋਏ ਸ਼ਰੀਂਹ ਵੀ ਨਹੀਂ ਸੀ ਸੁੱਕੇ, ਜੁ ਮੌਤ ਭੈੜੀ ਨੇ ਨਿਗਲ ਲਿਆ। ਚੱਪੇ ਜਿੰਨੀ ਵਹੁਟੀ ਬੂਹੇ 'ਤੇ ਬਹਿ ਗਈ। ਸਭਨਾਂ ਤੋਂ ਛੋਟਾ ਸੀ ਤੇਰਾ ਪਿਉ। ਜਿਉਂ ਵਿਆਹਿਆ, ਅੱਠ ਵਰ੍ਹੇ ਬੀਤ ਗਏ, ਵੇਲ ਚੂੰਆਂ ਨਾ ਪਿਆ। ਵੇ ਪੁੱਤ, ਕੋਈ ਥਾਂ ਨਾ ਛੱਡਿਆ, ਕੋਈ ਪੀਰ ਫਕੀਰ ਨਾ ਛੱਡਿਆ। ਹਨੂਮਾਨ ਦੇ ਜਾਗੇ ਕੀਤੇ, ਭੈਰੋਂ ਦੀਆਂ ਕੰਜਕਾਂ ਜਿਵਾਈਆਂ, ਪੀਰਾਂ ਦੀ ਸ਼ੀਰਨੀ ਚੜ੍ਹਾਈ, ਬਾਵੇ ਕੰਬਲੀ ਵਾਲੇ ਦਾ ਰੋਟ ਦਿੱਤਾ। ਇਕ ਕੀਤੀ ਸੀ ਅਸਾਂ? ਪੁੱਤ! ਬਾਰ੍ਹਾਂ ਬਾਰ੍ਹਾਂ ਕੋਹਾਂ ਵਿਚ ਜਿਥੇ ਕਿਤੇ ਦੱਸ ਪਾਈ, ਭੱਜੇ ਗਏ, ਪਰ ਝੋਲੀ ਖ਼ੈਰ ਕਿਤੋਂ ਨਾ ਪਿਆ। ਛੇਕੜ ਦੀ ਬਾਕੀ ਪੀਰ ਦੀਨੇ ਸ਼ਾਹ ਦੀ ਖ਼ਾਨਗਾਹ 'ਤੇ ਸੁੱਖਣਾ ਸੁੱਖੀ ਤਾਂ ਕਿਤੋਂ ਸਾਡੀ ਭੂੜੀ ਕਬੂਲ ਪਈ ਤੇ ਮੈਂ ਮਸੇ ਤੇਰਾ ਮੂੰਹ ਵੇਖਿਆ। ਪੁੱਤ! ਇਹ ਸੂਰਤਾਂ ਕੋਈ ਨਿਤ ਨਿਤ ਪਈਆਂ ਲਭਦੀਆਂ ਨੇ?" ਤੇ ਉਹ ਫੇਰ ਮੇਰਾ ਮੂੰਹ ਚੁੰਮਣ ਲੱਗ ਪਈ।

ਮੇਰੇ ਕੰਨ ਭੂਆ ਦੀਆਂ ਗੱਲਾਂ ਵੱਲ ਸਨ, ਪਰ ਧਿਆਨ ਬੂਹੇ ਵਲ ਸੀ।

ਭਰਜਾਈ ਆ ਗਈ ਤੇ ਮੈਂ ਰੱਬ ਦਾ ਲੱਖ ਲੱਖ ਸ਼ੁਕਰ ਕੀਤਾ। ਖਾਲੀ ਕਟੋਰਾ ਉਸ ਦੇ ਹੱਥ ਵਿਚ ਸੀ ਤੇ ਸੱਸ ਨੂੰ ਬੜੀ ਨਿਰਾਸ਼ ਆਵਾਜ਼ ਵਿਚ ਕਹਿਣ ਲੱਗੀ, "ਉਹਨਾਂ ਦੀ ਤੇ ਅੱਜ ਕੱਟੀ ਚੁੰਘ ਗਈ ਏ।"

ਸੁਣਦਿਆਂ ਸਾਰ ਭੂਆ ਬੇਵਸੀ ਵਿਚ ਬੋਲ ਉਠੀ, "ਬਸ! ਲੱਗ ਗਈ ਅੱਗ ਹੁਣ ਸਾਰੇ ਪਿੰਡ ਨੂੰ! ਔਤਰਾ ਓਹੀਓ ਦੁੱਧ, ਜਿਨੂੰ ਕੁੱਤੇ ਨਹੀਂ ਕਬੂਲਦੇ, ਅਜ ਕਾਲ ਪੈ ਗਿਆ ਏ। ਮੁੰਡਾ ਆਖੇਗਾ ਕਿਹੇ ਚੰਦਰੇ ਘਰ ਆ ਵੜਿਆ ਵਾਂ ਜੁ ਦੁੱਧ ਦੀ ਛਿਟ ਵੀ ਨਹੀਂ ਜੁੜਦੀ।"

ਤੇ ਉਹ ਸ਼ਰਮਿੰਦਗੀ ਤੇ ਰਹਿਮ ਭਰੇ ਭਾਵਾਂ ਨਾਲ ਮੇਰੀ ਪਿੱਠ ਦੇ ਉਤੇ ਹੱਥ ਫੇਰਦੀ ਹੋਈ ਬੋਲੀ, "ਤੇ ਕਾਕਾ ਭੁੱਖਾ ਈ ਸਵੇਂਗਾ ਹੁਣ? ਹਾਏ ਮਾਂ ਸਦਕੇ। ਕਿਹਾ ਰਮਾਣ ਪਿਆ ਲਗਦਾ ਏ ਮੈਨੂੰ।"

ਪਰ ਮੈਂ ਭੁੰਜੇ ਡੁੱਲ੍ਹੇ ਹੋਏ ਦੁੱਧ ਵੱਲ ਤੱਕਦਾ ਹੋਇਆ ਦਿਲ ਵਿਚ ਕਹਿ ਰਿਹਾ ਸਾਂ, "ਭਲਾ ਹੋਇਆ ਮੇਰਾ ਚਰਖਾ ਟੁੱਟਾ ਜਿੰਦ ਅਜਾਬੋਂ ਛੁੱਟੀ।"

## ਪੰਜਾਬੀ ਫਿਲਮ ਕਰ ਕੇ ਚੰਗਾ ਲੱਗਾ: ਨੇਹਾ



ਮਾਡਲਿੰਗ ਤੋਂ ਫਿਲਮੀ ਜਗਤ ਵਿਚ ਕਦਮ ਰੱਖਣ ਅਤੇ ਬਾਲੀਵੁੱਡ ਵਿਚ ਆਪਣੀ ਵੱਖਰੀ ਪਛਾਣ ਬਣਾ ਚੁੱਕੀ ਨੇਹਾ ਧੂਪੀਆ ਨੇ ਜਿੰਮੀ ਸ਼ੇਰਗਿੱਲ ਨਾਲ ਆਪਣੀ ਪਹਿਲੀ ਪੰਜਾਬੀ ਫਿਲਮ 'ਰੰਗੀਲੇ' ਕੀਤੀ ਹੈ। ਨੇਹਾ ਦਾ ਕਹਿਣਾ ਹੈ ਕਿ ਇਸ ਫਿਲਮ ਦੀ ਕਹਾਣੀ ਉਸ ਨੂੰ ਬਹੁਤ ਦਿਲਚਸਪ ਲੱਗੀ ਸੀ। ਉਦੋਂ ਉਸ ਕੋਲ ਇਕ ਮਹੀਨੇ ਦਾ ਸਮਾਂ ਵੀ ਸੀ, ਜਿੰਮੀ ਨੇ ਸਕ੍ਰਿਪਟ ਦਿਖਾਈ ਤਾਂ ਉਸ ਨੇ ਝੱਟ ਹਾਂ ਕਰ ਦਿੱਤੀ, ਪਰ ਇਹ ਫਿਲਮ ਚੱਲੀ ਨਹੀਂ। ਇਸ ਫਿਲਮ ਨੇ ਨਾ ਪੈਸਾ ਕਮਾਇਆ ਅਤੇ ਨਾ ਹੀ ਆਲੋਚਕਾਂ ਜਾਂ ਦਰਸ਼ਕਾਂ ਵੱਲੋਂ ਕੋਈ ਸ਼ਾਬਾਸ਼ ਮਿਲੀ। ਉਂਜ ਨੇਹਾ ਬੰਗਾਲੀ ਤੇ ਮਰਾਠੀ ਭਾਸ਼ਾ ਦੀਆਂ ਫਿਲਮਾਂ ਵੀ ਕਰਨਾ ਚਾਹੁੰਦੀ ਹੈ। ਉਹ ਦੋ ਤਾਮਿਲ ਫਿਲਮਾਂ ਕਰ ਚੁੱਕੀ ਹੈ। ਉਸ ਦੀ ਨਵੀਂ ਫਿਲਮ 'ਉਂਗਲੀ' ਕਰਨ ਜੌਹਰ ਬਣਾ ਰਿਹਾ ਹੈ।

# ਸੋਹਣੀ ਸੋਨਾਕਸ਼ੀ ਸਿਨਹਾ



ਸੋਨਾਕਸ਼ੀ ਸਿਨਹਾ ਅੱਜਕੱਲ੍ਹ ਬਹੁਤ ਖੁਸ਼ ਹੈ। ਇਕ ਤਾਂ ਉਹਦੀ ਨਵੀਂ ਫਿਲਮ 'ਲੁਟੇਰਾ' ਲਈ ਉਸ ਦੀ ਬੜੀ ਤਾਰੀਫ ਹੋ ਰਹੀ ਹੈ; ਦੂਜੇ, ਉਸ ਨੇ ਸਾਬਤ ਕਰ ਦਿਖਾਇਆ ਹੈ ਕਿ ਸਫਲ ਹੋਣ ਲਈ ਜਾਂ ਜ਼ਿਆਦਾ ਸੁਨੱਖੇ ਦਿਸਣ ਲਈ ਘੱਟ ਕੱਪੜੇ ਪਾਉਣ ਜਾਂ ਕਈ ਮਾਮਲਿਆਂ ਵਿਚ ਕੱਪੜੇ ਉਤਾਰਨ ਦੀ ਕੋਈ ਲੋੜ ਨਹੀਂ ਹੈ। ਪੁੱਛਣ 'ਤੇ ਉਹ ਦੱਸਦੀ ਹੈ, "ਮੈਂ ਤਾਂ ਕਾਲਜ ਪੜ੍ਹਨ ਵੇਲੇ ਵੀ ਅਜਿਹੇ ਕੱਪੜੇ ਪਸੰਦ ਨਹੀਂ ਸੀ ਕਰਦੀ। ਹੁਣ ਕੋਈ ਵੀ ਨਿਰਮਾਤਾ ਨਿਰਦੇਸ਼ਕ ਮੇਰੇ ਕੋਲ ਅਜਿਹੀ ਕੋਈ ਪੇਸ਼ਕਸ਼ ਲੈ ਕੇ ਨਹੀਂ ਆਇਆ। ਇਨ੍ਹਾਂ ਸਭ ਨੂੰ ਪਤਾ ਹੈ ਕਿ ਮੈਂ ਸੋਨਾਕਸ਼ੀ ਹਾਂ।" ਉਸ ਨੇ ਆਸ ਪ੍ਰਗਟਾਈ ਕਿ ਉਸ ਦੇ ਦਰਸ਼ਕ ਉਸ ਨੂੰ ਅਗਾਂਹ ਵੀ ਇਸੇ ਰੂਪ ਵਿਚ ਸਵੀਕਾਰ ਕਰਨਗੇ। ਅਸਲ ਵਿਚ ਸੋਨਾਕਸ਼ੀ ਆਪਣੇ ਪਿਤਾ ਸ਼ਤਰੂਘਨ ਸਿਨਹਾ ਅਤੇ ਮਾਂ ਪੂਨਮ ਸਿਨਹਾ ਦੇ ਬਹੁਤ ਨੇੜੇ ਹੈ। ਉਹ ਉਨ੍ਹਾਂ ਦਾ ਖਿਆਲ ਵੀ ਬਹੁਤ ਰੱਖਦੀ ਹੈ। ਪਿੱਛੇ ਜਿਹੇ ਜਦੋਂ ਉਸ ਦਾ ਪਿਤਾ ਬਿਮਾਰ ਹੋ ਗਿਆ ਸੀ ਅਤੇ ਸਿਆਸੀ ਰੁਝੇਵਿਆਂ ਕਰ ਕੇ, ਡਾਕਟਰਾਂ ਦੇ ਕਹਿਣ ਦੇ ਬਾਵਜੂਦ ਲੋਕਾਂ ਨੂੰ ਮਿਲਣ ਤੋਂ ਨਹੀਂ ਸੀ ਹਟਦਾ, ਤਾਂ ਸੋਨਾਕਸ਼ੀ ਨੇ ਬਾਪੂ ਨੂੰ ਵੀ ਦਬਕ ਦਿੱਤਾ ਸੀ ਅਤੇ ਨਾਲ ਹੀ ਮਿਲਣ ਆਉਣ ਵਾਲਿਆਂ ਨੂੰ ਵੀ। 'ਲੁਟੇਰਾ' ਵਿਚ ਸੋਨਾਕਸ਼ੀ ਨਾਲ ਕੰਮ ਕਰਨ ਵਾਲਾ ਅਦਾਕਾਰ ਰਣਵੀਰ ਸਿੰਘ ਤਾਂ ਉਸ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦਾ ਨਹੀਂ ਥੱਕਦਾ। ਉਹ ਹੁੱਬ ਹੁੱਬ ਦੱਸਦਾ ਫਿਰਦਾ ਹੈ, "ਸੋਨਾਕਸ਼ੀ ਆਪਣਾ ਕੰਮ ਬਹੁਤ ਸੰਜੀਦਗੀ ਨਾਲ ਕਰਦੀ ਹੈ, ਸਗੋਂ ਹੋਰਾਂ ਨੂੰ ਵੀ ਅਜਿਹਾ ਕਰਨ ਲਈ ਪ੍ਰੇਰਦੀ ਹੈ। 'ਲੁਟੇਰਾ' ਵਿਚ ਉਸ ਨਾਲ ਕੰਮ ਕਰ ਕੇ ਕਾਫੀ ਕੁਝ ਸਿੱਖਣ ਨੂੰ ਮਿਲਿਆ ਹੈ। ਉਹ ਫਿਲਮ ਅਤੇ ਕਲਾਕਾਰਾਂ ਦੀ ਹਰ ਜ਼ਰੂਰਤ ਨੂੰ ਚੰਗੀ ਤਰ੍ਹਾਂ ਸਮਝਦੀ ਹੈ।" ਦੋ ਜੂਨ 1987 ਨੂੰ ਜਨਮੀ ਸੋਨਾਕਸ਼ੀ ਨੇ 2010 ਵਿਚ 'ਦਬੰਗ' ਫਿਲਮ ਨਾਲ ਫਿਲਮੀ ਦੁਨੀਆਂ ਵਿਚ ਪੈਰ ਪਾਏ ਸਨ। ਉਂਜ ਉਸ ਨੇ ਫੈਸ਼ਨ ਡਿਜ਼ਾਈਨਿੰਗ ਦੀ ਪੜ੍ਹਾਈ ਕੀਤੀ ਹੋਈ ਹੈ। ਉਸ ਨੇ ਆਪਣਾ ਕਰੀਅਰ ਕੌਸਟਿਊਮ ਡਿਜ਼ਾਈਨਰ ਵਜੋਂ ਹੀ ਸ਼ੁਰੂ ਕੀਤਾ ਸੀ। 2005 ਵਿਚ ਰਿਲੀਜ਼ ਹੋਈ ਫਿਲਮ 'ਮੇਰਾ ਦਿਲ ਲੇ ਕੇ ਦੇਖੋ' ਲਈ ਉਸ ਨੇ ਕੌਸਟਿਊਮ ਡਿਜ਼ਾਈਨ ਕੀਤੇ ਸਨ। 2008 ਅਤੇ 2009 ਵਿਚ ਲੈਕਮੇ ਫੈਸ਼ਨ ਵੀਕ ਦੌਰਾਨ ਉਹ ਰੈਂਪ ਉਤੇ ਮਟਕੀ ਤੇ ਮੁਸਕਰਾਈ ਅਤੇ ਸਭ ਦਾ ਧਿਆਨ ਖਿਚਿਆ। ਇਸ ਤੋਂ ਬਾਅਦ ਉਸ ਲਈ ਬਾਲੀਵੁੱਡ ਦੇ ਰਾਹ ਖੁੱਲ੍ਹ ਗਏ ਅਤੇ ਉਹ 'ਦਬੰਗ' ਵਿਚ ਸਲਮਾਨ ਖਾਨ ਨਾਲ ਬਤੌਰ ਹੀਰੋਇਨ ਆਈ। ਸਲਮਾਨ ਖਾਨ ਨਾਲ ਕੰਮ ਕਰਨ ਵਾਲੀਆਂ ਹੀਰੋਇਨਾਂ ਭਾਵੇਂ ਸਲਮਾਨ ਦੇ ਰੋਲ ਹੇਠਾਂ ਦਬ ਕੇ ਰਹਿ ਜਾਂਦੀਆਂ ਹਨ, ਪਰ ਸੋਨਾਕਸ਼ੀ ਨੇ ਇਸ ਫਿਲਮ ਵਿਚ ਆਪਣੀ ਛਾਪ ਛੱਡੀ; ਫਿਲਮ ਆਲੋਚਕਾਂ ਨੇ ਵੀ ਉਸ ਦੀ ਅਦਾਕਾਰੀ ਦਾ ਨੋਟਿਸ ਲਿਆ ਅਤੇ ਖੂਬ ਪ੍ਰਸ਼ੰਸਾ ਕੀਤੀ। 2012 ਵਿਚ ਉਸ ਦੀਆਂ ਪੰਜ ਫਿਲਮਾਂ ਰਿਲੀਜ਼ ਹੋਈਆਂ: ਰਾਊਡੀ ਰਾਠੌਰ, ਜੋਕਰ, ਓਹ ਮਾਈ ਗੌਡ, ਦਬੰਗ-2 ਅਤੇ ਸਨ ਆਫ ਸਰਦਾਰ। 2013 ਵਿਚ 'ਲੁਟੇਰਾ' ਨਾਲ ਧਿਆਨ ਖਿੱਚਿਆ। ਇਸੇ ਸਾਲ ਉਸ ਦੀ ਫਿਲਮ 'ਵੰਸ ਅਪੌਨ ਏ ਟਾਈਮ ਇਨ ਮੁੰਬਈ ਦੋਬਾਰਾ' ਆ ਰਹੀ ਹੈ। 'ਬੁਲੇਟ ਰਾਜਾ', 'ਰੈਂਬੋ ਰਾਜ ਕੁਮਾਰ' ਅਤੇ 'ਪਿਸਟਲ' ਦੀ ਸ਼ੂਟਿੰਗ ਚੱਲ ਰਹੀ ਹੈ।




'ਲੁਟੇਰਾ' ਦੇ ਪੋਸਟਰ 'ਚ ਸੋਨਾਕਸ਼ੀ।

## ਡਿਕਨਜ਼ ਦਾ ਨਾਵਲ ਅਤੇ ਕੈਟਰੀਨਾ ਕੈਫ

ਵਲੈਤਣ ਕੈਟਰੀਨਾ ਕੈਫ ਚਾਰਲਸ ਡਿਕਨਜ਼ ਦੇ ਨਾਵਲ 'ਗ੍ਰੇਟ ਐਕਸਪੈਕਟੇਸ਼ਨ' ਉਤੇ ਅਭਿਸ਼ੇਕ ਕਪੂਰ ਵੱਲੋਂ ਬਣਾਈ ਜਾ ਰਹੀ ਫਿਲਮ ਵਿਚ ਅਹਿਮ ਕਿਰਦਾਰ ਨਿਭਾਅ ਰਹੀ ਹੈ। ਇਸ ਤੋਂ ਪਹਿਲਾਂ ਅਭਿਸ਼ੇਕ 'ਕਾਈ ਪੋ ਚੇ' ਵਰਗੀ ਚਰਚਿਤ ਫਿਲਮ ਦੇ ਚੁੱਕਾ ਹੈ। ਨਵੀਂ ਫਿਲਮ ਵਿਚ ਹੀਰੋ ਸੁਸ਼ਾਂਤ ਸਿੰਘ ਰਾਜਪੂਤ ਨੂੰ ਲਿਆ ਜਾ ਰਿਹਾ ਹੈ। ਉਂਜ, ਨਾਵਲ ਵਿਚ ਜ਼ੋਰਦਾਰ ਕਿਰਦਾਰ ਤਾਂ ਹੀਰੋ ਦਾ ਹੀ ਹੈ, ਪਰ ਸੁਣਿਆ ਹੈ ਕਿ ਅਭਿਸ਼ੇਕ ਨੇ ਕੁਝ ਕੁ ਤਬਦੀਲੀ ਕਰ ਕੇ ਨਾਇਕਾ ਦਾ ਕਿਰਦਾਰ ਵੀ ਦਮਦਾਰ ਬਣਾ ਲਿਆ ਹੈ। ਇਸੇ ਕਰ ਕੇ ਕੈਟਰੀਨਾ ਇਹ ਫਿਲਮ ਕਰਨ ਲਈ ਰਾਜ਼ੀ ਹੋਈ ਹੈ। ਅਸਲ ਵਿਚ ਕੈਟਰੀਨਾ ਦਾ ਜਿਗਰਾ ਬਹੁਤ ਵੱਡਾ ਹੈ ਜਿਸ ਨੇ ਔਕੜਾਂ ਨੂੰ ਪਰ੍ਹਾਂ ਧੱਕ ਕੇ ਹਾਰਾਂ ਨੂੰ ਜਿੱਤਾਂ ਵਿਚ ਬਦਲ ਦਿੱਤਾ। ਕਮੀ-ਪੇਸ਼ੀ ਉਸ 'ਤੇ ਕਦੇ ਵੀ ਭਾਰੀ ਨਾ ਪਈ। 100 ਸਾਲ ਸਿਨੇਮਾ ਦੇ 'ਤੇ ਬਣੀ ਸ਼ਾਰਟ ਫਿਲਮ 'ਬੰਬੇ ਟਾਕੀਜ਼' ਵਿਚ ਦਿਲ ਨੂੰ ਛੂਹ ਲੈਣ ਵਾਲਾ ਕੰਮ ਕਰਕੇ ਕੈਟ ਹਰੇਕ ਦੀ ਪ੍ਰਸ਼ੰਸਾ ਬਟੋਰਨ ਵਿਚ ਕਾਮਯਾਬ ਹੋਈ ਹੈ। 'ਧੂਮ-3', 'ਮੈਂ ਕ੍ਰਿਸ਼ਨਾ ਹੂੰ' ਤੇ ਬਰਸਾਤਾਂ ਵਿਚ 'ਦੋਸਤਾਨਾ-2' ਲੈ ਕੇ ਆ ਰਹੀ ਮਿਸ ਕੈਫ ਹਿੰਮਤ, ਖੁਦਾ, ਕਲਾ ਤੇ ਲਗਨ ਦੇ ਨਾਲ-ਨਾਲ ਸਲਮਾਨ ਖਾਨ ਦਾ ਸਾਥ ਆਪਣੇ ਲਈ ਮਹੱਤਵਪੂਰਨ ਸਮਝਦੀ ਹੈ। 'ਆਸਮਾਨ', 'ਬੈਂਗ ਬੈਂਗ' ਦੇ ਹੋਰ ਵੱਡੀਆਂ ਫਿਲਮਾਂ ਕਰ ਰਹੀ ਕੈਟੀ ਆਲੋਚਨਾ ਦਾ ਸਵਾਗਤ ਕਰਦੀ ਹੈ ਤੇ ਕਿਸੇ ਦੀ ਨਿੰਦਾ ਚੁਗਲੀ ਨਹੀਂ ਕਰਦੀ। ਲੋਕ ਜੋ ਮਰਜ਼ੀ ਕਹਿਣ ਕਿ ਉਹ ਸਿਰਫ ਰਬੜ ਦੀ ਗੁੱਡੀ ਹੈ ਤੇ ਵੇਖਣ ਵਾਲੀ ਚੀਜ਼ ਹੈ ਪਰ ਉਸ ਨੇ ਸਫ਼ਲ ਫ਼ਿਲਮਾਂ ਦੇ ਕੇ ਇਨ੍ਹਾਂ ਗੱਲਾਂ ਨੂੰ ਗਲਤ ਸਾਬਤ ਕਰ ਦਿੱਤਾ ਹੈ। ਪਹਿਲਾਂ ਪਹਿਲ ਬਾਹਰਲੀ ਸਮਝ ਕੇ ਉਸ ਨੂੰ ਹੋਰ ਤਰ੍ਹਾਂ ਦੇਖਿਆ ਜਾਂਦਾ ਸੀ ਪਰ ਵਿਪੁਲ ਸ਼ਾਹ, ਸਲਮਾਨ ਖਾਨ ਦੇ ਸਹਿਯੋਗ ਨੇ ਉਸ ਨੂੰ ਓਪਰਾਪਣ ਮਹਿਸੂਸ ਨਹੀਂ ਹੋਣ ਦਿੱਤਾ। ਕੈਟ ਕੋਲ ਇਸ ਵੇਲੇ ਇਕ ਹੋਰ ਫਿਲਮ 'ਜਿਊਲ ਆਫ਼ ਇੰਡੀਆ' ਵੀ ਹੈ। ਭਾਰਤੀ ਨਾ ਹੋਣ ਦੇ ਬਾਵਜੂਦ ਉਸ ਨੇ ਭਾਰਤ ਦੇ ਸੱਭਿਆਚਾਰ ਨੂੰ ਜਾਣ ਲਿਆ ਹੈ।



## ਭੁੱਲੀ ਵਿਸਰੀ ਗਾਇਕਾ ਤੇ ਅਦਾਕਾਰਾ ਰਾਜ ਕੁਮਾਰੀ



ਰਾਜ ਕੁਮਾਰੀ ਆਪਣੇ ਸਮੇਂ (1940 ਵਾਲੇ ਦਹਾਕੇ) ਦੀ ਮਿੱਠੀ ਤੇ ਆਨੰਦਮਈ ਆਵਾਜ਼ ਵਾਲੀ ਹਿੰਦੀ ਤੇ ਗੁਜਰਾਤੀ ਗੀਤਾਂ ਦੀ ਗਾਇਕਾ ਸੀ। ਉਸ ਨੇ 1934 ਵਿਚ ਸਿਰਫ 10 ਸਾਲ ਦੀ ਉਮਰ ਵਿਚ ਆਪਣਾ ਪਹਿਲਾ ਗੀਤ ਐਚ.ਐਮ.ਵੀ. ਰਿਕਾਰਡਿੰਗ ਕੰਪਨੀ ਲਈ ਰਿਕਾਰਡ ਕਰਵਾਇਆ ਸੀ। ਉਸ ਨੇ ਹਿੰਦੀ, ਉਰਦੂ, ਗੁਜਰਾਤੀ ਗੀਤਾਂ ਤੋਂ ਇਲਾਵਾ ਪੰਜਾਬੀ ਗੀਤ ਵੀ ਗਾਏ। ਉਸ ਦੀ ਪਹਿਲੀ ਹਿੰਦੀ/ਗੁਜਰਾਤੀ ਫਿਲਮ ਸੀ 'ਸੰਸਾਰ ਲੀਲਾ-ਨਈ ਦੁਨੀਆ।' ਉਸ ਨੇ ਗਾਇਕੀ ਲਈ ਭਾਵੇਂ ਕਿਸੇ ਨੂੰ ਵੀ ਗੁਰੂ ਧਾਰ ਕੇ ਸਿਖਲਾਈ ਨਹੀਂ ਲਈ ਸੀ, ਪਰ ਉਸ ਤੋਂ ਜਦੋਂ ਵੀ ਕਿਸੇ ਕੰਪੋਜ਼ਰ ਨੇ ਗੀਤ ਗਵਾਇਆ ਤਾਂ ਉਹ ਨਿਰਾਸ਼ ਨਹੀਂ, ਖੁਸ਼ ਹੀ ਹੋਇਆ। ਸੋ, ਰਾਜਕੁਮਾਰੀ ਨੂੰ ਗਾਇਨ ਕੁਦਰਤ ਵੱਲੋਂ ਮਿਲਿਆ ਤੋਹਫਾ ਹੀ ਸੀ। ਰਾਜ ਕੁਮਾਰੀ ਨੇ ਜਿਨ੍ਹਾਂ ਪ੍ਰਸਿੱਧ ਸੰਗੀਤਕਾਰਾਂ ਅਧੀਨ ਗੀਤ ਗਾਏ ਉਨ੍ਹਾਂ ਵਿਚ ਅਨਿਲ ਬਿਸਵਾਸ, ਓ.ਪੀ. ਨਈਅਰ, ਗਿਆਨ ਦੱਤ, ਸ਼ਿਆਮ ਸੁੰਦਰ, ਐਸ.ਡੀ. ਬਰਮਨ, ਨੌਸ਼ਾਦ ਅਤੇ ਰੌਸ਼ਨ ਸਾਹਿਬ ਸ਼ਾਮਲ ਹਨ। ਪ੍ਰਸਿੱਧ ਉਚੇ ਲੰਮੇ ਅਦਾਕਾਰ ਜਯੰਤ ਨਾਲ ਪ੍ਰਕਾਸ਼ ਪਿਕਚਰਜ਼ ਬੈਨਰ ਦੀਆਂ ਕਈ ਫਿਲਮਾਂ ਵਿਚ ਮਹੱਤਵਪੂਰਨ ਰੋਲ ਕੀਤੇ। ਫਿਲਮ 'ਕਿਤਾਬ' ਵਿਚ ਰਾਜ ਕੁਮਾਰੀ ਦੁਆਰਾ ਗਾਇਆ ਅਤੇ ਆਰ.ਡੀ. ਬਰਮਨ ਦੁਆਰਾ ਸੰਗੀਤਬੱਧ ਕੀਤਾ 'ਭਜਨ' ਰੱਬ ਅੱਗੇ ਕੀਤੀ ਉਸ ਦੀ ਆਖਰੀ ਫਰਿਆਦ ਸਾਬਤ ਹੋਈ ਅਤੇ 2000 ਵਿਚ ਉਹ ਸਵਰਗ ਸਿਧਾਰ ਗਈ। ਰਾਜ ਕੁਮਾਰੀ ਦੁਆਰਾ ਫਿਲਮ 'ਮਹਿਲ' ਵਿਚ ਗਾਇਆ ਗੀਤ 'ਘਬਰਾ ਕੇ ਜੋ ਹਮ ਸਰ ਕੋ ਟਕਰਾਏ ਤੋ ਅੱਛਾ...' ਉਸ ਦਾ ਪਸੰਦੀਦਾ, ਹਿੱਟ ਤੇ ਅਮਰ ਗੀਤ ਹੈ। 1996 ਵਿਚ ਉਸ ਨੂੰ ਅਸ਼ੀਰਵਾਦ ਨਰਤਨ ਐਵਾਰਡ ਭੇਟ ਕੀਤਾ ਗਿਆ। ਪੁਰਾਣੀ ਪੰਜਾਬੀ ਫਿਲਮ 'ਪੋਸਤੀ' ਦਾ ਗੀਤ 'ਵੇ ਮੈਂ ਕਜਲੇ ਦੀ ਪਾਨੀ ਆਂ ਧਾਰ, ਲੈ ਲੈ ਨਾਂ ਤੇਰਾ' ਹਰਮਨ ਪਿਆਰਾ ਗੀਤ ਰਾਜਕੁਮਾਰੀ ਦੀ ਆਵਾਜ਼ ਵਿਚ ਹੀ ਹੈ ਤੇ ਅਮਰ ਹੈ।

*-ਜੁਗਰਾਜ ਗਿੱਲ ਸ਼ਾਰਲਟ, ਫੋਨ: 704-257-6693*

ਗੁਰਬਾਣੀ
24 ਘੰਟੇ ਸੁਣਨ ਲਈ
Dial 832.551.5029 Ext. 4
www.GurbaniRadio.org

ਪੰਜਾਬੀ ਗਾਣੇ
24 ਘੰਟੇ ਸੁਣਨ ਲਈ
Dial 832.551.5029 Ext. 3
www.NonStopPunjabi.com

ਪੰਜਾਬੀ ਰੇਡੀਓ ਯੂਐਸਏ
Punjabi RADIO USA
ON THE AIR
Uniting Punjabi's All Over
www.PunjabiRadioUSA.com
408-272-5200

DIAL TO LISTEN:
US: 832-551-5029 | 605-475-6868 | 712-432-5838 (METRO PCS)
UK: +44 203-519-0455
GERMANY: +511 80-90-40-41

NEW PROGRAM: TODAY IN SIKH HISTORY | ਅੱਜ ਦਾ ਦਿਨ ਸਿੱਖ ਇਤਿਹਾਸ ਵਿੱਚ DAILY | ਰੋਜ਼ਾਨਾ 9AM | 12PM

KHALSA
INSURANCE AGENCY, INC.





STARTING A NEW OR HAVE AN EXISTING TRUCKING BUSINESS?
LONG HAUL OR LOCAL TRUCKING

» General Liability
» Auto Liability
» Bobtail Liability (Non-Trucking)
» Cargo
» Physical Damage
» Work - Comp

Call now for the LOWEST PRICES!
408-272-2500
www.KHALSAINSURANCE.com
3750 McKee Rd Suite A , San Jose, CA 95127

Call to check our lowest rates for Auto • Home • Health • Life. You won't believe It.

Licensed in: Alabama • Arkansas • Arizona • California • Colorado • Connecticut • DC • Georgia
Florida • Idaho • Iowa • Indiana • Illinois • Kansas • Louisiana • Maryland • Mississippi • Michigan
Minnesota • Nevada • New Jersey • New York • New Mexico • Oregon • Ohio • Oklahoma
Pennsylvania • Texas • Utah • Virginia • Vermont • Washington • Wisconsin

Khalsa Insurance Agency, Inc. CA LICENSE #0F89805

# ਗਦਰ ਮੈਮੋਰੀਅਲ ਫਾਊਂਡੇਸ਼ਨ ਆਫ ਅਮਰੀਕਾ

## ਗਦਰ ਸ਼ਤਾਬਦੀ ਸਮਾਗਮ


ਬਾਬਾ ਸੋਹਨ ਸਿੰਘ ਭਕਨਾ


ਕਰਤਾਰ ਸਿੰਘ ਸਰਾਭਾ


ਲਾਲਾ ਹਰਦਿਆਲ


ਮੁਹੰਮਦ ਬਰਕਤ-ਉੱਲਾ

## ਕਾਨਫਰੰਸ ਅਤੇ ਸੈਮੀਨਾਰ

**13 ਜੁਲਾਈ 2013**

ਸਨਿਚਰਵਾਰ, ਦੁਪਹਿਰ 12 ਤੋਂ ਸ਼ਾਮ 4 ਵਜੇ ਤੱਕ

**ਸਥਾਨ: ਗਦਰ ਮੈਮੋਰੀਅਲ ਹਾਲ**

5 ਵੁੱਡ ਸਟਰੀਟ, ਸੈਨ ਫਰਾਂਸਿਸਕੋ, ਕੈਲੀਫੋਰਨੀਆ 94116

ਉਦਘਾਟਨ: ਡਾ. ਗੁਰੂਮੇਲ ਸਿੰਘ ਸਿੱਧੂ
ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਫਰਿਜ਼ਨੋ

**ਡਾ. ਹਰੀਸ਼ ਪੁਰੀ** *(ਰਿਟਾਇਰਡ ਪ੍ਰੋਫੈਸਰ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ)*
*ਗਦਰ ਲਹਿਰ: ਨਵੇਂ ਸਿਆਸੀ ਸਮਾਜ ਦੀ ਸਿਰਜਣਾ ਉਤੇ ਪੇਪਰ ਪੜ੍ਹਨਗੇ*

ਦੇਸ਼ ਭਗਤੀ ਦੀਆਂ ਕਵਿਤਾਵਾਂ ਅਤੇ ਸਕੂਲੀ ਵਿਦਿਆਰਥੀਆਂ ਦੇ ਭਾਸ਼ਣ ਮੁਕਾਬਲੇ

### ਬਹਿਸ ਵਿਚ ਭਾਗ ਲੈਣਗੇ

ਸ੍ਰੀ ਸੀਤਾ ਰਾਮ ਯੈਚੁਰੀ, ਐਮ.ਪੀ., ਨਿਰੂਪਮਾ ਰਾਓ, ਰਾਜਦੂਤ,
ਡਾ. ਜਸਪਾਲ ਸਿੰਘ, ਵੀ.ਸੀ. ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾ. ਜਸਵਿੰਦਰ ਸਿੰਘ, ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ, ਪਟਿਆਲਾ
ਡਾ. ਧਨਵੰਤ ਕੌਰ, ਪ੍ਰੋਫੈਸਰ ਪੰਜਾਬੀ ਯੂਨੀਵਰਸਿਟੀ ਪਟਿਆਲਾ
ਡਾ. ਦੀਪਕ ਮਨਮੋਹਨ ਸਿੰਘ, ਡਾਇਰੈਕਟਰ ਵਰਲਡ ਪੰਜਾਬੀ ਸੈਂਟਰ,
ਡਾ. ਮਹਿੰਦਰ ਸਿੰਘ (ਮੈਂਬਰ ਘੱਟਗਿਣਤੀ ਕਮਿਸ਼ਨ ਨਵੀਂ ਦਿੱਲੀ),
ਕੌਂਸਲ ਜਨਰਲ, ਸਤਨਾਮ ਸਿੰਘ ਚਾਹਲ,
ਡਾ. ਗੁਰਦੇਵ ਸਿੰਘ ਖੁਸ਼, ਪ੍ਰੋਫੈਸਰ ਪਲਾਂਟ ਸਾਇੰਸਿਜ਼
ਗੁਰਦਿਆਲ ਸਿੰਘ ਬੱਲ, ਗੁਰਬਿੰਦਰ ਸਿੰਘ ਧਾਲੀਵਾਲ,
ਪ੍ਰੋ. ਸੰਪੂਰਨ ਸਿੰਘ, ਹੀਰਾ ਲਾਲ ਸਿੰਘ (ਹਿਊਸਟਨ)
ਸੁਖਵਿੰਦਰ ਕੰਬੋਜ, ਜਸਪ੍ਰੀਤ ਸਿੰਘ ਅਟਾਰਨੀ, ਕੁਲਵੰਤ ਸਿੰਘ ਮੰਡਿਆਲਾ-ਯੂ ਕੇ, ਪ੍ਰਿੰ. ਵੀਰ ਸਿੰਘ ਰੰਧਾਵਾ, ਪਾਖਰ ਸਿੰਘ ਚਾਹਲ, ਐਡਵੋਕੇਟ, ਦਲਵਿੰਦਰ ਸਿੰਘ ਧੂਤ, ਡਾ. ਸਤਨਾਮ ਸਿੰਘ ਉਪਲ।

**ਸੰਤ ਸੇਵਾ ਸਿੰਘ ਖਡੂਰ ਸਾਹਿਬ ਵਿਸ਼ੇਸ਼ ਤੌਰ 'ਤੇ ਪਹੁੰਚਣਗੇ**

*ਮੰਚ ਸੰਚਾਲਕ: ਹਰਵਿੰਦਰ ਰਿਆੜ, ਜਸ ਟੀ ਵੀ*

## ਸਭਿਆਚਾਰਕ ਮੇਲਾ : 14 ਜੁਲਾਈ 2013 ਐਤਵਾਰ 12 ਵਜੇ ਤੋਂ 6 ਵਜੇ ਤੱਕ

**ਸਥਾਨ : ਪਰਫਾਰਮਿੰਗ ਆਰਟ ਸੈਂਟਰ ਸੈਲਡਨ ਹਾਈ ਸਕੂਲ**
8333 ਕਿੰਗਜ਼ ਬ੍ਰਿਜ ਡਰਾਈਵ, ਸੈਕਰਾਮੈਂਟੋ, ਕੈਲੀਫੋਰਨੀਆ 95829

**ਉਦਘਾਟਨ: ਡਾ. ਗੁਰਦੇਵ ਸਿੰਘ ਖੁਸ਼**
ਐਫ.ਆਰ.ਐਸ., ਐਨ.ਏ.ਐਸ. ਪ੍ਰੋ. ਪਲਾਂਟ ਸਾਇੰਸਜ਼

ਦੇਸ਼ ਭਗਤੀ ਦੇ ਗੀਤ: ਅਨੂਪ ਸਿੰਘ ਚੀਮਾ, ਤਰਲੋਕ ਸਿੰਘ, ਮੱਖਣ ਲੁਹਾਰ, ਪੰਮੀ ਮਾਨ
ਸੰਗੀਤ: ਨਰਿੰਦਰ ਬੱਗਾ

ਲੰਗਰ: ਸੰਤੋਖ ਸਿੰਘ ਜੱਜ ਸੰਸਾਰ ਰੈਸਟੋਰੈਂਟ ਟਰੇਸੀ ਅਤੇ ਲਿਵਰਮੋਰ।
ਫਰੂਟ ਦੀ ਸੇਵਾ: ਕੁਲਦੀਪ ਸਿੰਘ ਅਟਵਾਲ, ਸੁਰਜੀਤ ਸਿੰਘ ਅਟਵਾਲ, ਸਰਬਜੀਤ ਸਿੰਘ ਅਟਵਾਲ।

ਲੋਕ ਗਾਇਕ ਬਲਜੀਤ ਮਾਲਵਾ, ਸੁਖਵੰਤ ਸੁੱਖੀ ਅਤੇ ਮੰਨਾ ਢਿੱਲੋਂ ਗੀਤ ਪੇਸ਼ ਕਰਨਗੇ

### ਸਮੂਹ ਪੰਜਾਬੀ ਤੇ ਭਾਰਤੀ ਭਾਈਚਾਰੇ ਨੂੰ ਇਸ ਪ੍ਰੋਗਰਾਮ ਵਿਚ ਸ਼ਾਮਿਲ ਹੋਣ ਲਈ

*Free Entry, Free Parking* **ਨਿੱਘਾ ਸੱਦਾ** *Free Food and Tea*

ਦਾਨਿਸ਼ਵਰ ਸਹਿਯੋਗੀ: ਬਹਾਦਰ ਸਿੰਘ, ਦਿਲਜੀਤ ਸਿੰਘ, ਬਲਰਾਜ ਸਿੰਘ ਪੰਨੂੰ, ਨਿਰਮਲ ਸਿੰਘ ਵਿਰਕ, ਹਰਜਿੰਦਰ ਸਿੰਘ ਓਰੇਗਾਨ, ਡਾ. ਹਰਦਮ ਸਿੰਘ ਆਜ਼ਾਦ, ਹੀਰਾ ਲਾਲ ਸਿੰਘ, ਮਨੋਹਰ ਸਿੰਘ ਮਾਨ, ਰਾਣਾ, ਅਮਨ ਸਿੰਘ ਸਿੱਧੂ, ਤੀਰਥ ਸਿੰਘ ਖਹਿਰਾ-ਹਿਊਸਟਨ, ਕਸ਼ਮੀਰ ਸਿੰਘ, ਸੁਰਿੰਦਰ ਸਿੰਘ ਸਿੱਧੂ, ਬੰਤ ਸਿੰਘ ਕਾਂਗਣਾ-ਪ੍ਰਧਾਨ, ਬਲਬੀਰ ਸਿੰਘ-ਸਕੱਤਰ (ਜੈਕਸਨ), ਗੁਲਜ਼ਾਰ ਸਿੰਘ, ਸਰਪੰਚ ਰਤਨ ਸਿੰਘ, ਦਿਲਬਾਗ ਸਿੰਘ, ਨਰੰਜਣ ਸਿੰਘ ਸਿਆਟਲ, ਮੁਖਤਾਰ ਸਿੰਘ ਐਲ.ਏ., ਲਖਵਿੰਦਰ ਸਿੰਘ ਯੱਕਾਵੈਲੀ, ਬਲਵਿੰਦਰ ਸਿੰਘ ਸ਼ੈਫਟਰ, ਕੁਲਦੀਪ ਸਿੰਘ ਖਿੰਡਾ, ਗੁਰਮੀਤ ਸਿੰਘ ਖਿੰਡਾ, ਸੋਨੂੰ ਖਿੰਡਾ ਰੈਡ ਬਲੱਫ, ਨਿਰਮਲ ਸਿੰਘ ਚੰਦੀ, ਕਰਨੈਲ ਸਿੰਘ, ਅਮਰੀਕ ਸਿੰਘ, ਕੁਲਦੀਪ ਸਿੰਘ ਜੱਜ ਟਰਲਕ, ਜਗਮੋਹਨ ਸਿੰਘ, ਬਲਬੀਰ ਸਿੰਘ, ਜਸਬੀਰ ਸਿੰਘ ਟੂਲੈਰੀ, ਸੁੱਚਾ ਸਿੰਘ ਮਹਿਰੋਕ, ਪ੍ਰਿਥੀਪਾਲ ਸਿੰਘ ਵਾਇਸੇਲੀਆ, ਤਰਲੋਚਨ ਸਿੰਘ, ਨਿਰਮਲ ਸਿੰਘ, ਜਸਬੀਰ ਸਿੰਘ, ਗੁਰਦੀਪ ਸਿੰਘ ਨਿੱਝਰ ਫਰਿਜ਼ਨੋ, ਜਰਨੈਲ ਸਿੰਘ, ਹਰੀ ਸਿੰਘ, ਸੁੱਚਾ ਸਿੰਘ ਮਨਟੀਕਾ, ਸੰਤੋਖ ਸਿੰਘ ਜੱਜ, ਸੁਰਜੀਤ ਸਿੰਘ ਜੱਜ, ਹਰਜਿੰਦਰ ਸਿੰਘ ਜੱਜ, ਦਵਿੰਦਰ ਸਿੰਘ, ਮੋਹਣ ਸਿੰਘ, ਗੁਰਮੀਤ ਸਿੰਘ, ਬਲਬੀਰ ਸਿੰਘ, ਮੱਖਣ ਸਿੰਘ ਜੱਜ, ਕਸ਼ਮੀਰ ਸਿੰਘ, ਮੁਖਤਿਆਰ ਸਿੰਘ ਟਰੇਸੀ, ਅਵਤਾਰ ਸਿੰਘ ਡੋਡ, ਤਰਲੋਚਨ ਸਿੰਘ ਨਾਗਰਾ, ਬੋਲੀਨਾ ਬ੍ਰਦਰਜ਼-ਕੰਕਰੀਟ ਏਜੰਸੀ, ਪਰਮਜੀਤ ਭੁੱਟਾ ਕੇ.ਟੀ.ਐਕਸ., ਪਾਲ ਘੁਮਣ ਆਰ.ਜੀ. ਕੰਸਲਟਿੰਗ ਗਰੁਪ, ਭਜਨ ਸਿੰਘ, ਮੁਲਖ ਰਾਜ, ਹਰਪ੍ਰੀਤ ਸਿੰਘ ਦਾਹੀਆ, ਹਰਵੰਤ ਸਿੰਘ, ਰਤਨਪਾਲ, ਰੋਮੀ ਸਿੰਘ, ਬਲਕਾਰ ਸਿੰਘ, ਜਥੇਦਾਰ ਬਲਬੀਰ ਸਿੰਘ, ਰਵਿੰਦਰ ਰਵੀ, ਮਸਤਾਨ ਸਿੰਘ, ਵਿਰਸਾ ਸਿੰਘ ਗਿੱਲ, ਸਾਬਕਾ ਡੀ ਈ ਓ ਉਜਾਗਰ ਸਿੰਘ, ਪ੍ਰੋ. ਹਰਪਾਲ ਸਿੰਘ (ਵਿਦਵਾਨ), ਅਵਤਾਰ ਸਿੰਘ ਤਾਰੀ, ਸਰਪੰਚ ਮਹਿੰਗਾ ਸਿੰਘ, ਇੰਡੋ ਅਮੈਰਿਕਨ ਸਪੋਰਟਸ ਆਰਗੇਨਾਈਜੇਸ਼ਨ, ਰਛਪਾਲ ਸਿੰਘ ਫਰਵਾਲਾ, ਅਮਰੀਕ ਸਿੰਘ ਪਰਹਾਰ-ਪੰਜਾਬੀ ਕਲਚਰਲ ਸੁਸਾਇਟੀ-ਸੈਕਰਾਮੈਂਟੋ, ਅਮਰੀਕ ਸਿੰਘ ਵੁੱਡਬ੍ਰਿਜ, ਬਲਕਾਰ ਸਿੰਘ ਨਿਊਟੀਕ, ਇੰਦਰਜੀਤ ਸਿੰਘ ਬੜਿੰਗ (ਪ੍ਰਧਾਨ, ਨਾਪਾ), ਤਰਲੋਕ ਸਿੰਘ ਰਾਹੀ।

ਕਮੇਟੀ ਮੈਂਬਰ: ਚਰਨ ਸਿੰਘ ਜੱਜ, ਜਰਨੈਲ ਮੰਡੇਰ, ਜਗਜੀਤ ਸਿੰਘ ਕੰਦੋਲਾ
ਮੀਤ ਪ੍ਰਧਾਨ-ਸੁਰਜੀਤ ਸਿੰਘ ਅਟਵਾਲ, ਜਥੇਦਾਰ ਬਲਬੀਰ ਸਿੰਘ,
ਸੰਤੋਖ ਸਿੰਘ ਜੱਜ, ਜਰਨੈਲ ਸਿੰਘ ਲੈਥਰੋਪ, ਨਿਰਮਲ ਸਿੰਘ ਚੰਦੀ।
ਚੇਅਰਮੈਨ-ਕੁਲਦੀਪ ਸਿੰਘ ਅਟਵਾਲ
ਵਾਈਸ ਚੇਅਰਮੈਨ-ਤੇਜਪਾਲ ਸਿੰਘ, ਸੁੱਚਾ ਸਿੰਘ ਕੰਬੋਜ, ਸ਼ੁਲਵਿੰਦਰ ਸਿੰਘ ਗਿੱਲ।

ਸਕੱਤਰ-ਕੰਵਰ ਕਸ਼ਮੀਰ ਸਿੰਘ, ਯਾਦਵਿੰਦਰ ਸਿੰਘ ਹੈਪੀ।
ਡਾਇਰੈਕਟਰ-ਸਤਬੀਰ ਸਿੰਘ ਬਾਜਵਾ, ਹਰਪਾਲ ਸਿੰਘ, ਜਨਕ ਰਾਜ ਸਿਧਰਾ, ਸਰਪੰਚ ਕੁਲਦੀਪ ਸਿੰਘ, ਮੁਲਖ ਰਾਜ ਸ਼ਰਮਾ, ਸਤਿੰਦਰਪਾਲ ਸਿੰਘ ਸਰਹੱਦੀ, ਮਸਤਾਨ ਸਿੰਘ, ਰਵਿੰਦਰ ਰਵੀ ਮਾਨ, ਜਸਵਿੰਦਰ ਸਿੰਘ ਜੱਸੋਵਾਲ।

*ਫੋਟੋ ਤੇ ਵੀਡੀਓ: ਮੂਨ ਲਾਈਟ ਸਟੂਡੀਓ ਫੋਨ: 916-267-8784*

**ਹੋਰ ਜਾਣਕਾਰੀ ਲਈ: 925-435-7329, 916-616-7200, 916-690-2654**